# ਸਿਰਜਣਾ



ਜਨਵਰੀ-ਮਾਰਚ 2021 199 50 ਰੁਪਏ

ਸਿਰਜਣਾ
199
ਜਨਵਰੀ-ਮਾਰਚ 2021

ਸੰਪਾਦਕ : ਰਘਬੀਰ ਸਿੰਘ
**Editor : Raghbir Singh**

1728, ਸੈਕਟਰ 43-ਬੀ,
ਚੰਡੀਗੜ੍ਹ-160 043
ਫੋਨ : +91-172-2601693

**SIRJANA**
*1728, Sector 43-B,*
*Chandigarh-160 043*
*INDIA*
*Phone : +91-172-2601693*
*E-mail :*
*raghbirssirjana@yahoo.com*

**Sirjana is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966**

Account Name
**SIRJANA**
Account Number:
**Current Account**
**00321100082130**
Bank-Branch
**Punjab & Sind Bank**
**17-C, Chandigarh**
IFSC Code:
**PSIB 0000032**

## ਇਸ ਅੰਕ ਵਿਚ

ਸੰਪਾਦਕੀ/ਕਿਰਤੀਆਂ ਦੀ ਆਵਾਜ਼ ਅਤੇ ਸਾਹਿਤ-ਸਭਿਆਚਾਰ/1
ਉਂਕਾਰਪ੍ਰੀਤ/ਨੌਂ ਗੀਤ/3
ਪ੍ਰੇਮ ਸਾਹਿਲ/ਚਾਰ ਗ਼ਜ਼ਲਾਂ/9
ਕੇਸਰਾ ਰਾਮ/ਸਵੈ-ਕਥਨ/ਮੈਂ ਤੇ ਮੇਰੀ ਸਿਰਜਣਾ/11
ਕੇਸਰਾ ਰਾਮ/ਕਹਾਣੀ/ਗਇਲਹਾਈ/16
ਮੇਜਰ ਮਾਂਗਟ/ਕਹਾਣੀ/ਇਕਾਂਤਵਾਸ/30
ਹਰਪ੍ਰੀਤ ਸਿੰਘ ਚਨੂੰ/ਕਹਾਣੀ/ਨਾ ਤੇਰੇ ਵੱਸ ਨਾ ਮੇਰੇ ਵੱਸ/39
ਰਘਬੀਰ ਸਿੰਘ ਮਾਨ/ਕਹਾਣੀ/ਪੁੱਛ-ਪ੍ਰਤੀਤ/50
ਸਾਧੂ ਸਿੰਘ/ਸਕੈੱਚ/ਕਰਮ ਸਿੰਘ ਮਾਨ-ਇਕ ਅਨੂਠੀ ਸ਼ਖ਼ਸੀਅਤ/62
ਜਗਜੀਤ ਸਿੰਘ ਆਨੰਦ/ਲੇਖ/ਪੰਜਾਬ ਦੀ ਜਥੇਬੰਦ ਲੇਖਕ ਲਹਿਰ ਉੱਤੇ ਝਾਤ/70
ਅਸਲ ਅਭਿਨੰਦਨ/ਲੇਖ/ਦਰਸ਼ਨ ਸਿੰਘ/74
ਲੰਮੇ ਪੈਂਡੇ ਦਾ ਸਫ਼ਰ/ਲੇਖ/ਉਰਮਿਲਾ ਆਨੰਦ/80
ਪਰਗਟ ਸਿੰਘ ਬਰਾੜ/ਰਿਵਿਊ/ਪਰੀ ਸੁਲਤਾਨਾ/84
ਸਾਧੂ ਸਿੰਘ/ਰਿਵਿਊ/ਇਕ ਕੁੜੀ ਦੀ ਗੁਪਤ ਡਾਇਰੀ/86
ਹਰਿੰਦਰ ਸਿੰਘ/ਰਿਵਿਊ/ਜੋ ਬੋਲੇ ਸੋ ਗੱਦਾਰ/87
ਜੇ.ਬੀ. ਸੇਖੋਂ/ਰਿਵਿਊ/ਮੈਲ਼ੀ ਮਿੱਟੀ/89
ਪੁਸ਼ਵਿੰਦਰ ਕੌਰ/ਰਿਵਿਊ/ਇਕ ਟੋਟਾ ਜਨਮ ਭੂਮੀ/92
ਜੇ.ਬੀ. ਸੇਖੋਂ/ਰਿਵਿਊ/ਸਿਲਸਿਲੇ/94

**ਟਾਈਟਲ ਚਿੱਤਰ : ਦੇਵ**

**ਚੰਦਾ-ਦਸ ਅੰਕ : ਦੇਸ : 500 ਰੁਪਏ, ਪੰਜ ਸਾਲ : 1000 ਰੁਪਏ**
**ਵਿਦੇਸ਼-ਹਵਾਈ ਡਾਕ ਰਾਹੀਂ : ਦਸ ਅੰਕ: 40 ਪੌਂਡ, 50 ਡਾਲਰ, ਪੰਜ ਸਾਲ : 80 ਪੌਂਡ, 100 ਡਾਲਰ**

## ਸੰਪਾਦਕੀ

# ਕਿਰਤੀਆਂ ਦੀ ਆਵਾਜ਼ ਅਤੇ ਸਾਹਿਤ-ਸਭਿਆਚਾਰ

***There are decades where nothing happens; and there are weeks where decades happen.***

**-Vladimir Ilyich Lenin**

ਰੂਸ ਦੇ ਬਾਲਸ਼ਵਿਕ ਇਨਕਲਾਬ ਬਾਰੇ ਸੌ ਸਾਲ ਪਹਿਲਾਂ ਕਹੇ ਲੈਨਿਨ ਦੇ ਇਹ ਸ਼ਬਦ ਪੰਜਾਬ ਦੇ ਕਿਸਾਨਾਂ ਨੇ ਸੱਚ ਕਰ ਦਿਖਾਏ ਹਨ। ਇਸ ਕਿਸਾਨ ਅੰਦੋਲਨ ਨੇ ਪਿਛਲੇ ਸੱਤ ਸਾਲ ਤੋਂ ਚੜ੍ਹੀ ਆ ਰਹੀ ਹਿੰਦੂਤਵੀ ਕੱਟੜਪੰਥੀਆਂ ਦੀ ਕਾਂਗ ਨੂੰ ਹੀ ਨਹੀਂ ਡੱਕਿਆ ਸਗੋਂ ਪੰਜਾਬ ਵਿਚ ਖਾਸ ਕਰਕੇ ਅਤੇ ਸਮੁੱਚੇ ਭਾਰਤ ਵਿਚ ਆਮ ਕਰਕੇ ਨਫ਼ਰਤ ਦੀ ਸਿਆਸਤ ਵਾਲੇ ਜ਼ਹਿਰੀਲੇ ਮਾਹੌਲ ਨੂੰ ਇਕ ਤਰ੍ਹਾਂ ਨਾਲ ਮੋੜਾ ਪਾ ਦਿੱਤਾ ਹੈ। ਇਸ ਮਰਹਲੇ 'ਤੇ ਪਹੁੰਚ ਕੇ ਅੱਧੀ ਸਦੀ ਪਹਿਲਾਂ ਪੰਜਾਬ ਦੇ ਇਨਕਲਾਬੀ ਸ਼ਾਇਰ ਪਾਸ਼ ਦੀ ਕਵਿਤਾ 'ਸੰਦੇਸ਼' ਦੀਆਂ ਸਤਰਾਂ ਗੂੰਜਦੀਆਂ ਸੁਣਾਈ ਦਿੰਦੀਆਂ ਹਨ: *'ਵਾਸ਼ਿੰਗਟਨ, ਤੂੰ ਤਾਂ ਜਾਣਦਾ ਏਂ/ਅਸੀਂ ਕਿਸ ਤਰ੍ਹਾਂ ਮਕਦੂਨੀਆ ਤੋਂ ਤੁਰਿਆ/ਵਹਿਸ਼ਤ ਦਾ ਸਮੁੰਦਰ ਰੋਕਿਆ ਸੀ'*। ਇਸ ਮਿਸਾਲੀ ਅਤੇ ਇਤਿਹਾਸਕ ਕਿਸਾਨੀ ਘੋਲ਼ ਨੇ ਮੁਲਕ ਦੀ ਸਿਆਸਤ ਉੱਤੇ ਕਿਸ ਰੁਖ਼ ਅਸਰਅੰਦਾਜ਼ ਹੋਣਾ ਹੈ, ਇਹ ਤਾਂ ਆਉਣ ਵਾਲੇ ਵਕਤ ਨੇ ਹੀ ਦੱਸਣਾ ਹੈ ਪਰ ਸਾਹਿਤ-ਸੱਭਿਆਚਾਰ ਅਤੇ ਸਮਾਜਕ ਪੱਧਰ ਉੱਤੇ ਇਸ ਦਾ ਅਸਰ ਹੁਣੇ ਹੀ ਮਹਿਸੂਸ ਕੀਤਾ ਜਾ ਰਿਹਾ ਹੈ। ਪੰਜਾਬ ਵਿਚ ਧੁੰਦ ਬਣ ਕੇ ਫੈਲਿਆ ਅਖੌਤੀ ਅਸ਼ਲੀਲ ਅਤੇ ਚੱਕਵੀਂ ਸੁਰ ਵਾਲਾ ਹਿੰਸਕ ਗੀਤ-ਸੰਗੀਤ ਫ਼ਿਲਹਾਲ ਪਿਛਾਂਹ ਧੱਕਿਆ ਗਿਆ ਹੈ ਅਤੇ ਗੀਤਾਂ ਅੰਦਰ ਸੰਘਰਸ਼ ਨਾਲ ਜੁੜੇ ਜਜ਼ਬਾਤ ਭਰਪੂਰ ਸ਼ਬਦਾਂ ਨੇ ਇਹ ਥਾਂ ਮੱਲ ਲਈ ਹੈ। ਜਿਸ ਨੌਜਵਾਨੀ ਨੂੰ ਨਸ਼ਿਆਂ ਦੀ ਦਲਦਲ ਵਿਚ ਫਸਣ ਅਤੇ ਪਿੜ ਛੱਡ ਕੇ ਵਿਦੇਸ਼ ਉਡਾਰੀ ਮਾਰਨ ਦੇ ਮਿਹਣੇ ਵੱਜ ਰਹੇ ਸਨ, ਉਹ ਦਿੱਲੀ ਦੇ ਬਾਰਡਰਾਂ ਉੱਤੇ ਜਾ ਡਟੀ ਹੈ। ਪੰਜਾਬ ਦਾ ਹਰ ਪਿੰਡ ਅਤੇ ਹਰ ਘਰ-ਪਰਿਵਾਰ ਇਸ ਸੰਘਰਸ਼ ਦਾ ਪਿੜ ਹੋ ਨਿਬੜਿਆ ਹੈ।ਲੈਨਿਨ ਦੇ ਆਖੇ ਅਨੁਸਾਰ, ਕੁਝ ਕੁ ਹਫ਼ਤਿਆਂ ਅੰਦਰ ਦਹਾਕਿਆਂ ਦਾ ਇਹ ਪੈਂਡਾ ਕਿਸ ਤਰ੍ਹਾਂ ਮਾਰਿਆ ਗਿਆ? ਕਿਸ ਤਰ੍ਹਾਂ ਪਿਛਲੇ ਕਾਫ਼ੀ ਸਮੇਂ ਤੋਂ ਨਿੱਸਲ ਪਈ ਲੋਕਾਈ ਸੰਘਰਸ਼ ਦੇ ਸੂਹੇ ਰਾਹਾਂ ਦੀ ਹਾਣੀ ਹੋ ਗਈ?

2019 ਵਿਚ ਲੋਕ ਸਭਾ ਚੋਣਾਂ ਲਗਾਤਾਰ ਦੂਜੀ ਵਾਰ ਜਿੱਤਣ ਤੋਂ ਬਾਅਦ ਨਰਿੰਦਰ ਮੋਦੀ ਨੇ 30 ਮਈ ਨੂੰ ਆਪਣੇ ਅਹੁਦੇ ਦਾ ਹਲਫ਼ ਲਿਆ। ਇਹ ਹਲਫ਼ ਪਹਿਲੇ ਕਾਰਜਕਾਲ ਵਾਲੀ ਹਲਫ਼ਦਾਰੀ ਤੋਂ ਐਨ ਵੱਖਰਾ ਸੀ। ਆਰ.ਐੱਸ.ਐੱਸ. ਦੀ ਸੁਰ ਵਾਲੀ ਸਿਆਸਤ ਹੁਣ ਮੂੰਹ-ਜ਼ੋਰ ਹੋ ਗਈ ਸੀ। 5 ਅਗਸਤ ਨੂੰ ਜੰਮੂ ਕਸ਼ਮੀਰ ਦੇ ਵਿਸ਼ੇਸ਼ ਰੁਤਬੇ ਵਾਲੀ ਧਾਰਾ 370 ਇਕੋ ਝਟਕੇ ਨਾਲ ਖ਼ਤਮ ਕਰਕੇ ਸੂਬੇ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ ਵਿਚ ਤਬਦੀਲ ਕਰ ਦਿੱਤਾ ਗਿਆ। 9 ਨਵੰਬਰ 2019 ਨੂੰ ਸੁਪਰੀਮ ਕੋਰਟ ਦੇ ਫ਼ੈਸਲੇ ਰਾਹੀਂ ਰਾਮ ਮੰਦਰ ਦਾ ਮਸਲਾ ਵੀ ਸਿਰੇ ਲਾ ਦਿੱਤਾ ਗਿਆ। ਇਸ ਤੋਂ ਬਾਅਦ ਨਾਗਰਿਕਤਾ ਸੋਧ ਐਕਟ (Citizenship Amendment Act) ਅਤੇ ਕੌਮੀ ਨਾਗਰਿਕਤਾ ਰਜਿਸਟਰ (National Register of Citizens) ਦੇ ਮੁੱਦੇ

ਛੋੜ ਲਏ। ਮੁਲਕ ਦੀ ਸਭ ਤੋਂ ਵੱਡੀ ਘੱਟ-ਗਿਣਤੀ, ਮੁਸਲਮਾਨਾਂ ਨੂੰ ਨਿਸ਼ਾਨੇ 'ਤੇ ਰੱਖ ਕੇ ਕੀਤੀਆਂ ਜਾ ਰਹੀਆਂ ਇਨ੍ਹਾਂ ਜ਼ਿਆਦਤੀਆਂ ਖ਼ਿਲਾਫ਼ ਸ਼ਾਹੀਨ ਬਾਗ਼ ਵਰਗਾ ਅੰਦੋਲਨ ਆਰੰਭ ਹੋਇਆ। ਦਿੱਲੀ ਦੀਆਂ ਬੀਬੀਆਂ ਦਾ ਆਰੰਭ ਕੀਤਾ ਇਹ ਅੰਦੋਲਨ ਬਹੁਤ ਜਲਦੀ ਮੁਲਕ ਭਰ ਵਿਚ ਥਾਂ ਪੁਰ ਥਾਂ ਫੈਲ ਗਿਆ। ਸ਼ਾਹੀਨ ਬਾਗ਼ ਮੋਰਚੇ ਨੂੰ ਉਜਾੜਨ ਲਈ ਕੇਂਦਰ ਸਰਕਾਰ ਨੇ ਆਪਣੀ ਧਰਮ ਆਧਾਰਿਤ ਜ਼ਹਿਰੀਲੀ ਸਿਆਸਤ ਵਾਲਾ ਹਰ ਹਰਬਾ ਵਰਤਿਆ ਪਰ ਸ਼ਾਹੀਨ ਬਾਗ਼ ਜੁਝਾਰੂਪਣ ਦੀਆਂ ਮਹਿਕਾਂ ਬਖੇਰਦਾ ਰਿਹਾ।ਐਪਰ ਇਸ ਦੌਰਾਨ ਕਰੋਨਾ ਮਹਾਮਾਰੀ ਦੀ 'ਆਫ਼ਤ ਨੂੰ ਅਵਸਰ' ਵਾਂਗ ਵਰਤਦਿਆਂ ਮਾਰਚ 2020 ਦੇ ਅਖ਼ੀਰਲੇ ਦਿਨਾਂ ਦੌਰਾਨ ਸ਼ਾਹੀਨ ਬਾਗ਼ ਦੀ ਇਹ ਮਿਸਾਲੀ, ਤਿੱਖੀ ਅਤੇ ਪੁਖ਼ਤਾ ਮੁਖ਼ਾਲਫ਼ਤ ਵੀ ਖ਼ਤਮ ਕਰ ਦਿੱਤੀ ਗਈ। ਇਸੇ 'ਅਵਸਰ' ਤਹਿਤ ਹੀ ਜੂਨ ਮਹੀਨੇ ਖੇਤੀ ਬਾਬਤ ਤਿੰਨ ਆਰਡੀਨੈਂਸ ਜਾਰੀ ਕਰ ਦਿੱਤੇ। ਇਹ ਅਸਲ ਵਿਚ ਖੇਤੀ ਖੇਤਰ ਨੂੰ ਕਾਰਪੋਰੇਟਸ ਦੇ ਹਵਾਲੇ ਕਰਨ ਦਾ ਬੰਨ੍ਹ-ਸੁੱਬ ਸੀ। ਇਨ੍ਹਾਂ ਆਰਡੀਨੈਂਸਾਂ ਦਾ ਸਭ ਤੋਂ ਪਹਿਲਾਂ ਵਿਰੋਧ ਪੰਜਾਬ ਵਿਚ ਹੋਇਆ ਅਤੇ ਕਿਸਾਨ ਯੂਨੀਅਨਾਂ ਨੇ ਕਰੋਨਾ ਵਾਲੀਆਂ ਕਠੋਰ ਪਾਬੰਦੀਆਂ ਦੇ ਬਾਵਜੂਦ ਧਰਨੇ-ਮੁਜ਼ਾਹਰੇ ਕੀਤੇ। ਸਤੰਬਰ ਮਹੀਨੇ ਜਦੋਂ ਇਹ ਆਰਡੀਨੈਂਸ ਸੰਸਦ ਵਿਚੋਂ ਪਾਸ ਕਰਵਾ ਕੇ ਐਕਟ (ਕਾਨੂੰਨ) ਬਣਾ ਦਿੱਤੇ ਗਏ ਤਾਂ ਵੱਖ-ਵੱਖ ਕਿਸਾਨ ਯੂਨੀਅਨਾਂ ਦੀ ਅਗਵਾਈ ਹੇਠ ਕੀਤੇ ਜਾ ਰਹੇ ਸੰਘਰਸ਼ ਨੂੰ ਹੁੰਗਾਰਾ ਮਿਲਣ ਲੱਗਾ। ਪੰਜਾਬ ਦੀਆਂ ਤਕਰੀਬਨ ਸਾਰੀਆਂ, 32 ਕਿਸਾਨ ਯੂਨੀਅਨਾਂ ਨੇ ਆਪਸੀ ਤਾਲਮੇਲ ਬਿਠਾਇਆ ਤਾਂ ਸੰਘਰਸ਼ ਦਾ ਮੂੰਹ-ਮੱਥਾ ਬਣਨਾ ਸ਼ੁਰੂ ਹੋ ਗਿਆ। ਨਵੰਬਰ ਦੇ ਅਖ਼ੀਰ ਤਕ ਜਦੋਂ ਦਿੱਲੀ ਵਿਚ ਦੋ-ਦਿਨਾ ਧਰਨਾ ਲਾਉਣ ਦਾ ਫ਼ੈਸਲਾ ਕੀਤਾ ਗਿਆ ਤਾਂ ਪੰਜਾਬ ਦਾ ਚੱਪਾ-ਚੱਪਾ ਕਿਸਾਨ ਸੰਘਰਸ਼ ਨਾਲ ਮਘ ਰਿਹਾ ਸੀ। ਕੇਂਦਰ ਸਰਕਾਰ ਨੇ ਆਪਣੇ ਹੰਕਾਰ ਕਾਰਨ ਦਿੱਲੀ ਧਰਨੇ ਦੇ ਸਭੇ ਰਸਤੇ ਬੰਦ ਕਰ ਦਿੱਤੇ ਅਤੇ ਹਰਿਆਣਾ ਦੀ ਭਾਜਪਾ ਸਰਕਾਰ ਰਾਹੀਂ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਡੱਕਣ ਦਾ ਯਤਨ ਕੀਤਾ। ਇਹੀ ਉਹ ਸੁੱਚਾ ਮਰਹਲਾ ਸੀ ਜਿਸ ਬਾਰੇ ਲੈਨਿਨ ਨੇ ਟਿੱਪਣੀ ਕੀਤੀ ਸੀ। ਹਰ ਰੋਕ ਤੋੜਨ ਤੋਂ ਬਾਅਦ ਕਿਸਾਨਾਂ ਦੇ ਦਿੱਲੀ ਬਾਰਡਰ ਉੱਤੇ ਪੁੱਜਦੇ ਸਾਰ ਇਹ ਸੰਘਰਸ਼ ਛਾਲ਼ਾਂ ਮਾਰਦਾ ਕਈ ਦਹਾਕਿਆਂ ਦਾ ਸਫਰ ਪਾਰ ਕਰ ਗਿਆ ਅਤੇ ਸਰਕਾਰ ਦੀ ਗਰਦਨ ਉੱਤੇ ਗੋਡਾ ਸਾਬਤ ਹੋਇਆ। ਇਸ ਤੋਂ ਬਾਅਦ ਤਾਂ ਪੰਜਾਬ ਤੇ ਹਰਿਆਣਾ ਤੋਂ ਹੀ ਨਹੀਂ, ਮੁਲਕ ਦੇ ਵੱਖ-ਵੱਖ ਸੂਬਿਆਂ ਤੋਂ ਲੋਕਾਈ ਦਿੱਲੀ ਬਾਰਡਰ ਲਈ ਉਮੜ ਪਈ। ਇਤਿਹਾਸ ਸਿਰਜ ਰਿਹਾ ਇਹ ਜਨਤਕ ਹੜ੍ਹ ਹੁਣ ਸਰਕਾਰ ਦੇ ਰੋਕਿਆਂ ਰੁਕਣ ਵਾਲਾ ਨਹੀਂ।

ਇਤਿਹਾਸ ਗਵਾਹ ਹੈ ਕਿ ਅੰਦੋਲਨਾਂ ਵਿਚੋਂ ਉਮਦਾ ਸਾਹਿਤ, ਗੀਤ-ਸੰਗੀਤ, ਚਿੱਤਰਕਲਾ ਤੇ ਹੋਰ ਸੂਖ਼ਮ ਕਲਾਵਾਂ ਨਿੱਕਲਦੇ ਰਹੇ ਹਨ ਅਤੇ ਫਿਰ ਇਹ ਅਗਾਂਹ ਆਉਣ ਵਾਲੇ ਅੰਦੋਲਨਾਂ ਲਈ ਜ਼ਮੀਨ ਤਿਆਰ ਕਰਦੇ ਰਹੇ ਹਨ। ਕਿਸਾਨ ਅੰਦੋਲਨ ਦੀ ਇਸ ਪੱਖ ਤੋਂ ਬੜੀ ਦੇਣ ਹੈ ਜੋ ਵਕਤ ਬੀਤਣ ਨਾਲ ਦੂਣ-ਸਵਾਈ ਹੋਣੀ ਹੈ। 000

### *'ਸਿਰਜਣਾ' ਦਾ 200ਵਾਂ ਅੰਕ*

***ਸਾਲ 1965 ਤੋਂ ਸ਼ੁਰੂ ਹੋਏ 'ਸਿਰਜਣਾ' ਦੇ ਸਫ਼ਰ ਨੇ 200ਵੇਂ ਅੰਕ ਦੀਆਂ ਬਰੂਹਾਂ 'ਤੇ ਦਸਤਕ ਦਿੱਤੀ ਹੈ। ਇਹ ਸ਼ਾਨਾਂਮੱਤੀ ਪ੍ਰਾਪਤੀ ਮਿੱਤਰ-ਪਿਆਰਿਆਂ, ਸਨੇਹੀਆਂ, ਲੇਖਕਾਂ, ਪਾਠਕਾਂ ਦੀ ਬਦੌਲਤ ਹੀ ਸੰਭਵ ਹੋ ਸਕੀ ਹੈ। ਜਸ਼ਨਾਂ ਦੇ ਇਸ ਅਵਸਰ ਉੱਤੇ 'ਸਿਰਜਣਾ' ਦਾ 200ਵਾਂ ਅੰਕ ਵਿਸ਼ੇਸ਼ ਅੰਕ ਹੋਵੇਗਾ। -ਸੰਪਾਦਕ***

# ਨੌਂ ਨਵੇਂ ਗੀਤ: ਉਂਕਾਰਪ੍ਰੀਤ

## ਰੂਹ ਦਾ ਗੀਤ

ਉਡਦੇ ਉਡਦੇ ਆਓ...
ਜਿਸਮਾਂ 'ਚੋਂ ਗੁਜ਼ਰੋ, ਦਿਲਾਂ 'ਚ ਉਤਰੋ
ਰੂਹ ਦਾ ਗੀਤ ਸੁਣਾਓ॥

ਕੰਧਾਂ-ਮੱਲੇ ਰਸਤੇ ਸਾਰੇ, ਪਥਰਾਏ ਪਾਂਧੀ-ਪੰਧ ਬੇਚਾਰੇ
ਰੂਹ ਵਿਚ ਭਿਉਂ-ਭਿਉਂ, ਪਉਣ ਦਾ ਫੰਭਾ
ਬੁੱਤਾਂ ਨਾਲ ਛੁਹਾਓ। ਉਡਦੇ ਉਡਦੇ ਆਓ...॥

ਬਸਤੀ-ਬਸਤੀ ਨੇਰ੍ਹ-ਸਿੰਘਾਸਣ, ਖੰਡਰੀਂ ਭਟਕੇ ਬਾਗ਼ੀ-ਚਾਨਣ।
ਬਾਲ਼ ਕੇ ਚਾਨਣ ਨਾਲ ਪਰਾਂ ਨੂੰ
ਬਸਤੀ ਬਸਤੀ ਰੁਸ਼ਨਾਓ। ਉਡਦੇ ਉਡਦੇ ਆਓ...॥

ਨਜ਼ਰੋਂ ਲਹਿਣ ਪਾਖੰਡੀ ਪਰਦੇ, ਕੰਧਾਂ ਉਪਰੋਂ ਲੇਬਲ ਘਰ ਦੇ
ਮਿਲਣ ਰੂਹਾਂ ਜਿਸ ਵਿਚ ਉਡ ਉਡ
ਉਹ ਨ੍ਹੇਰੀ ਬਣ ਝੁੱਲ ਜਾਓ। ਉਡਦੇ ਉਡਦੇ ਆਓ...॥

ਇਸ ਪਿੰਡ ਨਕਾਰੇ ਢੋਲ ਨਗਾਰੇ, ਸੱਚੋਂ ਮੁਨਕਰ ਸਭ ਹਰਕਾਰੇ
ਬੁੱਲਿਓ ਵੇ! ਹੁਣ ਫਿਰ 'ਮਿੱਤਰਾਂ' ਤਕ
ਦਿਲ ਦਾ ਹਾਲ ਪੁਜਾਓ। ਉਡਦੇ ਉਡਦੇ ਆਓ...॥

ਜੀਣਾ-ਮਜਬੂਰੀ ਰੀਤ ਜਿਨ੍ਹਾਂ ਲਈ, ਢਾਈ-ਅੱਖਰ''ਪ੍ਰੀਤ' ਜਿਨ੍ਹਾਂ ਲਈ
ਉਹਨਾਂ ਕਲਮਾਂ ਦੀ ਕੈਦ ਦੇ ਵਿਚੋਂ
ਗ਼ਜ਼ਲਾਂ, ਗੀਤ ਛੁਡਾਓ। ਉਡਦੇ ਉਡਦੇ ਆਓ...॥

## ਗੀਤ ਦਾ ਦਰਿਆ

ਇਕ ਗੀਤ ਦਾ ਦਰਿਆ ਹੈ
ਕਣ ਕਣ 'ਚੋਂ ਵਹਿ ਰਿਹਾ ਹੈ
ਕਿਤੇ ਲੋਰੀ ਕਿਧਰੇ ਘੋੜੀ- ਸੁਹਾਗ, ਛੰਤ, ਵੈਣ ਕਿਧਰੇ
ਕਿਤੇ ਚੁੱਪ ਦਾ ਬੱਸ ਵਹਾਅ ਹੈ।

ਕਿਤੇ ਤੋੜਦਾ ਕਿਨਾਰੇ, ਦਿਲ ਬਸਤੀਆਂ ਉਜਾੜੇ
ਕਿਤੇ ਸਭਿਅਤਾ ਦਾ ਪਿਤਾ ਹੈ।

ਲਾਵੇ ਹੇਕ ਕਹਿਕਸ਼ਾਂ ਤਕ, ਸੁਰ ਮਿੱਟੀ ਦੀਆਂ ਜੜ੍ਹਾਂ ਤਕ
ਖਲਾਅ ਵਿਚ ਜੋ ਗੂੰਜਦਾ ਹੈ।

ਕਿਤੇ ਹੀਰ ਕਿਧਰੇ ਰਾਂਝਾ, ਪੰਜ-ਪੀਰ ਆਪ ਕੈਦੋਂ
ਘੜਾ ਆਪੇ ਹੀ ਝਨਾਅ ਹੈ।

ਇਕ ਗੀਤ ਦਾ ਦਰਿਆ ਹੈ
ਕਣ ਕਣ 'ਚੋਂ ਵਹਿ ਰਿਹਾ ਹੈ।

## ਪ੍ਰੀਤ ਦਾ ਗੀਤ

ਸੱਜਣਾਂ ਨੇ ਦਿੱਤਾ ਸਾਨੂੰ, ਪ੍ਰੀਤ ਦਾ ਤਵੀਤ ਬਈ।
ਜੱਗ ਤੋਂ ਨਿਰਾਲੀ, ਜਿਹਨੂੰ ਪਹਿਨਣੇ ਦੀ ਰੀਤ ਬਈ॥

ਨੈਣਾਂ ਨਾਲ ਚੁੰਮ ਜਦੋਂ, ਨਜ਼ਰਾਂ ਦੇ ਪਾਈਦਾ
ਜ਼ੱਰੇ ਜ਼ੱਰੇ ਵਿਚੋਂ ਦਿਸੇ, ਮੁੱਖ ਚੰਨ ਮਾਹੀ ਦਾ
ਹਰ ਤੱਕਣੀ 'ਚੋਂ ਸੁਣੇ, ਮਿੱਠਾ ਮਿੱਠਾ ਪ੍ਰੀਤ-ਗੀਤ ਬਈ।

ਸਾਹਾਂ ਵਿਚ ਘੋਲ ਜਦੋਂ, ਦਿਲ ਨੂੰ ਪਿਲਾਈਦਾ
ਮੇਰੀ ਤੇਰੀ ਵਾਲੇ ਰੋਗ ਤੋਂ, ਅਰੋਗੇ ਹੋ ਜਾਈਦਾ।
ਲਹੂ, ਥਾਂਵੇ ਦੌੜੇ ਰਗੀਂ, ਮੋਹ-ਰੰਗੀ ਚੀਜ਼ ਬਈ।

ਮੁਸਕਾਨ 'ਚ ਪਰੋਅ ਕੇ, ਜਦੋਂ ਰੂਹ ਦੇ ਗਲ਼ ਪਾਈਦਾ
ਜੀਂਦੇ ਜੀਅ ਹੀ ਤਨੋਂ, ਰੂਹ ਨੂੰ ਮੁਕਤਾਈਦਾ।
ਜ਼ਿੰਦਗੀ ਦੀ ਹਰ ਰੀਤ ਬਣੇ, ਰੂਹੀ ਰੂਹੀ ਰੀਤ ਬਈ।

'ਪ੍ਰੀਤ' ਦਾ ਤਵੀਤ ਪਹਿਨੋਂ, ਮੇਰੇ ਬੇਲੀਓ ਓ ਸਾਥੀਓ
ਨਜ਼ਰਾਂ 'ਤੇ ਦਿਲ, ਰੂਹਾਂ, ਪ੍ਰੀਤ ਨਾਲ ਰੁਸ਼ਨਾ ਲਵੋ।
ਆਪਾਂ ਜ਼ਿੰਦਗੀ ਚੋਂ ਮੇਟਣੀ ਹੈ, ਇਕ ਇਕ ਨ੍ਹੇਰੀ ਲੀਕ ਬਈ।

ਸੱਜਣਾਂ ਨੇ ਦਿੱਤਾ ਸਾਨੂੰ, ਪ੍ਰੀਤ ਦਾ ਤਵੀਤ ਬਈ।
ਜੱਗ ਤੋਂ ਨਿਰਾਲੀ, ਜਿਹਨੂੰ ਪਹਿਨਣੇ ਦੀ ਰੀਤ ਬਈ॥

## ਇਨਸਾਨ ਦਾ ਗੀਤ

ਆਜ਼ਾਦ ਸੀ ਇਨਸਾਨ ਸਦਾ ਆਜ਼ਾਦ ਰਹੇਗਾ
ਆਬਾਦ ਸੀ ਇਨਸਾਨ ਸਦਾ ਆਬਾਦ ਰਹੇਗਾ॥

ਬੇੜੀਆਂ ਕੜੀਆਂ ਸੰਗੀਨਾਂ ਫਾਂਸੀਆਂ

ਜਿਸਮ ਨੂੰ ਕਰ ਲੈਣ ਜੋ ਕਰ ਸਕਦੀਆਂ
ਆਜ਼ਾਦ ਸੁਪਨਾ ਰੂਹ 'ਚ ਜ਼ਿੰਦਾਬਾਦ ਰਹੇਗਾ॥

ਜ਼ਰਦਾਰਾਂ ਦੀ ਚੜ੍ਹਤ ਕੱਲ੍ਹ ਨੂੰ ਜ਼ਰਦ ਹੋਣੀ ਸਾਥੀਓ
ਰਾਤ ਕਾਲ਼ੀ ਸੁਬਹ ਨੂੰ ਬੇਪਰਦ ਹੋਣੀ ਸਾਥੀਓ
ਸੱਚ ਸੂਹਾ ਝੂਲਦਾ ਆਦਿ-ਜੁਗਾਦਿ ਰਹੇਗਾ॥

ਸ਼ਹਿਨਾਈਆਂ ਸ਼ਾਹੀ ਤਰਾਨੇ ਬੰਸੀਆਂ
ਸੰਗਮਰਮਰ ਦੇ ਮਹਿਲੀਂ 'ਪਲ ਦੋ ਪਲ' ਦੀਆਂ
ਕਿਰਤ ਦਾ ਗੂੰਜਾ ਫਜ਼ਾ ਨੂੰ ਯਾਦ ਰਹੇਗਾ॥

ਹੱਕਾਂ ਲਈ ਹਲ ਵਾਹਕ ਤੇਗ਼ਾਂ ਵਾਹੁਣਗੇ
ਬੀਅ ਸਿਰਾਂ ਦੇ ਬੀਜ ਫਸਲ ਉਗਾਉਣਗੇ
ਫੁੱਲਦਾ ਫਲਦਾ ਲੋਕਾਂ ਦਾ ਪਰਿਵਾਰ ਰਹੇਗਾ॥

ਆਜ਼ਾਦ ਸੀ ਇਨਸਾਨ ਸਦਾ ਆਜ਼ਾਦ ਰਹੇਗਾ
ਆਬਾਦ ਸੀ ਇਨਸਾਨ ਸਦਾ ਆਬਾਦ ਰਹੇਗਾ॥

## ਰੋਟੀ ਦਾ ਗੀਤ

ਰੋਟੀ ਸਭ ਦੀ ਖੇਡ ਖਿਡਾਵੀ
ਰੋਟੀ ਦੇ ਸਭ ਵਣਜ ਵਪਾਰ॥

ਰੋਟੀ ਵਰਕੇ ਅੱਖਰ ਰੋਟੀ, ਰੋਟੀ ਆਪੇ ਪੜ੍ਹਦੀ ਪੋਥੀ।
ਕਲਮ ਦਵਾਤ ਸਿਆਹੀ ਆਪੇ, ਆਪੇ ਰੋਟੀ ਲਿਖਣੇਹਾਰ॥

ਰੋਟੀ ਹਰ ਇਕ ਬਾਤ ਬਤੋਲੀ, ਜਾਦੂਗਰਨੀ, ਰਾਣੀ-ਗੋਲੀ।
ਤੋਤਾ-ਮੈਨਾ, ਸ਼ੇਰ-ਮੇਮਣਾ, ਰੋਟੀ ਪਿੰਜਰਾ, ਜਾਲ਼ ਸ਼ਿਕਾਰ॥

ਪੇਟ ਪਵੇ ਨਾ ਜਦ ਤਕ ਰੋਟੀ, ਹਰ ਗੱਲ ਫਿੱਕੀ ਹਰ ਗੱਲ ਖੋਟੀ।
ਰੋਟੀ ਅੰਮਾਂ ਬਾਤ ਸੁਣਾਵੇ, ਭਰੇ ਹੁੰਗਾਰਾ ਕੁੱਲ ਸੰਸਾਰ॥

ਰੋਟੀ ਪਰਬਤ ਜੰਗਲ ਗਾਹੁੰਦੀ, ਵਿਚ ਆਕਾਸ਼ ਉਡਾਰੀ ਲਾਉਂਦੀ।
ਕੱਚੀ ਰੋਟੀ ਸੇਕਣ ਜਾਂਦੇ, ਲੋਕੀ ਸੱਤ ਸਮੁੰਦਰ ਪਾਰ॥
ਰੋਟੀ ਸਭ ਲੜਾਈਆਂ ਲਾਵੇ, ਜੰਗ ਵਿਚ ਮਾਵਾਂ ਦੇ ਪੁੱਤ ਖਾਵੇ।
ਰੋਟੀ ਨਾਲ ਲੜੇ ਪਈ ਰੋਟੀ, ਰੋਟੀ ਦੇ ਲੈ ਕੇ ਹਥਿਆਰ॥

ਨਿੰਮ-ਨਿਮੋਲੀ ਗੁੜ ਦੀ ਰੋੜੀ, ਰਸ-ਲੀਲ੍ਹਾ ਰੋਟੀ ਨੇ ਜੋੜੀ।
ਦੇਸ-ਵਿਦੇਸ਼ੀਂ ਦੁੱਖ ਸੁੱਖ ਰੋਟੀ, ਵਾਜੇ-ਗਾਜੇ, ਪਿੱਟ-ਪਿਟਾਰ॥

ਰੋਟੀ ਗੋਰੀ, ਭੂਰੀ, ਕਾਲ਼ੀ, ਅੱਗ 'ਤੇ ਪੱਕੀ ਅੱਗ ਨੇ ਖਾ ਲੀ।
ਰੋਟੀ ਦੇ ਦਰ ਸਭ ਸੁਆਲੀ, ਰੋਟੀ ਸਭ ਦੀ ਪ੍ਰਾਣ ਆਧਾਰ॥

ਰੋਟੀ ਬੇਟੀ ਧਰਤੀ ਜਾਈ, ਚੰਨ ਤੇ ਸੂਰਜ ਇਸਦੇ ਭਾਈ।
ਸਭ ਦੀ ਇਕੋ ਗੋਲ਼ ਗੋਲ਼ਾਈ, ਰੋਟੀ ਦਾ ਸਭ ਘਰ ਪਰਿਵਾਰ॥

ਕੁਦਰਤ ਜਿੱਥੇ ਜੀਅ ਵਸਾਏ, ਓਥੇ ਓਥੇ ਰਿਜ਼ਕ ਬਣਾਏ।
ਲੋਕਾਂ ਦੀਆਂ ਠੱਗੀਆਂ ਕਰਕੇ, ਲੋਕੀਂ ਰਿਜ਼ਕੋਂ ਆਵਾਜ਼ਾਰ॥

ਮਿਲੇ ਜੇ ਸਭ ਨੂੰ ਹੱਕ ਦੀ ਰੋਟੀ, ਊਚ ਨੀਚ ਮਿਟੇ ਹਰ ਖੋਟੀ।
ਕੁਦਰਤ ਦੇ ਸਭ ਬੱਚੇ ਜੀਵਣ, ਬਣ ਕੇ ਸਾਂਝਾ ਇਕ ਪਰਿਵਾਰ॥

ਅਪਣੇ ਘਰ ਜੇ ਰੱਜਵੀਂ ਖਾਈਏ, ਬਾਰ ਪਰਾਏ ਕਾਹਤੋਂ ਜਾਈਏ
ਘਰਵਾਸੀ ਤੋਂ ਪਰਵਾਸੀ ਹੋਈਏ, ਛੱਡ ਛਡਾਅ ਅਪਣਾ ਘਰ-ਬਾਰ॥

## ਆਜ਼ਾਦੀ ਦਾ ਗੀਤ

ਆਨ, ਸ਼ਾਨ, ਸਵੈਮਾਣ ਆਜ਼ਾਦੀ।
ਇਨਸਾਨਾਂ ਦੀ ਪਹਿਚਾਣ ਆਜ਼ਾਦੀ॥

ਸਿਰ ਤਲੀ ਜੋ ਧਰਨਾ ਜਾਨਣ, ਆਜ਼ਾਦੀ ਦਾ ਨਿੱਘ, ਓਹੀ ਮਾਨਣ
ਜਿਸਦੇ ਪੁੱਤ-ਧੀਆਂ, ਗੋਬਿੰਦ-ਝਾਂਸੀ,ਉਸ ਵਿਰਸੇ ਦੀ ਜਾਨ ਆਜ਼ਾਦੀ॥

ਆਜ਼ਾਦੀ ਬਿਨ ਕਾਹਦੀ ਜ਼ਿੰਦਗੀ, ਸ਼ਮ੍ਹਲਾ ਖੜ੍ਹੇ, ਨਾ ਚੁੰਨੀ ਟਿਕਦੀ
ਠੰਡੇ ਚੁੱਲ੍ਹੇ, ਦੀਵੇ ਅਣ-ਲੋਏ, ਸੁਣੇ ਘਰਾਂ 'ਚੋਂ ਚੁੱਪ ਕਬਰਾਂ ਦੀ॥

ਆਜ਼ਾਦੀ,ਜਾਗਦਿਆਂ ਦਾ ਗਹਿਣਾ, ਆਜ਼ਾਦੀ,ਹੱਕ ਦੇ ਹੱਕ 'ਚ ਰਹਿਣਾ
ਜਾਬਰ ਨੂੰ ਜਾਬਰ, ਜੋ ਆਖੇ, ਬਖਸ਼ੇ, ਉਹ ਜ਼ੁਬਾਨ ਆਜ਼ਾਦੀ॥

ਆਜ਼ਾਦੀ ਕੌਮਾਂ ਦਾ ਸਰਮਾਇਆ,ਸਿਰ ਚਿਣਚਿਣਕੇ ਮਹਿਲ ਬਣਾਇਆ
ਆਪਾ ਵਾਰਨ, ਜਿਸਤੋਂ  ਵਾਰਿਸ, ਕੌਮਾਂ ਦੀ ਉਹ ਸ਼ਾਨ, ਆਜ਼ਾਦੀ॥

ਆਨ, ਸ਼ਾਨ, ਸਵੈਮਾਣ ਆਜ਼ਾਦੀ।
ਇਨਸਾਨਾਂ ਦੀ ਪਹਿਚਾਣ ਆਜ਼ਾਦੀ॥

## ਲੋਹੜੀ ਦਾ ਗੀਤ

ਹਰ ਘਰ ਹੋਣੀ ਜਦ,ਖੁਸ਼ਹਾਲੀ ਖੁਸ਼ੀ ਦੀ ਜੋੜੀ ਏ
ਉਸ ਦਿਨ ਭੈਣ-ਭਰਾਵੋ,ਆਉਣੀ ਅਸਲੀ ਲੋਹੜੀ ਏ॥

ਮਿਹਨਤ ਮੂੰਗਫਲੀ ਨਾ, ਜਿਸ ਦਿਨ ਲੁੱਟੀ ਜਾਵੇਗੀ
ਰੱਜ ਦੀ ਰਿਓੜੀ ਉਸ ਦਿਨ, ਕਿਰਤੀ ਦੇ ਘਰ ਆਵੇਗੀ।
ਉਹ ਦਿਨ ਹੋਣਾ ਮਿੱਠਾ, 'ਘਰ ਦੇ ਗੁੜ' ਦੀ ਰੋੜੀ ਏ।

ਲੋਹਣੀਆਂ ਬਣ ਕੇ ਫੇਰ ਜਦੋਂ, ਤੁਸੀਂ ਭੈਣੋਂ ਗੱਜਣਾ ਏ
ਜ਼ਬਰ-ਜਿਨਾਹੀ ਰਾਖਸ਼, ਭੱਜਦੇ ਰਾਹ ਨਾ ਲੱਭਣਾ ਏ।
ਦੁੱਲਿਆਂ ਫਿਰ ਛੁਡਾਉਣੀ, ਸੁੰਦਰ-ਮੁੰਦਰ ਜੋੜੀ ਏ।

ਵੀਰੇ ਭੈਣਾਂ ਜੰਮਦੇ ਵੰਡੇ, ਸਰਮਾਏ ਦੀਆਂ ਸੀਖਾਂ ਨੇ
ਨੀਲੀਆਂ ਅਤੇ ਗੁਲਾਬੀ, ਇਹ ਮੰਡੀ ਦੀਆਂ ਲੀਕਾਂ ਨੇ।
ਜਦ ਭੈਣ ਭਰਾਵਾਂ ਨੇ ਹਰ ਐਸੀ ਲੀਕ ਮਿਟੌਣੀ ਏ।

ਉਹ ਲੋਹੜੀ ਜੋ ਵੀਰਿਆਂ ਮੱਥੇ, ਕਾਲਖ ਲਾਉਂਦੀ ਏ
ਕੁੱਖਾਂ ਵਿਚ ਕਤਲਾ ਕੇ ਭੈਣਾਂ, ਲੋਹੜੇ ਪਾਉਂਦੀ ਏ।
ਉਸਦੀ ਅਲਖ ਮੁਕਾਉਣੀ ਭੈਣ ਭਰਾ ਦੀ ਜੋੜੀ ਏ।
ਉਸ ਦਿਨ ਭੈਣ-ਭਰਾਵੋ, ਆਉਣੀ ਅਸਲੀ ਲੋਹੜੀ ਏ॥

## ਪੰਜ ਡਾਲਰ ਦਾ ਗੀਤ

ਜ਼ਿੰਦਗੀ....
ਸੋਚ ਸਮਝ ਕੇ ਖਰਚੀਂ ਬੀਬਾ
ਜ਼ਿੰਦਗੀ ਪੰਜ ਡਾਲਰ ਦਾ ਨੋਟ॥

ਇਕ ਡਾਲਰ ਨੇ ਹਵਾ ਵਗਾਈ, ਤਨ ਮਨ ਵਿਚ ਵਸਾਵੀਂ
ਮੋਹ ਦਾ ਬੁੱਲਾ ਬਣ ਕੇ ਵੱਗੀਂ, ਨਫਰਤ ਰੋਕਾਂ ਗ਼ਾਹਵੀਂ
ਸਾਹ ਸਾਹ ਪ੍ਰੀਤ ਵਸਾ ਕੇ ਬੀਬਾ, ਜੀਵਨ ਕਰ ਲੈ ਲੋਟ। ਜ਼ਿੰਦਗੀ....

ਇਕ ਡਾਲਰ ਪਾਣੀ ਦਾ ਬੀਬਾ, ਮਿੱਠਤ ਨੀਵਾਂ ਵਗਣਾ
ਕੌੜ ਕੁਸੈਲੀ ਹਰ ਇਕ ਜੜ੍ਹ ਨੂੰ,ਅੰਮ੍ਰਿਤ ਹੋ ਕੇ ਲਗਣਾ।
ਹਰ ਇਕ ਫੁੱਲ ਤੇ ਫਲ਼ ਵਿਚੋਂ, ਮੁੱਕ 'ਜੇ ਜ਼ਹਿਰੀ ਖੋਟ। ਜ਼ਿੰਦਗੀ....

ਅੱਗ ਰੰਗਾ ਇਕ ਡਾਲਰ ਬੀਬਾ, ਜੀਵਨ ਰੱਖੇ ਮਘਦਾ
ਸੂਰਜ ਕਦੇ ਮੁਹੱਬਤ ਬਣ ਕੇ, ਰਗ ਰਗ ਵਿਚ ਨਿਘ ਭਰਦਾ।
ਸਾੜਾ ਛੱਡਕੇ ਨਿੱਘ ਅਪਣਾ ਲੈ, ਸਭ ਕੁਛ ਆ ਜੂ ਲੋਟ। ਜ਼ਿੰਦਗੀ....

ਇਕ ਡਾਲਰ ਧਰਤੀ ਦੇ ਨਾਂ ਦਾ, ਮਾਂ ਦੇ ਚਰਨੀਂ ਧਰਨਾ,
ਜੀਵਨ ਦੀ ਦਾਤੀ ਜਣਨੀ ਨੂੰ, ਦਮ ਦਮ ਸਿਜਦਾ ਕਰਨਾ।
ਜਿਸ ਦੇ ਸਿਰ ਮਾਂ ਦਾ ਹੱਥ ਬੀਬਾ, ਉਸ ਨੂੰ ਕਾਹਦੀ ਤੋਟ॥ ਜ਼ਿੰਦਗੀ....

ਇਕ ਡਾਲਰ ਆਕਾਸ਼ ਦਾ ਹਾਣੀ, ਸੋਚਾਂ ਨੂੰ ਖੰਭ ਲਾਵੇ,
ਨੈਣਾਂ ਵਿਚ ਦਿਸਹੱਦੇ ਭਰ ਕੇ, ਧਰਤ ਆਕਾਸ਼ ਮਿਲਾਵੇ।
ਖੁੱਲ੍ਹਾ-ਡੁਲ੍ਹਾ ਜੀਅ ਲੈ ਬੀਬਾ, ਛੱਡ ਕੇ ਸੌੜੀ ਸੋਚ। ਜ਼ਿੰਦਗੀ....

ਸੋਚ ਸਮਝ ਕੇ ਖਰਚੀਂ ਬੀਬਾ,
ਜ਼ਿੰਦਗੀ ਪੰਜ ਡਾਲਰ ਦਾ ਨੋਟ॥

**ਲੋਕਾਂ ਦਾ ਗੀਤ**

ਖੁਸ਼ੀਆਂ-ਗ਼ਮੀਆਂ, ਮੇਲ-ਵਿਛੋੜੇ ਜਿੰਦ ਨਾਲ ਪੁਗਦੇ ਨੇ।
ਜਿੱਥੇ ਜਿੱਥੇ ਚੋਗ ਖਿਲਾਰੀ ਦਾਤੇ, ਲੋਕੀਂ ਚੁਗਦੇ ਨੇ॥

ਚੜ੍ਹਦੇ ਤੋਂ ਲਹਿੰਦੇ ਨੂੰ ਜੋ, ਸੂਰਜ ਪਿੱਛੇ ਆਉਂਦੇ ਨੇ,
ਅਪਣੇ ਹੌਂਸਲਿਆਂ 'ਚੋਂ ਸੂਰਜ ਨਵੇਂ ਉਗਾਉਂਦੇ ਨੇ।
ਸੱਤ-ਸਮੁੰਦਰ ਸਰ ਕਰਕੇ ਮੰਜ਼ਲੀਂ ਆ ਢੁਕਦੇ ਨੇ।
ਜਿੱਥੇ ਜਿੱਥੇ ਚੋਗ ਖਿਲਾਰੀ ਦਾਤੇ, ਲੋਕੀਂ ਚੁਗਦੇ ਨੇ॥

ਕਿਰਤ ਦਾ ਕੋਸਾ ਮੁੜ੍ਹਕਾ ਜਦ ਬਰਫਾਂ 'ਤੇ ਡੁਲ੍ਹਦਾ ਹੈ,
ਜੜ੍ਹ ਫੜਦਾ ਰੁੱਖ ਨਵਾਂ, ਪੁੰਗਰਦਾ ਵੱਧਦਾ ਫੁੱਲਦਾ ਹੈ।
ਆਲ੍ਹਣਿਆਂ ਚੋਂ ਪਲ਼-ਪਲ਼ ਬੋਟ, ਆਕਾਸ਼ੀਂ ਉਡਦੇ ਨੇ।
ਜਿੱਥੇ ਜਿੱਥੇ ਚੋਗ ਖਿਲਾਰੀ ਦਾਤੇ, ਲੋਕੀਂ ਚੁਗਦੇ ਨੇ॥

ਹੋ ਕੇ ਬੋਟ ਉਡਾਰੂ, ਦੁਨੀਆਂ ਨਵੀਂ ਵਸਾ ਲੈਂਦੇ
ਨਵਿਆਂ ਰੁੱਖਾਂ ਉੱਤੇ, ਨਵੇਂ ਆਹਲਣੇ ਪਾ ਲੈਂਦੇ
ਪੰਛੀ ਮਾਪੇ ਸਾਹ-ਸਾਹ ਨਾਲ, ਉਹਨਾਂ ਦੀਆਂ ਸੁੱਖਾਂ ਸੁਖਦੇ ਨੇ।
ਜਿੱਥੇ ਜਿੱਥੇ ਚੋਗ ਖਿਲਾਰੀ ਦਾਤੇ, ਲੋਕੀਂ ਚੁਗਦੇ ਨੇ॥

'ਪ੍ਰੀਤ' ਰਹੇ ਆਬਾਦ ਸਦਾ ਦਸਤੂਰ ਇਹ ਜੀਵਨ ਦਾ,
ਕੱਲ੍ਹ 'ਚੋਂ ਉਗਦਾ ਰਹੇ ਸਦਾ ਅੱਜ-ਨੂਰ ਇਹ ਜੀਵਨ ਦਾ।
ਗੁਰ-ਪੀਰਾਂ ਦੇ ਬੋਲ ਇਹ ਸੱਚੇ ਯੁਗੋ ਯੁਗ ਦੇ ਨੇ:
ਖੁਸ਼ੀਆਂ-ਗ਼ਮੀਆਂ, ਮੇਲ-ਵਿਛੋੜੇ ਜਿੰਦ ਨਾਲ ਪੁਗਦੇ ਨੇ॥

ਖੁਸ਼ੀਆਂ-ਗ਼ਮੀਆਂ, ਮੇਲ-ਵਿਛੋੜੇ ਜਿੰਦ ਨਾਲ ਪੁਗਦੇ ਨੇ।
ਜਿੱਥੇ ਜਿੱਥੇ ਚੋਗ ਖਿਲਾਰੀ ਦਾਤੇ, ਲੋਕੀਂ ਚੁਗਦੇ ਨੇ॥ 000

***(17 Blairwood Court, Brampton, Ont.
CANADA L6P 1B5)***

# ਚਾਰ ਗ਼ਜ਼ਲਾਂ: ਪ੍ਰੇਮ ਸਾਹਿਲ

-1-

ਦਿਨ ਕਿਰਾਏ 'ਤੇ ਮਿਲਣ ਨਾ ਪਿਆਰ ਦੇ।
ਬਿਨ ਮੁਹੱਬਤ ਦੇ ਰਹੇ ਹਾਂ ਸਾਰਦੇ।

ਪਰਤ ਕੇ ਤੂੰ ਵੀ ਨਹੀਂ ਆਇਉਂ ਕਦੇ
ਫੜ ਲਏ ਮੈਂ ਵੀ ਨੇ ਰਾਹ ਸੰਸਾਰ ਦੇ।

ਕੀ ਵਿਸਾਹ ਇਕਰਾਰ ਦਾ ਹੈ ਅੱਜ ਕੱਲ
ਕਿਉਂ ਨਾ ਜਾਂ ਸਦਕੇ ਤੇਰੇ ਇਨਕਾਰ ਦੇ।

ਜਾਣਦਾ ਏਂ ਤੂੰ ਸੁਭਾਅ ਮੌਲਾ ਮੇਰਾ
ਕਿਉਂ ਕਹਾਂਗਾ ਜ਼ਿੰਦਗੀ ਇਕਸਾਰ ਦੇ।

ਪਹੁੰਚਦੇ ਛੇਤੀ, ਕਦੇ ਮਰਦੇ ਵੀ ਹਾਂ
ਰੰਗ ਇਹ ਦੋਵੇਂ ਹੀ ਨੇ ਰਫਤਾਰ ਦੇ।

ਬੋਲਣੋਂ ਤਾਂ ਛੱਡ, ਤੱਕਣੋਂ ਵੀ ਗਏ
ਕਿਹਾ ਸੀ, ਵਿਚਕਾਰ ਨਾ ਦੀਵਾਰ ਦੇ।

ਕਹਿ ਦਵੀਂ ਸਾਹਿਲ ਨੂੰ ਕਿ ਨਾ ਫਿਕਰ ਕਰ
ਹੌਸਲੇ ਟੁੱਟੇ ਨਹੀਂ ਬਿਮਾਰ ਦੇ।

-2-

ਦਰਖਤਾਂ ਤੋਂ ਬਿਨਾਂ ਕਿਸਨੇ ਉਹ ਜਾਣੀ ਹੈ।
ਦਰਖਤਾਂ ਨਾਲ ਜੜ੍ਹ ਦੀ ਜੋ ਕਹਾਣੀ ਹੈ।

ਬੜਾ ਕੁਝ ਹੋਰ ਹੈ ਪੰਜਾਬ 'ਚ ਹੁਣ, ਜੋ
ਨਾ ਉਹ ਚੱਕੀ, ਨਾ ਚਰਖਾ, ਨਾ ਮਧਾਣੀ ਹੈ।

ਨੇ ਕੁਝ ਹਮਦਰਦ ਸਾਡੇ ਵੀ ਜਿਨ੍ਹਾਂ ਦੇ ਕਿ
ਦਿਲਾਂ ਵਿਚ ਦਰਦ ਨਾ ਅੱਖਾਂ 'ਚ ਪਾਣੀ ਹੈ।

ਜੋ ਦੋ ਪਲ ਜੋੜਕੇ ਸਿਰ ਬਹਿ ਨਹੀਂ ਸਕਦੇ
ਉਨ੍ਹਾਂ ਡੱਡੂਆਂ ਦੀ ਹੀ ਸੰਸਦ ਵੀ ਢਾਣੀ ਹੈ।

ਭਲੇ ਦੀ ਗੱਲ ਨੇ ਵੀ ਲੱਗਣਾ ਸਿਰੇ ਨਾ, ਜੇ
ਅਸੀਂ ਹਰ ਗੱਲ 'ਚ ਟੰਗ ਅਪਣੀ ਫਸਾਣੀ ਹੈ।

-3-

ਉਹ ਕਿਸੇ ਕੀਤੀ 'ਤੇ ਨਹੀਂ ਪਛਤਾ ਰਿਹਾ ਏ।
ਬਸ ਦਿਵਾਨਾ ਧੁਨ 'ਚ ਅਪਣੀ ਗਾ ਰਿਹਾ ਏ।

ਉਸਨੇ ਕੁਝ ਮੰਗਿਆ, ਲਿਆ ਨਾ ਕੁਝ ਕਦੇ ਵੀ
ਬਸ ਫਕੀਰਾਨਾ ਦੁਆ ਕਰਦਾ ਰਿਹਾ ਏ।

ਆ ਰਿਹਾ ਤਾਂ ਸਿਰਫ ਦਿਸਦਾ ਹੈ, ਜਦੋਂ ਕਿ
ਉਹ ਸਫਰ ਲੰਮੇ 'ਤੇ ਹੈ, ਬਸ ਜਾ ਰਿਹਾ ਏ।

ਗੁਲ ਤਿਆਰੀ ਕਰ ਰਿਹਾ ਏ ਖਿੜਨ ਦੀ
ਤੇ ਤੁਸੀਂ ਕਹਿੰਦੇ ਹੋ ਕਿ ਮੁਰਝਾ ਰਿਹਾ ਏ।

ਹੈ ਤਰੀਕਾ ਓਸ ਦਾ ਸੁਝਾਣ ਦਾ ਇਹ
ਲੱਗ ਪਰ ਸਾਨੂੰ ਰਿਹਾ, ਉਲਝਾ ਰਿਹਾ ਏ।

-4-

ਬਿਨਾਂ ਖਿੜਕੀ, ਬਿਨਾਂ ਦਰ ਦੇ ਜੇ ਮੈਂ ਘਰ ਹਾਂ।
ਨਾ ਘਰ ਹੋਵਣ ਦੇ ਫਿਰ ਤਾਂ ਮੈਂ ਬਰਾਬਰ ਹਾਂ।

ਦਿਓ ਆਵਾਜ਼ ਮੈਨੂੰ, ਮੈਂ ਨਹੀਂ ਮਿਲਣਾ
ਨਹੀਂ ਇਨਕਾਰ ਵੀ ਇਸ ਤੋਂ ਮੈਂ ਅੰਦਰ ਹਾਂ।

ਨਾ ਕੋਈ ਹੋਰ ਹੈ ਮੇਰੇ ਲਈ ਐਨਾ
ਮੈਂ ਖੁਦ ਅਪਣੇ ਲਈ ਜਿੰਨਾ ਬੜਾ ਡਰ ਹਾਂ।

ਕਦੇ ਦਸਤਕ ਨਹੀਂ ਦਿੰਦਾ ਕੋਈ ਜਿਸ 'ਤੇ
ਕਿਸੇ ਤੱਜੇ ਹੋਏ ਘਰ ਦਾ ਮੈਂ ਉਹ ਦਰ ਹਾਂ।

ਨਜ਼ਰ ਇੱਧਰ ਨਾ ਉੱਧਰ ਆ ਰਿਹਾ ਹਾਂ ਮੈਂ
ਭਲੇ ਲੋਕੋ, ਦੱਸੋ ਮੈਂ ਕਿੱਧਰ ਹਾਂ।

ਨਾ ਹੈ ਭਗਵਾਨ ਦੀ ਮੂਰਤ ਕੋਈ ਜਿਸ ਵਿਚ
ਨਾ ਕੋਈ ਬਾਲ਼ਦਾ ਦੀਵਾ, ਉਹ ਮੰਦਰ ਹਾਂ। 000

***(47 Shaleen Enclave, Badripur Road, Jogiwala***
***DEHRADUN - 248 005 Phone : 9410313590)***

# ਮੈਂ ਤੇ ਮੇਰੀ ਸਿਰਜਣਾ: ਕੇਸਰਾ ਰਾਮ

ਇਹ ਸਵਾਲ ਮੈਂ ਖ਼ੁਦ ਤੋਂ ਪੁੱਛਦਾ ਹਾਂ ਕਿ ਆਖਰ ਮੈਂ ਕਿਉਂ ਲਿਖਦਾ ਹਾਂ? ਵੀਹ-ਬਾਈ ਸਾਲਾਂ ਤੋਂ ਪੜ੍ਹਨ ਦੇ ਨਾਲ-ਨਾਲ ਲਗਾਤਾਰ ਲਿਖਦਾ ਆ ਰਿਹਾ ਹਾਂ। ਸਾਹਿਤ ਪੜ੍ਹਨ ਤਾਂ ਮੈਂ ਕਾਲਿਜ ਦੀ ਪੜ੍ਹਾਈ ਦੌਰਾਨ ਹੀ ਲੱਗ ਗਿਆ ਸਾਂ ਅਤੇ ਅੱਜ ਤਕ ਸ਼ਾਇਦ ਹੀ ਕੋਈ ਦਿਨ ਲੰਘਿਆ ਹੋਵੇ ਜਦੋਂ ਕੁਝ ਨਾ ਪੜ੍ਹਿਆ ਹੋਵੇ। ਰੂਹ ਦੀ ਖੁਰਾਕ ਲਈ ਪੜ੍ਹਨਾ ਮੇਰੀ ਜ਼ਰੂਰਤ ਹੈ, ਪਰ ਲਿਖਣਾ? ਜਿਸ ਵਿਚ ਨਾ ਪੈਸੇ ਹਨ ਤੇ ਨਾ ਹੀ ਖ਼ਾਸ ਸ਼ੁਹਰਤ।

ਕਿਉਂਕਿ ਸਾਹਿਤ ਦੇ ਪਾਠਕ ਅੱਜ ਨਹੀਂ, ਹਰ ਯੁਗ ਵਿਚ ਥੋੜ੍ਹੇ ਹੀ ਰਹੇ ਹਨ। ਪੰਜਾਬੀ ਪਾਠਕਾਂ ਦਾ ਘੇਰਾ ਤਾਂ ਹੈ ਹੀ ਬਹੁਤ ਛੋਟਾ। ਸ਼ਾਇਦ ਇਸੇ ਕਰਕੇ ਕਿਹਾ ਜਾਂਦਾ ਹੈ ਕਿ ਪਹਿਲਾਂ ਲਿਖਣ ਲਈ ਆਪਣਾ ਕੀਮਤੀ ਸਮਾਂ ਦਿਓ, ਫੇਰ ਪੱਲਿਉਂ ਪੈਸੇ ਲਾ ਕੇ ਕਿਤਾਬ ਛਪਵਾਓ ਤੇ ਫਰੀ ਵੰਡੋ, ਇਹ ਘਰ ਫੂਕ ਕੇ ਤਮਾਸ਼ਾ ਕਿਉਂ ਦੇਖਣਾ?

ਪੱਲਿਉਂ ਪੈਸੇ ਲਾ ਕੇ ਕਿਤਾਬਾਂ ਮੈਨੂੰ ਨਹੀਂ ਛਪਵਾਉਣੀਆਂ ਪਈਆਂ ਪਰ ਸਮਾਂ ਤਾਂ ਦੇ ਹੀ ਰਿਹਾ ਹਾਂ। ਹੁਣ ਇਹ ਮੇਰੇ ਅੰਦਰ ਦੀ ਲੋੜ ਬਣ ਚੁੱਕੀ ਹੈ। ਲਿਖਣ ਨਾਲ ਮੇਰੀ ਬੇਚੈਨੀ ਨੂੰ ਚੈਨ ਮਿਲਦਾ ਹੈ। ਜਿਹੋ ਜਿਹੀ ਦੁਨੀਆ 'ਚ ਮੈਨੂੰ ਜੀਣਾ ਪੈ ਰਿਹਾ ਹੈ ਉਸ ਦੇ ਬਰਅਕਸ ਮੈਂ ਆਪਣੇ ਸੁਪਨਿਆਂ ਵਿਚਲੀ ਦੁਨੀਆ ਸਿਰਜ ਕੇ, ਆਪਣੇ ਲੇਖਨ ਰਾਹੀਂ ਇਸ ਦੁਨੀਆ ਨੂੰ ਸਮਝਣ ਲਈ ਅਤੇ ਆਪਣੇ ਅੰਦਰੋਂ ਉੱਠਦੇ ਬਹੁਤ ਸਾਰੇ ਸਵਾਲਾਂ ਦੇ ਜਵਾਬ ਲੱਭਣ ਦੀ ਕੋਸ਼ਿਸ਼ ਕਰਦਾ ਹਾਂ।

ਇਸ ਰਸਤੇ 'ਤੇ ਚੱਲਣ ਦਾ ਮੈਨੂੰ ਫਾਇਦਾ ਹੋਇਆ ਹੈ। ਨਹੀਂ ਮੈਂ ਆਪਣਾ ਗੁਭ-ਗੁਲ੍ਹਾਟ ਲਿਖਣ ਦੀ ਬਜਾਇ ਜ਼ਬਾਨੀ ਕੱਢਣਾ ਸੀ ਤੇ ਦੋਸਤਾਂ ਨੇ ਕਹਿਣਾ ਸੀ, ਕਿਤਾਬਾਂ ਪੜ੍ਹ-ਪੜ੍ਹ ਕੇ ਇਹਦਾ ਦਿਮਾਗ਼ ਖ਼ਰਾਬ ਹੋ ਗਿਐ। ਵਧੇਰੇ ਉਹ ਸਾਹਿਤ ਨਹੀਂ ਪੜ੍ਹਦੇ। ਕਦੇ-ਕਦਾਈਂ ਪੁੱਛ ਜ਼ਰੂਰ ਲੈਂਦੇ ਨੇ ਕਿ ਕਹਾਣੀਆਂ ਲਿਖਣ ਨਾਲ ਕਿੰਨੀ ਕੁ ਕਮਾਈ ਹੋ ਜਾਂਦੀ ਹੈ? ਉਹਨਾਂ ਲਈ ਅਰਥ ਨਾਲ ਜੁੜੇ ਕਾਰਜ ਦੇ ਹੀ ਅਰਥ ਹਨ। ਅਕਸਰ ਜ਼ਮੀਨ-ਖੇਤੀ-ਬਾੜੀ ਜਾਂ ਆਪਣੇ ਕਿੱਤਿਆਂ ਬਾਰੇ ਹੀ ਗੱਲਾਂ ਕਰਦੇ ਹਨ।

ਮੇਰੇ ਬਚਪਨ ਵੇਲੇ ਦੀ ਗੱਲ ਹੈ। ਇਕ ਵਾਰੀ ਸਾਡੇ ਇਲਾਕੇ 'ਚ ਬਹੁਤ ਗੜੇ ਪਏ। ਫਸਲਾਂ ਤਬਾਹ ਹੋ ਗਈਆਂ। ਖੇਤੀ-ਕਿਸਾਨੀ ਨਾਲ ਜੁੜੇ ਲੋਕਾਂ ਦੇ ਹਾਲਾਤ ਇੰਨੇ ਖ਼ਰਾਬ ਹੋ ਗਏ ਕਿ ਕਈਆਂ ਦੇ ਧਰੇ ਹੋਏ ਵਿਆਹ ਵੀ ਅੱਗੇ ਪਾਉਣੇ ਪਏ। ਫਸਲ ਦੀ ਆਮਦ ਨਾਲ ਜੁੜੇ ਸਾਰੇ ਕੰਮ ਤਾਂ ਰੁਕੇ ਹੀ, ਜਾਣੀ ਜ਼ਿੰਦਗੀ ਤਕ ਖਲੋ ਗਈ ਹੋਵੇ।

ਕੁਦਰਤ ਦੀ ਕ੍ਰੋਪੀ ਵੱਡੀ ਸੀ। ਸੋ ਸਰਕਾਰ ਨੂੰ ਕਿਸਾਨਾਂ ਲਈ ਮੁਆਵਜ਼ੇ ਦਾ ਐਲਾਨ ਕਰਨਾ ਪਿਆ। ਤੇ ਫੇਰ ਪਟਵਾਰੀ, ਤਹਿਸੀਲਦਾਰ ਵਰਗੇ ਸਰਕਾਰੀ ਦੱਲਿਆਂ ਦੀ ਖੇਡ ਸ਼ੁਰੂ ਹੋਈ। ਇਕ ਅਨਪੜ੍ਹ ਬੰਦੇ ਨਾਲ ਸਰਕਾਰੀ ਦਫਤਰਾਂ ਵਿਚ ਕਿੰਨੀ ਕੁੱਤੇਖਾਣੀ ਹੁੰਦੀ ਹੈ, ਇਹ ਮੈਂ ਉਦੋਂ ਦੇਖਿਆ ਜਦੋਂ ਪਿਉ ਨਾਲ ਪਟਵਾਰੀ ਕੋਲ਼ ਤੇ ਨਹਿਰ ਮਹਿਕਮੇ ਦੇ ਦਫਤਰ ਗੇੜੇ ਕੱਢਣੇ ਪਏ ਸੀ।।

ਨੌਕਰੀ ਦੌਰਾਨ ਸੰਗਰੂਰ ਰਹਿੰਦਿਆਂ ਜਦੋਂ ਕਹਾਣੀਕਾਰ ਗੁਰਮੇਲ ਮਡਾਹੜ ਹੋਰਾਂ ਨੇ ਕੁਝ ਲਿਖਣ ਲਈ ਪ੍ਰੇਰਿਆ ਤਾਂ ਉਸ ਅਨੁਭਵ 'ਚੋਂ ਮੇਰੀ ਪਹਿਲੀ ਕਹਾਣੀ *ਰਾਮ ਕਿਸ਼ਨ ਬਨਾਮ ਸਟੇਟ ਹਾਜ਼ਰ ਹੋ* ਰਚੀ ਗਈ ਸੀ।

ਮੇਰੀਆਂ ਲਗਪਗ ਸਾਰੀਆਂ ਕਹਾਣੀਆਂ ਵਿਚ ਨਿਮਨ ਮੱਧਵਰਗੀ ਕਿਸਾਨਾਂ, ਕਿਰਤੀਆਂ ਦੀ ਤੰਗੀਆਂ ਤੁਰਸ਼ੀਆਂ ਭਰੀ ਜ਼ਿੰਦਗੀ ਦਾ ਯਥਾਰਥਮਈ ਚਿਤਰਣ ਹੈ ਕਿਉਂਕਿ ਮੈਨੂੰ ਇਸੇ ਦਾ

ਅਨੁਭਵ ਹੈ। ।ਭ੍ਰਿਸ਼ਟ ਸੱਤਾ, ਉਸ ਦੇ ਭ੍ਰਿਸ਼ਟ ਕਾਰਿੰਦਿਆਂ ਅਤੇ ਭ੍ਰਿਸ਼ਟ ਸੰਸਥਾਵਾਂ ਦੇ ਮੱਕੜੀ ਜਾਲ ਵਿਚ ਛਟਪਟਾ ਰਹੇ ਤੇ ਟੁੱਟ ਰਹੇ ਆਮ ਆਦਮੀ ਦੀ ਜ਼ਿੰਦਗੀ ਦੀ ਟੁੱਟ-ਭੱਜ ਨੂੰ ਬਿਨਾਂ ਸ਼ਬਦ- ਜਾਲ ਬੁਣਿਆਂ ਪੇਸ਼ ਕਰਨ ਦੀ ਕੋਸ਼ਿਸ਼ ਹੁੰਦੀ ਹੈ। ਅਕਸਰ ਕੋਸ਼ਿਸ਼ ਹੁੰਦੀ ਹੈ ਕਿ ਮੇਰੇ ਪਾਤਰ ਤੇ ਵਰਤਾਰੇ ਜ਼ਿੰਦਗੀ ਦੀ ਗਹਿ-ਗੱਚ ਟੱਕਰ ਵਿਚੋਂ ਆਪਣਾ ਰੂਪ ਇਖਤਿਆਰ ਕਰਨ।

*ਵੀਹਵੀਂ ਸਦੀ ਦਾ ਆਖਰੀ ਬੈਲ ਗੱਡਾ* ਕਹਾਣੀ ਵਿਚ ਮੈਂ ਸਮਾਜਕ , ਆਰਥਿਕ ਰਿਸ਼ਤੇ, ਕਿਸਾਨੀ, ਤੰਤਰ-ਪ੍ਰਬੰਧ ਅਤੇ ਮਨੋਵਿਗਿਆਨਕ ਪਾਸਾਰਾਂ ਨੂੰ ਆਪੋ ਵਿਚੀਂ ਜੋੜ ਕੇ ਬਿਰਤਾਂਤ ਸਿਰਜਦਿਆਂ ਬਦਲਦੇ ਵਕਤ ਦੇ ਹਵਾਲੇ ਨਾਲ ਕਿਸਾਨੀ ਦੀ ਦੁੱਖਦੀ ਰਗ 'ਤੇ ਹੱਥ ਰੱਖਣ ਦੀ ਕੋਸ਼ਿਸ਼ ਕੀਤੀ ਹੈ। ।

ਇਸੇ ਤਰ੍ਹਾਂ ਕਹਾਣੀ *ਖ਼ਤਰੇ ਦੀ ਘੰਟੀ* ਵੀ ਆਪਣੇ ਆਲੇ-ਦੁਆਲੇ ਦੇਖੇ-ਪਾਖੇ ਤਜਰਬਿਆਂ 'ਚੋਂ ਨਿਕਲੀ ਹੋਈ ਸੀ। ਜੋ 'ਸਿਰਜਣਾ' ਵਿਚ ਛਪੀ ਸੀ। ਇਸ ਨਾਲ ਇਕ ਦਿਲਚਸਪ ਕਹਾਣੀ ਜੁੜੀ ਹੋਈ ਹੈ। ਮੈਂ ਪਹਿਲੀ ਵਾਰ 'ਸਿਰਜਣਾ' 'ਚ ਛਪਿਆ ਸਾਂ ਤੇ ਸੰਪਾਦਕੀ ਵਿਚ ਮੇਰਾ ਖ਼ਾਸ ਜ਼ਿਕਰ ਕੀਤਾ ਗਿਆ ਸੀ। ਅਗਲੇ ਅੰਕ ਵਿਚ ਕਹਾਣੀ ਬਾਰੇ ਆਈਆਂ ਚਿੱਠੀਆਂ ਨੂੰ ਸੰਪਾਦਕੀ ਦੀ ਥਾਂ ਛਾਪਿਆ ਗਿਆ ਸੀ। ਇਹ ਮਾਣ ਸ਼ਾਇਦ ਹੀ ਕਿਸੇ ਲੇਖਕ ਨੂੰ ਮਿਲਿਆ ਹੋਵੇ।

ਇਸ ਤੋਂ ਪਹਿਲਾਂ ਕਹਾਣੀ *ਲਾਸ਼* ਸਿਰਜਣਾ 'ਚ ਛਪਣੋਂ ਇਸ ਕਰਕੇ ਰਹਿ ਗਈ ਸੀ ਕਿ ਸੰਪਾਦਕ ਵਜੋਂ ਡਾ. ਰਘਬੀਰ ਸਿੰਘ ਹੋਰਾਂ ਨੇ ਕਹਾਣੀ ਅਤੇ ਕਹਾਣੀਕਾਰ ਬਾਰੇ ਕੁਝ ਜਾਣਕਾਰੀ ਚਾਹੀ ਸੀ ਜੋ ਡਾਕ ਮਹਿਕਮੇ ਦੀ ਕ੍ਰਿਪਾ ਨਾਲ ਉਹਨਾਂ ਤਕ ਨਹੀਂ ਪਹੁੰਚ ਸਕੀ ਸੀ।

ਜਾਣਕਾਰੀ ਇਹ ਸੀ ਕਿ ਮੈਂ ਹਰਿਆਣਾ, ਪੰਜਾਬ ਤੇ ਰਾਜਸਥਾਨ ਦੇ ਬਾਡਰ 'ਤੇ ਪੈਂਦੇ ਸਰਸੇ ਜ਼ਿਲ੍ਹੇ ਦੇ ਪਿੰਡ ਤਲਵਾੜਾ ਖੁਰਦ ਦਾ ਜੰਮਪਲ ਹਾਂ। ਜਿੱਥੇ ਤਿੰਨ ਸੱਭਿਅਤਾਵਾਂ ਦਾ ਸੰਗਮ ਹੈ। ਇੱਥੋਂ ਦੇ ਲੋਕਾਂ ਨੂੰ ਹਿੰਦੀ ਭਾਵੇਂ ਨਾ ਬੋਲਣੀ ਆਉਂਦੀ ਹੋਵੇ ਪਰ ਉਹ ਬਾਗੜੀ (ਰਾਜਸਥਾਨੀ ਦੀ ਉਪ ਬੋਲੀ) ਅਤੇ ਪੰਜਾਬੀ ਤਾਂ ਆਮ ਹੀ ਬੋਲ ਲੈਂਦੇ ਹਨ।

ਇਹੀ ਕਾਰਨ ਹੈ ਕਿ ਮੇਰੀਆਂ ਕਹਾਣੀਆਂ ਵਿਚ ਹਰਿਆਣਵੀ, ਰਾਜਸਥਾਨੀ ਤੇ ਪੰਜਾਬੀ ਸੱਭਿਆਚਾਰ ਦੇ ਸੁਮੇਲ ਦੀ ਝਲਕ ਹੈ ਅਤੇ ਇੱਥੋਂ ਦੀ ਆਂਚਲਿਕਤਾ ਤੇ ਬੋਲੀ ਦਾ ਲਹਿਜਾ ਮੇਰੀਆਂ ਕਹਾਣੀਆਂ ਵਿਚ ਕੁਦਰਤੀ ਆ ਜਾਂਦਾ ਹੈ।

*ਬੇਟੀ ਦਾ ਬਾਪ, ਸੱਪ-ਬਿੱਛੂ* ਤੇ *ਤੇਰੀ ਗੋਤਣ ਬਿਆਹ ਕੇ ਲਿਆਰਯਾ ਸੂੰ* ਕਹਾਣੀਆਂ ਵਿਚ ਤਾਂ ਲੋਕੇਲ ਹੀ ਹਰਿਆਣੇ ਦਾ ਪੇਸ਼ ਹੋਇਆ ਹੈ। ਖਾਪ ਪੰਚਾਇਤਾਂ ਦੀ ਗ਼ੈਰ-ਮਨੁੱਖੀ ਕਾਰਗੁਜ਼ਾਰੀ, ਔਰਤਾਂ ਦੀ ਤਰਸਯੋਗ ਸਥਿਤੀ ਅਤੇ ਲੋਕਾਂ ਦੀ ਔਰਤਾਂ ਪ੍ਰਤੀ ਦਾਬੇ ਵਾਲੀ ਮਾਨਸਿਕਤਾ ਦਾ ਯਥਾਰਥ ਚਿਤਰਨ ਇਹਨਾਂ ਕਹਾਣੀਆਂ ਵਿਚ ਹੈ।

ਮੇਰੇ ਪੰਜ ਮੌਲਿਕ ਕਹਾਣੀ ਸੰਗ੍ਰਹਿ *ਰਾਮ ਕਿਸ਼ਨ ਬਨਾਮ ਸਟੇਟ ਹਾਜ਼ਰ ਹੋ, ਪੁਲਸੀਆ ਕਿਉਂ ਮਾਰਦਾ ਹੈ?, ਬੁਲਬੁਲਿਆਂ ਦੀ ਕਾਸ਼ਤ, ਬੈਂਕਸ ਏ ਲੌਟ ਪੁੱਤਰਾ, ਜਨਾਨੀ ਪੌਦ* ਅਤੇ ਚੋਣਵੀਆਂ ਕਹਾਣੀਆਂ ਦਾ ਇਕ ਸੰਗ੍ਰਹਿ (ਡਾ. ਰਜਨੀਸ਼ ਬਹਾਦਰ ਸਿੰਘ ਵੱਲੋਂ ਸੰਪਾਦਤ) ਛਪ ਚੁੱਕੇ ਹਨ। ਰਚਨਾ ਕਰਦਿਆਂ ਸੰਘਰਸ਼ਸ਼ੀਲ ਆਮ ਆਦਮੀ ਮੇਰੀ ਸੋਚ ਦੇ ਕੇਂਦਰ ਵਿਚ ਹੁੰਦਾ ਹੈ। ਰੋਜ਼ਮਰੱਰਾ ਦੀ ਜ਼ਿੰਦਗੀ ਵਿਚ ਆਮ ਆਦਮੀ ਨੂੰ ਦਰਪੇਸ਼ ਸਮੱਸਿਆਵਾਂ ਨੂੰ ਲੈ ਕੇ ਯਥਾਰਥਵਾਦੀ ਸ਼ੈਲੀ ਦੀਆਂ ਇਹ ਕਹਾਣੀਆਂ ਸਾਡੇ ਸਮਕਾਲੀ ਰਾਜਨੀਤਕ, ਸਮਾਜਕ ਤੇ ਆਰਥਿਕ ਸੱਚ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਹੁੰਦੀਆਂ ਹਨ। ।

ਕੋਸ਼ਿਸ਼ ਹੁੰਦੀ ਹੈ ਕਿ ਮੇਰੀਆਂ ਕਹਾਣੀਆਂ ਸਮਕਾਲ ਨਾਲ ਨਜਿੱਠਦਿਆਂ ਨਿੱਜੀ ਹੋਂਦ ਤੋਂ ਆਰੰਭ ਹੋ ਕੇ ਸਮੂਹਕ ਮਾਨਸਿਕਤਾ ਦੀ ਮੂੰਹੋਂ ਬੋਲਦੀ ਤਸਵੀਰ ਪੇਸ਼ ਕਰਨ ਦੇ ਕਾਬਲ ਬਣਨ। ਉਂਝ ਵੀ ਅੱਜ ਦੇ ਦੌਰ 'ਚ ਆਮ ਆਦਮੀ ਦਾ ਕਿਹੜਾ ਕੋਈ ਭੱਵਿਖ ਹੈ ਅਤੇ ਅਤੀਤ ਨੂੰ ਆਪਣੇ ਮੋਢਿਆਂ 'ਤੇ ਲੱਦੀ ਫਿਰਨ ਦੀ ਨਾ ਉਸਨੂੰ ਲੋੜ ਹੈ ਅਤੇ ਨਾ ਹੀ ਉਸਦੀ ਔਕਾਤ। ਸੋ ਉਸ ਕੋਲ ਤਾਂ ਬਸ ਆਪਣਾ ਨਿੱਕਾ ਜਿਹਾ ਵਰਤਮਾਨ ਹੀ ਹੈ, ਜਿਸ ਨਾਲ ਦਸਤਪੰਜਾ ਲੈਂਦਿਆਂ ਉਹ ਜਿਉਣ

ਲਈ ਸੰਘਰਸ਼ ਕਰਦਾ ਰਹਿੰਦਾ ਹੈ। ਉਸ ਸੰਘਰਸ਼ ਨੂੰ ਬਿਆਨ ਕਰਨ ਲਈ ਸਮਕਾਲੀ ਯਥਾਰਥ ਨਾਲ ਨਾ ਕੇਵਲ ਜੁੜਨਾ ਸਗੋਂ ਉਸਦੀ ਪੇਸ਼ਕਾਰੀ ਕਰਦਿਆਂ ਸਿੱਧਾ ਟੱਕਰਨਾ ਪੈਂਦਾ ਹੈ। ਪਰਤ-ਦਰ-ਪਰਤ ਸਮਾਜਕ ਬੁਰਾਈਆਂ ਖੁੱਲ੍ਹਦੀਆਂ ਹਨ ਅਤੇ ਪਾਠਕ ਉਨ੍ਹਾਂ ਨਾਲ ਮੇਰੇ ਵਾਂਗ ਹੀ ਦੋ-ਚਾਰ ਹੋ ਰਿਹਾ ਹੁੰਦਾ ਹੈ, ਜਿਵੇਂ ਕਿ *ਖ਼ਤਰੇ ਦੀ ਘੰਟੀ* ਕਹਾਣੀ ਭਾਵੇਂ ਵਿੱਦਿਆ ਦੇ ਖੇਤਰ ਵਿਚ ਆਈ ਗਿਰਾਵਟ ਦਾ ਜ਼ਿਕਰ ਕਰਦੀ ਨਜ਼ਰ ਆਉਂਦੀ ਹੈ। ਪਰ ਅਸਲ ਵਿਚ ਇਹ ਕਹਾਣੀ ਭਾਰਤ ਦੀ ਸਮੁੱਚੀ ਵਿਵਸਥਾ ਦੀ ਇਕ ਘਿਨਾਉਣੀ ਤਸਵੀਰ ਪੇਸ਼ ਕਰਦੀ ਹੈ। ਇਸ ਵਿਚਲੇ ਪਾਤਰਾਂ ਦੇ ਸੰਕਟ ਦੀਆਂ ਤੰਦਾਂ ਫਿਰ ਕਿਤੇ ਨਾ ਕਿਤੇ ਕਿਸਾਨੀ ਦੇ ਆਰਥਿਕ ਸੰਕਟ ਨਾਲ ਵੀ ਜੁੜੀਆਂ ਹੋਈਆਂ ਹਨ।

*ਬੁਲਬੁਲਿਆਂ ਦੀ ਕਾਸ਼ਤ, ਲਾਸ਼, ਮਹਾਭਾਰਤ, ਤਾਂਕਿ ਸਨਦ ਰਹੇ* ਕਹਾਣੀਆਂ ਵਿਚ ਵੀ ਮੈਂ ਯਥਾਰਥ ਦੀ ਧਰਤੀ 'ਤੇ ਖੜ੍ਹਾ ਸਿੱਧਾ ਆਪਣੇ ਸਮਕਾਲ ਨੂੰ ਮੁਖ਼ਾਤਬ ਹਾਂ। ਇਸ ਲਈ ਇਹਨਾਂ ਦੇ ਪ੍ਰਗਟਾਅ-ਢੰਗ ਨੂੰ ਮੈਂ ਕੁਝ-ਕੁਝ ਬਦਲਿਆ ਹੈ। ਅਨੁਭਵ ਦੀ ਪ੍ਰਮਾਣਿਕਤਾ ਮੇਰੇ ਕੋਲ਼ ਸੀ। ਉਸਨੂੰ ਸਾਹਿਤਕ ਰਚਨਾ ਦੇ ਤੌਰ 'ਤੇ ਪੇਸ਼ ਕਰਨ ਲਈ ਵਿਅੰਗਮਈ ਗਲਪ ਭਾਸ਼ਾ ਅਤੇ ਨਾਟਕੀ ਸਥਿਤੀਆਂ ਦੀ ਪੇਸ਼ਕਾਰੀ ਕਰਕੇ ਆਪਣੀ ਗੱਲ ਕਹਿਣ ਦੀ ਕੋਸ਼ਿਸ਼ ਕੀਤੀ ਹੈ। *ਤਾਂਕਿ ਸਨਦ ਰਹੇ* ਇਕ ਸਾਇੰਸ ਫਿਕਸ਼ਨ ਹੈ ਜਿਸ ਵਿਚ ਪਰਿਆਵਰਨ ਦਾ ਮੁੱਦਾ ਉਠਾਇਆ ਗਿਆ ਹੈ। ਹਵਾ, ਪਾਣੀ ਨੂੰ ਜਿਸ ਤਰ੍ਹਾਂ ਅੱਜ ਅਸੀਂ ਨਸ਼ਟ ਕਰ ਰਹੇ ਹਾਂ, ਇਹ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ।

ਕਹਾਣੀ *ਲਾਸ਼* ਪੇਂਡੂ ਸਮਾਜ ਦੀਆਂ ਤਹਿਆਂ ਵਿਚ ਵੱਸੇ ਜਾਤੀ ਟਕਰਾਅ ਦੀਆਂ ਪਰਤਾਂ ਫੋਲਦੀ ਹੈ। ਇਸ ਵਿਚ ਨਾਰੀ ਦਮਨ ਨਾਲ ਜੁੜਿਆ ਬਿਰਤਾਂਤ ਹੈ। ਸਥਿਤੀਆਂ, ਪਾਤਰ ਅਤੇ ਇਹਨਾਂ ਦਾ ਨਿਭਾਅ ਯਥਾਰਥ ਦੇ ਨੇੜੇ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਭਾਸ਼ਾ ਅਤੇ ਵਸਤੂ-ਸਥਿਤੀ ਦਾ ਤਵਾਜ਼ਨ ਇਸ ਕਰਕੇ ਬਣਿਆ ਰਹਿ ਸਕਿਆ ਹੈ ਕਿਉਂਕਿ ਇਸ ਕਹਾਣੀ ਦੇ ਲੋਕੇਲ, ਬਠਿੰਡੇ-ਮਾਨਸੇ-ਸਰਸੇ ਇਲਾਕੇ ਅਤੇ ਇੱਥੋਂ ਦੀਆਂ ਸਥਿਤੀਆਂ ਤੇ ਆਬੋ-ਹਵਾ ਤੋਂ ਮੈਂ ਜਾਣੂ ਹਾਂ।

ਮੇਰੀਆਂ ਕਹਾਣੀਆਂ ਦਾ ਕੇਂਦਰ ਅੱਜ ਦਾ ਉਹ ਮਨੁੱਖ ਹੈ ਜਿਹੜਾ ਕਰੂਰ ਸਮਾਜੀ ਯਥਾਰਥ ਵਿਚ ਪਿੱਸਦਾ ਹੋਇਆ ਖੰਡਿਤ ਮਾਨਸਿਕਤਾ ਅਤੇ ਦੁਖਾਂਤਕ ਹੋਣੀ ਹੰਢਾ ਰਿਹਾ ਹੈ। ।ਗੁੰਝਲਦਾਰ ਵਸਤੂ-ਸਥਿਤੀ ਦੇ ਮੱਕੜ ਜਾਲ ਵਿਚ ਉਲਝੇ ਉਸ ਮਨੁੱਖ ਦੀ ਵਿਡੰਬਨਾ ਤੇ ਵਿਕਰਤੀਆਂ ਨੂੰ ਮੈਂ ਵੱਖ-ਵੱਖ ਥੀਮਕ ਜੁਗਤਾਂ ਨਾਲ ਅਤੇ ਵਰਤਮਾਨ ਦੇ ਹਵਾਲੇ ਨਾਲ ਸਮੱਸਿਆਤਮਕ ਪਰਿਪੇਖ ਵਿਚ ਰਚਦਾ ਹਾਂ।

ਵਰਤਮਾਨ ਵਿਚ ਗੁੰਝਲਤਾਵਾਂ ਹੀ ਇੰਨੀਆਂ ਜ਼ਿਆਦਾ ਹਨ ਕਿ ਉਹਨਾਂ ਨਾਲ ਨੱਜਿਠਦਿਆਂ ਮੇਰੀਆਂ ਕਹਾਣੀਆਂ ਕੁਝ ਲੰਮੀਆਂ ਹੋ ਜਾਂਦੀਆਂ ਹਨ। ਇਸੇ ਤਰ੍ਹਾਂ ਦੀ ਮੇਰੀ ਇਕ ਕਹਾਣੀ *ਹਿਕ ਆਹੀ ਜਮਨਾ ਉਰਫ ਜੁੰਮਨ ਖ਼ਾਂ* ਭਾਰਤ-ਪਾਕਿ ਦੀ ਸਾਂਝ ਅਤੇ ਵਿਰੋਧ ਦੀ ਵਿਆਕਰਨ ਨੂੰ ਵਿਸ਼ਵ ਦੀ ਨਵ-ਬਸਤੀਵਾਦੀ ਰਾਜਨੀਤੀ ਦੇ ਹਵਾਲੇ ਨਾਲ ਸਮਝਦਿਆਂ ਹੋਇਆਂ ਇਸ ਦੇ ਮਾਨਵੀ/ਅਮਾਨਵੀ ਪਹਿਲੂਆਂ ਨੂੰ ਕਲਾਵੇ ਵਿਚ ਲੈਂਦੀ ਹੈ।

ਸੰਤਾਲੀ ਦੀ ਵੰਡ ਨਾਲ ਜੁੜੀਆਂ ਸਿਮਰਤੀਆਂ ਇਸ ਕਹਾਣੀ ਵਿਚ ਵੀ ਬੜੀ ਸ਼ਿੱਦਤ ਨਾਲ ਕਥਾ-ਵਸਤੂ ਬਣਦੀਆਂ ਹਨ। ਪਰ ਪੰਜਾਬੀ ਪਛਾਣ ਦਾ ਸੰਕਲਪ ਇੱਥੇ ਨਵੇਂ ਅਰਥਾਂ ਵਿਚ ਪੇਸ਼ ਹੋਇਆ ਹੈ। ਮੈਂ ਇੱਥੇ ਵਕਤ ਦੇ ਬਦਲਣ ਨਾਲ ਪੀੜ੍ਹੀ ਪਾੜੇ ਅਤੇ ਬਦਲੀ ਹੋਈ ਸੋਚ ਨੂੰ ਪੇਸ਼ ਕੀਤਾ ਹੈ, ਇਸ ਤਰ੍ਹਾਂ ਇਹ ਨਵੀਂ ਪੀੜ੍ਹੀ ਦੇ ਡੀ-ਸੈਂਸੇਟਾਈਜ਼ੇਸ਼ਨ ਦੀ ਕਹਾਣੀ ਹੋ ਨਿਬੜਦੀ ਹੈ। ।ਅੱਜ ਦੀ ਪੀੜ੍ਹੀ ਨੂੰ ਵੰਡ ਵੇਲ਼ੇ ਦੀਆਂ ਸਥਿਤੀਆਂ ਨਾਲ ਕੋਈ ਹੇਰਵਾ ਨਹੀਂ।

ਜਿਵੇਂ ਕਿ ਸਾਹਿਤ ਬਾਰੇ ਕਿਹਾ ਜਾਂਦਾ ਹੈ, ਮੇਰੀਆਂ ਕਹਾਣੀਆਂ ਵੀ ਆਪਣੇ ਸਮੇਂ ਦਾ ਇਤਿਹਾਸ ਹਨ। ਆਪਣੇ ਆਲ਼ੇ-ਦੁਆਲ਼ੇ ਦਾ ਸੱਚ ਹਨ। ਸਾਡੇ ਕਰੂਰ ਯਥਾਰਥ ਵਾਲੇ ਸਮਾਜ ਪ੍ਰਬੰਧ ਦੀਆਂ ਉਹ ਸਮੱਸਿਆਵਾਂ, ਜਿਨ੍ਹਾਂ ਨੂੰ ਅਸੀਂ ਆਪਣੇ ਜੀਵਨ ਵਿਚ ਰੋਜ਼ ਭੋਗਦੇ ਹਾਂ, ਜਿਨ੍ਹਾਂ ਦੇ ਦਰਦ ਨਾਲ ਅਸੀਂ ਕੁਰਲਾਉਂਦੇ ਹਾਂ, ਜਿਨ੍ਹਾਂ ਦੇ ਰੈਡੀਕਲ ਹੱਲ ਤੋਂ ਬਿਨਾਂ ਕੋਈ ਚਾਰਾ ਨਹੀਂ, ਨੂੰ ਮੈਂ ਆਪਣੀਆਂ ਕਹਾਣੀਆਂ ਵਿਚ ਪੇਸ਼ ਕਰਨ ਦੀ ਕੋਸ਼ਿਸ਼ ਕਰਦਾ ਹਾਂ। ਉੱਤਰ ਆਧੁਨਿਕ ਮਨੁੱਖ

ਦੀ ਖੁੰਢੀ ਹੋ ਚੁੱਕੀ ਸੰਵੇਦਨਾ ਕਠੋਰ ਤੇ ਕਰੂਰ ਸਥਿਤੀਆਂ ਦੀ ਚੋਭ ਵੀ ਮਹਿਸੂਸ ਨਹੀਂ ਕਰਦੀ। ਆਸਪਾਸ ਦੇ ਸ਼ੋਰ, ਸੰਚਾਰ ਮਾਧਿਅਮਾਂ ਦੀਆਂ ਭਾਂਤ-ਭਾਂਤ ਦੀਆਂ ਜੁਗਤਾਂ ਨਾਲ ਪਰੋਸੀ ਸਨਸਨੀਖੇਜ਼ ਸਮੱਗਰੀ, ਰਾਜਨੀਤਕ ਜਗਤ ਦੇ ਥੋਥੇ ਨਾਅਰੇ, ਪਾਖੰਡ ਅਤੇ ਹਰ ਚੰਗੀ ਮਾੜੀ ਘਟਨਾ ਨੂੰ ਨਿਆਂਸ਼ੀਲ ਸਿੱਧ ਕਰਨ ਦੀ ਚੁਸਤੀ ਵਰਗੀਆਂ ਗੱਲਾਂ ਨੂੰ ਮੈਂ ਆਪਣੀਆਂ ਕਈ ਕਹਾਣੀਆਂ ਦੇ ਵਿਸ਼ੇ ਬਣਾਇਆ ਹੈ।

ਵਿਸ਼ੇ ਦੀ ਪੱਧਰ 'ਤੇ ਇਹ ਕਹਾਣੀਆਂ ਭਾਵੇਂ ਵੱਖ-ਵੱਖ ਨਜ਼ਰ ਆਉਂਦੀਆਂ ਹਨ ਪਰ ਇਹਨਾਂ ਵਿਚ ਪੇਸ਼ ਸਮੁੱਚੇ ਵਰਤਾਰਿਆਂ ਨੂੰ ਚਲਾਉਣ ਪਿੱਛੇ ਇਕ ਹੀ ਵਰਤਾਰਾ ਕੰਮ ਕਰਦਾ ਨਜ਼ਰ ਆਉਂਦਾ ਹੈ। ਇਹ ਵਰਤਾਰਾ ਵਿਸ਼ਵੀਕਰਣ ਦਾ ਹੈ। ਮੁੜਘਿੜ ਕੇ ਇਸੇ ਵਰਤਾਰੇ ਨੂੰ ਵਿਭਿੰਨ ਪ੍ਰਸੰਗਾਂ ਵਿਚ ਚਿਤਰਦਾ ਰਹਿੰਦਾ ਹਾਂ, ਜਿਸ ਨਾਲ ਇਸ ਦੀ ਵਿਕਰਾਲਤਾ ਦ੍ਰਿਸ਼ਟੀਗੋਚਰ ਹੁੰਦੀ ਹੈ। ਇਸ ਬਾਰੇ ਇਕ ਸਿਲਸਿਲੇਵਾਰ ਅਧਿਅਨ ਮੈਂ ਆਪਣੀਆਂ ਕਈ ਰਚਨਾਵਾਂ ਵਿਚ ਪੇਸ਼ ਕੀਤਾ ਹੈ। ਜਿਨ੍ਹਾਂ ਵਿਚੋਂ ਪਹਿਲੀ ਕਹਾਣੀ ਹੈ *ਪੁਲਸੀਆ ਕਿਉਂ ਮਾਰਦਾ ਹੈ?* ਇਹ ਇਕ ਮਨੋਵਿਗਿਆਨਕ ਕਹਾਣੀ ਹੈ। ਗਲੋਬਲਾਈਜ਼ੇਸ਼ਨ ਦੇ ਇਸ ਭੌਤਿਕਵਾਦੀ ਦੌਰ ਵਿਚ ਇਸ ਕਹਾਣੀ ਦਾ ਮੁੱਖ ਪਾਤਰ ਜਿਸ ਤਰ੍ਹਾਂ ਦੀਆਂ ਸਥਿਤੀਆਂ ਦੇ ਰੂਬਰੂ ਹੈ ਉਹਨਾਂ ਨੂੰ ਹੋਲੀ ਦੇ ਮੈਟਾਫਰ ਰਾਹੀਂ ਉਕੇਰਿਆ ਹੈ।

ਹੋਲੀ ਰੰਗਾਂ ਦਾ ਤਿਉਹਾਰ ਹੈ। ਜਨ ਸਾਧਾਰਨ ਦੀ ਪ੍ਰਸੰਨਤਾ ਦਾ ਦਿਨ ਹੈ। ਉਸ ਦਿਨ ਲੋਕਾਂ ਵਿਚ ਨਵੇਂ ਉਤਸ਼ਾਹ ਤੇ ਖੁਸ਼ੀਆਂ ਦਾ ਸੰਚਾਰ ਹੁੰਦਾ ਹੈ। ਲੋਕ ਇਕ-ਦੂਜੇ ਨੂੰ ਮਿਲਦੇ, ਨੱਚਦੇ-ਟੱਪਦੇ, ਹਾਸਾ-ਠੱਠਾ ਕਰਦੇ ਹੋਏ ਰੰਗਾਂ ਨਾਲ ਖੇਡਦੇ ਤੇ ਖਾਂਦੇ-ਪੀਂਦੇ ਹਨ। ਫੇਰ ਕੀ ਕਾਰਨ ਹੈ ਕਿ ਉਹ ਪਾਤਰ ਹੋਲੀ ਦਾ ਤਿਉਹਾਰ ਨਹੀਂ ਮਨਾ ਪਾਉਂਦਾ?

ਆਨੰਦ ਪ੍ਰਾਪਤੀ ਇਨਸਾਨ ਦੀ ਮੁੱਢ ਕਦੀਮੀ ਇੱਛਾ ਰਹੀ ਹੈ। ।ਹਰ ਜੀਅ ਨੂੰ ਭਾਵਾਂ ਦੀ ਉਤੇਜਨਾ ਵਿਚ ਆਨੰਦ ਪ੍ਰਾਪਤ ਹੁੰਦਾ ਹੈ, ਮਜ਼ਾ ਆਉਂਦਾ ਹੈ। ਇਸੇ ਮਕਸਦ ਲਈ ਵੱਖ-ਵੱਖ ਮੌਸਮਾਂ, ਰੁੱਤਾਂ ਅਨੁਸਾਰ ਤਿਉਹਾਰਾਂ ਦੀ ਪਰੰਪਰਾ ਸ਼ੁਰੂ ਹੋਈ ਤੇ ਸਾਡੇ ਸੱਭਿਆਚਾਰ ਦਾ ਹਿੱਸਾ ਬਣੀ। ਪਰ ਅੱਜ ਸਾਡੇ ਹਾਸੇ, ਉਤਸ਼ਾਹ, ਰੁਮਾਂਚ ਕੀਹਨੇ ਖੋਹ ਲਏ? ਜ਼ਾਹਿਰ ਹੈ ਬਾਜ਼ਾਰ ਨੇ। ਬਾਜ਼ਾਰ ਨੇ ਆਪਣੇ ਨਵੇਂ ਤਿਉਹਾਰ ਵੀ ਥੋਪ ਦਿੱਤੇ, ਵੇਲੇਨਟਾਈਨ ਡੇਅ, ਫਾਦਰਜ਼ ਡੇਅ, ਮਦਰਜ਼ ਡੇਅ ਵਗ਼ੈਰਾ।

ਆਨੰਦ ਪ੍ਰਾਪਤੀ ਲਈ ਭਾਵ-ਉਤੇਜਕ ਸਾਧਨ ਮਨੁੱਖ ਨੂੰ ਪ੍ਰਕ੍ਰਿਤੀ ਵਿਚੋਂ ਪ੍ਰਾਪਤ ਹੁੰਦੇ ਹਨ ਅਤੇ ਪ੍ਰਕ੍ਰਿਤੀ ਦਾ ਆਪਣਾ ਇਕ ਸਿਸਟਮ ਹੈ ਜਿਸਨੂੰ ਰੁੱਤਾਂ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਰੁੱਤਾਂ ਅਨੁਸਾਰ ਤਿਉਹਾਰ ਆਉਂਦੇ ਹਨ। ਪਰ ਬਾਜ਼ਾਰ ਦੀਆਂ ਆਪਣੀਆਂ ਲੋੜਾਂ ਹਨ। ਆਪਣਾ ਵਾਧੂ ਮਾਲ ਵੇਚਣ ਲਈ ਉਹ ਰੁੱਤਾਂ ਦੀ ਉਡੀਕ ਨਹੀਂ ਕਰ ਸਕਦਾ।

ਬਾਜ਼ਾਰ ਦੀ ਦਖਲਅੰਦਾਜੀ ਦਾ ਹੀ ਨਤੀਜਾ ਹੈ ਕਿ ਮਨੁੱਖ ਪ੍ਰਕ੍ਰਿਤੀ ਤੋਂ ਟੁੱਟ ਕੇ ਖੁਦ ਵਿਚ ਸੁੰਗੜਦਾ ਜਾ ਰਿਹਾ ਹੈ ਅਤੇ ਹੱਦ ਦਰਜੇ ਦੀ ਡਰਪੋਕ ਪ੍ਰਵਿਰਤੀ ਉਸ ਵਿਚ ਘਰ ਕਰਦੀ ਜਾ ਰਹੀ ਹੈ। ਉਸਦੀ ਮਾਸੂਮੀਅਤ ਖੋਹ ਲਈ ਗਈ ਹੈ, ਸਹਿਜਤਾ ਕਿਤੇ ਗੁਆਚ ਗਈ ਹੈ। ਇਹ ਕਹਾਣੀ ਵਿਸ਼ਵੀਕਰਣ ਦੇ ਇਸ ਮਾਰੂ ਦੌਰ ਵਿਚ ਵਾਪਰ ਰਹੇ ਉਹਨਾਂ ਅੰਤਰਰਾਸ਼ਟਰੀ ਵਰਤਾਰਿਆਂ ਨੂੰ ਵੀ ਸੰਕੇਤ ਰੂਪ ਵਿਚ ਆਪਣੇ ਕਲਾਵੇ ਵਿਚ ਲੈਂਦੀ ਹੈ ਜੋ ਆਮ ਲੋਕਾਂ ਦੀ ਮਾਨਸਿਕਤਾ ਨੂੰ ਬਾਜ਼ਾਰ ਦੇ ਅਨੁਕੂਲ ਢਾਲਣ ਲਈ ਪ੍ਰਚੰਡ ਰੂਪ ਵਿਚ ਕੋਸ਼ਿਸ਼ਾਂ ਵਿਚ ਹਨ।

ਇਹਨਾਂ ਸਾਰੇ ਵਰਤਾਰਿਆਂ ਦੇ ਵੱਖ-ਵੱਖ ਪਹਿਲੂਆਂ ਦੇ ਰੂਬਰੂ ਹੁੰਦਿਆਂ ਇਸੇ ਲੜੀ 'ਚ ਅਗਲੀ ਕਹਾਣੀ ਹੈ *ਖ਼ੁਸ਼ਬੂ-ਖ਼ੁਸ਼ਬੂ* ਜਿਸ ਵਿਚ ਖ਼ੁਸ਼ਬੂ ਦੇ ਮੈਟਾਫਰ ਰਾਹੀਂ ਪਤਾ ਚੱਲਦਾ ਹੈ ਕਿ ਸਾਡੇ ਰਿਸ਼ਤਿਆਂ 'ਚੋਂ, ਸਾਡੇ ਆਲ਼ੇ-ਦੁਆਲ਼ੇ 'ਚੋਂ ਬਹੁਤ ਕੁਝ ਮਨਫੀ ਹੋ ਚੁੱਕਾ ਹੈ।।

ਇਸ ਤੋਂ ਅਗਲੀ ਤੇ ਮਾਰੂ ਸਟੇਜ *ਥੈਂਕਸ ਏ ਲੌਟ ਪੁੱਤਰਾ* ਵਿਚ ਦੇਖੀ ਜਾ ਸਕਦੀ ਹੈ। ਬਾਜ਼ਾਰ ਦੀ ਕਰੂਰਤਾ ਇੱਥੇ ਹੀ ਨਹੀਂ ਰੁਕਦੀ। ਲਗਾਤਾਰ ਵੱਧਦੇ ਹੋਏ ਮਰਜ਼ ਦੀ ਅਲਾਰਮਿੰਗ ਸਿਥਿਤੀ ਦਾ ਚਿਤਰਣ ਕਹਾਣੀ *ਪਿੰਡਾਂ ਵਿਚੋਂ ਪਿੰਡ ਸੁਣੀਂਦਾ* ਵਿਚ ਬਿਨਾਂ ਕਿਸੇ ਰੁਦਨ-ਰੋਣੇ ਦੇ

ਦੇਖਿਆ ਜਾ ਸਕਦਾ ਹੈ ਅਤੇ ਅਸੀਂ ਨਿਸ਼ਬਦ ਰਹਿ ਜਾਂਦੇ ਹਾਂ ਕਿ ਵਿਸ਼ਵੀਕਰਨ ਦੇ ਲਾਲੀਪੋਪ ਦੇ ਭੁਲੇਖੇ ਸਾਡਾ ਕਿੰਨਾ ਕੀਮਤੀ ਸਰਮਾਇਆ ਗੁਆਚ ਚੁੱਕਾ ਹੈ।

ਇੱਕੀਵੀਂ ਸਦੀ ਦੀ ਸ਼ੁਰੂਆਤ ਬਹੁਤ ਖ਼ਰਾਬ ਹੋਈ ਹੈ। ਸਾਰੀ ਦੁਨੀਆ ਕੋਰੋਨਾ ਮਹਾਂਮਾਰੀ ਨਾਲ ਜੂਝ ਰਹੀ ਹੈ। ਸਾਡੇ ਨਾਸਮਝ ਲੀਡਰਾਂ ਨੇ ਇਸ ਨੂੰ ਹੋਰ ਵੀ ਵਿਕਰਾਲ ਬਣਾ ਦਿੱਤਾ ਹੈ। ਇਸ ਦੇ ਦੂਰਗਾਮੀ ਆਰਥਿਕ, ਸਮਾਜਕ ਤੇ ਰਾਜਨੀਤਿਕ ਨਤੀਜੇ ਨਿਕਲਣਗੇ। ਕੋਰੋਨੇ ਨੇ ਬਹੁਤ ਸਾਰੀਆਂ ਧਾਰਨਾਵਾਂ ਨੂੰ ਉਲਟ-ਪੁਲਟ ਕਰ ਦੇਣਾ ਹੈ। ਇਸ ਨਾਲ ਜੁੜੀ ਸ਼ਬਦਾਵਲੀ 'ਚੋਂ ਕਿੰਨੇ ਹੀ ਸ਼ਬਦਾਂ ਦੇ ਨਵੇਂ ਅਰਥ ਸੰਚਾਰ ਹੋਣਗੇ। ਮਹਾਂਮਾਰੀ ਕਾਰਨ ਪੈਦਾ ਹੋਏ ਹਾਲਾਤ ਦਾ ਵਿਸ਼ਲੇਸ਼ਣ ਕਰਦਿਆਂ ਲੌਕਡਾਊਨ ਦੌਰਾਨ ਮੈਂ ਕਈ ਕਹਾਣੀਆਂ ਲਿਖੀਆਂ ਹਨ। ਬੇਸ਼ੱਕ ਕੁਝ ਵੀ ਅੰਤਮ ਸੱਚ ਨਹੀਂ ਹੁੰਦਾ ਪਰ ਕਲਾ ਦੇ ਹਰ ਰੂਪ ਵਿਚ ਆਉਣ ਵਾਲੇ ਸਮੇਂ ਦੇ ਸੱਚ ਦੇ ਅੰਸ਼ ਛਿਪੇ ਹੁੰਦੇ ਹਨ।

ਮਹਾਮਾਰੀ ਕੋਰੋਨਾ ਜਾਂ ਕੋਵਿਡ-19 ਸ਼ੁਰੂ ਹੋਈ ਤਾਂ ਸੱਤਾ/ਸਿਸਟਮ ਨੇ ਪਾਖੰਡ ਫੈਲਾਉਣੇ ਸ਼ੁਰੂ ਕਰ ਦਿੱਤੇ ਤਾਂਕਿ ਆਪਣੀਆਂ ਨਾਕਾਮੀਆਂ ਛੁਪਾਈਆਂ ਜਾ ਸਕਣ ਅਤੇ ਇਸ ਬਹਾਨੇ ਕੀਤੀ ਜਾਣ ਵਾਲੀ ਲੁੱਟ-ਖਸੁੱਟ 'ਤੇ ਪਰਦਾ ਪਾਉਣ ਲਈ ਲੋਕਾਂ ਨੂੰ ਬੇਵਕੂਫ ਬਣਾਇਆ ਜਾ ਸਕੇ, ਤਾਂ ਖ਼ਿਆਲ ਆਇਆ ਕਿ ਬੇਸ਼ੱਕ ਇਹ ਵਾਇਰਸ ਨਵਾਂ ਤੇ ਨਾਮਾਲੂਮ ਸਟ੍ਰੇਨ ਵਾਲਾ ਹੈ ਪਰ ਜਿਹੜੇ ਨਵੇਂ ਵਾਇਰਸ ਮੇਰੇ ਆਲ਼ੇ-ਦੁਆਲ਼ੇ ਵਿਚਰ ਰਹੇ ਹਨ ਉਹਨਾਂ ਨੂੰ ਵੀ ਤਾਂ ਆਈਡੈਂਟੀਫਾਈ ਕਰਨਾ ਜ਼ਰੂਰੀ ਹੈ। ਅਤੇ ਮੈਂ ਕਹਾਣੀ ਲਿਖੀ *ਨੌਵਲ ਕਮੀਨਾ ਵਾਇਰਸ*।

ਆਪਣੀਆਂ ਕਹਾਣੀਆਂ ਵਿਚ ਮੈਂ ਆਪਣੇ ਮੌਜੂਦਾ ਸਮੇਂ ਨੂੰ ਲਿਖਦਾ ਹਾਂ, ਆਪਣੀ ਭੜਾਸ ਕੱਢਦਾ ਹਾਂ, ਤੰਗਲ਼ੀ ਨਹੀਂ ਕਲਮ ਨਾਲ ਦੁੱਖ ਫਰੋਲਦਾ ਹਾਂ। ਕਾਫੀ ਪਾਠਕਾਂ ਨੂੰ ਵੀ ਇਹ ਆਪਣੇ ਲੱਗਦੇ ਹਨ ਤਾਂ ਇਹ ਮੇਰੀ ਖ਼ੁਸ਼ਕਿਸਮਤੀ ਹੈ।

ਜਿੱਥੋਂ ਤਕ ਇਨਾਮ-ਸਨਮਾਨਾਂ ਦੀ ਗੱਲ ਹੈ, ਅਕਸਰ ਲੇਖਕਾਂ ਨੂੰ ਕਹਿੰਦੇ ਸੁਣਿਆ ਹੈ ਕਿ ਉਹ ਇਨਾਮਾਂ ਲਈ ਨਹੀਂ ਲਿਖਦੇ। ਇਹ ਸੱਚ ਹੈ। ਮੈਨੂੰ ਨਹੀਂ ਲੱਗਦਾ ਕਿ ਰਚਨਾ ਕਰਦਿਆਂ ਪੈਸੇ-ਪੂਸੇ ਦਾ ਕੋਈ ਲਾਲਚ ਲੇਖਕ ਦੇ ਦਿਮਾਗ਼ ਵਿਚ ਹੁੰਦਾ ਹੈ। ਇਨਾਮ-ਸਨਮਾਨ ਲੇਖਕ ਦੀ ਮੰਜ਼ਿਲ ਨਹੀਂ ਹੁੰਦੇ ਪਰ ਉਸਦੇ ਸਫਰ ਵਿਚ ਆਉਣ ਵਾਲੇ ਛਾਂ-ਦਾਰ ਪੜਾਅ ਵਾਂਗ ਜ਼ਰੂਰ ਹੁੰਦੇ ਹਨ। ਇਨਾਮ-ਸਨਮਾਨਾਂ ਨਾਲ ਪਹਿਚਾਣ ਮਿਲਦੀ ਹੈ। ਲਿਖੇ ਨੂੰ ਮਾਨਤਾ ਮਿਲਦੀ ਹੈ। ਸਮੇਂ ਸਿਰ ਮਿਲਿਆ ਹੋਇਆ ਪੁਰਸਕਾਰ ਲੇਖਕ ਦਾ ਹੌਸਲਾ ਵਧਾਉਂਦਾ ਹੈ, ਹੋਰ ਚੰਗਾ ਲਿਖਣ ਲਈ ਪ੍ਰੇਰਦਾ ਹੈ।

ਮੇਰੀ ਕਥਾ ਪੁਸਤਕ *ਜਨਾਨੀ ਪੌਦ* ਨੂੰ 'ਢਾਹਾਂ ਸਾਹਿਤ ਪੁਰਸਕਾਰ-2020' ਮਿਲਿਆ ਹੈ। ਇਸ ਪੁਸਤਕ ਵਿਚ ਛੇ ਕਹਾਣੀਆਂ ਹਨ ਜਿਨ੍ਹਾਂ 'ਚੋਂ *ਬੇਟੀ ਕਾ ਬਾਪ, ਤੇਰੀ ਗੋਤਣ ਬਿਆਹ ਕੇ ਲਿਆਰਯਾ ਸੂੰ* ਅਤੇ *ਜਨਾਨੀ ਪੌਦ* ਕਹਾਣੀਆਂ 'ਚ ਔਰਤਾਂ ਦੀ ਤ੍ਰਾਸਦੀ ਅਤੇ ਉਹਨਾਂ ਪ੍ਰਤੀ ਸਮਾਜ ਦੀ ਮਾਨਸਿਕਤਾ ਦਾ ਚਿਤਰਨ ਹੈ। *ਜਨਾਨੀ ਪੌਦ* ਦੇ ਮੈਟਾਫਰ ਰਾਹੀਂ ਇਸੇ ਨਾਂ ਵਾਲੀ ਕਹਾਣੀ ਵਿਚ ਔਰਤ ਤੇ ਜ਼ਮੀਨ ਦੀ ਜ਼ਰਖੇਜੀ ਦੇ ਰੈਫਰੈਂਸ 'ਚ ਲੋਕਾਂ ਦੀ ਜਗੀਰੂ ਸੋਚ ਦਾ ਪਰਦਾ ਫਾਸ਼ ਕਰਨ ਲਈ ਵਿਅੰਗ ਵਿਧੀ ਦੀ ਵਰਤੋਂ ਕੀਤੀ ਗਈ ਹੈ। *ਦਰਵਾਜ਼ਾ ਬੰਦ* ਅਤੇ *ਪਲੇਸ ਵੈਲਿਊ* ਕਹਾਣੀਆਂ ਵਿਚ ਰਾਜਨੀਤਕ, ਸਮਾਜਕ ਹਵਾਲੇ ਨਾਲ ਸਮਾਜ ਦੇ ਮੌਜੂਦਾ ਵਰਤਾਰੇ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ ਅਤੇ *ਪਿੰਡਾਂ ਵਿਚੋਂ ਪਿੰਡ ਸੁਣੀਂਦਾ* ਕਹਾਣੀ ਵਿਚ ਸਮਾਜਕ, ਆਰਥਿਕ ਤੌਰ 'ਤੇ ਬਦਲਦੇ ਅਖੌਤੀ ਗਲੋਬਲ ਪਿੰਡ ਦੀ ਨੁਹਾਰ ਦਿਖਾਉਣ ਦਾ ਯਤਨ ਕੀਤਾ ਹੈ।

*ਢਾਹਾਂ ਪ੍ਰਾਈਜ਼* ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਪ੍ਰਮੋਟ ਕਰਨ ਵਾਲਾ ਸਭ ਤੋਂ ਵੱਡਾ ਅੰਤਰਰਾਸ਼ਟਰੀ ਪੁਰਸਕਾਰ ਹੈ। ਮੈਨੂੰ ਇਹ ਪੁਰਸਕਾਰ ਪ੍ਰਾਪਤ ਕਰਕੇ ਬਹੁਤ ਖ਼ੁਸ਼ੀ ਹੋਈ ਹੈ। ਮੈਂ ਧੰਨਵਾਦੀ ਹਾਂ ਬਰਜ ਢਾਹਾਂ, ਰੀਟਾ ਢਾਹਾਂ ਅਤੇ ਢਾਹਾਂ ਪੁਰਸਕਾਰ ਅਦਾਰੇ ਦਾ ਜੋ ਦੁਨੀਆ ਭਰ ਵਿਚ ਵਸਦੀ ਪੰਜਾਬੀ ਕਮਿਊਨਿਟੀ ਨੂੰ ਆਪਸ ਵਿਚ ਜੋੜਨ ਅਤੇ ਚੰਗੇ ਪੰਜਾਬੀ ਸਾਹਿਤ ਨੂੰ ਵਿਸ਼ਵ ਪੱਧਰ 'ਤੇ ਮੰਚ ਮੁੱਹਈਆ ਕਰਾਉਣ ਲਈ ਸਾਰਥਕ ਉਪਰਾਲਾ ਕਰ ਰਹੇ ਹਨ। ਇਹ ਕੰਮ ਕਿਸੇ ਵਿਰਲੇ ਦੇ ਹੀ ਹਿੱਸੇ ਆਉਂਦਾ ਹੈ। 000

# ਗਏਲਹਾਈ: ਕਹਾਣੀ: ਕੇਸਰਾ ਰਾਮ

*ਝਰਿ ਗਏ ਅਮਿਲੀਆ ਕੇ ਪਾਤੀ ਹੋ,*
*ਪਿਆ ਕਾਸੀ ਮਾ ਛਾਏ... !*

ਸੁਸ਼ਾਂਤ ਜਿਉਂ ਹੀ ਸਫਰ 'ਤੇ ਨਿਕਲਣ ਬਾਰੇ ਸੋਚਦਾ, ਸ਼ੁਭ ਅਤੇ ਖ਼ੁਸ਼ੀ ਦੇ ਮੌਕਿਆਂ 'ਤੇ ਔਰਤਾਂ ਵੱਲੋਂ ਰਸਤੇ 'ਚ ਚੱਲਦੇ-ਚੱਲਦੇ ਗਾਇਆ ਜਾਣ ਵਾਲਾ ਉਸਦਾ ਮਨ-ਪਸੰਦ ਬਘੇਲੀ ਲੋਕਗੀਤ 'ਗਏਲਹਾਈ' ਦਿਮਾਗ਼ ਵਿਚ ਗੂੰਜਣ ਲੱਗਦਾ...

ਪਰ ਉਹ ਹਾਲੇ ਦੁਬਿਧਾ ਵਿਚ ਸੀ। ਦੁਬਿਧਾ ਨਾਲ ਗ੍ਰੱਸੇ ਮਨ ਨੂੰ ਨਾ ਦਿਨੇ ਆਰਾਮ, ਨਾ ਰਾਤ ਨੂੰ ਚੈਨ। ਜ਼ਰਾ ਅੱਖ ਲੱਗੀ ਨਹੀਂ ਕਿ ਦੁਚਿੱਤੀ ਦੇ ਝੂਲੇ ਵਿਚ ਝੂਲਣ ਲੱਗਦਾ...

ਇਕ ਤਾਂ ਔਰਤਾਂ ਤੇ ਜੁਆਕਾਂ ਦਾ ਸਾਥ। ਸੁਸ਼ਾਂਤ ਤੇ ਉਸ ਦੀ ਘਰਵਾਲੀ ਪਲਕ। ਉੱਧਰ ਆਲੋਕ, ਉਸ ਦੀ ਘਰਵਾਲੀ ਕਾਜਲ ਤੇ ਉਹਨਾਂ ਦੇ ਨਿੱਕੇ-ਨਿੱਕੇ ਦੋ ਜੁਆਕ ਕਾਰਤੀਕੇਅ ਤੇ ਆਭਾ।

ਦੂਜਾ ਲੁਧਿਆਣੇ ਤੋਂ ਸਤਨਾ ਤਕ ਗਿਆਰਾਂ ਸੌ ਕਿਲੋਮੀਟਰ ਦਾ ਲੰਬਾ ਸਫਰ। ਮੱਧ ਪ੍ਰਦੇਸ਼ ਦੇ ਸਤਨਾ ਜ਼ਿਲ੍ਹੇ 'ਚ ਪੈਂਦੇ, ਸ਼ਹਿਰ ਬਣਨ ਵੱਲ ਅਹੁਲ ਰਹੇ ਕਸਬੇ ਰਾਮਪੁਰ ਬਘੇਲਾ ਦਾ ਨਿੱਕਾ ਜਿਹਾ ਪਿੰਡ ਰਾਮਪੁਰ ਸੁਸ਼ਾਂਤ ਤੇ ਆਲੋਕ ਦਾ ਆਪਣਾ ਦੇਸ ਹੈ।

ਉਂਝ ਕਿਹਾ ਤਾਂ ਇਹ ਵੀ ਜਾਂਦਾ ਹੈ ਕਿ ਬੰਦੇ ਦਾ ਉਹੀ ਦੇਸ਼, ਜਿੱਥੋਂ ਉਸਨੂੰ ਰਿਜ਼ਕ ਮਿਲੇ। ਰਿਜ਼ਕ ਲਈ ਇਹ ਲੁਧਿਆਣੇ ਦੇ ਡੁੱਗਰੀ ਇਲਾਕੇ ਦੀ ਜਿਸ ਬਸਤੀ ਵਿਚ ਰਹਿ ਰਹੇ ਨੇ ਉੱਥੇ ਇਹਨਾਂ ਤੋਂ ਇਲਾਵਾ ਕੁਝ ਲੋਕ ਹੀ ਬਚੇ ਨੇ, ਜੋ ਦੂਰ-ਦੁਰੇਡੇ ਦੇ ਆਪਣੇ ਦੇਸ ਸ਼ਾਇਦ ਹੀ ਜਾਣ ਜਾਂ ਹਾਲੇ ਜੱਕੋਤੱਕੀ ਵਿਚ ਹਨ। ਬਾਕੀ ਸਾਰੇ ਲੌਕਡਾਊਨ ਦੀਆਂ ਸਖ਼ਤ ਬੰਦਿਸ਼ਾਂ ਦੇ ਬਾਵਜੂਦ ਜਾ ਚੁੱਕੇ। ਵਧੇਰੇ ਤਾਂ ਪਿਛਲੇ ਕੁਝ ਦਿਨਾਂ ਵਿਚ।

ਦੇਸ਼ ਦੇ ਤਮਾਮ ਹਾਈਵੇਜ਼ ਅਤੇ ਰੇਲਵੇ ਲਾਈਨਾਂ 'ਤੇ ਮਜ਼ਦੂਰਾਂ ਦੀਆਂ ਡਾਰਾਂ ਦੀਆਂ ਡਾਰਾਂ ਨੇ ਆਪੋ-ਆਪਣੇ ਘਰਾਂ ਵੱਲ ਵਹੀਰਾਂ ਘੱਤੀਆਂ ਸਨ। ਕੋਈ ਸਾਇਕਲ 'ਤੇ, ਕੋਈ ਆਪਣੀ ਰਿਕਸ਼ਾ ਲੈ ਕੇ ਤਾਂ ਵਧੇਰੇ ਪੈਦਲ ਹੀ ਸੈਂਕੜੇ ਕਿਲੋਮੀਟਰ ਦੇ ਸਫਰ 'ਤੇ ਨਿਕਲ ਚੁੱਕੇ ਸੀ। ਜੋ ਬਚੇ ਹੋਏ ਸੀ ਉਹ ਅਫਵਾਹਾਂ ਦੇ ਪਰਾਂ 'ਤੇ ਸਵਾਰ ਹੋ ਕੇ ਹਰੜ-ਹਰੜ ਕਰਦੇ, ਕਦੇ ਸੁੰਨੇ ਪਏ ਬਸ ਅੱਡੇ ਤਾਂ ਕਦੇ ਰੇਲਵੇ ਸਟੇਸ਼ਨ 'ਤੇ ਜਮ੍ਹਾਂ ਹੋ ਜਾਂਦੇ ਸੀ। ਤੇ ਡਾਂਗਾਂ ਖਾਂਦੇ ਸੀ।

ਸੁਸ਼ਾਂਤ ਵੀ ਚਿੰਤਤ ਸੀ, "ਕਿਵੇਂ ਕਰੀਏ? ਬੱਚੇ, ਬੁੱਢੇ, ਮਹਿਲਾਵਾਂ, ਸਾਰੇ ਹੀ ਜਾ ਰਹੇ ਨੇ?"

ਉਦਾਸ ਅੱਖਾਂ ਵਿਚ ਚਿੰਤਾ ਤੇ ਅਨੇਕਾਂ ਸਵਾਲ ਲਈਂ ਉਹ ਇਕ-ਦੂਜੇ ਵੱਲ ਤੱਕਦੇ ਰਹਿੰਦੇ। ਟੀ.ਵੀ. ਸਕ੍ਰੀਨ 'ਤੇ ਨਜ਼ਰਾਂ ਗੱਡੀ ਰੱਖਦੇ।

''ਇੱਥੇ, ਬਿਗਾਨੇ ਦੇਸ 'ਚ ਪਏ, ਭੁੱਖ ਨਾਲ ਕਿਵੇਂ ਲੜਾਂਗੇ? ਘਰ ਤਾਂ ਘਰ ਹੀ ਹੁੰਦਾ ਹੈ।'' ਸੁਸ਼ਾਂਤ ਦਾ ਤਰਕ ਹੁੰਦਾ।

"ਲੱਗਦਾ ਨਹੀਂ ਕਿ ਛੇਤੀ ਕੁਝ ਠੀਕ ਹੋਣ ਵਾਲਾ ਹੈ।" ਆਲੋਕ ਵੀ ਦੁਚਿੱਤੀ ਤੇ ਖਦਸ਼ਿਆਂ ਨਾਲ ਘਿਰਿਆ ਹੋਇਆ ਸੀ।

ਕੋਰੋਨਾ ਵਾਇਰਸ ਦੀ ਲਾਗ ਤੋਂ ਬਚਾਅ ਲਈ ਲੱਗਿਆ ਲੌਕਡਾਊਨ ਅਨੇਕਾਂ ਖਦਸ਼ੇ ਲੈ ਕੇ ਆਇਆ ਸੀ। ਹਰ ਚਿਹਰਾ ਚਿੰਤਾ ਅਤੇ ਅਨਿਸ਼ਚਿਤਤਾ ਦੀ ਛਾਂ ਨਾਲ ਗ੍ਰੱਸਿਆ ਹੋਇਆ। ਰੋਜ਼ ਕਮਾਣ-ਖਾਣ ਵਾਲਿਆਂ ਲਈ ਤਾਂ ਕੋਰੋਨਾ ਕਈ ਰੂਪਾਂ ਵਿਚ ਕਾਲ਼ ਬਣ ਕੇ ਉਹਨਾਂ ਦੇ ਸਿਰ 'ਤੇ ਮੰਡਰਾਉਣ ਲੱਗਿਆ, ਸੁਪਨੇ ਵਿਚ ਵੀ ਡਰਾਉਣ ਲੱਗਿਆ ਸੀ।

ਲੌਕਡਾਊਨ ਸਖ਼ਤੀ ਨਾਲ ਲਾਗੂ ਸੀ। ਕੋਵਿਡ-19, ਸੋਸ਼ਲ ਡਿਸਟੈਂਸਿੰਗ, ਕਵਾਰੰਟੀਨ, ਆਈਸੋਲੇਸ਼ਨ ਵਰਗੇ ਹਊਇਆਂ ਦੇ ਨਾਲ। ਰਸਤੇ 'ਚ ਮਜ਼ਦੂਰਾਂ ਨੂੰ ਰੋਕਣਾ, ਠੋਕਣਾ ਤੇ ਵਾਪਸ ਭਜਾ ਦੇਣਾ ਕਿਸੇ ਤੋਂ ਲੁਕਿਆ ਹੋਇਆ ਨਹੀਂ ਸੀ।

ਮੰਜ਼ਲ ਵੀ ਕਾਲ਼ੇ ਕੋਹਾਂ ਦੂਰ।

ਆਪਣੀ ਕੋਠੜੀ 'ਚ ਸੁਸ਼ਾਂਤ ਦੇ ਮੋਢੇ ਨਾਲ ਠੋਡੀ ਟਿਕਾਈ ਬੈਠੀ ਪਲਕ ਕਦੇ ਮੋਬਾਈਲ 'ਚ ਲੁਧਿਆਣੇ ਤੋਂ ਸਤਨੇ ਦੇ ਰੂਟ ਤਾਂ ਕਦੇ ਸੁਸ਼ਾਂਤ ਦੇ ਚਿਹਰੇ ਵੱਲ ਦੇਖ ਲੈਂਦੀ। ਸੁਸ਼ਾਂਤ ਦੀ ਬੇਚੈਨੀ ਉਸਨੂੰ ਸੱਲ੍ਹ ਰਹੀ ਸੀ।

"...ਹੁਣ ਤਾਂ ਚੱਲਣਾ ਹੀ ਪੈਣੈ..." ਸੋਚਦਿਆਂ ਸੁਸ਼ਾਂਤ ਗੂਗਲ 'ਤੇ ਸਰਚ ਕੀਤੇ ਹੋਏ ਰੂਟ ਲੈ ਕੇ ਦੁਚਿੱਤੀ ਤੇ ਤਣਾਅ ਨਾਲ ਘਿਰੇ ਬੈਠੇ ਆਲੋਕ ਦੀ ਕੋਠੜੀ ਵਿਚ ਆ ਗਿਆ। ਦੱਸਣ ਵਾਂਗ ਪੁੱਛਿਆ, "ਬਾਈ, ਦੇਖ ਖਾਂ, ਕਿਹੜਾ ਰਸਤਾ ਠੀਕ ਰਹੂ? ਕਿਵੇਂ, ਕੀ ਕਰੀਏ, ਕੁਝ ਵੀ ਸਮਝ 'ਚ ਨਹੀਂ ਆ ਰਿਹਾ।"

ਜੁਆਕ ਉੱਛਲ਼ ਪਏ, "ਆਹਾ! ਪਿੰਡ ਜਾਵਾਂਗੇ?"

ਆਲੋਕ ਨੇ ਰੂਟ 'ਤੇ ਨਜ਼ਰ ਮਾਰਦਿਆਂ ਪੁੱਛਿਆ, "ਰਸਤੇ 'ਚ ਪੈਣ ਵਾਲੇ ਸੂਬਿਆਂ ਦੇ ਬਾਡਰ ਕਿਵੇਂ ਪਾਰ ਕਰਾਂਗੇ?"

"ਕਰਲਾਂਗੇ, ਉਹ ਕਿਹੜੇ ਵਾਹਗਾ ਬਾਡਰ ਨੇ?"

"ਕਈ ਤਾਂ ਵਾਹਗੇ ਨਾਲੋਂ ਵੀ ਵਧ ਸਖ਼ਤੀ ਕਰੀ ਬੈਠੇ ਨੇ।"

"ਜਾਵਾਂਗੇ ਕਾਹ'ਤੇ?" ਕਾਜਲ ਵਿਚਾਲੇ ਬੋਲ ਪਈ।

ਭਰੇ ਬੈਠੇ ਸੁਸ਼ਾਂਤ ਨੇ ਆਪਣਾ ਗ਼ੁੱਬਾਰ ਕੱਢਿਆ, "ਜਾਣ ਦੀ ਤਾਂ ਇਉਂ ਐ ਭਾਬੀ, ਬਈ ਸਤਨੇ ਲਈ ਇੱਥੋਂ ਕੋਈ ਸਿੱਧੀ ਫਲਾਇਟ ਤਾਂ ਹੈ ਨ੍ਹੀਂ।"

"ਫਲਾਇਟ? ਕਾਹੇ ਜਲੇ ਪਰ ਲੂਣ ਛਿੜਕ ਰਹੇ ਹੋ, ਬਾਬੂ?"

"ਵਾਹ ਭਾਬੀ! ਸਰਕਾਰ ਛਿੜਕੇ ਤਾਂ ਫੁੱਲ। ਤੇ ਅਸੀਂ ਛਿੜਕੀਏ ਤਾਂ ਲੂਣ? ਹੋਰ ਸੁਣ, ਸਿੱਧੀ ਤਾਂ ਬਸ ਜਾਂ ਟ੍ਰੇਨ ਵੀ ਹੈ ਨ੍ਹੀਂ।"

"ਫੇਰ?"

"ਫੇਰ ਕੀ? ਇੱਥੋਂ ਟ੍ਰੇਨ ਰਾਹੀਂ ਪਹਿਲਾਂ ਜਾਓ ਕਾਨਪੁਰ। ਉੱਥੋਂ ਫੇਰ ਸਤਨਾ ਲਈ ਬੇਤਵਾ ਐਕਸਪ੍ਰੈਸ ਫੜੋ।" ਉਸ ਦੇ ਲਹਿਜੇ ਵਿਚ ਖਿਝ ਸੀ।

"ਫੇਰ ਮਜ਼ਾਕ?" ਭਾਬੀ ਨੂੰ ਪਤਾ ਸੀ ਕਿ ਟ੍ਰੇਨਾਂ ਤੇ ਬੱਸਾਂ ਤਾਂ ਬੰਦ ਹਨ। ਪਰ ਉਸਨੇ ਸ਼ਾਇਦ ਸੁਸ਼ਾਂਤ ਦੀ ਖਿੱਝ ਵੱਲ ਧਿਆਨ ਨਹੀਂ ਦਿੱਤਾ ਸੀ।

"ਹਾਲੇ ਤਾਂ ਆਪਣੇ ਨਾਲ ਖ਼ਬਰੈ ਕੀ-ਕੀ ਮਜ਼ਾਕ ਹੋਣੇ ਐ। ਦਿਮਾਗ਼ ਖ਼ਰਾਬ ਹੋਇਆ ਪਿਐ, ਕਦੇ ਇੱਥੇ ਨਾਂ ਲਿਖਵਾਓ, ਕਦੇ ਉੱਥੇ। ਜਾਣੀ ਅਸੀਂ ਇਸ ਧਰਤੀ ਦੇ ਜੀਅ ਈ ਨਈਂ!" ਉਸ ਦਾ ਗੁੱਸਾ ਫੁੱਟ ਪਿਆ।

"ਦਿਵਾਲੀ ਹੈ ਕੀ ਪਾਪਾ?" ਕਾਰਤੀਕੇਅ ਨੇ ਪੁੱਛਿਆ।

ਆਲੋਕ ਉਦਾਸ ਹੋ ਗਿਆ। ਬੱਚਿਆਂ ਲਈ ਤਾਂ ਘਰ ਜਾਣ ਦਾ ਮਤਲਬ ਅਕਸਰ ਕੋਈ ਤਿਉਹਾਰ ਹੀ ਹੁੰਦਾ ਹੈ। ਕੀ ਜਵਾਬ ਦੇਵੇ? ਉਸ ਨੂੰ ਤਾਂ ਇਹ ਵੀ ਨਹੀਂ ਪਤਾ ਕਿ ਭੱਵਿਖ ਵਿਚ ਛੇਤੀ ਕਿਤੇ ਉਹ ਕੋਈ ਤਿਉਹਾਰ ਮਨਾ ਵੀ ਸਕਣਗੇ।

"ਮਿਠਾਈਆਂ ਕਦੋਂ ਲਿਆਵਾਂਗੇ ਪਾਪਾ? ਨਵੇਂ-ਨਵੇਂ ਕਪੜੇ...?" ਆਭਾ ਨੇ ਪੁੱਛਿਆ।

ਕੋਠੜੀ ਵਿਚ ਖਾਮੋਸ਼ੀ ਪਸਰ ਗਈ। ਉਹ ਜਾਣਦੇ ਸਨ ਕਿ ਹੁਣ ਜੁਆਕਾਂ ਨੂੰ ਜੋ ਵੀ ਕਿਹਾ ਜਾਵੇਗਾ, ਉਹ ਝੂਠ ਹੀ ਹੋਵੇਗਾ।

ਖਾਮੋਸ਼ੀ ਭੰਗ ਕਰਦਿਆਂ ਸੁਸ਼ਾਂਤ ਨੇ, "ਪਰ ਇਹ ਮਜ਼ਾਕ ਨਹੀਂ ਹੈ, ਭਾਬੀ। ਆਪਾਂ ਚੱਲਾਂਗੇ ਆਪਣੀ 'ਗੋਦਾਨ ਐਕਸਪ੍ਰੈਸ' 'ਚ।" ਕਹਿੰਦਿਆਂ ਬਾਹਰ ਖੜ੍ਹੀ ਆਪਣੀ ਰਿਕਸ਼ਾ-ਰੇਹੜੀ ਵੱਲ

ਇਸ਼ਾਰਾ ਕਰ ਦਿੱਤਾ, "ਮੈਨੂੰ ਤਾਂ ਇਹੀ ਰਸਤਾ ਸੁੱਝ ਰਿਹੈ..."

ਸੁਸ਼ਾਂਤ ਕੋਲ਼ ਤਿਪਹੀਆ ਸਾਈਕਲ-ਰਿਕਸ਼ਾ 'ਤੇ ਲਕੜੀ ਦੇ ਫੱਟਿਆਂ ਨਾਲ ਬਣੀ ਹੋਈ ਰੇਹੜੀ ਸੀ। ਉਸਦਾ ਦੋ-ਤਿੰਨ ਥੋਕ ਵਪਾਰੀਆਂ ਨਾਲ ਸੰਪਰਕ ਸੀ। ਸ਼ਹਿਰ 'ਚ ਥੋਕ ਦੇ ਗੋਦਾਮਾਂ 'ਚੋਂ ਮਾਲ ਦੀ ਵਧੇਰੇ ਢੁਆਈ ਤਾਂ ਫੋਰ-ਵ੍ਹੀਲਰਾਂ, ਮੈਜਿਕ ਜਾਂ ਛੋਟੇ ਹਾਥੀ ਨਾਲ ਹੁੰਦੀ ਸੀ ਪਰ ਤੰਗ ਤੇ ਭੀੜਭਾੜ ਵਾਲੇ ਬਾਜ਼ਾਰਾਂ ਵਿਚ ਆਟੋ ਜਾਂ ਰਿਕਸ਼ਾ-ਰੇਹੜੀਆਂ ਨਾਲ ਵੀ ਮਾਲ ਸਪਲਾਈ ਹੁੰਦਾ ਸੀ।

ਪਲਕ ਵੀ ਆ ਕੇ ਕੋਠੜੀ ਦੇ ਬੂਹੇ ਕੋਲ਼ ਖੜ੍ਹ ਗਈ।

ਮਜ਼ਦੂਰਾਂ ਦੀਆਂ ਹਥੇਲੀਆਂ ਹੀ ਸਖ਼ਤ ਨਹੀਂ ਹੁੰਦੀਆਂ, ਉਹਨਾਂ ਦਾ ਜਿਗਰਾ ਵੀ ਖ਼ੂਬ ਤਕੜਾ ਹੁੰਦਾ ਹੈ। ਆਲੋਕ ਨੇ ਵੀ ਉਸੇ ਅੰਦਾਜ਼ ਵਿਚ ਕਿਹਾ, "ਫਿਰ ਤਾਂ ਐਂ ਕਰ, ਤੇਰੀ ਭਾਬੀ ਨੂੰ ਤਾਂ ਫਲਾਈਟ ਰਾਹੀਂ ਭੇਜ ਦੇ। ਤੇਰੀ ਗੋਦਾਨ ਐਕਸਪ੍ਰੈਸ 'ਚ ਫਸਟ ਏ.ਸੀ.ਤਾਂ ਹੋਣਾ ਨਹੀਂ।"

"ਠੀਕ ਹੈ," ਉਸਨੇ ਭਾਬੀ ਵੱਲ ਦੇਖਦਿਆਂ ਕਿਹਾ, "ਇੱਥੋਂ ਨੇੜਲਾ ਏਅਰਪੋਰਟ ਹੈ ਸਾਹਨੇਵਾਲ, ਆਪਣੇ ਹੀਰੋ ਧਰਮਿੰਦਰ ਦਾ ਪਿੰਡ... ਅਤੇ..."

"ਚਾਚੂ, ਫਲਾਈਟ ਕੀ ਹੁੰਦੀ ਹੈ?" ਆਭਾ ਨੇ ਵਿਚਾਲ਼ੇ ਟੋਕਿਆ।

"ਫਲਾਈਟ?" ਚਾਚੂ ਨੇ ਕੁਝ ਪਲ ਸੋਚਿਆ, ਫੇਰ ਕੋਠੜੀ ਦੀ ਦੇਹਲ਼ੀ 'ਚ ਪਈਆਂ ਆਪਣੀਆਂ ਹਵਾਈ ਚੱਪਲਾਂ ਵੱਲ ਇਸ਼ਾਰਾ ਕਰਦਿਆਂ ਕਿਹਾ, "ਉਹ ਹੁੰਦੀ ਹੈ." ਅਤੇ ਉਸਦੇ ਕੰਨਾਂ 'ਚ ਪ੍ਰਧਾਨਮੰਤਰੀ ਵੱਲੋਂ ਕੀਤੀ ਗਈ 'ਹਵਾਈ ਜਹਾਜ਼' ਤੇ 'ਹਵਾਈ ਚੱਪਲਾਂ' ਦੀ ਤੁਕਬੰਦੀ ਗੂੰਜਣ ਲੱਗੀ।

ਨਾਰਮਲ ਹੁੰਦੇ ਮਾਹੌਲ ਵਿਚ ਇਕ ਵਾਰੀ ਫੇਰ ਖਾਮੋਸ਼ੀ ਪਸਰ ਗਈ।

'ਔਰਤਾਂ ਇੰਨਾ ਸਫਰ ਕਿਵੇਂ ਕਰਨਗੀਆਂ? ਜੁਆਕਾਂ ਦਾ ਕੀ ਬਣੂ?' ਸਭ ਤੈਅ ਹੋਣ ਦੇ ਬਾਵਜੂਦ ਸੁਸ਼ਾਂਤ ਦੀ ਚਿੰਤਾ ਬਰਕਰਾਰ ਸੀ।

ਕਾਜਲ ਤਾਂ ਫਿਰ ਵੀ ਘਰਵਾਲੇ ਨਾਲ ਕੰਮ 'ਤੇ ਜਾਂਦੀ ਰਹਿੰਦੀ ਸੀ। ਆਲੋਕ ਮਕਾਨਾਂ ਨੂੰ ਰੰਗ-ਰੋਗ਼ਨ ਦਾ ਕੰਮ ਕਰਦਾ ਹੈ।

ਪਲਕ ਨਿੱਕੇ ਜੁਆਕਾਂ ਨੂੰ ਪੜ੍ਹਾਉਣਾ ਚਾਹੁੰਦੀ ਸੀ ਪਰ ਹਾਲੇ ਉਸਦੀ ਕਿਸੇ ਪ੍ਰਾਈਵੇਟ ਸਕੂਲ ਵਿਚ ਪੀਅਨ ਲਈ ਵੀ ਗੱਲ ਨਹੀਂ ਬਣੀ ਸੀ।

ਆਪਣੇ ਮਨ 'ਚ ਉੱਠੇ ਖਦਸ਼ੇ ਦਾ ਸੁਸ਼ਾਂਤ ਨੇ ਖੁਦ ਹੀ ਜਵਾਬ ਦਿੱਤਾ, "ਆਪਣੇ ਸਾਰਿਆਂ ਦੇ ਕੁਲ ਵਜ਼ਨ ਨਾਲੋਂ ਵਧ ਭਾਰ ਤਾਂ ਮੈਂ ਬਾਜ਼ਾਰ 'ਚ ਸਾਰਾ ਦਿਨ ਢੋਂਦਾ ਫਿਰੀ ਜਾਂਦਾਂ... ਖਿੱਚ ਲੈਜਾਂਗੇ ਜੀ!"

ਆਲੋਕ ਦੀ ਚਿੰਤਾ ਹੋਰ ਸੀ, "ਰਸਤੇ 'ਚ ਰੇਹੜੀ ਨੂੰ ਕਿਤੇ ਪੁਲਿਸ ਹੀ ਨਾ ਤੋੜ-ਫੋੜ ਦੇਵੇ। ਤੇਰਾ ਤਾਂ ਇਹੀ ਰੋਜ਼ੀ-ਰੋਟੀ ਦਾ ਸਾਧਨ ਹੈ।"

ਸੁਸ਼ਾਂਤ ਆਪਣੇ ਇਰਾਦੇ 'ਤੇ ਦ੍ਰਿੜ੍ਹ ਸੀ, "ਹਾਲੇ ਤਾਂ ਘਰ ਪਹੁੰਚਣਾ ਜ਼ਰੂਰੀ ਹੈ। ਜਾਨ ਬਚੂ ਤਾਂ ਹੀ ਕੁਝ ਸੋਚਾਂਗੇ ਨਾ! ਇੱਥੇ ਤਾਂ ਕੋਰੋਨਾ ਮਾਰੇ ਨਾ ਮਾਰੇ, ਭੁੱਖ ਮਾਰ ਦੇਵੇਗੀ।"

"ਮਰਨਾ ਹੀ ਹੈ ਤਾਂ ਕਿਉਂ ਨਾ ਆਪਣੀ ਜਨਮਭੂਮੀ 'ਚ ਜਾ ਕੇ ਮਰੀਏ।"

ਪਲਕ ਆਪਣੀ ਕੋਠੜੀ ਵਿਚ ਆ ਗਈ। ਮਰਨ-ਮਾਰਨ ਵਾਲੀਆਂ ਗੱਲਾਂ ਤੋਂ ਉਸਨੂੰ ਬਹੁਤ ਭੈਅ ਆਉਂਦਾ ਸੀ। ਸੋਚਣ ਲੱਗੀ, '...ਕੋਰੋਨੇ ਤੋਂ ਭੱਜ ਰਹੇ ਹਾਂ... ਭੁੱਖ ਤੋਂ... ਜਾਂ ਆਪਣੇ ਦੇਸ ਦਾ ਮੋਹ ਖਿੱਚ ਰਿਹੈ...?'

"ਅੱਧੀ ਕੁ ਰਾਤ ਨੂੰ ਠੀਕ ਰਹੂ। ਦਿਨੇ ਤਾਂ ਸ਼ਹਿਰ ਦੀਆਂ ਸੜਕਾਂ 'ਤੇ ਪੁਲਿਸ ਤਾਂਡਵ ਕਰਦੀ ਫਿਰਦੀ ਹੈ। ਹੇ... ਲੰਬੀਆਂ-ਲੰਬੀਆਂ ਡਾਂਗਾਂ! ਤੇ ਮਾਰਨ 'ਚ ਵੀ ਭੋਰਾ ਕੰਜੂਸੀ ਨਹੀਂ ਵਰਤਦੇ... ਮਾਰ ਤੇਰੇ ਦੀ... ਅਨ੍ਹੇਵਾਹ ਗਿੱਟੇ-ਗੋਡਿਆਂ 'ਤੇ... ਲੱਤਾਂ-ਬਾਂਹਾਂ 'ਤੇ... ਵੱਖੀਆਂ 'ਚ...!"

ਉੱਧਰ ਧਿਆਨ ਜਾਣ ਸਾਰ ਟੀ.ਵੀ. ਅਤੇ ਸੋਸ਼ਲ ਮੀਡਿਆ 'ਤੇ ਦੇਖੀਆਂ ਹੋਈਆਂ ਪੁਲਿਸ ਦੀ ਕਰੂਰਤਾ ਦੀਆਂ ਕਿੰਨੀਆਂ ਹੀ ਵੀਡਿਓ ਅੱਖਾਂ ਮੂਹਰੇ ਘੁੰਮਣ ਲੱਗੀਆਂ। ਸਰੀਰ 'ਚ ਕਾਂਬਾ

ਜਿਹਾ ਛਿੜ ਗਿਆ।

ਅਜਿਹੀਆਂ ਡਰਾਉਣੀਆਂ ਖ਼ਬਰਾਂ ਦੇ ਮੱਦੇਨਜ਼ਰ ਆਲੋਕ ਨੇ ਫੇਰ ਖਦਸ਼ਾ ਪ੍ਰਗਟਾਇਆ, "ਪੁਲਿਸ ਨਾਕਿਆਂ ਤੋਂ ਬਚਣ ਲਈ ਕੋਈ ਲਿੰਕ ਰੋਡਾਂ...?"

"ਸਭ ਦੇਖ ਲਿਐ।"

"ਸਾਰੇ ਸੂਬਿਆਂ ਦੇ ਬਾਡਰ ਸੀਲ ਕੀਤੇ ਪਏ ਨੇ। ਕਈ ਥਾਂਈਂ ਤਾਂ ਸੜਕਾਂ ਵੀ ਪੱਟ ਦਿੱਤੀਆਂ ਨੇ। ਉੱਥੋਂ ਕਿਵੇਂ ਲੰਘਾਂਗੇ?"

"ਜਦ ਸਿਰ 'ਤੇ ਕਫ਼ਨ ਬੰਨ੍ਹ ਕੇ ਚੱਲ ਈ ਪਏ ਤਾਂ ਸਭ ਹੋਜੂ।"

"ਰੇਹੜੀ ਕਰਕੇ ਰੇਲਵੇ ਲਾਈਨਾਂ ਤੋਂ ਦੀ ਤਾਂ ਨ੍ਹੀਂ ਜਾ ਹੋਣ।"

"ਚੰਗੈ ਸਗੋਂ। ਓਦਣ ਵਾਲੀਆਂ ਟ੍ਰੈਕ 'ਤੇ ਖਿੰਡੀਆਂ ਪਈਆਂ ਰੋਟੀਆਂ ਤੇ ਲਾਸ਼ਾਂ ਤਾਂ ਸੁਪਨੇ 'ਚ ਵੀ ਡਰਾਉਂਦੀਆਂ ਨੇ!"

ਸੁਸ਼ਾਂਤ ਜਦੋਂ ਕੋਠੜੀ 'ਚ ਆਇਆ, ਪਲਕ ਸ਼ੁੰਨ ਵਿਚ ਤੱਕ ਰਹੀ ਸੀ। ਇਕਦਮ ਉਸ ਨਾਲ ਚਿੰਬੜ ਗਈ। ਸੁਸ਼ਾਂਤ ਨੂੰ ਆਪਣੀ ਗਰਦਨ ਕੋਲ਼ ਕੋਸੀ ਬੂੰਦ ਦਾ ਅਹਿਸਾਸ ਹੋਇਆ। ਪਲਕ ਨੂੰ ਆਪਣੇ ਤੋਂ ਵੱਖ ਕਰਕੇ ਉਸਦਾ ਚਿਹਰਾ ਦੋਨਾਂ ਹੱਥਾਂ 'ਚ ਲੈਂਦਿਆਂ ਪੁੱਛਿਆ, "ਏ! ਕੀ ਹੋਇਆ?"

ਫਿਰ ਉਸਦੇ ਹੰਝੂ ਪੂੰਝਦਿਆਂ ਬੋਲਿਆ, "ਇਹ ਕੀਮਤੀ ਮੋਤੀ ਹੀ ਤਾਂ ਇੱਥੋਂ ਲੈ ਕੇ ਜਾ ਰਹੇ ਹਾਂ, ਕਮਲ਼ੀਏ! ਚੱਲ ਪੈਕਿੰਗ-ਵੈਕਿੰਗ ਕਰੀਏ।"

"ਪੈਕਿੰਗ ਕਰਨ ਲਈ ਹੈ ਈ ਕੀ?"

"ਚੱਲ ਜੋ ਵੀ ਐ," ਸੁਸ਼ਾਂਤ ਨੇ ਪੈਂਚਰ ਲਾਉਣ ਵਾਲਾ ਸਮਾਨ ਤੇ ਪੰਪ ਝੋਲ਼ੇ 'ਚ ਰੱਖ ਲਿਆ ਤੇ, "ਜੱਚਾ-ਬੱਚਾ ਕਾਰਡ? ਹਾਂ, ਮੈਨੂੰ ਫੜਾ ਦੇ, ਕਿਤੇ ਭੁੱਲ ਈ ਨਾ ਜਾਈਏ," ਪਲਕ ਦੇ ਹੱਥੋਂ ਕਾਰਡ ਲੈਂਦਿਆਂ ਹੁੱਬ ਕੇ ਬੋਲਿਆ, "ਪੰਜਾਬੀ 'ਚ ਇਹ ਜੋ ਤੇਰਾ ਨਾਂ ਲਿਖਿਆ ਹੋਇਐ ਨਾ, ਮੈਂ ਹੀ ਪੜ੍ਹ ਕੇ ਦੱਸੂੰ ਆਪਣੇ ਉੱਥੇ ਡਾਕਟਰਨੀ ਜੀ ਨੂੰ... ਪੱਪਾ, ਲੱਲਾ, ਕੱਕਾ- ਪਲਕ!"

ਫੇਰ ਹਉਕਾ ਲੈਂਦਿਆਂ ਸੋਚਿਆ, 'ਐਤਕੀਂ ਹੋਲੀ 'ਤੇ ਪਿੰਡ ਗਏ ਸੀ ਉਦੋਂ ਤਿਆਰੀ 'ਚ ਦੋ ਦਿਨ ਲੱਗੇ ਸੀ। ਇਕ ਦਿਨ ਸ਼ੌਪਿੰਗ 'ਚ ਤੇ ਦੂਜਾ ਪੂਰਾ ਦਿਨ ਰਸਤੇ 'ਚ ਖਾਣ ਲਈ ਤੇ ਕੁਝ ਚੀਜ਼ਾਂ ਘਰ ਵਾਲਿਆਂ ਲਈ ਬਣਾਉਣ 'ਚ ਲੱਗ ਗਿਆ ਸੀ।'

ਮਾਂ ਨੇ ਹੈਰਾਨ ਹੁੰਦਿਆਂ ਪੁੱਛਿਆ ਸੀ, "ਐਨੀ ਕੀ ਤਿਆਰੀ ਕਿ ਦੋ-ਦੋ ਦਿਨ ਲੱਗ ਰਹੇ ਨੇ, ਬਿਟਵਾ?" ਤਾਂ ਉਸ ਨੇ ਵੀਡਿਓ ਕਾਲ ਕਰਕੇ ਦਿਖਾਇਆ ਸੀ, "ਇਹ ਦੇਖ ਅੰਮਾ! ਪੂੜੀਆਂ ਬਣ ਰਹੀਆਂ ਨੇ ਤੁਹਾਡੇ ਲਈ। ਕਿਵੇਂ ਮਸਤ ਜੁਟੀਆਂ ਹੋਈਆਂ ਨੇ ਦੋਵੇਂ ਜਣੀਆਂ," ਤੇ ਫੋਨ ਉਹਨਾਂ ਦੇ ਨੇੜੇ ਕਰ ਦਿੱਤਾ ਸੀ।

ਪਲਕ ਤੇ ਕਾਜਲ ਪੂੜੀਆਂ ਵੇਲਦਿਆਂ ਨਾਲੋ-ਨਾਲ ਆਪਣਾ ਬਘੇਲੀ ਲੋਕਗੀਤ 'ਬੇਲਨਹਾਈ' ਗੁਣਗੁਣਾ ਰਹੀਆਂ ਸੀ,

*ਏ ਜੀ, ਊਂਚੀ ਅਟਰੀਆ ਸੇ ਗਿਰੀ ਰਾਧਾ ਪਿਆਰੀ,*
*ਦਿੱਲੀ ਸੇ ਬੈਦ ਬੁਲਾਵ...*
*ਏ ਜੀ, ਦਿੱਲੀ ਕਾ ਬੈਦ ਹੈ ਬੜਾ ਰੇ ਹਰਾਮੀ,*
*ਮਾਂਗਤ ਮਾਮੀ ਹਮਾਰ...*

ਅੱਗੇ ਗਾਉਂਦੀਆਂ ਨੇ ਕਿ ਦਿੱਲੀ ਦੇ ਵੈਦ ਨੂੰ ਮਾਮੀ ਨ੍ਹੀਂ ਦੇਣੀ, ਬੇਸ਼ੱਕ ਸਾਡੀ ਸੱਸ ਨੂੰ ਲੈਜੇ। ਪੰਜਾਬ ਦੇ ਲੋਕਗੀਤਾਂ ਵਾਂਗ ਬਘੇਲਖੰਡੀ ਲੋਕ ਵਿਚ ਵੀ ਹਰ ਮੌਕੇ ਲਈ ਸੋਹਣੇ-ਸੋਹਣੇ ਗੀਤ ਨੇ।

'ਜਿੰਨਾ ਤੁਸੀਂ ਸੋਚਦੀਆਂ, ਦਿੱਲੀ ਦਾ ਵੈਦ ਕਿਤੇ ਵੱਧ ਹਰਾਮੀ ਐ!' ਸੋਚਦਿਆਂ ਸੁਸ਼ਾਂਤ ਅੱਗੇ ਬੋਲਿਆ, "ਅੰਮਾ, ਹਾਲੇ ਤਾਂ ਕਾਜਲ ਭਾਬੀ ਮਾਲਪੂਏ ਤੇ ਪਲਕ ਆਪਣੀ ਫੇਵਰਟ ਡਿਸ਼ ਗੁਜਿਆ ਵੀ ਬਣਾਊ..."

"ਹਾਂ ਅੰਮਾ, ਇੱਥੇ ਲੋਕ ਸਾਰੀਆਂ ਚੀਜ਼ਾਂ ਨੂੰ ਡਿਸ਼ ਹੀ ਬੋਲਦੇ ਨੇ... ਅੱਛਾ, ਸ਼ੌਪਿੰਗ ਵੀ ਕੀਤੀ

ਐ... ਉਹ ਤਾਂ ਆ ਕੇ ਹੀ ਦਿਖਾਵਾਂਗੇ... ਮਾੜਾ-ਮੋਟਾ ਸਰਪਰਾਈਜ਼ ਵੀ..."

"ਠੀਕ ਐ ਪੁੱਤ।"

'ਸਰਪਰਾਈਜ਼ ਵੀ ਕੋਈ ਚੰਗੀ ਡਿਸ਼ ਈ ਹੋਊ...,' ਸੋਚਦਿਆਂ ਮਾਂ ਦਾ ਕਾਲ਼ਜਾ ਠੰਡਾ ਹੋਇਆ, '...ਬੱਚੇ ਕਿਸੇ ਵੱਡੇ ਸ਼ਹਿਰ 'ਚ ਕੰਮ ਕਰ ਰਹੇ ਨੇ... ਰੱਬ ਨੇ ਰਿਜ਼ਕ ਦਿੱਤੈ ਤਾਂ ਹੀ ਇੰਨਾ ਖਰਚਾ ਕਰਦੇ ਨੇ... ਤਰ੍ਹਾਂ-ਤਰ੍ਹਾਂ ਦੀਆਂ ਡਿਸ਼ਾਂ ਬਣਾ ਕੇ ਖਾਂਦੇ ਨੇ... ਨਹੀਂ ਇੱਥੇ ਤਾਂ ਸੱਤੂ ਦੇ ਵੀ ਲਾਲੇ ਪਏ ਰਹਿੰਦੇ ਨੇ...'

ਮਾਲਪੂਏ, ਦਾਲ਼-ਬਾਫਲਾ, ਖ਼ਸਤਾ ਕਚੌਰੀ, ਗੁਜਿਆ, ਢੇਰਾਂ ਚੀਜ਼ਾਂ ਕਾਜਲ ਤੇ ਪਲਕ ਨੇ ਮਿਲ ਕੇ ਬਣਾਈਆਂ ਸੀ। ਪਿੰਡ 'ਚ ਥੁੜਾਂ ਦੇ ਮਾਰੇ ਘਰ ਵਾਲਿਆਂ ਨੂੰ ਹੀ ਨਹੀਂ, ਆਂਢ-ਗੁਆਂਢ ਵਾਲਿਆਂ ਨੂੰ ਵੀ ਆਪਣੇ ਪ੍ਰਵਾਸੀਆਂ ਦੇ ਆਉਣ ਦੀ ਖ਼ਬਰ ਸੁਣ ਕੇ ਚਾਅ ਚੜ੍ਹ ਜਾਂਦਾ ਸੀ। ਉਨ੍ਹਾਂ ਲਈ ਤਾਂ ਇਹ ਕਮਾਊ ਪੁੱਤ ਲੁਧਿਆਣਿਉਂ ਨਹੀਂ, ਸੱਚੀਂਮੁੱਚੀ ਦੇ ਮੈਨਚੈਸਟਰੋਂ ਆਉਂਦੇ ਨੇ, ਤਾਂ ਹੀ ਇੰਨਾ ਕੁਝ ਲਿਆਉਂਦੇ ਨੇ। ਜੁਆਕਾਂ ਲਈ ਟੀ-ਸ਼ਰਟਾਂ, ਫ੍ਰਾਕਾਂ, ਨਿੱਕਰ-ਕੱਛੀਆਂ, ਕਿੰਨਾ ਕੁਝ... ਤੇ ਵੱਡਿਆਂ ਲਈ ਵੀ ਕੁਝ ਨਾ ਕੁਝ। ਤਾਂ ਹੀ ਪਲਕ ਨੇ ਸ਼ਰਾਰਤ ਕਰਦਿਆਂ ਮਾਣ ਤੇ ਚਾਅ ਨਾਲ ਗੁਣਗੁਣਾਇਆ ਸੀ:

*ਟਾਟਾ ਸ਼ਹਿਰ ਕੇ ਨੌਕਰੀਆ ਰੇ ਜੀਆ ਜਰ ਜਾਏ ਹਮਾਰ,*
*ਸਾਸ ਕੇ ਲਾਏਂ ਚੁਨਰ, ਨਨਦ ਕੇ ਲਾਏਂ ਲਹਿੰਗਾ,*
*ਹਮਕਾ ਲਈਆਏ ਲੁਗਰੀਆ ਰੇ, ਜੀਆ ਜਰ ਜਾਏ ਹਮਾਰ... !*

ਪਰ ਹੁਣ ਤਾਂ ਲੁਗਰੀਆ ਯਾਨੀ ਪਾਟੀ-ਪੁਰਾਣੀ ਸਾੜ੍ਹੀ ਵੀ ਨਹੀਂ ਸੀ। ਖਾਲੀ ਹੱਥ ਜਾ ਰਹੇ ਸੀ। ਤੇ ਨਾ ਕੋਈ ਤਿੱਥ, ਨਾ ਵਾਰ-ਤਿਉਹਾਰ। ਹਾਲੇ ਹੋਲੀ ਤੋਂ ਬਾਅਦ 15 ਮਾਰਚ ਨੂੰ ਹੀ ਪਿੰਡੋਂ ਪਰਤੇ ਸੀ। ਪਿੰਡੋਂ ਤਾਂ ਅਕਸਰ ਖਾਲੀ ਹੱਥ ਹੀ ਆਉਂਦੇ ਸੀ। ਇੱਥੇ ਆ ਕੇ ਹਫਤੇ 'ਚ ਕੁਝ ਖ਼ਾਸ ਕਮਾਇਆ ਵੀ ਨਹੀਂ ਸੀ ਕਿ ਲੌਕਡਾਊਨ ਲੱਗ ਗਿਆ।

ਮਾਫਕ ਸਮੇਂ ਦੀ ਆਪਣੀ ਚਾਲ ਹੁੰਦੀ ਹੈ। ਮੁਖਾਲਿਫ ਸਮੇਂ ਦੀ ਆਪਣੀ। ਹਫਤੇ-ਦਸ ਦਿਨ 'ਚ ਹੀ ਆਟੇ ਵਾਲਾ ਪੀਪਾ ਅਤੇ ਦਾਲ਼, ਚੌਲ਼, ਚੀਨੀ ਵਾਲੇ ਸਾਰੇ ਖਾਲੀ ਭਾਂਡੇ ਆਪੇ ਖੜਕਣ ਲੱਗ ਪਏ...ਖੜਕਾਉਣ-ਵਜਾਉਣ ਵਾਲੇ ਕਿਸੇ ਵਿਸ਼ੇਸ਼ ਉੱਦਮ ਦੀ ਲੋੜ ਹੀ ਨਹੀਂ ਸੀ ਪਈ।

ਫਿਰ ਕੁਝ ਸਰਕਾਰੀ, ਗ਼ੈਰ-ਸਰਕਾਰੀ ਸੰਸਥਾਵਾਂ ਦੇ ਨੰਬਰਾਂ 'ਤੇ ਫੋਨ ਕੀਤੇ। ਕਈ ਕੋਸ਼ਿਸ਼ਾਂ ਤੋਂ ਬਾਅਦ ਕੁਝ ਸੇਵਾਦਾਰ ਕਦੇ ਇਕ ਤਾਂ ਕਦੇ ਦੋਨੋਂ ਵੇਲ਼ੇ ਖਾਣੇ ਦੇ ਪੈਕੇਟ ਦੇਣ ਆਉਣ ਲੱਗੇ।

"ਜ਼ਿੰਦਗੀ 'ਚ ਕਦੇ ਕਿਸੇ ਮੂਹਰੇ ਹੱਥ ਨਹੀਂ ਅੱਡਿਆ। ਢਿੱਡ ਦੀ ਅੱਗ ਜੋ ਨਾ ਕਰਵਾਵੇ ਸੋ ਘੱਟ!" ਆਲੋਕ ਝੂਰਦਾ ਰਹਿੰਦਾ। ਇਹ ਸਭ ਬਹੁਤ ਦੁੱਖਦਾਈ ਸੀ। ਇਸ ਤੋਂ ਵੀ ਵਧ ਦੁੱਖਦਾਈ ਸਨ ਸੋਸ਼ਲ ਡਿਸਟੈਂਸਿੰਗ ਮੇਨਟੇਨ ਕਰਨ ਦੇ ਫੁਰਮਾਨ ਨਾਲ ਪੈਦਾ ਹੋਈਆਂ ਸਥਿਤੀਆਂ। ਜੋ ਲੋਕਾਂ ਦੀਆਂ ਹੱਡੀਆਂ ਤੋੜਨ ਦਾ ਬਾਇਸ ਤਾਂ ਬਣ ਹੀ ਰਹੀਆਂ ਸੀ, ਉਹਨਾਂ ਨੂੰ ਅੰਦਰੋਂ ਵੀ ਤੋੜ ਰਹੀਆਂ ਸੀ।

"ਜੇ ਇਹ ਲਾਗ ਦੀ ਬੀਮਾਰੀ ਹੈ ਤਾਂ ਦੇਹ ਤੋਂ ਦੇਹ ਦੀ ਦੂਰੀ ਹੋਣੀ ਚਾਹੀਦੀ ਐ। ਸੋਸ਼ਲ ਡਿਸਟੈਂਸਿੰਗ ਦਾ ਕੀ ਮਤਲਬ ਹੋਇਆ?" ਸਵਾਲ ਉਹਨਾਂ ਕੋਲ਼ ਬਥੇਰੇ ਸੀ ਪਰ ਜਵਾਬ ਇਕ ਦਾ ਵੀ ਨਹੀਂ ਸੀ। ਇਕੋ ਝਟਕੇ 'ਚ ਆਲੋਕ ਅਤੇ ਸੁਸ਼ਾਂਤ ਹੀ ਨਹੀਂ, ਸਾਰੇ ਲੋਕ ਇਕ-ਦੂਜੇ ਲਈ ਅਛੂਤ ਬਣਾ ਦਿੱਤੇ ਗਏ ਸੀ।

ਗ਼ਨੀਮਤ ਕਿ ਸਾਰਿਆਂ ਦੇ ਮੂੰਹ ਢਕੇ ਹੋਏ ਹੁੰਦੇ ਸੀ। ਜ਼ਮੀਨ 'ਤੇ ਬਣਾਏ ਹੋਏ ਗੋਲ਼ ਦਾਇਰਿਆਂ 'ਚ ਇਕ-ਇਕ ਕਰਕੇ ਅੱਗੇ ਵਧਦੇ ਰਹਿੰਦੇ। ਗਲ਼ੀ ਵਿਚ ਉੱਚੇ ਥੜ੍ਹੇ 'ਤੇ ਦੋ ਮੀਟਰ ਦੂਰੋਂ ਸੁੱਟਿਆ ਹੋਇਆ ਖਾਣੇ ਦਾ ਲਿਫਾਫਾ ਚੁੱਕ ਕੇ ਪੈਰ ਘਸੀਟਦੇ ਹੋਏ ਆਪਣੀ ਕੋਠੜੀ ਵਿਚ ਆ ਜਾਂਦੇ।

ਮਾਣ ਤੇ ਅਦਾ ਨਾਲ ਬੁਰਸ਼-ਕੂਚੀ ਫੜਨ ਵਾਲੇ ਕਲਾਵੰਤ ਹੱਥਾਂ ਨਾਲ ਲਿਫਾਫਾ ਚੁੱਕਦਿਆਂ

ਆਲੋਕ ਦਾ ਦਿਲ ਰੋਣ ਲੱਗਦਾ। ਚਿਹਰਾ ਮਾਸਕ ਨਾਲ ਢਕਿਆ ਹੋਣ ਦੇ ਬਾਵਜੂਦ ਬੱਚੇ ਅਤੇ ਘਰਵਾਲੀ ਵੀ ਇਹ ਸਭ ਉਸ ਦੀਆਂ ਅੱਖਾਂ 'ਚੋਂ ਪੜ੍ਹ ਲੈਂਦੇ ਸੀ।

"ਪਲਕ, ਤੂੰ ਵੀ ਖ਼ਬਰੈ ਕੀ ਸੋਚਦੀ ਰਹਿੰਦੀ ਐਂ... ਜਦ-ਤਦ ਦੇਖੋ ਅੱਖਾਂ ਭਿਉਂ ਲੈਂਦੀ ਐਂ... ਖੁਲ੍ਹ ਕੇ ਕੁਝ ਦੱਸਦੀ ਵੀ ਨਹੀਂ?" ਸੁਸ਼ਾਂਤ ਨੇ ਉਸਨੂੰ ਸਮਝਾਇਆ ਵੀ, "ਸਮਾਜਕਤਾ ਹੁਣ ਇਹਨਾਂ ਛੋਟੇ-ਛੋਟੇ ਗੋਲ ਦਾਇਰਿਆਂ 'ਚ ਸਿਮਟ ਕੇ ਰਹਿ ਗਈ ਹੈ। ਫਿਲਹਾਲ ਤਾਂ ਸਮਝ ਲਓ, ਇਹਨਾਂ ਤੋਂ ਬਾਹਰ ਦੁਨੀਆਂ ਹਈ ਨਈਂ। ਤੇ ਅੰਨ ਤਾਂ ਆਖਰ ਜੀਵਨ ਹੈ, ਦੋ ਮੀਟਰ ਦੀ ਦੂਰੀ ਤੋਂ ਸੁੱਟਿਆ ਹੋਇਆ ਹੋਵੇ ਭਾਵੇਂ ਗਿਆਰਾਂ ਸੌ ਕਿਲੋਮੀਟਰ ਦੀ ਦੂਰੀ ਤੋਂ... ਉਮੀਦ ਰੱਖੋ..."

ਪਰ ਉਮੀਦ ਦੀ ਕਿਰਨ ਵੀ ਹੌਲ਼ੀ-ਹੌਲ਼ੀ ਧੁੰਦਲੀ ਪੈਂਦੀ ਚਲੀ ਗਈ। ਦੇਸ਼ ਦੇ ਹੋਰ ਹਿੱਸਿਆਂ ਵਾਂਗ ਪੰਜਾਬ ਵਿਚ ਵੀ ਕੋਰੋਨਾ ਦੀ ਲਾਗ ਨਾਲ ਪੀੜਤ ਮਰੀਜ਼ਾਂ ਦੀ ਗਿਣਤੀ ਦਿਨ-ਬ-ਦਿਨ ਵਧਣ ਲੱਗੀ। ਲੌਕਡਾਊਨ ਖੁਲ੍ਹਣ ਦੀਆਂ ਸੰਭਾਵਨਾਵਾਂ ਕਮਜ਼ੋਰ ਹੋਣ ਲੱਗੀਆਂ। ਪੈਸਾ-ਧੇਲਾ ਪੱਲੇ ਕੁਝ ਰਿਹਾ ਨਹੀਂ।

ਸ਼ਹਿਰਾਂ 'ਚ ਲੌਕਡਾਊਨ ਦੀ ਸ਼ੌਕੀਆ ਉਲੰਘਣਾ ਕਰਨ ਵਾਲਿਆਂ ਦੀ ਪੁਲਿਸ ਵੱਲੋਂ ਮੁਰੰਮਤ ਦੀ ਗੱਲ ਤਾਂ ਖ਼ੈਰ ਸਮਝ ਵਿਚ ਆਉਂਦੀ ਸੀ। ਪਰ ਹਾਈਵੇਜ਼ 'ਤੇ ਆਪਣੇ ਪਿੰਡਾਂ ਵੱਲ ਜਾ ਰਹੇ ਮਜ਼ਦੂਰ ਵੀ ਬੁਰੀ ਤਰ੍ਹਾਂ ਕੁੱਟੇ ਜਾ ਰਹੇ ਸੀ। ਵਾਪਸ ਭਜਾਏ ਜਾ ਰਹੇ ਸੀ। ਫੜ ਕੇ ਬੰਦ ਪਏ ਸਕੂਲਾਂ ਦੀ ਚਾਦੀਵਾਰੀ 'ਚ ਡੱਕੇ ਜਾ ਰਹੇ ਸੀ। ਅਜਿਹੀਆਂ ਘਟਨਾਵਾਂ ਮਨ 'ਚ ਬੇਚੈਨੀ ਪੈਦਾ ਕਰ ਦਿੰਦੀਆਂ ਸੀ।

ਇਸੇ ਦੌਰਾਨ ਸੋਸ਼ਲ ਮੀਡਿਆ 'ਤੇ ਕੁਝ ਟਰੱਕ ਵਾਲਿਆਂ ਤੇ ਹੋਰ ਲੋਕਾਂ ਵਿਚਾਲੇ ਝਗੜੇ ਦਾ ਕੋਈ ਪੁਰਾਣਾ ਵੀਡਿਓ ਵਾਇਰਲ ਹੋ ਗਿਆ। ਜਿਸ ਵਿਚ ਕੋਈ ਵੋਇਸ-ਓਵਰ ਕਮੈਂਟਰੀ ਕਰਦਿਆਂ ਦੱਸ ਰਿਹਾ ਸੀ- 'ਇਹ ਦੇਖੋ, ਫਲਾਣੇ ਸੂਬੇ 'ਚ ਆਪਣੇ ਪੰਜਾਬੀ ਭਰਾਵਾਂ 'ਤੇ ਇਹ ਲੋਕ ਕਿਵੇਂ ਹਮਲੇ ਕਰ ਰਹੇ ਨੇ ਅਤੇ ਅਸੀਂ ਇੱਥੇ ਇਹਨਾਂ ਨੂੰ ਖੀਰ-ਪੂੜੀਆਂ ਦਾ ਲੰਗਰ ਛਕਾ ਰਹੇ ਹਾਂ। ਉਲਟਾ 'ਭਈਆ ਲੋਕ' ਸੇਵਾਦਾਰਾਂ ਨੂੰ ਫੋਨ ਕਰਕੇ ਆਪਣੀਆਂ ਫਰਮਾਇਸ਼ਾਂ ਦੱਸਦੇ ਨੇ ਕਿ ਕਦੇ ਮੁਰਗਾ-ਸ਼ੁਰਗਾ ਵੀ ਖੁਆ ਦਿਆ ਕਰੋ ਸਿਰਦਾਰ ਜੀ! ਸ਼ਰਮ ਆਉਣੀ ਚਾਹੀਦੀ ਐ! ਅਜਿਹੇ ਲੋਕਾਂ ਦੀ ਸੇਵਾ ਵਿਚ ਲੱਗੇ ਹੋਏ ਹੋ!'

ਇਹ ਵੀਡਿਓ ਭਾਵੇਂ ਫੇਕ ਸੀ ਪਰ ਜੇਨੁਇਨ ਨਾਲੋਂ ਵੀ ਵੱਧ ਨੁਕਸਾਨ ਕਰ ਗਿਆ। ਉਸ ਦਿਨ ਤੋਂ ਬਾਅਦ ਉਹਨਾਂ ਦੀ ਬਸਤੀ ਵਿਚ ਖਾਣਾ ਨਹੀਂ ਆਇਆ। ਸਰਕਾਰ ਨੇ ਵੀ ਕੁਝ ਇੰਤਜ਼ਾਮ ਕੀਤੇ ਹੋਣੇ, ਪਰ ਉਹਨਾਂ ਤਕ ਤਾਂ 'ਸਰਕਾਰੀ' ਦੇ ਨਾਂ 'ਤੇ ਸਿਰਫ ਪੁਲਿਸ ਦੇ ਡੰਡੇ ਹੀ ਕਦੇ-ਕਦਾਈਂ ਪਹੁੰਚ ਰਹੇ ਸੀ। ਕਿਉਂਕਿ ਉਹਨਾਂ ਦਾ ਰਾਸ਼ਨ ਕਾਰਡ ਮੱਧ ਪ੍ਰਦੇਸ਼ ਵਿਚ ਸੀ। ਤੇ ਉਹ ਰਜਿਸਟਰਡ ਮਜ਼ਦੂਰ ਵੀ ਨਹੀਂ ਸਨ।

ਪਿੰਡ 'ਚ ਆਪਣੇ ਘਰ ਦੀ ਹਾਲਤ ਉਹਨਾਂ ਨੂੰ ਪਤਾ ਹੀ ਸੀ। ਫਿਰ ਵੀ ਜੋ ਪੈਸੇ ਉਹ ਘਰ ਦੇ ਕੇ ਆਏ ਸੀ, ਕੁਝ ਵਾਪਸ ਆਪਣੇ ਖਾਤੇ ਵਿਚ ਪਵਾ ਲਏ ਤਾਂਕਿ ਰਸਤੇ 'ਚ ਖਾਣ-ਪੀਣ ਦਾ ਹੀਲਾ ਹੋ ਸਕੇ। ਨਿੱਕੇ ਜੁਆਕਾਂ ਦਾ ਸਾਥ ਸੀ।

ਅੱਧੀ ਰਾਤ ਨੂੰ ਜਿਉਂ ਹੀ ਚੱਲਣ ਲੱਗੇ, ਹਵਾ ਵਿਚ ਮਧੁਰ ਤਰੰਗਾਂ ਉੱਠੀਆਂ:

*ਝਰਿ ਗਏ ਅਮਿਲੀਆ ਕੇ ਪਾਤੀ ਹੋ,*
*ਪਿਆ ਕਾਸੀ ਮਾ ਛਾਏ...!*

ਹਰ ਸਾਲ ਜਦੋਂ ਉਹ ਆਪਣੇ ਦੇਸ ਜਾਂਦੇ, ਅਕਸਰ ਐਦਾਂ ਹੀ ਹੁੰਦਾ ਸੀ ਤੇ ਔਰਤਾਂ ਖ਼ੁਸ਼ੀ 'ਚ ਆਪ ਮੁਹਾਰੇ ਆਪਣੀ ਪਸੰਦ ਦਾ ਕੋਈ ਗਇਲਹਾਈ ਗੁਣਗੁਣਾਉਣ ਲੱਗ ਪੈਂਦੀਆਂ ਸੀ। ਪਰ ਹੁਣ ਕਿਸੇ ਦੇ ਮੂੰਹੋਂ ਇਕ ਸ਼ਬਦ ਵੀ ਨਹੀਂ ਨਿਕਲਿਆ। ਇਕ-ਦੂਜੇ ਵੱਲ ਤੱਕਦੇ ਰਹਿ ਗਏ।

ਅਗਲੇ ਦਿਨ ਸ਼ਾਮ ਢਲਣ ਤਕ ਹਰਿਆਣੇ ਦੇ ਬਾਡਰ 'ਤੇ ਸ਼ੰਭੂ ਬੈਰਿਅਰ ਤੋਂ ਪਹਿਲਾਂ ਹੀ ਉਹ ਰੁਕ ਗਏ। ਪਤਾ ਸੀ ਕਿ ਬੈਰਿਅਰ ਤੋਂ ਇੱਧਰ ਪੰਜਾਬ ਪੁਲਿਸ ਅਤੇ ਉੱਧਰ ਹਰਿਆਣਾ ਪੁਲਿਸ

ਕਿਸੇ ਵੀ ਹਾਲਤ ਵਿਚ ਲੰਘਣ ਨਹੀਂ ਦੇ ਰਹੀ। ਕੁੱਟ ਕੇ ਵਾਪਸ ਭਜਾ ਦਿੰਦੀ ਹੈ ਜਾਂ ਫੜ ਕੇ ਕਿਤੇ ਦੂਰ ਖੇਤਾਂ ਵਿਚ ਛੱਡ ਆਉਂਦੀ ਹੈ। ਸੋ ਬੈਰਿਅਰ ਟਾਲਣ ਲਈ, ਗੂਗਲ 'ਤੇ ਲੱਭੀ ਹੋਈ, ਸੱਜੇ ਪਾਸੇ ਇਕ ਲਿੰਕ ਰੋਡ 'ਤੇ ਉਤਰ ਗਏ।

ਦਿਨ ਹਾਲੇ ਛਿਪਿਆ ਨਹੀਂ ਸੀ ਫਿਰ ਵੀ ਕੋਈ ਆਦਮ ਜਾਤ ਬਾਹਰ ਨਜ਼ਰ ਨਹੀਂ ਆ ਰਿਹਾ ਸੀ। ਕਣਕ ਦੀ ਫਸਲ ਕੰਬਾਈਨਾਂ ਨਾਲ ਸਾਂਭੀ ਜਾ ਚੁੱਕੀ ਸੀ। ਲਾਂਗਾ ਬਾਲ਼ ਦਿੱਤਾ ਗਿਆ ਸੀ। ਜਿੱਥੋਂ ਤਕ ਨਜ਼ਰ ਜਾਵੇ, ਕਾਲ਼ੀ ਸਿਆਹ ਧਰਤੀ। ਹਰ ਪਾਸੇ ਸੁਆਹ ਉੱਡ ਰਹੀ ਸੀ। ਬਲ਼ੀ ਹੋਈ ਜ਼ਮੀਨ ਦਾ ਖ਼ੌਫਨਾਕ ਮੰਜ਼ਰ।

ਰਾਤ ਨੂੰ ਇਹ ਮੰਜ਼ਰ ਹੋਰ ਵੀ ਡਰਾਉਣਾ ਲੱਗਣ ਲੱਗਿਆ। ਕਿਤੇ-ਕਿਤੇ ਹਾਲੇ ਵੀ ਬਲ਼ ਰਹੇ ਖੇਤ ਸ਼ਮਸ਼ਾਨ ਦੀ ਝਲਕ ਦੇ ਰਹੇ ਸੀ।

'ਇੰਨੀ ਜ਼ਰਖੇਜ਼ ਜ਼ਮੀਨ ਨੂੰ ਵੀ ਕੋਈ ਇਉਂ ਜਲਾਉਣ ਬਾਰੇ ਕਿਵੇਂ ਸੋਚ ਸਕਦੈ?' ਪਲਕ ਸੋਚਣ ਲੱਗੀ।

ਇਕ ਜਗ੍ਹਾ ਜਲ਼ ਕੇ ਬੁਝ ਚੁੱਕੀ ਕਾਲ਼ੀ ਧਰਤੀ 'ਤੇ ਉਹਨਾਂ ਨੇ ਥੋੜ੍ਹਾ ਆਰਾਮ ਕੀਤਾ। ਫੇਰ ਚੱਲ ਪਏ। ਆਲੋਕ ਤੇ ਸੁਸ਼ਾਂਤ ਵਾਰੋ-ਵਾਰੀ ਰੇਹੜੀ ਖਿੱਚ ਰਹੇ ਸੀ। ਇਕ ਥੱਕ ਜਾਂਦਾ ਤਾਂ ਦੂਜਾ ਖਿੱਚਣ ਲੱਗਦਾ।

ਲੁਧਿਆਣਿਉਂ ਚੱਲਣ ਵੇਲੇ ਸੁਸ਼ਾਂਤ ਨੇ ਫਿਰ ਕਿਹਾ ਸੀ, "ਭਾਬੀ, ਆਪਣੇ ਹਵਾਈ ਜਹਾਜ਼ 'ਚ ਪੈਡਲਾਂ ਵਾਲਾ ਇੰਜਣ ਭਾਵੇਂ ਇਕ ਹੈ ਪਰ ਹਵਾਈ ਚੱਪਲਾਂ ਵਾਲੇ ਪਾਇਲਟ ਦੋ ਹੋਣਗੇ!" ਹਵਾਈ ਜਹਾਜ਼ ਨਾਂ ਦਾ ਕੋਈ ਕੰਡਾ ਉਸਦੇ ਮਨ 'ਚ ਅਜਿਹਾ ਚੁਭਿਆ ਪਿਆ ਸੀ ਜੋ ਜਦ-ਕਦ ਰੜਕਣ ਲੱਗ ਪੈਂਦਾ ਸੀ ਤੇ ਇਸ ਕਠਿਨ ਸਮੇਂ ਵਿਚ ਵੀ ਅਜਿਹੇ ਮਜ਼ਾਕਾਂ ਦੀ ਉਲਟੀ ਆਪੇ ਹੋਣ ਲੱਗਦੀ ਸੀ।

ਸਫਰ ਦੇ ਦੂਜੇ ਦਿਨ ਹੀ ਲੱਗਿਆ ਜਿਵੇਂ ਉਹਨਾਂ ਨੂੰ ਕੰਡਿਆਂ 'ਤੇ ਚੱਲਣਾ ਪੈ ਰਿਹਾ ਹੈ। ਪੈਡਲ ਮਾਰਦੇ-ਮਾਰਦੇ ਸੁਸ਼ਾਂਤ ਦੀ ਚੱਪਲ ਟੁੱਟ ਗਈ ਸੀ। ਨੰਗੇ ਪੈਰੀਂ ਪੈਡਲ ਮਾਰਨ ਨਾਲ ਤਲ਼ੀਆਂ ਛਿੱਲੀਆਂ ਗਈਆਂ। ਉਸ ਤੋਂ ਬਾਅਦ ਤਾਂ ਪਾਇਲਟ ਬਦਲਦਾ ਸੀ ਪਰ ਚੱਪਲ ਉਹੀ ਰਹਿੰਦੀ ਸੀ।

"ਭਾਈ, ਇਹਨਾਂ ਰਸਤਿਆਂ 'ਤੇ ਦਿਲਚਸਪੀ ਜਗਾਉਣ ਵਾਲਾ ਤਾਂ ਖ਼ਾਸ ਕੁਝ ਵੀ ਨਜ਼ਰ ਨਹੀਂ ਆ ਰਿਹਾ। ਜਿਵੇਂ ਗੀਤਾਂ ਵਿਚ ਸੁਣਦੇ ਹਾਂ, ਮੇਰਾ ਸੋਹਣਾ ਦੇਸ ਪੰਜਾਬ...!" ਆਪਣੀ ਪੀੜ ਭੁਲਾਉਣ ਲਈ ਸੁਸ਼ਾਂਤ ਨੇ ਧਿਆਨ ਹੋਰ ਪਾਸੇ ਲਾਉਣਾ ਚਾਹਿਆ, "ਦੂਰੋਂ ਹੀ ਚਮਕਦੇ ਨਜ਼ਰ ਆ ਰਹੇ ਵਿਸ਼ਾਲ ਸੰਗਮਰਮਰੀ ਗੁੰਬਦਾਂ ਵਾਲੇ, ਹਰ ਪਿੰਡ ਵਿਚ ਕਈ-ਕਈ ਗੁਰਦੁਆਰੇ ਖਿੱਚ ਤਾਂ ਪਾਉਂਦੇ ਨੇ, ਪਰ ਆਪਣੇ ਲਈ ਤਾਂ ਇਹ ਕੋਈ ਨਵੀਂ ਚੀਜ਼ ਨਹੀਂ। ਇਹ ਵੀ ਪਤੈ, ਇੱਥੋਂ ਰਾਤ-ਬਰਾਤੇ ਵੀ ਕੋਈ ਭੁੱਖਾ ਨਹੀਂ ਮੁੜਦਾ।"

"ਹਾਂ, ਪਰ ਮੈਂ ਤਾਂ ਸੁਣਿਐ, ਮਨੁੱਖਤਾ ਤੇ ਸਾਂਝੀਵਾਲਤਾ ਦਾ ਸੰਦੇਸ਼ ਦੇਣ ਵਾਲੇ ਇਹ ਸਥਾਨ ਵੀ ਵੱਖ-ਵੱਖ ਜਾਤਾਂ-ਗੋਤਾਂ ਵਾਲਿਆਂ ਨੇ ਆਪੋ-ਆਪਣੇ ਬਣਾ ਲਏ ਹੋਏ ਨੇ!"

"ਅੱਛਾ? ਇਹ ਤਾਂ ਨਵਾਂ ਈ ਅਚੰਭਾ ਐ! ਪਰ ਦੇਖਣ ਲਈ ਕੁਝ ਨਵਾਂ...?"

"ਹੈ ਤਾਂ ਸਹੀ, ਦੂਰ-ਦੂਰ ਤਕ ਜਲ਼ੇ ਹੋਏ ਖੇਤ...ਖੇਤਾਂ ਵਿਚ ਕਿਤੇ-ਕਿਤੇ ਸਫੈਦੇ ਅਤੇ ਪੋਪਲਰ ਦੇ ਬਿਰਖ।"

"ਹਾਂ ਵੀਰੇ! ਕਿਸੇ ਹੋਰ ਦਰਖ਼ਤ ਦਾ ਤਾਂ ਨਾਂ-ਨਿਸ਼ਾਨ ਤਕ ਨਹੀਂ?"

"ਉਹ ਸਾਰੇ ਫਸਲ ਕੱਟਣ ਵੇਲੇ ਕੰਬਾਇਨਾਂ ਲਈ ਅੜਚਨ ਪੈਦਾ ਕਰਦੇ ਸੀ। ਕੱਟ ਸੁੱਟੇ ਜੱਟਾਂ ਦੇ ਪੁੱਤਾਂ ਨੇ!"

"ਫਿਰ ਵੀ ਪੰਜਾਬ ਤਾਂ ਪੰਜਾਬ ਹੀ ਹੈ। ਸੋ ਕੁਝ ਹੋਰ ਵੱਖਰਾ...?"

"ਹੋਰ ਵੱਖਰਾ ਤਾਂ, ਬਹੁਮੰਜ਼ਲਾ ਛੱਤਾਂ 'ਤੇ ਦੂਰੋਂ ਹੀ ਨਜ਼ਰ ਆਉਂਦੀਆਂ ਜਹਾਜ਼ ਤੇ ਬਾਜ-ਟੰਕੀਆਂ!"

"ਹਾਂ, ਪਾਣੀ ਦੀਆਂ ਟੰਕੀਆਂ ਤਾਂ..." ਸੁਸ਼ਾਂਤ ਨੇ ਸਹਿਮਤੀ ਜਤਾਈ।

"ਇਹਨਾਂ ਟੰਕੀਆਂ ਦੇ ਵਧੇਰੇ ਮਾਲਕ ਵੀ ਆਪਣੇ ਵਾਂਗ ਵਿਦੇਸ਼ਾਂ 'ਚ ਪ੍ਰਵਾਸ ਭੋਗ ਰਹੇ ਨੇ।"

ਖੇਤਾਂ 'ਚ ਵੀ ਕਿਤੇ-ਕਿਤੇ ਕੋਠੀਆਂ ਅਤੇ ਇਕ-ਅੱਧੀ ਗੱਡੀ ਜਾਂ ਬਾਇਕ ਘੁੰਮਦੀ ਰਸਤੇ 'ਚ ਮਿਲੀ। ਬਾਕੀ ਸਭ ਸੁੰਨ-ਮਸਾਨ।

ਆਖਰ ਇਕ ਵੱਡੀ ਸੜਕ 'ਤੇ ਆ ਚੜ੍ਹੇ। ਮੀਲ ਪੱਥਰ 'ਤੇ ਲਿਖਿਆ ਹੋਇਆ ਸੀ ਕਿ ਇਕ ਪਾਸੇ ਅੰਬਾਲਾ ਤੇ ਦੂਜੇ ਪਾਸੇ ਦੂਰ ਕਿਤੇ ਹਿਸਾਰ ਹੈ। ਇਕ ਸਾਈਕਲ ਵਾਲਾ ਭਲਾ ਆਦਮੀ ਮਿਲ ਗਿਆ। ਉਸਨੇ ਵੀ ਦੱਸਿਆ, ''ਰਾਜਸਥਾਨ ਜਾਣਾ ਹੈ ਤਾਂ ਇੱਧਰ ਨਿਕਲ ਜਾਓ, ਹਿਸਾਰ ਵੱਲ।"

"ਅਸੀਂ ਤਾਂ ਸਤਨਾ ਜਾਣਾ ਹੈ ਜੀ... ਮੱਧ ਪ੍ਰਦੇਸ਼।" ਇਉਂ ਦੱਸ ਰਹੇ ਸੀ ਜਿਵੇਂ, ਨਾਲ ਦੀ ਮਾਰਕਿਟ 'ਚੋਂ ਸੌਦਾ-ਪੱਤਾ ਲੈਣ ਜਾਣਾ ਹੋਵੇ।

ਸੁਣ ਕੇ ਭਲਾ ਆਦਮੀ ਆਪਣੀ ਦਾੜ੍ਹੀ ਖੁਰਕਣ ਲੱਗ ਪਿਆ। ਕੀ ਆਖੇ? ਉਹ ਹੈਰਾਨ ਹੀ ਨਹੀਂ, ਪਰੇਸ਼ਾਨ ਵੀ ਹੋ ਗਿਆ ਸੀ। ਜੁਆਕਾਂ ਦੀ ਚਿੰਤਾ ਹੋਈ ਹੋਣੀ। ਪਲਕ ਦਾ ਲਗਪਗ ਤਿੰਨ ਕੁ ਮਹੀਨੇ ਦਾ ਢਿੱਡ ਹਾਲੇ ਨਜ਼ਰ ਨਹੀਂ ਆਉਣ ਲੱਗਿਆ ਸੀ।

"ਪਾਣੀ-ਪੁਣੀ ਹੈ ਕੋਲ?" ਉਸਨੇ ਪੁੱਛਿਆ।

ਉਹਨਾਂ ਨੇ ਹਾਂ ਵਿਚ ਸਿਰ ਹਿਲਾਇਆ ਤੇ ਚੱਲ ਪਏ।

"ਵਾਹਿਗੁਰੂ ਭਲੀ ਕਰੂ!" ਭਲੇ ਆਦਮੀ ਨੇ ਅਸਮਾਨ ਵੱਲ ਹੱਥ ਉੱਚਾ ਕਰਦਿਆਂ ਕਿਹਾ। ਚੜ੍ਹਦੇ ਵੱਲ ਦਿਸਹੱਦਿਆਂ 'ਚ ਲਾਲੀ ਨਜ਼ਰ ਆਉਣ ਲੱਗੀ ਸੀ।

ਸਾਰੀ ਰਾਤ ਉਹ ਅੰਬਾਲੇ ਦੇ ਬਾਹਰ-ਵਾਰ ਹੀ ਭਟਕਦੇ ਰਹੇ ਸੀ। ਪਰ ਤਸੱਲੀ ਸੀ ਕਿ ਇਕ ਸੂਬੇ ਦਾ ਬਾਡਰ ਪਾਰ ਕਰ ਲਿਆ ਸੀ। ਜਿਵੇਂ ਕਿਸੇ ਦੇਸ਼ ਦਾ।

ਪਾਇਲਟ ਬਦਲ ਗਏ। ਚੱਪਲਾਂ ਨਹੀਂ ਬਦਲੀਆਂ। ਪਸੀਨੇ ਨਾਲ ਭਿੱਜੇ ਹੋਏ ਸੁਸ਼ਾਂਤ ਨੇ ਚੱਪਲਾਂ ਆਲੋਕ ਨੂੰ ਦਿੱਤੀਆਂ ਅਤੇ ਰੇਹੜੀ ਦੇ ਪਿਛਲੇ ਪਾਸੇ ਪੈਰ ਲਮਕਾ ਕੇ ਪਲਕ ਦੇ ਨਾਲ ਬੈਠ ਗਿਆ।

ਪਲਕ ਨੇ ਸੁਸ਼ਾਂਤ ਦੀ ਛਾਲਿਆਂ ਨਾਲ ਸਜੀ ਹੋਈ ਖੁਰਦਰੀ ਹਥੇਲ਼ੀ 'ਤੇ ਹੱਥ ਰੱਖ ਦਿੱਤਾ। ਸੁਸ਼ਾਂਤ ਦਾ ਸਾਹ ਚੜ੍ਹਿਆ ਹੋਇਆ ਸੀ। ਪਸੀਨਾ ਤਾਂ ਜਦ ਦੇ ਚੱਲੇ ਸੀ, ਸੁੱਕਿਆ ਹੀ ਨਹੀਂ। ਪਸੀਨੇ ਦੀ ਪਰਤ-ਦਰ-ਪਰਤ ਜੰਮਦੀ ਜਾ ਰਹੀ ਸੀ।

ਆਪਣੀਆਂ ਅੱਖਾਂ ਦਾ ਪਾਣੀ ਲੁਕੋਂਦਿਆਂ ਪਲਕ ਨੇ ਸੁਸ਼ਾਂਤ ਨੂੰ ਪਾਣੀ ਪੁੱਛਿਆ। ਵਾਤਾਵਰਨ ਵਿਚ ਝਰਨੇ ਵਰਗਾ ਕਲਕਲ ਸੰਗੀਤ ਵੱਜ ਉੱਠਿਆ:

*ਤਾਂਮੇਂ ਕੇ ਗਗਰਾ ਮਾ ਜਲ ਭਰਿ ਲਾਏਨ,*
*ਜਲਵਾ ਹੋਈ ਗਵਾ ਬਾਸੀ ਹੋ, ਪਿਆ ਕਾਸੀ ਮਾ ਛਾਏ...!*

ਤੇ ਸੁਸ਼ਾਂਤ ਦੇ ਢਿੱਡ ਅੰਦਰ ਤੂਫਾਨ। ਭੁੱਖ ਨਾਲ ਆਂਦਰਾਂ ਕੁਰਲਾਉਣ ਲੱਗੀਆਂ ਸਨ। ਅੰਬਾਲੇ ਤੋਂ ਅੱਗੇ ਖ਼ਾਸਾ ਚੱਲ ਕੇ ਸੜਕ ਤੋਂ ਜ਼ਰਾ ਦੂਰ ਇਕ ਨਿੱਕੇ ਜਿਹੇ ਛੱਪਰਨੁਮਾ ਢਾਬੇ ਦੇ ਬਾਹਰ ਇਕ ਬੰਦਾ ਖੜ੍ਹਾ ਦਿਸਿਆ। ਰੇਹੜੀ ਉੱਧਰ ਮੋੜ ਲਈ।

ਢਾਬੇ ਦੇ ਬਾਹਰ ਖੜ੍ਹਾ ਆਦਮੀ ਦੂਰੋਂ ਹੀ ਹੱਥ ਹਿਲਾ-ਹਿਲਾ ਕੇ ਵਾਪਸ ਮੁੜ ਜਾਣ ਲਈ ਇਸ਼ਾਰੇ ਕਰਨ ਲੱਗਾ। ਪਰ ਉਹ ਵੀ ਹੱਥ ਜੋੜਦੇ ਹੋਏ ਢਾਬੇ 'ਤੇ ਪਹੁੰਚ ਗਏ।

ਪਾਣੀ ਮੰਗਿਆ। ਮਿਲ ਗਿਆ। ਕੁਝ ਖਾਣ ਲਈ ਮੰਗਿਆ ਤਾਂ ਉਸਨੇ ਹੱਥ ਹਿਲਾ ਦਿੱਤਾ, "ਸਭ ਖਤਮ। ਦਰਅਸਲ ਪੁਲਿਸ ਵੇਚਣ ਹੀ ਨਹੀਂ ਦਿੰਦੀ।"

ਇਹ ਸੁਣ ਕੇ ਉਹਨਾਂ ਦੇ ਤਾਂ ਜਾਣੀ ਗੋਡੇ ਹੀ ਟੁੱਟ ਗਏ। ਵਾਤਾਵਰਨ ਵਿਚ ਗੂੰਜਣ ਲੱਗਿਆ,

*ਰੂਚੀ-ਰੂਚੀ ਕੇ ਹਮ ਜੇਮਨਾ ਬਨਾਯਨ,*
*ਜੇਮਨਾ ਹੋਈ ਗਵਾ ਹੈ ਬਾਸੀ ਹੋ,*
*ਪਿਆ ਕਾਸੀ ਮਾ ਛਾਏ...!*

ਆਲੋਕ ਆਪਣਾ ਸਾਹ ਟਿਕਾਉਣ ਲੱਗਿਆ। ਢਾਬੇ ਵਾਲਾ ਜੁਆਕਾਂ ਦੇ ਉਦਾਸ, ਮਾਯੂਸ ਚਿਹਰਿਆਂ ਵੱਲ ਦੇਖਦਾ ਰਿਹਾ। ਫੇਰ ਪੁੱਛਣ ਲੱਗਿਆ, "ਕਿੱਥੋਂ ਆਏ ਹੋ? ਕਿੱਥੇ ਜਾਣੈ?" ਹਮਦਰਦ ਸਵਾਲ ਸਨ। ਸਭ ਦੱਸ ਦਿੱਤਾ।

ਫੇਰ ਪੁੱਛਿਆ, "ਪੁਲਿਸ ਦੇ ਨਾਕੇ ਕਿਵੇਂ ਪਾਰ ਕਰੋਂਗੇ?"

ਇਕ-ਅੱਧੇ ਚੋਰ ਰਸਤੇ ਤੋਂ ਸਿਵਾ ਇਹਨਾਂ ਨੂੰ ਕੋਈ ਅੰਦਾਜ਼ਾ ਨਹੀਂ ਸੀ।

ਉਸਨੇ ਦੱਸਿਆ, "ਕਈ ਥਾਂਈਂ ਪੁਲਿਸ ਵਾਲੇ ਲੈ-ਦੇ ਕੇ ਵੀ ਮਦਦ ਕਰ ਦਿੰਦੇ ਨੇ, ਛੋਟਾ ਰਸਤਾ ਦੱਸ ਦਿੰਦੇ ਨੇ। ਪੁਲਿਸ ਵਿਚ ਵੀ ਕੋਈ-ਕੋਈ ਨੇਕ ਬੰਦੇ ਮਿਲ ਜਾਂਦੇ ਨੇ... ਆਪਣਾ ਸਿਦਕ-ਯਕੀਨ ਨਾ ਡੋਲਣ ਦਿਆ ਜੇ!"

ਫੇਰ ਆਪਣੀ ਕਹਾਣੀ ਦੱਸਣ ਲੱਗਿਆ, "ਮੇਰਾ ਤਾਂ ਇਸੇ ਨਾਲ ਪਰਿਵਾਰ ਪਲ਼ ਰਿਹਾ ਸੀ। ਨਾਲ ਦੇ ਪਿੰਡ 'ਚ ਘਰ ਹੈ। ਘਰੇ ਦਿਲ ਨਹੀਂ ਲੱਗਦਾ। ਭਾਵੇਂ ਪੁਲਿਸ ਚਾਹ ਨਹੀਂ ਵੇਚਣ ਦਿੰਦੀ, ਫਿਰ ਵੀ ਸਵੇਰੇ ਆ ਜਾਂਦਾ ਹਾਂ। ਸ਼ਾਮੀਂ ਉਹਨੀਂ ਪੈਰੀਂ ਮੁੜ ਜਾਂਦਾ ਹਾਂ। ਕਿਰਾਇਆ ਪੈ ਰਿਹੈ..."

ਜਿਵੇਂ ਕਈ ਦਿਨਾਂ ਤੋਂ ਗੱਲਾਂ ਦਾ ਭੁੱਖਾ ਹੋਵੇ, ਕੁਝ ਪਲਾਂ ਦੀ ਖਾਮੋਸ਼ੀ ਮਗਰੋਂ ਫੇਰ ਬੋਲਿਆ, "ਕਮਰੇ ਦਾ ਕਿਰਾਇਆ ਤਾਂ ਤੁਹਾਨੂੰ ਵੀ ਪਏਗਾ ਨਾ! ਮੁੜ ਕੇ ਕਦੋਂ ਆਓਂਗੇ?"

ਆਲੋਕ ਬੋਲ ਕੇ ਜਵਾਬ ਨਾ ਦੇ ਸਕਿਆ, ਹੱਥ ਹਿਲਾ ਦਿੱਤਾ- 'ਕੀ ਪਤਾ!'

ਉਸਨੇ ਬੱਚਿਆਂ ਤੋਂ ਪੁੱਛਿਆ, "ਭੁੱਖ ਲੱਗੀ ਐ?" ਆਭਾ ਤੇ ਕਾਰਤੀਕੇਅ ਨੇ ਝੱਟ ਹਾਂ ਵਿਚ ਗਰਦਨ ਹਿਲਾ ਦਿੱਤੀ।

"ਹੋਰ ਤਾਂ ਕੁਝ ਖ਼ਾਸ ਨਹੀਂ ਹੈ, ਚਾਹ ਜਰੂਰ ਪਿਲਾ ਕੇ ਭੇਜੂੰਗਾ ਤੁਹਾਨੂੰ। ਆਪਣੀ ਚਾਹ ਜੋਗਾ ਦੁੱਧ ਲਿਆਈਦੈ।" ਕਹਿੰਦਿਆਂ ਉਹ ਅੰਦਰ ਚਲਾ ਗਿਆ। ਪਰਤਿਆ ਤਾਂ ਛਿੱਕੂ 'ਚ ਚਾਹ ਦੇ ਗਿਲਾਸ ਤੇ ਬਿਸਕੁਟ ਦਾ ਪੈਕੇਟ ਸੀ, "ਫਟਾਫਟ ਪੀਓ ਤੇ ਜਾਓ। ਤੁਹਾਨੂੰ ਦੇਖ ਕੇ ਹੋਰ ਲੋਕ ਆ ਗਏ ਤਾਂ ਪੁਲਿਸ ਵਾਲੇ ਕਿਤੇ ਮੇਰਾ ਢਾਬਾ ਹੀ ਨਾ ਢਾਹ ਦੇਣ। ਸੋਚਿਆ ਸੀ, ਤਾਲ਼ਾਬੰਦੀ ਕਰਕੇ ਸਮਾਨ-ਸਮੂਨ ਨਹੀਂ ਵੀ ਮਿਲਦਾ ਤਾਂ ਕੀ ਐ, ਮਾੜਾ-ਮੋਟਾ ਚਾਹ-ਪਾਣੀ ਤਾਂ ਪਿਲਾ ਹੀ ਸਕਦਾ ਹਾਂ। ਪਰ ਪੁਲਿਸ ਨੇ... ਮੇਰਾ ਤੰਦੂਰ ਤੇ ਇਹ ਛੱਪਰ ਵੀ ਢਾਹ ਦਿੱਤਾ।"

ਫੇਰ ਗਿਲਾਸ ਅੰਦਰ ਰੱਖਣ ਗਿਆ ਚਿਪਸ ਦਾ ਇਕ ਪੈਕੇਟ ਚੁੱਕ ਲਿਆਇਆ। ਜੁਆਕਾਂ ਨੂੰ ਦਿੰਦਿਆਂ ਬੋਲਿਆ, "ਰਸਤੇ 'ਚ ਖਾ ਲੈਣਾ, ਚੀਨੂੰ-ਮੀਨੂੰ! ਠੀਕ ਹੈ? ਹੁਣ ਜਾਓ। ਪੈਸੇ-ਪੂਸੇ ਨਹੀਂ ਲਵਾਂਗਾ।" ਤੇ ਅੰਦਰ ਜਾਣ ਲਈ ਮੁੜ ਗਿਆ।

ਜੁਆਕ ਖ਼ੁਦ ਨੂੰ ਸੋਹਣੇ-ਸੋਹਣੇ, ਨਿੱਕੇ-ਨਿੱਕੇ ਨਾਂਵਾਂ ਨਾਲ ਸੰਬੋਧਨ ਸੁਣ ਕੇ ਖ਼ੁਸ਼ ਹੋ ਗਏ ਅਤੇ ਅੰਕਲ ਦੀ ਨਕਲ ਕਰਦਿਆਂ ਨਾਮ ਦੁਹਰਾ ਦਿੱਤੇ, 'ਚੀਨੂੰ-ਮੀਨੂੰ! ਹੀ...! ਹੀ...!'

ਉਹ ਚੱਲ ਪਏ। ਇਕ ਵਾਰੀ ਪਿੱਛੇ ਮੁੜ ਕੇ ਦੇਖਿਆ ਤਾਂ ਹੱਥ ਉੱਚਾ ਕਰਕੇ ਹਿਲਾਉਂਦਿਆਂ ਨੇਕ ਬੰਦੇ ਨੇ ਰੁੱਧੇ ਗਲ਼ ਨਾਲ ਕਿਹਾ, "ਵਾਹਿਗੁਰੂ ਭਲੀ ਕਰੇਗਾ... ਮੇਰਾ ਪੁੱਤ ਬੰਗਲੌਰ 'ਚ ਫਸਿਆ ਹੋਇਆ ਹੈ। ਆਵੇਗਾ ਉਹ ਵੀ ਕਿਸੇ ਦਿਨ।"

ਕੁਰੁਕਸ਼ੇਤਰ ਕੋਲ ਦੀ ਲੰਘ ਕੇ ਕੁਝ ਦੂਰ ਹੀ ਗਏ ਸਨ ਕਿ ਸਾਹਮਣਿਉਂ ਆ ਰਹੇ ਕਾਰ ਵਾਲੇ ਨੇ ਦੱਸਿਆ ਕਿ ਅੱਗੇ ਕਿਸੇ ਟਰੱਕ ਵਾਲੇ ਨੇ ਪੈਦਲ ਚੱਲ ਰਹੇ ਮਜ਼ਦੂਰਾਂ ਨੂੰ ਦਰੜ ਦਿੱਤਾ ਹੈ। ਪੁਲਿਸ ਹੁਣ ਮਜ਼ਦੂਰਾਂ ਨੂੰ ਅੱਗੇ ਨਹੀਂ ਜਾਣ ਦੇ ਰਹੀ।

"ਹੁਣ ਕੀ ਕੀਤਾ ਜਾਵੇ?" ਕਾਰ ਵਾਲੇ ਤੋਂ ਪੁੱਛਿਆ ਤਾਂ ਉਸਨੇ ਦੱਸਿਆ, "ਥੋੜ੍ਹਾ ਪਿੱਛੇ ਲਿੰਕ ਰੋਡ ਰਾਹੀਂ ਨਾਲ ਦੇ ਪਿੰਡ 'ਚੋਂ ਨਿਕਲ ਜਾਓ। ਬਾਹਲ਼ਾ ਨ੍ਹੀਂ, ਦਸ-ਪੰਦਰਾਂ ਕਿਲੋਮੀਟਰ ਦਾ ਚੱਕਰ ਪਊ।"

ਫੇਰ ਉਹਨਾਂ ਦੀ ਰੇਹੜੀ ਵੱਲ ਦੇਖ ਕੇ ਕਹਿੰਦਾ, "ਵੀਰ ਤੁਮ ਬਢੇ ਚਲੋ! ਤੁਹਾਡਾ ਕਿਹੜਾ ਪਟਰੋਲ ਫੁਕਣੈ?"

ਕਾਰ ਵਾਲੇ ਦਾ ਇਹ ਮਜ਼ਾਕ ਉਹਨਾਂ ਨੂੰ ਜ਼ਖ਼ਮੀ ਕਰ ਗਿਆ। ਸੁਸ਼ਾਂਤ ਦੇ ਦਿਮਾਗ਼ ਵਿਚ

ਪ੍ਰਧਾਨਮੰਤਰੀ ਦਾ ਕਥਨ ਗੂੰਜਣ ਲੱਗਿਆ, 'ਸਾਡੇ ਪ੍ਰਵਾਸੀ ਮਜ਼ਦੂਰਾਂ ਦੀ ਦੇਸ਼ ਲਈ ਇਹ ਕੁਰਬਾਨੀ... ! ਯਾਦ ਰੱਖੀ ਜਾਵੇਗੀ... !'

'ਬਲੀ ਹੈ ਏਹੇ, ਹਾਈਵੇਜ਼ ਅਤੇ ਰੇਲਵੇ ਲਾਈਨਾਂ 'ਤੇ ਪੈਦਲ, ਭੁੱਖੇ-ਤਿਹਾਏ ਭਟਕਦੇ ਮਜ਼ਦੂਰਾਂ ਦੀ ਸੈਰੀਮੋਨੀਅਲ ਬਲੀ !' ਉਹ ਬਰੜਾਉਣ ਲੱਗਿਆ।

ਲਿੰਕ ਰੋਡ 'ਤੇ ਇਕ ਕਿਸਾਨ ਦੇ ਖੇਤ 'ਚ ਟਿਊਬਵੈੱਲ ਚੱਲ ਰਿਹਾ ਸੀ। ਸਬਜ਼ੀਆਂ ਬੀਜੀਆਂ ਹੋਈਆਂ ਸੀ। ਕਿਸਾਨ ਟਿਊਬਵੈੱਲ ਕੋਲ਼ ਨਿੰਮ ਹੇਠਾਂ ਬੈਠਾ ਉਬਾਸੀਆਂ ਲੈ ਰਿਹਾ ਸੀ। ਦੋ ਪ੍ਰਵਾਸੀ ਮਜ਼ਦੂਰ ਸਬਜ਼ੀ ਦੀਆਂ ਕਿਆਰੀਆਂ 'ਚੋਂ ਗਲ਼ੀਆਂ-ਸੜੀਆਂ-ਪੱਕੀਆਂ ਸਬਜ਼ੀਆਂ ਕੱਢ-ਕੱਢ ਕੇ ਸੜਕ 'ਤੇ ਸੁੱਟ ਰਹੇ ਸੀ।

ਉਹ ਪਾਣੀ ਪੀਣ ਲਈ ਰੁਕ ਗਏ। ਕਿਸਾਨ ਨੇ ਉਹਨਾਂ ਨੂੰ ਅੱਗੇ-ਪਿੱਛੇ ਦੇ ਹਾਲ-ਚਾਲ ਪੁੱਛੇ। ਖੀਰੇ, ਟਮਾਟਰ ਖਾਣ ਲਈ ਦਿੱਤੇ। ਕੁਝ ਰੋਟੀਆਂ ਪਈਆਂ ਸੀ, ਉਹ ਵੀ ਦਿੱਤੀਆਂ। ਕਿਹਾ, "ਰਸਤੇ 'ਚ ਖਾਣ ਲਈ ਖੀਰੇ, ਟਮਾਟਰ ਚਾਹੀਦੇ ਨੇ ਤਾਂ ਲੈ ਲਿਆ ਜੇ।"

ਕਿਸਾਨ ਨੇ ਆਪਣਾ ਦੁੱਖ ਦੱਸਣ 'ਚ ਵੀ ਮਿੰਟ ਮਾਰੀ, "ਲੌਕਡਾਊਨ ਨੇ ਸਾਡਾ ਤਾਂ ਉਜਾੜਾ ਹੀ ਬਹੁਤ ਕਰ ਦਿੱਤੈ। ਸਬਜ਼ੀਆਂ ਖ਼ਰਾਬ ਹੋ ਗਈਆਂ ਨੇ। ਮੰਡੀ ਬੰਦ ਰਹੀ। ਫੇਰ ਦੋ-ਚਾਰ ਘੰਟੇ ਖੁਲ੍ਹਣ ਲੱਗੀ ਤਾਂ ਲਾਗਤ ਵੀ ਨਹੀਂ ਮਿਲ ਰਹੀ ਸੀ। ਬਾਜ਼ਾਰ ਵਾਲੇ ਬਹੁਤ ਸ਼ਾਤਰ ਹੁੰਦੇ ਨੇ। ਮਜਬੂਰੀ ਦਾ ਫਾਇਦਾ ਉਠਾਉਣਾ ਜਾਣਦੇ ਨੇ। ਅਸੀਂ ਤਾਂ ਫੇਰ ਪਿੰਡ 'ਚ ਵੇਚਣੀ ਸ਼ੁਰੂ ਕਰ ਦਿੱਤੀ ਬਈ ਅੱਧ-ਚੌਥਾਈ, ਜੋ ਵੀ ਦਾਮ ਮਿਲਜੇ... ਖਰਚਾ ਤਾਂ ਨਿਕਲੇ... ਛੋਟੇ ਜ਼ਿਮੀਂਦਾਰ ਹਾਂ, ਆਈ-ਚਲਾਈ ਹੀ ਚੱਲਦੀ ਸੀ। ਬਹੁਤ ਘਾਟਾ ਹੋ ਗਿਐ। ਪਰ ਅਸੀਂ ਆਪਣੇ ਕਾਮਿਆਂ ਨੂੰ ਨਹੀਂ ਕੱਢਿਆ। ਜਿੱਥੇ ਅਸੀਂ ਰੁੱਖਾ-ਮਿੱਸਾ ਖਾ ਰਹੇ ਹਾਂ, ਇਹ ਵੀ ਖਾ ਲੈਣਗੇ। ਕਿਉਂ ਕਨ੍ਹਈਆ?" ਕਿਸਾਨ ਨੇ ਮਜ਼ਦੂਰ ਤੋਂ ਹਾਂ ਭਰਵਾਈ।

"ਹਾਂ ਤਾਇਆ ਜੀ !" ਕਨ੍ਹਈਏ ਨੇ ਹਾਮੀ ਭਰ ਦਿੱਤੀ।

ਪਲਕ ਨੇ ਸੁਸ਼ਾਂਤ ਨੂੰ ਕਿਹਾ, "ਨਹਾ ਲਓ।"

ਸਾਰੇ ਕਿਸਾਨ ਵੱਲ ਦੇਖਣ ਲੱਗੇ।

ਕਿਸਾਨ ਬੋਲਿਆ, "ਹਾਂ, ਹਾਂ ਨਹਾਓ, ਧੋਓ !" ਤੇ ਉੱਠ ਕੇ ਕੰਮ ਕਰ ਰਹੇ ਮਜ਼ਦੂਰਾਂ ਵੱਲ ਚਲਾ ਗਿਆ।

ਟਿਊਬਵੈੱਲ 'ਤੇ ਨਾ ਇੰਜਣ, ਨਾ ਮੋਟਰ, ਨਾ ਪੱਖਾ ਤੇ ਜ਼ਰਾ ਜਿੰਨਾ ਵੀ ਸ਼ੋਰ ਨਹੀਂ। ਮੱਛੀ-ਮੋਟਰ ਦਾ ਕਮਾਲ ਕਿ ਸਿਰਫ ਚੁਬੱਚੇ 'ਚ ਗਿਰ ਰਹੇ ਨਿਰਮਲ ਜਲ ਦਾ ਮਧੁਰ ਸੰਗੀਤ ਉਹਨਾਂ ਦੇ ਕੰਨੀਂ ਪੈ ਰਿਹਾ ਸੀ। ਕੁਦਰਤ ਰਾਣੀ ਖ਼ੁਦ ਜਿਵੇਂ ਇਹ ਬੇਸ਼ਕੀਮਤੀ ਤੋਹਫਾ ਉਹਨਾਂ 'ਤੇ ਵਾਰ ਰਹੀ ਹੋਵੇ।

ਨਹਾਉਣ ਨਾਲ ਸਾਰਿਆਂ ਵਿਚ ਮੁੜ ਤੋਂ ਜਾਨ ਵਾਪਰ ਗਈ। ਤਾਜ਼ੇ ਤੋੜੇ ਹੋਏ ਖੀਰੇ, ਟਮਾਟਰ ਅਤੇ ਹਰੀਆਂ ਮਿਰਚਾਂ ਨਾਲ ਖਾਧੀ ਰੋਟੀ ਨਾਲ ਫਿਲਹਾਲ ਤਾਂ ਮਨੁੱਖਾ-ਮਸ਼ੀਨਰੀ ਨੂੰ ਵਾਧੂ ਬਾਲਣ ਮਿਲ ਗਿਆ ਸੀ।

ਆਪਣੀ ਰਿਕਸ਼ਾ-ਰੇਹੜੀ ਦਾ ਪੈਡਲ ਮਾਰਦਿਆਂ ਸੁਸ਼ਾਂਤ ਦੇ ਦਿਮਾਗ਼ ਵਿਚ ਫੇਰ ਗੂੰਜਣ ਲੱਗਿਆ, "ਮੇਰਾ ਸੁਪਨਾ ਹੈ... ਕਿ ਹਰ ਹਵਾਈ ਚੱਪਲ ਵਾਲਾ... ਹਵਾਈ ਜਹਾਜ਼ ਵਿਚ... !" ਬਾਕੀ ਸ਼ਬਦ ਰਾਫੇਲ ਵਰਗੇ ਕਿਸੇ ਵੱਡੇ ਸੌਦੇ ਦੀ ਗੜਗੜਾਹਟ ਦੀ ਭੇਂਟ ਚੜ੍ਹ ਗਏ।

ਉਹ ਬਰੜਾਇਆ, "ਸਾਲ਼ਾ, ਸਾਡੇ ਤਾਂ ਪੈਰਾਂ ਵਿਚ ਹਵਾਈ ਚੱਪਲ ਵੀ ਨਾ ਰਹੀ !" ਤੇ ਜ਼ੋਰ-ਜ਼ੋਰ ਨਾਲ ਪੈਡਲ ਮਾਰਨ ਲੱਗਿਆ, ਜਿਵੇਂ ਕਿਸੇ ਸਾਨ੍ਹ ਨਾਲ ਗੁੱਥਮਗੁੱਥਾ ਜੂਝ ਰਿਹਾ ਹੋਵੇ।

ਓਵਰਬ੍ਰਿਜ 'ਤੇ ਕਾਜਲ ਤੇ ਪਲਕ ਨੂੰ ਵੀ ਰੇਹੜੀ ਨੂੰ ਧੱਕਾ ਲਾਉਣਾ ਪੈਂਦਾ ਸੀ। ਜਦੋਂ ਪਲਕ ਧੱਕਾ ਲਾ ਰਹੀ ਸੀ, ਕਾਜਲ ਗੁਣਗੁਣਾਉਣ ਲੱਗੀ:

*ਧੀਰੇ ਚਲਾ ਸੁਕੁਮਾਰੀ, ਗਗਰੀ ਛਲਕੈ ਨਾ ਤੋਹਾਰੀ... !*

ਉਹਨਾਂ ਦਾ ਲੋਕ ਉਹਨਾਂ ਦੇ ਨਾਲ-ਨਾਲ ਚੱਲ ਰਿਹਾ ਸੀ। ਖੂਹ ਪੂਜਣ ਤੋਂ ਬਾਅਦ ਜਦੋਂ ਜੱਚਾ ਘਰ ਆਉਂਦੀ ਹੈ ਤਾਂ ਰਸਤੇ ਵਿਚ ਇਹ 'ਗਇਲਹਾਈ' ਗਾਇਆ ਜਾਂਦਾ ਹੈ। ਸੁਣ ਕੇ ਪਲਕ ਸ਼ਰਮਾਅ ਗਈ।

ਇਹ ਦੋਵੇਂ ਪਾਇਲਟ ਨਾ ਸਹੀ, ਕਰੂ ਮੈਂਬਰ ਤਾਂ ਸਨ ਹੀ।

ਪਾਇਲਟ ਇਕ ਵਾਰੀ ਫੇਰ ਬਦਲ ਗਏ। ਸੁਸ਼ਾਂਤ ਨੇ ਚੱਪਲਾਂ ਆਲੋਕ ਨੂੰ ਦਿੱਤੀਆਂ ਤੇ ਪਲਕ ਦੇ ਬਰਾਬਰ ਆ ਕੇ ਬੈਠ ਗਿਆ। ਪਸੀਨੇ ਨਾਲ ਲੱਥ-ਪੱਥ।

ਪਲਕ ਨੂੰ ਇਕੱਠੀਆਂ ਹੀ ਦੋ-ਤਿੰਨ ਛਿੱਕਾਂ ਆਈਆਂ। ਚੱਲਦੇ ਟਿਊਬਵੈੱਲ ਦੇ ਚੁਬੱਚੇ 'ਚ ਖ਼ਾਸਾ ਚਿਰ ਨਹਾਉਣ ਨਾਲ ਸ਼ਾਇਦ ਜ਼ੁਕਾਮ ਹੋ ਗਿਆ ਸੀ। ਉਸ ਦੇ ਚਿਹਰੇ 'ਤੇ ਤਾਜ਼ਗੀ ਬਹੁਤਾ ਚਿਰ ਨਾ ਰਹੀ, ਮੁੜ ਤੋਂ ਥਕੇਵਾਂ ਤੇ ਉਦਾਸੀ ਛਾ ਗਈ। ਉਦਾਸੀ, ਮਾਯੂਸੀ... ਫਿਰ ਹੌਸਲੇ ਦੀ ਬੁਲੰਦੀ... ਪੈਰਾਂ ਦੇ ਛਾਲਿਆਂ ਦਾ ਰਿਸਣਾ... ਫਿਰ ਵੀ ਅੱਗੇ ਵਧਦੇ ਜਾਣਾ... ਜ਼ਿੰਦਗੀ ਦੇ ਦਰਿਆ ਦੀਆਂ ਇਹ ਕੁਝ ਲਹਿਰਾਂ ਸਨ ਜੋ ਉਹਨਾਂ ਦੇ ਨਾਲ-ਨਾਲ ਚੱਲ ਰਹੀਆਂ ਸਨ।

ਨਾਕੇ ਤੋਂ ਇਲਾਵਾ ਵੀ ਕਿਤੇ ਪੁਲਿਸ ਵਾਲੇ ਮਿਲ ਜਾਂਦੇ, ਆਪਣੇ ਡੰਡਿਆਂ ਦੀ ਸਮਰੱਥਾ ਤੇ ਮਨ ਦੀ ਮੌਜ ਅਨੁਸਾਰ ਇਹਨਾਂ ਨੂੰ ਛਾਂਗ ਕੇ ਜਿਸਪੀ ਦਾ ਹੂਟਰ ਵਜਾਉਂਦੇ ਹੋਏ ਅੱਗੇ ਲੰਘ ਜਾਂਦੇ।

ਕਿਤੇ ਕੋਈ ਟੀ.ਵੀ. ਵਾਲੇ ਮਿਲ ਜਾਂਦੇ। ਇੰਟਰਵਿਊ ਅਤੇ ਵੀਡਿਓ-ਵੂਡਿਓ ਬਣਾ ਲੈਂਦੇ। ਪੁੱਛਦੇ, "ਭੁੱਖੇ ਹੋ?" ਇਹ ਕਹਿੰਦੇ, "ਹਾਂ।" ਤਾਂ ਉਹ ਕੈਮਰੇ ਵੱਲ ਮੂੰਹ ਕਰਕੇ ਗਲ਼ਾ ਫਾੜ-ਫਾੜ ਕੇ ਬੁੱਕਣ ਲੱਗਦੇ, "ਦੇਖੀਏ, ਯੇ ਭੂਖੇ ਹੈਂ!" ਫੇਰ ਪੁੱਛਦੇ, "ਦੇਸ਼ ਜਾਨਨਾ ਚਾਹਤਾ ਹੈ, ਕਿਤਨੇ ਦਿਨੋਂ ਸੇ ਭੂਖੇ ਹੋ? ਕਿਤਨੇ ਦਿਨੋਂ ਸੇ ਪੈਦਲ ਚਲੇ ਆ ਰਹੇ ਹੋ?"

ਭੁੱਖਿਆਂ ਨੇ ਤਾਂ ਗਿਣਨਾ ਹੀ ਛੱਡ ਦਿੱਤਾ ਸੀ ਕਿ ਕਿੰਨੇ ਦਿਨਾਂ ਤੋਂ ਤੁਰੇ ਆ ਰਹੇ ਨੇ। ਲੋਕੇਸ਼ਨ ਵੀ ਨਹੀਂ ਦੇਖਦੇ ਸੀ। ਕਿਹੜਾ ਕੋਈ ਰਸਤਾ ਭਟਕਣ ਲੱਗੇ ਸੀ! ਸੜਕ 'ਤੇ ਡਾਰਾਂ ਦੀਆਂ ਡਾਰਾਂ ਤੁਰੀਆਂ ਜਾ ਰਹੀਆਂ ਸੀ। ਕਿਤੇ-ਕਿਤੇ ਪੁਲਿਸ ਭਾਵੇਂ ਰਸਤਾ ਭਟਕਾ ਦਿੰਦੀ ਸੀ। ਮੁੜ ਆ ਰਲ਼ਦੇ ਸੀ।

ਬੈਟਰੀ ਬਚਾਉਣ ਲਈ ਫੋਨ ਬੰਦ ਰੱਖਦੇ ਸੀ। ਪਿੰਡ ਦੱਸ ਦਿੱਤਾ ਸੀ ਕਿ ਕਦੇ-ਕਦੇ ਮੋਬਾਇਲ ਔਨ ਕਰਕੇ ਆਪੇ ਹਾਲ-ਚਾਲ ਦੱਸ ਦੇਣਗੇ।

ਅਕਸਰ ਦੁਪਹਿਰੇ ਗਰਮੀ 'ਚ ਆਰਾਮ ਕਰਦੇ ਅਤੇ ਰਾਤ ਨੂੰ ਸਫਰ ਕਰਦੇ। ਨੀਂਦ ਸਤਾਉਣ ਲੱਗਦੀ ਤਾਂ ਕਦੇ-ਕਦੇ ਰਾਤ ਨੂੰ ਵੀ ਥੋੜ੍ਹਾ ਆਰਾਮ ਕਰ ਲੈਂਦੇ। ਜੁਆਕ ਤਾਂ ਰੇਹੜੀ 'ਚ ਪੁੱਠੇ-ਸਿੱਧੇ ਪੈ ਕੇ ਜਾਂ ਗੋਦੀ 'ਚ ਹੀ ਸੌਂ ਜਾਂਦੇ ਹੁੰਦੇ ਸੀ। ਜੁਆਕਾਂ ਦਾ ਕੀ ਐ, ਉਹ ਤਾਂ ਸੜਕ 'ਤੇ ਘਿਸਟਦੇ ਵੀ.ਆਈ.ਪੀ. ਸੂਟਕੇਸ 'ਤੇ ਸੌਂ ਕੇ ਵੀ ਹਵਾਈ ਜਹਾਜ਼ ਦੀ ਐਗਜ਼ਿਕਿਉਟਿਵ ਕਲਾਸ ਵਰਗੀ ਫੀਲਿੰਗ ਲੈ ਲੈਂਦੇ ਸੀ! ਭੁੱਖੇ-ਤ੍ਰਿਹਾਏ-ਰੋਂਦੇ-ਕੁਰਲਾਉਂਦੇ ਮਾਸੂਮਾਂ ਨੂੰ ਤਾਂ ਟੀ.ਵੀ. ਕਵਰੇਜ ਵੀ ਚੰਗੀ ਮਿਲ ਜਾਂਦੀ ਸੀ, ਬਸ ਰੋਟੀ-ਪਾਣੀ ਹੀ ਨਹੀਂ ਮਿਲਦਾ ਸੀ।

ਜ਼ੁਕਾਮ ਤੋਂ ਬਾਅਦ ਪਲਕ ਦਾ ਗਲ਼ਾ ਕਾਫੀ ਖ਼ਰਾਬ ਹੋ ਗਿਆ। ਖੰਘ ਤੇ ਬੁਖਾਰ ਵੀ ਰਹਿਣ ਲੱਗ ਪਿਆ। ਸਾਰੇ ਡਰ ਗਏ।

ਅਸਲ ਡਰਾਇਆ ਕਾਜਲ ਨੇ, "ਕਿਸੇ ਨੇ ਖੰਘਦੀ ਨੂੰ ਦੇਖ-ਸੁਣ ਲਿਆ ਤਾਂ? ਕਰਉਨਾ ਜਾਣ ਕੇ ਕੋਈ ਪੁਲਿਸ ਨੂੰ ਸ਼ਿਕਾਇਤ ਹੀ ਨਾ ਕਰ ਦੇਵੇ?"

ਪਲਕ ਨੇ ਤਾਂ ਡਰਨਾ ਹੀ ਸੀ, "ਫੜ ਕੇ ਕਿਸੇ ਕਵਾਰੰਟੀਨ ਸੈਂਟਰ 'ਚ ਡੱਕ ਦਿੱਤਾ ਤਾਂ?"

ਸੁਸ਼ਾਂਤ ਕਹਿੰਦਾ, "ਕੁਸ ਨ੍ਹੀਂ ਹੁੰਦਾ।"

"ਖੰਘ ਤਾਂ ਮੈਂ ਰੋਕ ਲਊਂ ਪਰ ਬੁਖਾਰ ਤਾਂ ਉਹ ਲੋਕ ਦੂਰੋਂ ਹੀ ਜਾਂਚ ਲੈਂਦੇ ਨੇ, ਪਿਸਤੌਲ ਵਰਗਾ ਕੁਝ ਚਲਾ ਕੇ," ਪਲਕ ਬੁਸਕਣ ਲੱਗੀ, "ਕਿਵੇਂ ਲਕੋਵਾਂਗੇ?"

"ਮੈਂ ਕਿਹੈ ਨਾ, ਕੁਝ ਨਹੀਂ ਹੋਣਾ।" ਥਰਮੋ-ਗੰਨ ਤੋਂ ਡਰਦਾ ਸੁਸ਼ਾਂਤ ਪਲਕ ਨੂੰ ਨਹੀਂ, ਦਰਅਸਲ ਖ਼ੁਦ ਨੂੰ ਦਿਲਾਸਾ ਦੇ ਰਿਹਾ ਸੀ, "ਗ਼ਰੀਬ 'ਤੇ ਤਾਂ ਗੰਨ ਸਾਲ਼ੀ ਹਰ ਸਮੇਂ ਹੀ ਤਣੀ ਰਹਿੰਦੀ ਹੈ। ਬੁਖਾਰ ਵਾਲੀ ਗੰਨ ਤੋਂ ਕਾਹਦਾ ਡਰ?"

ਕੁਝ ਸੋਚਦਿਆਂ ਜ਼ਰਾ ਖ਼ਾਮੋਸ਼ੀ ਤੋਂ ਬਾਅਦ ਬਰੜਾਇਆ, "ਇਹੀ ਗੰਨ ਜੇ ਬਾਹਰੋਂ ਆਉਣ ਵਾਲਿਆਂ 'ਤੇ ਤਾਣੀ ਹੁੰਦੀ ਤਾਂ ਖ਼ਬਰੈ ਇਹ ਦਿਨ ਨਾ ਹੀ ਦੇਖਣੇ ਪੈਂਦੇ?"

"ਮੈਂ ਕਿਸੇ ਆਈਸੋਲੇਸ਼ਨ ਵਾਰਡ 'ਚ ਨਹੀਂ ਮਰਨਾ ਚਾਹੁੰਦੀ।"

"ਅਸੀਂ ਲੋਕ ਤਾਂ ਸਦਾ ਤੋਂ ਹੀ ਆਈਸੋਲੇਟਿਡ ਹਾਂ, ਪਲਕ। ਤੈਨੂੰ ਸਮਝ ਨਹੀਂ ਹੈ ਇਹਨਾਂ ਗੱਲਾਂ ਦੀ।" ਸੁਸ਼ਾਂਤ ਬਰੜਾਇਆ।

ਪਲਕ ਨੂੰ ਕਿੱਥੇ ਸਮਝ ਸੀ, ਤਦੇ ਤਾਂ, "ਕੋਰੋਨਾ ਦੇ ਇਹੀ ਲੱਛਣ ਤਾਂ ਦੱਸ ਰਹੇ ਨੇ। ਫੋਨ 'ਚ, ਟੀ.ਵੀ. 'ਚ, ਸਭਨੀਂ ਥਾਂਈਂ।" ਕਹਿੰਦਿਆਂ ਉਹ ਰੋਣ ਲੱਗ ਪਈ।

ਸਮਝਾਇਆ, "ਗਰਮ-ਸਰਦ ਹੋਇਐ। ਕਿਤਿਓਂ ਖੰਘ-ਬੁਖ਼ਾਰ ਦੀ ਦਵਾਈ ਜੁਗਾੜਨ ਦੀ ਕੋਸ਼ਿਸ਼ ਕਰਦੇ ਆਂ।"

"ਪਰ ਦਵਾਈ ਸ਼ਹਿਰ ਤੋਂ ਬਿਨਾਂ ਮਿਲੂ ਕਿੱਥੋਂ? ਤੇ ਸ਼ਹਿਰ ਜਾਣ ਤੋਂ ਬਾਅਦ ਕੀ ਗਾਰੰਟੀ ਹੈ ਕਿ ਪੁਲਿਸ ਤੋਂ ਬਚ ਕੇ ਬੰਦਾ ਮੁੜ ਵੀ ਆਵੇ?"

ਖ਼ੁਦ ਨਾਲ, ਕੋਰੋਨਾ ਦੇ ਭੈਅ ਨਾਲ, ਪੁਲਿਸ ਨਾਲ, ਦੁਨੀਆ-ਜਹਾਨ ਨਾਲ, ਉਹਨਾਂ ਨੂੰ ਇਕੋ ਸਮੇਂ ਕਈ ਮੋਰਚਿਆਂ 'ਤੇ ਲੜਨਾ ਪੈ ਰਿਹਾ ਸੀ।

'ਕੀ ਆਉਣ ਵਾਲੇ ਸਮੇਂ 'ਚ ਮੁਕੱਦਮੇ ਵੀ ਲੜਨੇ ਪੈ ਸਕਦੇ ਨੇ?' ਸੁਸ਼ਾਂਤ ਨੇ ਸੋਚਿਆ, 'ਸੋਸ਼ਲ ਡਿਸਟੈਂਸਿੰਗ ਸ਼ਬਦ ਊਈਂ ਤਾਂ ਨ੍ਹੀਂ ਈਜਾਦ ਕੀਤਾ ਹੋਣਾ ਕਿਸੇ ਨੇ? ਫਲਾਣਾ ਦੋ ਗਜ਼ ਦੀ ਦੂਰੀ ਭੁੱਲ ਕੇ ਆਪਣੇ ਮਿੱਤਰ-ਪਿਆਰੇ ਦੇ ਗਲ਼ੇ ਕਿਵੇਂ ਮਿਲ ਲਿਆ... ਆਪਣੀ ਪਤਨੀ ਨੂੰ ਛੂਹ ਕਿਵੇਂ ਲਿਆ...? ਆਹ ਚੱਕ ਮੁਕੱਦਮਾ!'

ਸੁਸ਼ਾਂਤ ਨੂੰ ਸ਼ੱਕ ਹੋਇਆ, 'ਵੀਰੇ ਤੇ ਕਾਜਲ ਭਾਬੀ ਦਾ ਵਿਵਹਾਰ ਬਦਲਣ ਲੱਗ ਪਿਆ ਹੈ। ਜੁਆਕਾਂ ਨੂੰ ਪਲਕ ਤੋਂ ਦੂਰ ਰੱਖਣ ਦੀ ਪੂਰੀ ਕੋਸ਼ਿਸ਼ ਕਰਦੇ ਨੇ। ਪਲਕ ਨਾਲ ਹੱਸਣ-ਖੇਡਣ ਵੀ ਨਹੀਂ ਦਿੰਦੇ। ਆਰਾਮ ਕਰਨ ਵੇਲੇ ਵੀ ਮਾਸਕ ਨਹੀਂ ਹਟਾਉਂਦੇ। ਉਲਟਾ ਬਿੰਦੇ-ਬਿੰਦੇ ਸੋਸ਼ਲ ਡਿਸਟੈਂਸਿੰਗ ਦੀਆਂ ਨਸੀਹਤਾਂ ਦੇਣ ਲੱਗ ਪਏ ਨੇ...'

ਆਲੋਕ ਵੀ ਬਾਹਲ਼ਾ ਈ ਕਰਨ ਲੱਗ ਪਿਐ, "ਮਾਸਕ ਤਾਂ ਹਟਾਉਣਾ ਈ ਨਹੀਂ। ਆਪਣੀ ਸੁਰੱਖਿਆ ਲਈ ਜ਼ਰੂਰੀ ਹੈ ਏਹੇ..."

ਕਾਜਲ ਨੇ ਗੁਣਗੁਣਾਉਣਾ ਉੱਕਾ ਹੀ ਬੰਦ ਕਰ ਦਿੱਤਾ ਸੀ। ਉਸ ਦੀਆਂ ਨਸੀਹਤਾਂ ਪਲਕ ਨੂੰ ਬਾਰ-ਬਾਰ ਡਰਾ ਰਹੀਆਂ ਸੀ, "ਕਿਸੇ ਅਣਜਾਣ ਮੂਹਰੇ ਤਾਂ ਜਮ੍ਹਾਂ ਈ ਨਾ ਖੰਘੀਂ... ਬੇਸ਼ੱਕ ਮੂੰਹ 'ਚ ਕਪੜਾ ਈ ਕਿਉਂ ਨਾ ਠੋਸਣਾ ਪੈਜੇ।"

ਯਮੁਨਾ ਐਕਸਪ੍ਰੈਸ ਵੇਅ 'ਤੇ ਸਫਰ ਜਾਰੀ ਸੀ। ਰਾਤ ਪਈ ਤਾਂ ਰੇਹੜੀ ਨੂੰ ਐਕਸਪ੍ਰੈਸ ਵੇਅ ਤੋਂ ਥੱਲੇ ਖਾਲੀ ਪਏ ਖੇਤਾਂ ਵਿਚ ਲਾਹ ਲਿਆ ਗਿਆ। ਕਣਕ ਦੀ ਫਸਲ ਇੱਥੇ ਵੀ ਸਾਂਭੀ ਜਾ ਚੁੱਕੀ ਸੀ। ਇਸ ਇਲਾਕੇ ਵਿਚ ਸ਼ਾਇਦ ਕਣਕ ਦਾ ਲਾਂਗਾ ਜ਼ਲਾਉਣ ਦਾ ਰਿਵਾਜ ਨਹੀਂ ਸੀ।

ਪਿੱਛੇ ਇਕ ਜਗ੍ਹਾ ਕੁਝ ਧਰਮੀ ਲੋਕ ਪਾਲੀਥਿਨ ਦੇ ਲਿਫਾਫਿਆਂ 'ਚ ਦਾਲ਼-ਚੌਲ਼ ਪਾ ਕੇ ਉੱਥੋਂ ਲੰਘਣ ਵਾਲੇ ਮਜ਼ਦੂਰਾਂ ਨੂੰ ਵੰਡ ਰਹੇ ਸੀ। ਇਕੋ ਸਮੇਂ ਕਿਤੇ ਮਜ਼ਦੂਰਾਂ ਨੂੰ ਖਾਣਾ ਵੰਡਿਆ ਜਾ ਰਿਹਾ ਸੀ ਤਾਂ ਕਿਤੇ ਬੇਰਹਿਮੀ ਨਾਲ ਕੁੱਟਿਆ ਜਾ ਰਿਹਾ ਸੀ। ਕਿਤੇ ਵਾਪਸ ਦਬੱਲਿਆ ਜਾ ਰਿਹਾ ਸੀ ਤਾਂ ਕਿਤੇ ਫੜ ਕੇ ਕਿਸੇ ਸਰਕਾਰੀ ਬਾੜੇ 'ਚ ਡੱਕਿਆ ਜਾ ਰਿਹਾ ਸੀ।

ਸੋਸ਼ਲ ਡਿਸਟੈਂਸਿੰਗ ਦੇ ਤਹਿਤ ਦੋ ਮੀਟਰ ਦੂਰ ਰੱਖਿਆ, ਦਾਲ-ਚੌਲ਼ ਵਾਲਾ ਪਾਲੀਥਿਨ ਚੁੱਕਦਿਆਂ ਹਰ ਵਾਰ ਕਰਮਯੋਗੀ ਆਲੋਕ ਦੀਆਂ ਅੱਖਾਂ ਸਿੱਲ੍ਹੀਆਂ ਹੋ ਜਾਂਦੀਆਂ ਸਨ। ਚੱਜ ਨਾਲ ਖਾ ਵੀ ਨਹੀਂ ਸਕਦਾ ਸੀ। ਇਹ ਸਭ ਕਾਜਲ ਨੂੰ ਵੀ ਸਲੂਦਾ ਰਹਿੰਦਾ ਸੀ।

ਪਲਕ ਦਾ ਅੱਡ ਬੁਰਾ ਹਾਲ ਸੀ। ਖ਼ਬਰੈ ਕੀਹਦੇ ਮਨ 'ਚ ਕੀ-ਕੀ ਚੱਲਣ ਲੱਗ ਪਿਆ ਸੀ। ਸੁਸ਼ਾਂਤ ਦੀ ਤਿੱਖੀ ਨਜ਼ਰ ਸਾਰਿਆਂ 'ਤੇ ਸੀ। ਦਿਲ ਤਾਂ ਉਸਦਾ ਵੀ ਰੋਂਦਾ ਸੀ ਪਰ ਉਹ ਜ਼ਾਹਰ ਨਹੀਂ ਕਰਦਾ ਸੀ। ਬਸ ਇੰਨਾ ਹੀ ਕਹਿੰਦਾ, "ਆਪਣੇ ਦੇਸ ਤੋ ਪਹੁੰਚਨਾ ਹੀ ਹੈ..."

ਪਲਕ ਨੂੰ ਪਤਲੀ ਦਾਲ਼ ਅਤੇ ਅੱਧ-ਪੱਕੇ ਫਿੱਕੇ ਚਾਵਲ ਚੰਗੇ ਨਹੀਂ ਲੱਗੇ। ਉਸਨੇ ਦੋ ਬਿਸਕੁਟ ਖਾ ਕੇ ਪਾਣੀ ਪੀਂਦਿਆਂ ਸੋਚਿਆ, "ਕੋਰੋਨਾ ਕਾਲ ਦੀ ਇਸ ਤੋਂ ਬਿਹਤਰ ਡਿਸ਼ ਹੋਰ ਕੀ ਹੋ ਸਕਦੀ ਐ!"

ਸੁਸ਼ਾਂਤ ਨੇ ਚਾਦਰ ਚੁੱਕੀ ਤੇ ਕਹਿੰਦਾ, "ਬਈ ਮੈਂ ਤਾਂ ਦੂਰ ਜਾ ਕੇ ਸੌਂਵਾਂਗਾ। ਬਾਈ ਘੁਰਾੜੇ ਬਹੁਤ ਮਾਰਦੈ। ਜਦ ਇੰਨੇ ਖੇਤ ਖਾਲੀ ਪਏ ਨੇ, ਆਪਣੇ... ਕਨਾ?"

"ਹਾਂ, ਹਾਂ ਜਾਓ ਜ਼ਮੀਂਦਾਰ ਸਾਹਬ, ਆਪਣੇ ਖੇਤਾਂ ਵਿਚ!" ਆਲੋਕ ਜਿਵੇਂ ਕਹਿਣ ਲਈ ਤਿਆਰ ਹੀ ਬੈਠਾ ਸੀ।

"ਸੋਸ਼ਲ ਡਿਸਟੈਂਸਿੰਗ ਵੀ ਤਾਂ ਜ਼ਰੂਰੀ ਹੈ!"

ਪਲਕ ਵੀ ਖੰਘ ਰੋਕਣ ਦੀ ਕੋਸ਼ਿਸ਼ ਕਰਦਿਆਂ ਉੱਠ ਕੇ ਚੱਲ ਪਈ।

ਸੁਸ਼ਾਂਤ ਨੰਗੇ ਪੈਰ ਕਣਕ ਦੇ ਨਾੜਾਂ ਅਤੇ ਕੰਡਿਆਂ ਤੋਂ ਬਚਾ-ਬਚਾ ਕੇ ਰੱਖਦਾ ਹੋਇਆ ਵੀ ਜ਼ਿਆਦਾ ਦੂਰ ਨਹੀਂ ਜਾ ਸਕਿਆ। ਇਕ ਵੱਟ ਦੇ ਨਾਲ ਚਾਦਰ ਵਿਛਾ ਕੇ ਲੇਟ ਗਿਆ। ਕਣਕ ਦੇ ਤਿੱਖੇ ਨਾੜ ਪਿੱਠ ਵਿਚ ਚੁਭ ਰਹੇ ਸੀ। ਪਲਕ ਦੇ ਤਾਂ ਹੋਰ ਵੀ ਵੱਧ ਚੁਭ ਰਹੇ ਸੀ।

ਪਲਕ ਦਾ ਸਿਰ ਸੁਸ਼ਾਂਤ ਦੀ ਛਾਤੀ 'ਤੇ ਸੀ। ਉਸਨੇ ਅਸਮਾਨ ਵੱਲ ਤੱਕਿਆ, ਜਿਵੇਂ ਮੌਤ ਮੰਡਰਾ ਰਹੀ ਹੋਵੇ। ਖ਼ੌਫ਼ਨਾਕ ਸੰਨਾਟਾ ਤੇ ਭੈਅ ਚੁਫੇਰੇ ਪਸਰਿਆ ਹੋਇਆ ਸੀ।

ਸੁਸ਼ਾਂਤ ਨੇ ਪਲਕ ਦੀ ਗਰਦਨ ਛੂਹ ਕੇ ਤਾਪ ਦਾ ਅੰਦਾਜ਼ਾ ਲਾਉਣਾ ਚਾਹਿਆ। ਸਰੀਰ ਵੱਧ ਤਾਂ ਨਹੀਂ ਪਰ ਠੀਕ-ਠਾਕ ਤਪ ਰਿਹਾ ਸੀ। ਯਾਨੀ ਬੁਖਾਰ ਤਾਂ ਸੀ। ਗਲ਼ੇ 'ਚ ਖਰਾਸ਼ ਕਿੰਨੀ ਕੁ ਹੈ, ਇਹ ਪੁੱਛ ਕੇ ਉਸਨੂੰ ਹੋਰ ਨਹੀਂ ਡਰਾਉਣਾ ਚਾਹੁੰਦਾ ਸੀ। ਪਲਕ ਦਾ ਮਾਸਕ ਹਟਾ ਕੇ ਦੋਨਾਂ ਹੱਥਾਂ ਨਾਲ ਉਸਦੇ ਮੂੰਹ ਨੂੰ ਆਪਣੇ ਨੇੜੇ ਲਿਆਉਣ ਦਾ ਜਤਨ ਕੀਤਾ ਤਾਂ ਸਹਿਮੀ ਜਿਹੀ ਪਲਕ ਨੇ ਤ੍ਰਭਕ ਕੇ ਮੂੰਹ ਪਰੇ ਫੇਰ ਲਿਆ। ਜਿਵੇਂ ਕੋਈ ਵਾਇਰਸ ਉਹਨਾਂ ਵਿਚਾਲੇ ਮੱਲੋ-ਜ਼ੋਰੀਂ ਆ ਵੜਿਆ ਹੋਵੇ।

"ਇਕੱਲੀ ਮਰ ਜਾਣਾ ਚਾਹੁੰਦੀ ਐਂ?" ਸੁਸ਼ਾਂਤ ਨੇ ਆਪਣਾ ਦਰਦ ਛੁਪਾ ਕੇ ਮੋਹ ਜਤਾਉਂਦਿਆਂ ਪੁੱਛਿਆ।

ਉਹ ਕੁਝ ਨਹੀਂ ਬੋਲੀ। ਵਾਤਾਵਰਨ 'ਚ ਨਿਸ਼ਬਦ ਸੰਨਾਟਾ ਤਾਰੀ ਸੀ। ਸਿਸਕੀਆਂ ਉਸਦੇ ਅੰਦਰ ਹੀ ਕਿਤੇ ਦੱਬ ਕੇ ਰਹਿ ਗਈਆਂ।

"ਹੂੰ...?" ਸੁਸ਼ਾਂਤ ਨੇ ਫਿਰ ਪੁੱਛਿਆ।

"ਫੇਰ?" ਪਲਕ ਦੇ ਇਸ 'ਫੇਰ' ਵਿਚ ਜਵਾਬ ਵੀ ਸੀ ਅਤੇ ਸਵਾਲ ਵੀ।

"ਫੇਰ ਕੀ? ਆਪਣਾ ਕੋਰੋਨਾ ਮੈਨੂੰ ਦੇ ਦੇ ਸੋਹਣੀਏਂ!" ਕਹਿੰਦਿਆਂ ਉਸਨੇ ਪਲਕ ਨੂੰ ਆਪਣੀ ਹਿੱਕ ਨਾਲ ਘੁੱਟ ਲਿਆ।

ਉਹ ਕੋਲ ਹੋ ਕੇ ਵੀ ਕੋਲ਼ ਨਹੀਂ ਸੀ।

'ਕੀ ਇਹਨੇ ਵੀਰੇ ਤੇ ਭਾਬੀ ਦਾ ਵਿਵਹਾਰ ਬੁੱਝ ਲਿਆ ਹੈ?' ਸੁਸ਼ਾਂਤ ਤੜਪ ਉੱਠਿਆ, 'ਓਏ, ਇਹਨੇ ਵੀ ਆਖਰ ਦੁਨੀਆ ਦੇਖੀ ਹੈ!'

ਇਹੀ ਸਭ ਸਮਝਣ-ਸਮਝਾਉਣ ਲਈ ਉਹ ਇਕਾਂਤ ਵਿਚ ਆਇਆ ਸੀ। ਪਰ ਗੱਲ ਸ਼ੁਰੂ ਕਿਵੇਂ ਕਰੇ? 'ਉਫ਼! ਸਮੇਂ ਦਾ ਇਹ ਕੈਸਾ ਗੇੜ ਹੈ?'

"ਆਪਾਂ ਜਾ ਕਿੱਥੇ ਰਹੇ ਹਾਂ?" ਪਲਕ ਨੇ ਉਸਦੀ ਦੁਚਿੱਤੀ ਭਾਂਪਦਿਆਂ ਪੁੱਛਿਆ।

"ਆਪਣੇ ਪਿੰਡ, ਹੋਰ ਕਿੱਥੇ?"

"ਪਿੰਡ ਹਰ ਸਮੇਂ ਮੇਰੀਆਂ ਯਾਦਾਂ 'ਚ ਰਹਿੰਦੈ।"

"ਹੂੰ...?" ਸੁਸ਼ਾਂਤ ਦਾ ਭੈਅ ਨਾਲ ਗ੍ਰੱਸਿਆ ਸਵਾਲ।

"ਕੀ ਆਪਾਂ ਨੂੰ ਪਿੰਡ 'ਚ ਵੜਨ ਵੀ ਦਿੱਤਾ ਜਾਵੇਗਾ?" ਪਲਕ ਨੇ ਰੋਣਹਾਕੀ ਹੁੰਦਿਆਂ ਸਵਾਲ ਕੀਤਾ। ਸੁਸ਼ਾਂਤ ਤੋਂ ਕਿਤੇ ਅੱਗੇ ਦੀ ਸੋਚ ਰਹੀ ਸੀ।

"ਕੌਣ ਰੋਕੂ?" ਸੁਸ਼ਾਂਤ ਦਾ ਇਹ ਸਵਾਲ ਨਹੀਂ ਸਗੋਂ ਇਕ ਤਰ੍ਹਾਂ ਦਾ ਝੂਠ ਸੀ। ਕਿਉਂਕਿ

ਅੰਮਾ ਨੇ ਇਕ ਦਿਨ ਪਹਿਲਾਂ ਹੀ ਤਾਂ ਦੱਸਿਆ ਸੀ ਫੋਨ 'ਤੇ, ਕਿ ਮੁੰਡਿਆਂ ਨੇ ਪਿੰਡ ਦੇ ਬਾਹਰ ਨਾਕਾ ਲਾ ਰੱਖਿਆ ਹੈ ਅਤੇ ਸ਼ਹਿਰੋਂ ਆਏ ਕਿਸੇ ਨੂੰ ਵੀ ਪਿੰਡ 'ਚ ਨਹੀਂ ਵੜਨ ਦਿੰਦੇ। ਚੌਵੀ ਘੰਟੇ ਪਹਿਰਾ ਲੱਗਦੈ।

"ਕੀ ਆਪਾਂ ਨੂੰ ਆਪਣੇ ਘਰ 'ਚ ਵੜਨ ਦੇਣਗੇ?" ਉਹ ਨਵੇਂ-ਨਵੇਂ ਖਦਸ਼ੇ ਪ੍ਰਗਟਾ ਰਹੀ ਸੀ।

'ਘਰ 'ਚ? ਪਿੰਡ 'ਚ? ਕਿੱਥੇ ਪਹੁੰਚਗੀ ਇਹ?' ਸੁਸ਼ਾਂਤ ਦੇ ਦਿਮਾਗ਼ ਵਿਚ ਚਾਣਚੱਕ ਬੜਾ ਕੁਝ ਚਮਕ ਗਿਆ, 'ਇਕ ਨਾਮਾਲੂਮ ਔਕਾਤ ਵਾਲੇ ਨਿੱਕੇ ਜਿਹੇ ਵਾਇਰਸ ਨੇ ਕਿਵੇਂ ਲੋਕਾਂ ਦੀ ਔਕਾਤ ਦਿਖਾ ਦਿੱਤੀ, ਉਹਨਾਂ ਨੂੰ ਪਰਾਏ ਤੇ ਸੰਵੇਦਨਹੀਣ ਬਣਾ ਦਿੱਤਾ... ਕਿੰਨੀਆਂ ਹੀ ਕੋਰੋਨਾ ਦੀ ਲਾਗ ਨਾਲ ਪੀੜਤ ਲਾਸ਼ਾਂ ਦੀਆਂ ਉਹਨਾਂ ਦੀ ਔਲਾਦ ਤੇ ਪਰਿਵਾਰ ਵਾਲਿਆਂ ਨੇ ਅੰਤਮ ਰਸਮਾਂ ਨਿਭਾਉਣ ਤੋਂ ਮਨ੍ਹਾਂ ਕਰ ਦਿੱਤਾ... ਕਦੇ ਮਾਣ-ਅਭਿਮਾਨ ਸਮਝੇ ਜਾਂਦੇ ਪਦਮਸ਼੍ਰੀਆਂ ਤਕ ਨੂੰ ਆਪਣੇ ਪਿੰਡ ਦੇ ਸ਼ਮਸ਼ਾਨ ਘਾਟ ਤਕ ਨਸੀਬ ਨਹੀਂ ਹੋਏ... ਪਿੰਡ ਵਾਲੇ ਡਾਂਗਾਂ ਲੈ ਕੇ ਖੜ੍ਹ ਗਏ, ਇੱਥੇ ਨਹੀਂ ਫੂਕਣ ਦੇਣਾ...' ਸੋਚਦਿਆਂ ਉਹ ਚਕਰਾ ਗਿਆ।

ਸੁਸ਼ਾਂਤ ਨੂੰ ਆਪਣੀ ਛਾਤੀ 'ਤੇ ਕੋਸਾਪਨ ਮਹਿਸੂਸ ਹੋਇਆ, 'ਹੰਝੂ?' ਉਸਨੂੰ ਜਾਪਿਆ, ਉੱਥੇ ਹੰਝੂ ਹੀ ਨਹੀਂ, ਕੋਈ ਅਦਿੱਖ ਭੈਅ ਤੇ ਗਹਿਰਾ ਸੰਨਾਟਾ ਵੀ ਪਸਰਿਆ ਹੋਇਆ ਸੀ। ਜੋ ਸ਼ਾਇਦ ਕਿਸੇ ਵਾਇਰਸ ਨਾਲੋਂ ਵੀ ਵੱਧ ਖਤਰਨਾਕ ਸੀ।

ਚਾਣਚੱਕ ਉਸਨੂੰ ਆਪਣੀ ਰੇਹੜੀ 'ਤੇ ਟੰਗੇ ਝੋਲ਼ੇ 'ਚ ਪਏ ਜੱਚਾ ਕਾਰਡ ਅਤੇ ਡਾਕਟਰਨੀ ਵੱਲੋਂ ਦਿੱਤੇ ਡਾਇਟ ਚਾਰਟ ਦਾ ਖ਼ਿਆਲ ਆਇਆ। ਉਸਦੇ ਮੂੰਹੋਂ ਨਿਕਲਿਆ, "ਭੁੱਖ ਲੱਗੀ ਐ?"

ਪਲਕ ਨੇ ਸਹਿਜ ਹੀ ਕਿਹਾ, "ਫੇਰ?" ਉਸਦੇ ਇਸ 'ਫੇਰ' ਵਿਚ ਜਵਾਬ ਵੀ ਸੀ ਅਤੇ ਸਵਾਲ ਵੀ।

ਸੁਸ਼ਾਂਤ ਦੀ ਛਾਤੀ 'ਤੇ ਦਬਾਅ ਵਧਣ ਲੱਗਿਆ। ਉਹ ਹੜਬੜਾ ਕੇ ਜਾਗ ਉੱਠਿਆ। ਅੱਧ-ਖੁੱਲ੍ਹੀ ਖਿੜਕੀ 'ਚੋਂ ਬਾਹਰ ਝਾਕਿਆ। ਸੜਕ 'ਤੇ ਬਣੇ, ਮੱਧਮ ਚਾਨਣ 'ਚ ਚਮਕ ਰਹੇ, ਗੋਲ਼ ਦਾਇਰਿਆਂ 'ਚੋਂ ਆਵਾਜ਼ ਆਈ, 'ਸਮਝ ਲਓ, ਇਹਨਾਂ ਤੋਂ ਬਾਹਰ ਦੁਨੀਆ ਹਈ ਨਹੀਂ...'

ਜੇ ਇਹੀ ਦੁਨੀਆ ਸੀ ਤਾਂ ਸੁਸ਼ਾਂਤ ਦੇ ਸੁਪਨੇ ਵਿਚ ਕੀ ਸੀ? ਉਸਨੇ ਸ਼ਾਂਤ ਸੁੱਤੀ ਪਈ ਪਲਕ ਵੱਲ ਦੇਖਿਆ। ਕੋਠੜੀ ਵਿਚ 'ਲੋਕ' ਗੁੰਜਾਰ ਕਰ ਉੱਠਿਆ:

*ਫੂਲ ਬੀਨਯ-ਬੀਨ ਸੇਜਾ ਲਗਾਯਵ,*
*ਸੇਜੀਆ ਦਿਹੇਨ ਉੜਸਾਈ ਹੋ,*
*ਪਿਆ ਕਾਸੀ ਮਾ ਛਾਏ... !*

ਉਹ ਸੋਚਦਾ ਹੀ ਰਹਿ ਗਿਆ, 'ਇਹ ਕੇਹੀ ਰੁੱਤ ਆਈ ਕਿ ਸ਼ੁਭ ਤੇ ਖ਼ੁਸ਼ੀ ਦੇ ਮੌਕਿਆਂ 'ਤੇ ਉਮਾਹ ਤੇ ਹੁਲਾਸ ਨਾਲ ਗਾਇਆ ਜਾਣ ਵਾਲਾ 'ਗਇਲਹਾਈ' ਸਫਰ ਵਿਚ ਤਾਂ ਸੀ, ਪਰ ਅਸ਼ੁਭ ਤੇ ਦੁੱਖ ਦੀ ਧੁਨੀ ਪੈਦਾ ਕਰ ਰਿਹਾ ਸੀ?' 000

***(House No. 420, Sector 16, Hissar (Haryana)-125 005***
***Phone: 94160-37910, 94162-35210)***

# ਇਕਾਂਤਵਾਸ: ਕਹਾਣੀ: ਮੇਜਰ ਮਾਂਗਟ

"ਡਿੱਡ ਯੂ ਟਰੈਵਲ, ਆਊਟ ਸਾਈਡ ਦਾ ਕੰਟਰੀ, ਵਿਦ ਇਨ ਦਾ ਲਾਸਟ ਥ੍ਰੀ ਮੰਥ?"

"ਯੈੱਸ... ਆਈ ਕੇਮ ਫਰੌਮ ਇੰਡੀਆ, ਜਸਟ ਥ੍ਰੀ ਡੇਅਜ਼ ਅਗੋ।"

ਉਸ ਨੇ ਮੂੰਹ 'ਤੇ ਲੱਗਿਆ ਮਾਸਕ ਹੋਰ ਕਸ ਲਿਆ ਅਤੇ ਗਲੱਬ ਉੱਪਰ ਨੂੰ ਖਿੱਚੇ। ਉਹ ਡੈਸਕ 'ਤੇ ਪਏ ਹੈਂਡ ਸੈਨੇਟਾਈਜ਼ਰ ਵੱਲ ਝਾਕੀ, ਜੋ ਅਜੇ ਉੱਥੇ ਹੀ ਪਿਆ ਸੀ। ਨਹੀਂ ਤਾਂ ਕੋਈ ਨਾ ਕੋਈ ਨਰਸ ਝੱਟ ਚੁੱਕ ਕੇ ਲੈ ਜਾਂਦੀ ਸੀ। ਹਰ ਥਾਂ ਮਾਸਕਾਂ ਤੇ ਹੈਂਡਸੈਨੇਟਾਈਜ਼ਰਾਂ ਦੀ ਕਿੱਲਤ ਆ ਚੁੱਕੀ ਸੀ।

ਉਹ ਆਪਣੇ ਬਚਾਅ ਲਈ ਪੂਰੀ ਤਰ੍ਹਾਂ ਤਿਆਰ ਸੀ। ਜ਼ਿੰਦਗੀ ਦਾ ਯੁੱਧ ਲੜਨ ਲਈ ਹੁਣ ਏਹੋ ਤਾਂ ਹਥਿਆਰ ਬਚੇ ਸਨ, ਗਲੱਬ, ਮਾਸਕ ਅਤੇ ਹੈਂਡਸੈਨਟਾਈਜ਼ਰ।

ਉਸਦੇ ਚਿਹਰੇ ਦਾ ਪ੍ਰਭਾਵ ਤੇ ਵਿਵਿਹਾਰ ਇਕ ਦਮ ਬਦਲ ਗਏ। ਜਿਵੇਂ ਮੈਂ ਉਸ 'ਤੇ ਕੋਈ ਹਮਲਾ ਕਰਨ ਵਾਲਾ ਹੋਵਾਂ। ਭਾਵ ਬਾਇਉ ਅਟੈਕ...। ਉਸ ਨੇ ਅੱਖਾਂ 'ਤੇ ਲਾਈ ਸੁਰੱਖਿਆ ਐਨਕ ਹੋਰ ਕਸ ਲਈ ਅਤੇ ਦੋ ਮੀਟਰ ਦੀ ਦੂਰੀ ਬਣਾ ਲਈ। ਉਸ ਦੇ ਬਦਲੇ ਰਵਈਏ ਕਾਰਨ ਮੈਂ ਵੀ ਅੰਦਰੋਂ ਥੋੜ੍ਹਾ ਡਰ ਗਿਆ।

ਭਾਰਤ ਤੋਂ ਆ ਕੇ ਤੀਸਰੇ ਦਿਨ ਹੀ ਮੈਨੂੰ ਜ਼ੋਰਦਾਰ ਬੁਖਾਰ ਚੜ੍ਹ ਗਿਆ ਸੀ। ਬਲੈਡਰ ਵਿਚ ਇਨਫੈਕਸ਼ਨ ਸੀ, ਤੇ ਪਿਸ਼ਾਬ ਵਿਚ ਲਹੂ ਆ ਰਿਹਾ ਸੀ। ਪਤਨੀ ਪਹਿਲਾਂ ਹੀ ਖੰਘ, ਜ਼ੁਕਾਮ ਦਾ ਸ਼ਿਕਾਰ ਸੀ, ਤੇ ਉਸਦਾ ਗ਼ਲਾ ਵੀ ਦਰਦ ਕਰਦਾ ਸੀ। ਡਰ ਤਾਂ ਹੋਣਾ ਈ ਸੀ... ਕਰੋਨਾ ਵਾਇਰਸ ਨੇ ਪੂਰੀ ਦੁਨੀਆਂ ਵਿਚ ਤਰਥੱਲ ਮਚਾਇਆ ਹੋਇਆ ਸੀ। ਇਸ ਨੂੰ ਹੁਣ ਕੋਵਿਡ-19 ਮਹਾਂਮਾਰੀ ਕਿਹਾ ਜਾ ਰਿਹਾ ਸੀ। ਤੇ ਹਰ ਪਾਸੇ ਮੌਤ ਦਾ ਭੈਅ ਪਸਰਨ ਲੱਗਾ ਸੀ।

"ਪਲੀਜ਼ ਸਟੇਅ ਅਵੇ...ਆਈ ਮੀਨ ਕੀਪ ਏ ਫਿਜ਼ੀਕਲ ਡਿਸਟੈਂਸ। ਆਈ ਐਮ ਬਰਿੰਗਇੰਗ ਪ੍ਰੈਟੈਕਟਿਵ ਇਕੁੱਪਮੈਂਟਸ ਫਾਰ ਯੂ"

ਮੈਂ ਪੜ੍ਹਿਆ ਉਸ ਦੀ ਸ਼ਰਟ 'ਤੇ ਟਿਫਨੀ ਵਿਲੀਅਮ ਦਾ ਨੇਮ ਟੈਗ ਲੱਗਾ ਹੋਇਆ ਸੀ ਤੇ ਦੇਖਣ ਨੂੰ ਉਹ ਜਮੀਕਣ ਮੂਲ ਦੀ ਔਰਤ ਜਾਪਦੀ ਸੀ।

ਉਹ ਫਟਾ ਫਟ ਮੇਰੇ ਲਈ ਫੇਸ ਮਾਸਕ, ਗਲੱਬ ਅਤੇ ਬਾਡੀ ਸੂਟ ਲੈ ਆਈ। ਉਸ ਨੇ ਇਹ ਤੁਰੰਤ ਪਹਿਨਣ ਨੂੰ ਕਿਹਾ। ਉਸ ਦੀ ਖਿੱਝ ਮੈਨੂੰ ਸਪਸ਼ਟ ਨਜ਼ਰ ਆ ਰਹੀ ਸੀ, ਜਦੋਂ ਉਹ ਛੋਟੀ ਜਿਹੀ ਗੱਲ ਤੋਂ ਸਿਰ ਮਾਰਨ ਲੱਗ ਪੈਂਦੀ। ਜਿਵੇਂ ਉਸ ਦਾ ਕਿਸੇ ਵੱਡੀ ਆਫਤ ਨਾਲ ਵਾਹ ਪੈ ਗਿਆ ਹੋਵੇ। ਮੈਨੂੰ ਜਾਪਿਆ ਜਿਵੇਂ ਮੈਂ ਕੋਈ ਖਤਰਨਾਕ ਬੰਦਾ ਹੋਵਾਂ।

"ਕਮ ਐਂਡ ਫਾਲੋ ਮੀ", ਉਹ ਇਸ਼ਾਰਾ ਕਰਦੀ ਬੋਲੀ।

ਉਹ ਮੈਨੂੰ ਹਾਲਵੇਅ ਵਿਚ, ਆਪਣੇ ਪਿੱਛੇ ਤੁਰਨ ਲਈ ਆਖ ਰਹੀ ਸੀ। ਜਲਦੀ ਹੀ ਅਸੀਂ ਇਕ ਕਮਰੇ ਅੱਗੇ ਆ ਗਏ, ਜਿਸ 'ਤੇ ਆਈਸੋਲੇਸ਼ਨ ਰੂਮ ਲਿਖਿਆ ਹੋਇਆ ਸੀ। ਇਹ ਕਮਰਾ ਪਹਿਲੀ ਵਾਰ ਮੇਰੇ ਲਈ ਹੀ ਖੁੱਲ੍ਹਣਾ ਸੀ। ਦਰਅਸਲ ਇਸ ਹਸਪਤਾਲ ਵਿਚ ਪਹਿਲੇ ਦਿਨ ਹੀ ਕੋਵਿਡ-19 ਚੈੱਕਅੱਪ ਸੈਂਟਰ ਖੋਲ੍ਹਿਆ ਗਿਆ ਸੀ। ਮੈਨੂੰ ਲੱਗਿਆ ਜਿਵੇਂ ਮੈਂ ਹੀ ਪਹਿਲਾ ਮਰੀਜ਼ ਹੋਵਾਂ, ਜੋ ਹਸਪਤਾਲ ਖੁੱਲ੍ਹਣ ਸਾਰ ਆ ਗਿਆ ਸੀ।

ਟੈਲੀਵੀਜਨ 'ਤੇ ਖਬਰਾਂ ਬਹੁਤ ਡਰਾਉਣੀਆਂ ਸਨ। ਕੈਨੇਡਾ ਵੀ ਇਸ ਮਹਾਂਮਾਰੀ ਦੀ ਲਪੇਟ ਵਿਚ ਆ ਗਿਆ ਸੀ ਤੇ ਮਰੀਜ਼ਾਂ ਦੀ ਗਿਣਤੀ ਦੇ ਨਾਲ ਨਾਲ ਮੌਤਾਂ ਦੀ ਗਿਣਤੀ ਵੀ ਵਧਣੀ ਸ਼ੁਰੂ ਹੋ ਗਈ ਸੀ। ਇਸ ਕਮਰੇ ਨੂੰ ਵੇਖਦਿਆਂ ਮੇਰੇ ਮਨ ਦਾ ਡਰ ਹੋਰ ਪੱਕਾ ਹੋਣ ਲੱਗਾ।

ਸੁਣਿਆ ਸੀ ਕਿ ਇਹ ਬਲਾ ਪੰਜਾਹ ਸਾਲ ਤੋਂ ਉੱਪਰ ਵਾਲੇ ਬੰਦੇ ਨੂੰ ਛੇਤੀ ਚੁੰਬੜਦੀ ਏ।'ਮੈਂ ਵੀ ਤਾਂ ਪੰਜਾਹ ਤੋਂ ਉੱਪਰ ਹੀ ਆਂ', ਮੈਂ ਸੋਚਣ ਲੱਗਿਆ।

ਮੇਰੇ ਜਿਸਮ 'ਚੋਂ ਚੋ ਰਹੀ ਰੱਤ ਮੈਨੂੰ ਹੋਰ ਵੀ ਡਰਾ ਰਹੀ ਸੀ। ਜਦੋਂ ਬੁਖਾਰ ਚੜ੍ਹਨ ਲੱਗਿਆ ਤਾਂ ਮੈਂ ਤੁਰੰਤ ਆਪਣੇ ਫੈਮਲੀ ਡਾਕਟਰ ਕੋਲ਼ ਗਿਆ, ਪਰੰਤੂ ਉਸ ਨੇ ਮੈਨੂੰ ਗੰਭੀਰਤਾ ਨਾਲ ਨਹੀਂ ਸੀ ਲਿਆ, ਬੱਸ ਸਾਧਾਰਨ ਬੁਖਾਰ ਜਾਂ ਫਲੂ ਕਹਿ ਕੇ ਘਰ ਅਰਾਮ ਕਰਨ ਲਈ ਆਖਿਆ ਸੀ। "ਟਾਇਲਨੋਲ ਲੈ ਕੇ ਆਰਾਮ ਕਰੀਂ ਤੇ ਘਰ ਹੀ ਰਹੀਂ। ਤੂੰ ਟਰੈਵਲ ਕੀਤਾ ਹੈ ਤੇ ਕੋਰਨਟੀਨ ਕਰਨਾ ਜ਼ਰੂਰੀ ਹੈ।"ਮੈਂ ਨਹੀਂ ਸੀ ਸਮਝਿਆ ਕਿ ਇਹ ਕੋਰਨਟੀਨ ਕੀ ਬਲਾ ਹੈ, ਪਰੰਤੂ ਉਸ ਤੋਂ ਬਾਅਦ ਤਾਂ ਟੈਲੀਵੀਯਨ ਚੈਨਲਾਂ 'ਤੇ ਇਹ ਸ਼ਬਦ ਚਿੱਥਿਆ ਜਾਣ ਲੱਗਾ। ਕੈਨੇਡਾ ਸਰਕਾਰ ਨੇ ਬਾਹਰੋਂ ਆਏ ਹਰ ਬੰਦੇ ਨੂੰ ਚੌਦਾਂ ਦਿਨ ਲਈ ਕੋਰਨਟੀਨ ਕਰਨ ਦੇ ਹੁਕਮ ਦਿੱਤੇ ਹੋਏ ਸਨ। ਸ਼ਹਿਰਾਂ ਵਿਚ ਸੰਕਟ ਸਥਿਤੀ ਲੱਗਣ ਵਾਲੀ ਸੀ। ਮੈਂ ਸੋਚਦਾ ਸੀ ਕਿ ਬੁਖਾਰ ਚੜ੍ਹਨ ਦਾ ਕਾਰਨ ਕੋਈ ਤਾਂ ਹੋਵੇਗਾ? ਇਹ ਹਵਾਈ ਉਡਾਣ ਦਾ ਥਕੇਵਾਂ ਨਹੀਂ ਹੋ ਸਕਦਾ।

ਜਦੋਂ ਰਾਤ ਨੂੰ ਰੱਤ ਵਗਣ ਲੱਗੀ, ਤਾਂ ਮੇਰਾ ਸ਼ਿੰਗਲਜ਼ ਨਿਕਲਣ ਵਾਲਾ ਅੰਦਾਜ਼ਾ ਝੂਠ ਸਾਬਤ ਹੋਇਆ ਤੇ ਮੈਨੂੰ ਜਾਪਿਆ ਕਿ ਇਹ ਤਾਂ ਬਲੈਡਰ ਇਨਫੈਕਸ਼ਨ ਹੋ ਸਕਦੀ ਹੈ। ਪਰੰਤੂ ਸਾਰਾ ਪਰਿਵਾਰ ਭੈਅਭੀਤ ਹੋ ਗਿਆ ਸੀ ਕਿ ਹੋ ਸਕਦਾ ਹੈ ਕਰੋਨਾ ਵਾਇਰਸ ਚੁੰਬੜ ਗਿਆ ਹੋਵੇ? ਮੈਨੂੰ ਕਿਹਾ ਗਿਆ ਕਿ ਕਿਤੇ ਬਾਕੀਆਂ ਨੂੰ ਵੀ ਨਾ ਹੋ ਜਾਵੇ, ਤੁਸੀਂ ਤੁਰੰਤ ਚੈੱਕ ਅੱਪ ਲਈ ਹਸਪਤਾਲ ਜਾਵੋ। ਪਰ ਅੱਧੀ ਰਾਤ ਤਾਂ ਉਹ ਥਾਂ ਹੀ ਬੰਦ ਸੀ, ਜਿੱਥੇ ਕੋਵਡ ਪਰਖ ਸੈਂਟਰ ਖੁੱਲ੍ਹਣਾ ਸੀ। ਮੈਂ ਫੈਸਲਾ ਕੀਤਾ ਕਿ ਉੱਠਣ ਸਾਰ ਮੈਂ ਵਿਲੀਅਮ ਓਸਲਰ ਹਸਪਤਾਲ ਚਲਾ ਜਾਵਾਂਗਾ। ਸਾਰੀ ਰਾਤ ਮੇਰਾ ਹਾਲ ਪਿੰਜਰੇ ਪਏ ਪੰਛੀ ਵਾਂਗ ਰਿਹਾ। ਸਵੇਰੇ ਉੱਠਣ ਸਾਰ ਹੀ ਮੈਂ ਬੇਟੇ ਨੂੰ ਲੈ ਕੇ ਸੈਂਟਰ ਖੁੱਲ੍ਹਣ ਤੋਂ ਅੱਧਾ ਘੰਟਾ ਪਹਿਲਾਂ ਹੀ ਉੱਥੇ ਜਾ ਪੁੱਜਾ।

"ਯੂ ਗਾਈਜ਼ ਸਟੇਅ ਹੀਅਰ, ਡੌਂਟ ਟੱਚ ਐਨੀਥਿੰਗ। ਡੌਂਟ ਰਿਮੂਵ ਯੂਅਰ ਮਾਸਕ ਐਂਡ ਗਲੱਬਜ਼"

ਨਿੱਜੀ ਸੁਰੱਖਿਆ ਸਾਮਾਨ ਨਾਲ ਲੱਦੀ ਨਰਸ ਸਮਝਾ ਰਹੀ ਸੀ। ਉਸ ਨੇ ਦੱਸਿਆ ਕਿ ਜਦੋਂ ਵੀ ਫੋਨ ਵੱਜੇਗਾ ਚੁੱਕ ਲੈਣਾ, ਕਿਉਂਕਿ ਹੁਣ ਕੋਈ ਵੀ ਤੁਹਾਡੇ ਨਾਲ ਗੱਲ ਕਰਨ ਨਹੀਂ ਆਵੇਗਾ। ਬਾਕੀ ਜਾਣਕਾਰੀ ਡਾਕਟਰ ਜਾਂ ਨਰਸ ਫੋਨ 'ਤੇ ਹੀ ਲੈਣਗੇ। ਉਸ ਤੋਂ ਬਾਅਦ ਕਮਰੇ ਦੀ ਹਰ ਝੀਥ ਬੰਦ ਕਰ ਦਿੱਤੀ ਗਈ। ਵਾਸ਼ਰੂਮ ਜਾਣ ਦਾ ਸਪੈਸ਼ਲ ਢੰਗ ਸਮਝਾਇਆ ਗਿਆ ਤਾਂ ਕਿ ਅਸੀਂ ਆਪਣਾ ਵਾਇਰਸ ਕਿਤੇ ਹੋਰ ਨਾ ਛੱਡ ਦੇਈਏ। ਸਾਨੂੰ ਆਪਣਾ ਆਪ ਕਾਲ ਕੋਠੜੀ ਵਿਚ ਫਸੇ ਕੈਦੀ ਵਰਗਾ ਜਾਪਿਆ, ਜਿਨ੍ਹਾਂ ਨੂੰ ਫਾਂਸੀ ਦੇਣ ਲਈ ਲਿਜਾਣਾ ਹੋਵੇ।

'ਮੌਤ ਦਾ ਡਰ ਇਕੋ ਜਿਹਾ ਹੀ ਹੁੰਦਾ ਹੈ, ਫਾਂਸੀ ਹੋਵੇ ਜਾਂ ਵਾਇਰਸ... ਕੀ ਫਰਕ ਪੈਂਦਾ ਏ?' ਮੈਂ ਸੋਚਣ ਲੱਗਿਆ।

"ਇਹ ਹਸਪਤਾਲ ਗਰੇਟਰ ਟੋਰਾਂਟੋ ਏਰੀਏ ਦੇ ਬਰੈਂਪਟਨ ਸ਼ਹਿਰ ਵਿਚ ਪੈਂਦਾ ਸੀ। ਕਦੇ ਇਹ ਸ਼ਹਿਰ ਦਾ ਇਕਲੌਤਾ ਹਸਪਤਾਲ ਹੁੰਦਾ ਸੀ। ਉਦੋਂ ਅਜੇ ਬਰੈਂਪਟਨ ਸ਼ਹਿਰ ਵੀ ਐਨਾ ਨਹੀਂ ਸੀ ਫੈਲਿਆ।" ਮੇਰੇ ਤਿੰਨੋਂ ਬੱਚਿਆਂ ਦੇ ਜਨਮ ਇਸੇ ਹਸਪਤਾਲ ਵਿਚ ਹੋਏ ਸਨ। ਨਾਲ ਆਏ ਬੇਟੇ ਨੂੰ ਮੈਂ ਇਹ ਸਾਰੀ ਕਹਾਣੀ ਸੁਣਾਉਂਦਾ ਰਿਹਾ। ਤੇ ਉਸਦਾ ਜਨਮ ਵਾਲਾ ਕਮਰਾ ਵੀ ਦੱਸਦਾ ਰਿਹਾ ਜੋ ਅਜੇ ਤਕ ਮੈਨੂੰ ਯਾਦ ਸੀ। ਪਿਛਲੇ ਤੀਹ ਸਾਲ ਵਿਚ ਸ਼ਹਿਰ ਦਾ ਬਹੁਤ ਕੁੱਝ ਬਦਲ ਚੁੱਕਾ ਸੀ। ਸ਼ਹਿਰ ਫੈਲਦਾ ਫੈਲਦਾ ਦੂਸਰੇ ਸ਼ਹਿਰਾਂ ਵਿਚ ਜਾ ਵੜਿਆ ਸੀ। ਦੂਸਰੇ ਦੇਸ਼ਾਂ ਤੋਂ ਆਏ ਲੋਕਾਂ ਕਾਰਨ, ਸ਼ਹਿਰ ਦੀ ਆਬਾਦੀ ਦਸ ਗੁਣਾ ਵਧ ਚੁੱਕੀ ਹੈ। ਸ਼ਹਿਰ ਕੋਲ਼ ਅਜੇ ਵੀ ਇਕੋ ਹੀ ਹਸਪਤਾਲ ਹੈ। ਉਡੀਕ ਘਰਾਂ ਵਿਚ ਭੀੜਾਂ ਬਹੁਤ ਵਧ ਗਈਆਂ ਨੇ। ਸੰਕਟ ਕਾਲ ਵਿਚ ਉਡੀਕ ਦਾ ਸਮਾਂ ਅੱਠ ਘੰਟੇ ਹੋ ਗਿਆ ਹੈ। ਸਰਕਾਰ ਨੇ ਇਹ ਹਸਪਤਾਲ ਬੰਦ ਕਰ ਦਿੱਤਾ ਸੀ ਤੇ ਇਸ ਨੂੰ ਢਾਹੁਣ ਦੇ ਆਦੇਸ਼ ਦੇ ਦਿੱਤੇ ਸਨ। ਪਰੰਤੂ ਇਹ ਤਾਂ ਸ਼ਹਿਰ ਵਾਸੀਆਂ ਦੇ ਸੰਘਰਸ਼ ਦੀ ਦਾਦ ਦੇਣੀ ਬਣਦੀ ਹੈ, ਜਿਨ੍ਹਾਂ ਸਰਕਾਰ ਦੇ ਨੱਕ ਵਿਚ ਦਮ ਕਰ ਦਿੱਤਾ ਸੀ। ਇਸ ਨੂੰ ਮੁੜ ਤੋਂ ਨਵਿਆਇਆ ਗਿਆ ਤੇ ਟੈਕਸ ਦੇਣ ਵਾਲਿਆਂ ਦੀ ਮੰਨ ਲਈ ਗਈ। ਇਸ ਨੂੰ ਡੇਅ ਸਰਜਰੀ ਸੈਂਟਰ ਤੇ ਐਮਰਜੈਂਸੀ ਵਾਰਡ ਵਿਚ ਤਬਦੀਲ ਕਰ ਦਿੱਤਾ ਗਿਆ।

ਬੇਟਾ ਮੇਰੀਆਂ ਗੱਲਾਂ ਸੁਣ ਸੁਣ ਹੈਰਾਨ ਹੋ ਰਿਹਾ ਸੀ। ਪਹਿਲਾਂ ਤਾਂ ਇਸ ਤਰ੍ਹਾਂ ਇਕੱਠੇ ਬੈਠ ਕੇ ਗੱਲਾਂ ਕਰਨ ਦਾ ਸਾਨੂੰ ਕਦੇ ਮੌਕਾ ਹੀ ਨਹੀਂ ਸੀ ਮਿਲਿਆ। ਕੋਵਿਡ-19 ਕਾਹਦਾ ਫੈਲਿਆ, ਸਮੇਂ ਦਾ ਤੇਜ਼ ਚੱਲ ਰਿਹਾ ਪਹੀਆ ਹੀ ਜਿਵੇਂ ਰੁਕ ਗਿਆ ਹੋਵੇ।

ਸ਼ੀਸ਼ਿਆਂ ਦੇ ਬਾਹਰ ਲੋਕਾਂ ਦਾ ਆਉਣ ਜਾਣ ਵਧ ਗਿਆ ਸੀ। ਕੋਈ ਘੰਟੇ ਦੀ ਉਡੀਕ ਤੋਂ ਬਾਅਦ ਉਹ ਹੀ ਨਰਸ ਉਸੇ ਤਰ੍ਹਾਂ ਨਿੱਜੀ ਸੁਰੱਖਿਆ ਪ੍ਰਬੰਧਾਂ ਵਿਚ ਲਿਪਟੀ ਬੜੇ ਅਹਿਤਿਆਤ ਨਾਲ ਅੰਦਰ ਆਈ। ਨਰਸ ਦੀ ਬਜਾਏ ਉਹ ਪੁਲਾੜ ਯਾਤਰੂ ਵਧੇਰੇ ਲੱਗ ਰਹੀ ਸੀ। ਇਸ ਵਾਰ ਉਹ ਮੇਰੇ ਸਰੀਰ ਦਾ ਤਾਪਮਾਨ ਚੈੱਕ ਕਰਨ ਆਈ ਸੀ। ਉਸਨੇ ਮੋਨੀਟਰ ਦੀ ਸਕਰੀਨ ਮੇਰੇ ਵੱਲ ਘੁਮਾ ਦਿੱਤੀ। ਮੇਰਾ ਤਾਪਮਾਨ ਤੇ ਲਹੂ ਦਾ ਦਬਾਅ ਚੈੱਕ ਕਰਕੇ ਉਹ ਬੋਲੀ,

"ਮਿਸਟਰ ਸੈਂਡੀਪ ਟੈਂਪਰੇਚਰ ਇਜ਼ 42.1...। ਲੋਅਰ ਬਲੱਡ ਪ੍ਰੈਸ਼ਰ ਇਜ਼ 92...ਐਂਡ ਅੱਪਰ ਵਨ ਇਜ਼...ਵੱਨ ਥਰਟੀਏਟ....ਲਿਟਲਬਿਟ ਹਾਇਰ...ਵੇਟ ਫਾਰ ਦਾ ਡਾਕਟਰ"

ਕਹਿੰਦੀ, ਉਹ ਕਮਰੇ ਨੂੰ ਮੁੜ ਤੋਂ ਬੰਦ ਕਰਦੀ ਬਾਹਰ ਚਲੀ ਗਈ। ਮੈਨੂੰ ਲੱਗੇ ਹੋਏ ਮਾਸਕ ਕਾਰਨ ਉਸ ਦੇ ਹਾਵਭਾਵ ਨਜ਼ਰ ਨਾ ਆਏ। ਬਾਹਰ ਨਿੱਕਲਣ ਸਾਰ, ਜਿਸ ਤਰ੍ਹਾਂ ਉਸ ਨੇ ਗਲੱਬ ਲਾਹ ਕੇ ਕੂੜੇਦਾਨ ਵਿਚ ਸੁੱਟੇ ਸਨ, ਉਸ ਤੋਂ ਮੈਨੂੰ ਉਹ ਕਾਫੀ ਖਿਝੀ ਹੋਈ ਜਾਪੀ। ਸ਼ਾਇਦ ਉਸ ਦੇ ਅੰਦਰ ਵੀ ਕੋਈ ਡਰ ਸੀ। ਸ਼ਾਇਦ ਨੌਕਰੀ ਕਰਨਾ ਉਸ ਦੀ ਮਜਬੂਰੀ ਹੋਵੇ।

ਫੇਰ ਅੱਧੇ ਕੁ ਘੰਟੇ ਬਾਅਦ ਫੋਨ ਖੜਕਿਆ, ਜੋ ਦਿੱਤੀ ਹੋਈ ਹਦਾਇਤ ਅਨੁਸਾਰ ਮੈਂ ਚੁੱਕ ਲਿਆ। ਅੱਗੇ ਤੋਂ ਕੋਈ ਡਿਨੀਸ਼ ਨਾਂ ਦੀ ਨਰਸ ਬੋਲ ਰਹੀ ਸੀ। ਜਿਸ ਨੇ ਫੋਨ 'ਤੇ ਹੀ ਮੇਰੇ ਬਾਰੇ ਸਾਰੀ ਜਾਣਕਾਰੀ ਲਈ। ਹੋਰ ਤਾਂ ਹੋਰ ਮੇਰੇ ਹੈਲਥ ਕਾਰਡ ਦਾ ਨੰਬਰ ਵੀ ਫੋਨ 'ਤੇ ਹੀ ਲਿਆ। ਉਹ ਹਸਪਤਾਲ ਦਾਖਲੇ ਦਾ ਟੈਗ ਬਣਾਉਣ ਲਈ ਜਾਣਕਾਰੀ ਲੈ ਰਹੀ ਸੀ, ਜਿਸ ਨੂੰ ਮੇਰੇ ਬਾਂਹ ਵਿਚ ਪਾਏ ਜਾਣ ਤੋਂ ਬਾਅਦ ਹੀ ਡਾਕਟਰ ਨੇ ਮੇਰੇ ਕਮਰੇ ਵਿਚ ਆਉਣਾ ਸੀ।

ਮੈਂ ਸੋਚਣ ਲੱਗਿਆ, 'ਮਨਾ ਕਿਹੋ ਜਿਹੇ ਦਿਨ ਆ ਗਏ ਨੇ, ਬੰਦੇ ਨੂੰ ਬੰਦੇ ਤੋਂ ਹੀ ਡਰ ਲੱਗਣ ਲੱਗ ਪਿਆ ਏ।' ਜਿਵੇਂ ਮੈਂ ਕਿਸੇ ਡਰਾਉਣੀ ਫਿਲਮ ਦੇ ਦ੍ਰਿਸ਼ ਵੇਖ ਰਿਹਾ ਹੋਵਾਂ।

ਮੈਂ ਕਿੰਨੀ ਹੀ ਦੇਰ ਕੰਧਾਂ ਨੂੰ ਘੂਰਦਾ ਰਿਹਾ। ਬੇਟਾ ਅਵਨੀਤ ਫੋਨ 'ਤੇ ਲੱਗ ਗਿਆ ਸੀ। ਪਤਾ ਨਹੀਂ ਖਬਰਾਂ ਪੜ੍ਹ ਰਿਹਾ ਸੀ ਜਾਂ ਕੋਈ ਸੋਸ਼ਲ ਸਾਈਟ ਦੇਖ ਰਿਹਾ ਸੀ। ਕਦੇ ਕਦੇ ਉਸਦੀਆਂ ਉਂਗਲਾਂ ਫੋਨ 'ਤੇ ਟੱਪਦੀਆਂ, ਸ਼ਾਇਦ ਆਪਣੇ ਕੰਮ ਵਾਲਿਆਂ ਨੂੰ ਕੋਈ ਬਿਜਲਈ ਸੁਨੇਹਾ ਭੇਜ ਰਿਹਾ ਹੋਵੇ। ਸ਼ਾਇਦ ਕੰਮ ਵਾਲੇ ਮੇਰੇ ਕਰਕੇ, ਉਸ ਨੂੰ ਕੰਮ ਤੋਂ ਆਉਣੋ ਹੀ ਮਨ੍ਹਾ ਕਰ ਦੇਣ। ਹਰ ਕੋਈ ਬੇਹੱਦ ਡਰਿਆ ਹੋਇਆ ਸੀ। ਇਕ ਬਿਮਾਰ ਬੰਦਾ ਸਭ ਨੂੰ ਲਪੇਟ ਸਕਦਾ ਸੀ ਤੇ ਫੇਰ ਹਰ ਕਿਸੇ ਨੂੰ ਕੋਰਿਨਟੀਨ ਕਰਨੀ ਪੈਣੀ ਸੀ।

ਮੈਨੂੰ ਵਾਸ਼ਰੂਮ ਜਾਣ ਦੀ ਹਾਜਤ ਹੋਈ। ਇਹ ਬੜਾ ਕਠਿਨ ਸਮਾਂ ਸੀ। ਨਰਸ ਵੱਲੋਂ ਸਖਤ ਹਦਾਇਤਾਂ ਸਨ। ਮੈਂ ਸੁਰੱਖਿਆ ਉਪਕਰਨਾਂ ਵਿਚ ਕੈਦ, ਕਿਸੇ ਵੀ ਚੀਜ਼ ਨੂੰ ਛੂਹ ਨਹੀਂ ਸੀ ਸਕਦਾ। ਨਰਸ ਦੀ ਹਦਾਇਤ ਅਨੁਸਾਰ ਹਰ ਚੀਜ਼ ਨੂੰ ਛੂਹਣ ਤੋਂ ਬਾਅਦ ਹੱਥ ਸੈਨੇਟਾਈਜ਼ ਕਰਨੇ ਪੈਣੇ ਸਨ। ਮੇਰੇ ਲਈ ਡੋਰ ਹੈਂਡਲ, ਟੂਟੀ, ਟੁਆਇਲਟ ਬਟਨ, ਸਭ ਜਿਵੇਂ ਉੱਡਣੇ ਸੱਪ ਬਣ ਗਏ ਸਨ। ਜੋ ਕਦੇ ਵੀ ਮੇਰੇ ਡੰਗ ਮਾਰ ਸਕਦੇ ਸਨ।

ਹੱਥ ਧੋਂਦਾ ਤੇ ਸੈਨੇਟਾਈਜ਼ ਕਰਦਾ ਜਿਵੇਂ ਮੈਂ ਕਮਲ਼ਾ ਹੋ ਗਿਆ ਹੋਵਾਂ। ਪਤਾ ਨਹੀਂ ਸੀ ਲੱਗਦਾ ਕਿਹੜਾ ਦੁਸ਼ਮਣ ਮੇਰੇ ਪਿੱਛੇ ਪੈ ਗਿਆ ਸੀ। ਇਕ ਅਦਿੱਖ ਵਿਸ਼ਾਣੂ ਨੇ ਇਕੀਵੀਂ ਸਦੀ ਦੀ ਤਰੱਕੀ ਭਰਪੂਰ ਸੱਭਿਅਤਾ ਨੂੰ ਅੰਗੂਠਾ ਦਿਖਾ ਦਿੱਤਾ ਸੀ।

ਅੱਕੇ ਬੈਠੇ ਨੂੰ ਮੈਨੂੰ ਜਾਪਿਆ, ਜਿਵੇਂ ਮੈਂ ਕਿਸੇ ਹੋਰ ਗ੍ਰਹਿ ਦਾ ਵਾਸੀ ਹੋਵਾਂ। ਜਿਵੇਂ ਕਿਸੇ ਏਲੀਅਨ ਨੂੰ ਧਰਤ ਵਾਸੀਆਂ ਨੇ ਪਕੜ ਕੇ ਬੰਦ ਕਰ ਦਿੱਤਾ ਹੋਵੇ। ਮੈਨੂੰ ਆਪਣਾ ਆਪ ਬਹੁਤ ਕਮਜ਼ੋਰ ਜਾਪਿਆ। ਤੇ ਵਿਸ਼ਾਣੂ ਹਮਲਾ ਪਰਮਾਣੂ ਹਮਲੇ ਤੋਂ ਵੀ ਕਿਤੇ ਵੱਧ ਖਤਰਨਾਕ...। ਮਨੁੱਖੀ ਵਿਕਾਸ ਨੂੰ ਜਿਵੇਂ ਕਿਸੇ ਨੇ ਟੀਸੀ ਤੋਂ ਧੱਕਾ ਦੇ ਦਿੱਤਾ ਹੋਵੇ।

ਮੇਰੀ ਜਾਨ ਦਾ ਪੁਨੂੰ, ਕਦੇ ਵੀ ਮੈਨੂੰ ਅਲਵਿਦਾ ਕਹਿ ਸਕਦਾ ਸੀ। ਜਿਵੇਂ ਊਠਾਂ ਵਾਲੇ ਬਲੋਚ ਬਣ ਕੇ ਵਿਸ਼ਾਣੂ ਮੇਰੇ ਜਿਸਮ ਦੁਆਲ਼ੇ ਘੁੰਮਦੇ ਹੋਣ।

"ਹੁਣ ਤਕ ਭਲਾਂ ਕਿੰਨੇ ਕੁ ਵਾਇਰਸ ਅਤੇ ਮਹਾਂਮਾਰੀਆਂ ਆ ਚੁੱਕੇ ਨੇ?" ਮੈਂ ਸਰਸਰੀ ਆਪਣੇ ਪੁੱਤਰ ਨੂੰ ਪੁੱਛਿਆ।

ਉਸਦੀਆਂ ਉਂਗਲਾਂ ਫੋਨ ਦੇ ਕੀਅ-ਬੋਰਡ 'ਤੇ ਥਿਰਕੀਆਂ। ਉਹ ਗੂਗਲ ਬੇਬੇ ਤੋਂ ਪੁੱਛਦਾ ਬੋਲਿਆ, "ਪਲੇਗ, ਸਪੈਨਿਸ਼ ਫਲੂ, ਚਿਕਨ ਪੌਕਸ, ਮਲੇਰੀਆ, ਹੈਜ਼ਾ, ਪੋਲੀਉ ਪੁਰਾਣੇ ਸਨ ਤੇ ਹੁਣ ਵਾਲਿਆਂ ਵਿਚ ਇਬੋਲਾ, ਜ਼ੀਕਾ, ਸਾਰਸ, ਐੱਚ ਵਨ ਐੱਨ ਵਨ, ਕਈ ਹੋਰ ਤੇ ਹੁਣ ਕੋਵਿਡ-19 ਆ ਗਿਆ।"

ਮੇਰੇ ਲਈ ਉਡੀਕ ਦਾ ਸਮਾਂ, ਸਜ਼ਾ ਬਣਦਾ ਜਾ ਰਿਹਾ ਸੀ। ਮੈਂ ਉਨ੍ਹਾਂ ਲੋਕਾਂ ਬਾਰੇ ਸੋਚਣ ਲੱਗਿਆ ਜੋ ਅੱਠ ਅੱਠ ਘੰਟੇ ਐਮਰਜੈਂਸੀ ਵਿਚ ਵਾਰੀ ਉਡੀਕਦੇ ਨੇ।

ਮੇਰੇ ਚੈੱਕ ਅੱਪ ਲਈ ਸਟਰੈਚਰ ਤਿਆਰ ਸੀ। ਇਸ ਦੀਆਂ ਸ਼ੀਟਾਂ ਬਦਲ ਦਿੱਤੀਆਂ ਗਈਆਂ ਸਨ। ਹੁਣ ਡਾਕਟਰ ਕਦੇ ਵੀ ਆ ਕੇ ਮੈਨੂੰ ਟੈੱਸਟ ਕਰ ਸਕਦਾ ਸੀ, ਜਿਵੇਂ ਕੋਈ ਅਪਰਾਧੀ ਕਿਸੇ ਜੱਜ ਦੇ ਫੈਸਲੇ ਦੀ ਉਡੀਕ ਕਰਦਾ ਹੋਵੇ।

ਮੈਂ ਸੋਚਾਂ ਵਿਚ ਡੁੱਬ ਗਿਆ। ਹਸਪਤਾਲ ਵੀ ਰਾਜਨੀਤੀ ਦਾ ਸ਼ਿਕਾਰ ਹੋ ਗਏ ਸਨ। ਵੋਟਾਂ ਵਟੋਰਨ ਵਾਲੇ ਇਨ੍ਹਾਂ ਨੂੰ ਝੁਰਲੂ ਬਣਾ ਕੇ ਵਰਤ ਰਹੇ ਸਨ। ਤੇ ਏਧਰ ਮਹਾਂ ਸ਼ਕਤੀਆਂ ਦਾ ਟਕਰਾ ਸੀ।

'ਸਾਨ੍ਹਾਂ ਦਾ ਭੇੜ ਕਤੂਰਿਆਂ ਦੀ ਮੌਤ', ਮੇਰੇ ਅੰਦਰੋਂ ਕੋਈ ਬੋਲਿਆ ਸੀ।

ਮੈਂ ਬੈਠਾ ਕੰਧਾਂ ਨੂੰ ਘੂਰਦਾ ਰਿਹਾ।

ਹਾਲਵੇਅ ਵਿਚ ਗਾਊਨਾਂ ਵਾਲੇ ਲੋਕਾਂ ਦੀ ਭੀੜ ਵਧਣ ਲੱਗੀ। ਮੈਨੂੰ ਸ਼ੀਸ਼ੇ ਵਿਚ ਬੱਚੇ ਵਿਲਕਦੇ ਵਿਖਾਈ ਦੇ ਰਹੇ ਸਨ। ਕਮਰੇ ਵਾਲੇ ਫੋਨ 'ਤੇ ਨਰਸ ਦਾ ਪੇਜ ਆਇਆ, "ਸੌਰੀ ਫਾਰ ਦਾ ਲੌਂਗ ਵੇਟ ...ਦਾ ਡਾਕਟਰ ਇਜ਼ ਵੈਰੀ ਬਿਜ਼ੀ ...ਹੀ ਵਿੱਲ ਕਮ ਸੂਨ। ਇਫ ਯੂ ਯੂਜ਼ ਦਾ ਵਾਸ਼ਰੂਮ ਡੌਂਟ ਫਾਰਗੈੱਟ ਟੂ ਸੈਨੇਟਾਈਜ਼ ਯੂਅਰ ਹੈਂਡਜ਼...ਪਲੀਜ਼ ਵੇਟ।"

ਮੈਨੂੰ ਆਪਣੀ ਦਾਦੀ ਯਾਦ ਆਈ ਜਿਸ ਦਾ ਸਾਰਾ ਪਰਿਵਾਰ ਪਲੇਗ ਨਾਲ ਮਾਰਿਆ ਗਿਆ ਸੀ। ਮੇਰੀ ਦਾਦੀ ਬਚ ਗਈ ਸੀ, ਜਿਸ ਨੂੰ ਮੇਰੇ ਦਾਦੇ ਨੇ ਹਮਦਰਦੀ ਵਸ ਵਿਆਹ ਲਿਆਂਦਾ ਸੀ। ਉਸ ਦੀ ਇਕ ਲੱਤ ਪਲੇਗ ਦੇ ਹਮਲੇ ਕਾਰਨ ਮੋਟੀ ਤੇ ਬੇਢਬੀ ਹੋ ਗਈ ਸੀ। ਜੋ ਉਹ ਰੋ ਰੋ ਕੇ ਹਰ ਕਿਸੇ ਨੂੰ ਵਿਖਾਉਂਦੀ ਰਹਿੰਦੀ ਤੇ ਕਹਿੰਦੀ, "ਇਹਦੇ ਨਾਲੋਂ ਤਾਂ ਮੈਂ ਵੀ ਮਰ ਹੀ ਜਾਂਦੀ।"

ਉਹ ਆਪਣੇ ਮਾਪਿਆਂ ਤੇ ਮੋਏ ਭੈਣਾਂ ਭਰਾਵਾਂ ਨੂੰ ਯਾਦ ਕਰਦੀ ਰਹਿੰਦੀ। ਲੋਕ ਉਸਦੀ ਕਹਾਣੀ ਸੁਣ ਕੇ ਪਸੀਜੇ ਜਾਂਦੇ, ਪਰ ਪਿੱਠ ਪਿੱਛੇ ਉਸ ਨੂੰ ਮੋਟੀ ਲੱਤ ਵਾਲੀ ਕਹਿੰਦੇ।

ਮੈਨੂੰ ਆਪਣਾ ਨਾਨਾ ਵੀ ਯਾਦ ਆਇਆ ਜਿਸ ਦਾ ਸਾਰਾ ਟੱਬਰ ਪਲੇਗ ਨੇ ਨਿਗਲ਼ ਲਿਆ ਸੀ। ਉਦੋਂ ਉਹ ਬਹੁਤ ਛੋਟਾ ਸੀ। ਸ਼ਰੀਕਾਂ ਨੇ ਉਸ ਦੀ ਸਾਰੀ ਜ਼ਮੀਨ ਜਾਇਦਾਦ ਦੱਬ ਲਈ ਸੀ ਤੇ ਉਸ ਨੂੰ ਮਾਰਨ ਦੀ ਹਰ ਸੰਭਵ ਕੋਸ਼ਿਸ਼ ਕੀਤੀ ਸੀ।

'ਮਨੁੱਖ ਕਿਵੇਂ ਐਨਾ ਗਿਰ ਜਾਂਦਾ ਏ?'

ਜੇ ਉਹ ਮਰ ਜਾਂਦਾ ਤਾਂ ਮੈਂ ਵੀ ਕਿੱਥੇ ਹੋਣਾ ਸੀ? ਮੈਨੂੰ ਜਾਪਿਆ ਜਿਵੇਂ ਮੈਂ ਪਲੇਗ ਤੇ ਕੋਵਡ-19 ਵਿਚਾਲੇ ਜੁੜੀ ਕੋਈ ਕੜੀ ਹੋਵਾਂ।

ਅਵਨੀਤ ਅਜੇ ਤਕ ਵੀ ਆਏ ਵਾਇਰਸਾਂ ਬਾਰੇ ਖੋਜ ਕਰੀ ਜਾ ਰਿਹਾ ਸੀ। ਉਹ ਦੱਸ ਰਿਹਾ ਸੀ ਕਿ ਪਲੇਗ ਚੂਹਿਆਂ ਤੋਂ ਆਏ ਵਾਇਰਸ ਕਾਰਨ ਫੈਲੀ ਸੀ, ਤੇ ਘਰਾਂ ਦੇ ਘਰ ਖਾਲੀ ਹੋ ਗਏ ਸਨ। ਪਰ ਉਦੋਂ ਵਿਗਿਆਨ ਤੇ ਡਾਕਟਰੀ ਇਲਾਜ ਨੇ ਏਨੀ ਤਰੱਕੀ ਨਹੀਂ ਸੀ ਕੀਤੀ। ਏਸੇ ਕਰਕੇ ਚੇਚਕ, ਮਲੇਰੀਆ, ਡੇਂਗੂ, ਹੈਜ਼ਾ, ਪੋਲੀਉ ਜਾਨਾਂ ਲੈਂਦੇ ਰਹੇ। ਪਰੰਤੂ ਹੁਣ ਤਾਂ ਦੁਨੀਆਂ ਬਹੁਤ ਐਡਵਾਂਸ ਹੈ। ਜਿਵੇਂ ਬਾਕੀ ਵਾਇਰਸ ਖਤਮ ਕਰ ਦਿੱਤੇ ਨੇ, ਇਸ ਦੀ ਵੀ ਵੈਕਸੀਨ ਆ ਹੀ ਜਾਵੇਗੀ...।

ਉਹ ਆਸ਼ਾਵਾਦੀ ਸੀ ਪਰ ਮੈਂ ਡਰਿਆ ਹੋਇਆ ਸੀ। ਮੈਨੂੰ ਆਪਣੀ ਬਾਂਹ 'ਤੇ ਲੱਗੇ ਦੋ ਲੋਦਿਆਂ ਦੀ ਯਾਦ ਆਈ ਜਿਸ ਨੂੰ ਸਕੂਲ ਪੜ੍ਹਨ ਸਮੇਂ, ਸੂਈ ਅੱਗ 'ਤੇ ਗਰਮ ਕਰਕੇ ਲਾਇਆ ਗਿਆ ਸੀ।

ਇਹ ਯਾਦ ਮੈਨੂੰ ਅਜੇ ਤਕ ਵੀ ਨਹੀਂ ਸੀ ਭੁੱਲੀ। ਮੈਂ ਇਨ੍ਹਾਂ ਲੋਦਿਆਂ ਨੂੰ ਭਾਰਤੀ ਨਾਗਰਿਕਤਾ ਪਛਾਣ-ਚਿੰਨ੍ਹ ਕਹਿੰਦਾ ਸੀ ਤੇ ਬੱਚੇ ਡਾਕਟਰੀ ਇਲਾਜ ਦਾ ਮੁੱਢਲਾ ਦੌਰ। ਅਜਿਹੀ ਵੈਕਸੀਨ ਤਾਂ ਕੈਨੇਡਾ ਵਿਚ ਅਜੇ ਤਕ ਵੀ ਲੱਗਦੀ ਸੀ।

ਮੈਂ ਸ਼ੀਸ਼ੇ ਰਾਹੀਂ ਬਾਹਰ ਵੇਖਿਆ ਇਕ ਬੰਦਾ ਆਪਣੇ ਨੰਨ੍ਹੇ ਜਿਹੇ ਜੁਆਕ ਨੂੰ ਬਾਹੋਂ ਫੜੀਂ ਜਾ ਰਿਹਾ ਸੀ। ਬੱਚਾ ਜ਼ੋਰ ਨਾਲ ਖੰਘ ਰਿਹਾ ਸੀ ਤੇ ਰੋ ਰਿਹਾ ਸੀ, ਸ਼ਾਇਦ ਬੁਖਾਰ ਚੜ੍ਹਿਆ ਹੋਵੇ। ਉਨ੍ਹਾਂ ਨੂੰ ਵੀ ਨਰਸ ਕਿਧਰੇ ਆਈਸੋਲੇਸ਼ਨ ਵਿਚ ਪਾਉਣ ਲਈ ਲਿਜਾ ਰਹੀ ਹੋਵੇਗੀ। ਦੋ ਨਰਸਾਂ ਇਕ ਦੂਜੇ ਤੋਂ ਦੋ ਮੀਟਰ ਦੂਰ ਖੜ੍ਹੀਆਂ ਗੱਲਾਂ ਕਰ ਰਹੀਆਂ ਸਨ, ਜਿਨ੍ਹਾਂ ਦੇ ਦਸਤਾਨੇ ਪਾਏ ਹੱਥਾਂ ਵਿਚ ਪੇਪਰ ਸਨ ਤੇ ਮਾਸਕਾਂ ਨਾਲ ਢਕੇ ਮੂੰਹਾਂ ਹੇਠ ਜੇ ਮੁਸਕਰਾਉਂਦੀਆਂ ਵੀ ਹੋਣਗੀਆਂ, ਤਾਂ ਪਤਾ ਨਹੀਂ ਸੀ ਲੱਗਦਾ।

ਫੇਰ ਲਾਈਨਾਂ ਲੰਬੀਆਂ ਹੋਣ ਲੱਗੀਆਂ ਤੇ ਉਡੀਕ ਘਰ ਦੀਆਂ ਕੁਰਸੀਆਂ ਵੀ ਮਰੀਜ਼ਾਂ ਨਾਲ ਭਰਨ ਲੱਗੀਆਂ।

"ਚੰਗਾ ਹੋਇਆ ਸਾਝਰੇ ਆ ਕੇ ਮੌਕਾ ਸੰਭਾਲ ਲਿਆ", ਮੈਂ ਬੇਟੇ ਨੂੰ ਕਿਹਾ।

ਡਾਕਟਰ ਨਰਸਾਂ ਕਾਫੀ ਘਬਰਾਏ ਅਤੇ ਡਰੇ ਹੋਏ ਲੱਗਦੇ ਸਨ। ਕਹਿੰਦੇ ਕਾਫੀ ਡਾਕਟਰ ਵੀ ਲੋਕਾਂ ਦਾ ਇਲਾਜ ਕਰਦੇ ਮਾਰੇ ਗਏ ਸਨ। ਵਾਇਰਸ ਕਿਹੜਾ ਕਿਸੇ ਦਾ ਕਿੱਤਾ, ਜਾਤ, ਧਰਮ ਜਾਂ ਦੇਸ਼ ਦੇਖਦਾ ਹੈ। ਪਰ ਬੰਦਾ...। ਮੈਂ ਸੋਚਣ ਲੱਗਿਆ, ਚਲੋ ਘੱਟੋ ਘੱਟ ਇਹ ਵਾਇਰਸ ਤਾਂ ਵਿਤਕਰਾ ਨਹੀਂ ਕਰਦਾ।

"ਬਹੁਤੇ ਵਾਇਰਸ ਚੀਨ ਤੋਂ ਹੀ ਕਿਉਂ ਆਉਂਦੇ ਨੇ?"

ਇਹ ਹੀ ਸੁਆਲ ਮੈਂ ਕੰਮ 'ਤੇ ਕਿਸੇ ਮਿੱਤਰ ਨੂੰ ਪੁੱਛਿਆ ਸੀ, ਤਾਂ ਉਹ ਕਹਿੰਦਾ।

"ਚਾਈਨਾ ਮੈਨੂਫੈਕਚਰਡ ਐਵਰੀਥਿੰਗ"

ਭਾਵ ਚੀਨ ਸਭ ਕੁੱਝ ਬਣਾਉਂਦਾ ਹੈ। ਜੁੱਤੀਆਂ, ਕੱਪੜੇ, ਫੋਨ, ਬਿਜਲੀ ਦਾ ਸਮਾਨ, ਫੇਰ ਵਾਇਰਸ ਕਿਉਂ ਨਹੀਂ ਬਣਾ ਸਕਦਾ? ਤੇ ਮੈਂ ਚੁੱਪ ਹੋ ਗਿਆ ਸੀ।

ਫੇਰ ਮੈਂ ਆਪਣੇ ਫੋਨ 'ਤੇ ਚੀਨ ਦਾ ਸ਼ਹਿਰ ਵੁਹਾਨ ਲੱਭਣ ਲੱਗਿਆ। ਜਿੱਥੋਂ ਇਹ ਵਾਇਰਸ ਤੁਰ ਕੇ ਬਗ਼ੈਰ ਕਿਸੇ ਪਾਸਪੋਰਟ ਅਤੇ ਵੀਜ਼ੇ ਤੋਂ ਸੰਸਾਰ ਯਾਤਰਾ 'ਤੇ ਨਿੱਕਲ ਪਿਆ ਸੀ। ਇਹ ਕਿਸੇ ਹਮਲਾਵਰ ਵਾਂਗ ਦੇਸ਼ਾਂ ਨੂੰ ਲੁੱਟਦਾ, ਮਾਰਦਾ, ਦਰੜਦਾ ਅੱਗੇ ਵਧ ਰਿਹਾ ਸੀ। ਮੈਨੂੰ ਇਹ ਕਰੋਨਾ, ਕਿਸੇ ਚੰਗੇਜ਼ ਖਾਨ, ਬਾਬਰ, ਅਬਦਾਲੀ, ਤੈਮੂਰ, ਮਹਿਮੂਦ ਗ਼ਜ਼ਨਵੀ ਦੀ ਨਸਲ ਹੀ ਜਾਪਣ ਲੱਗਿਆ।

ਕਈ ਲੋਕ ਕਹਿੰਦੇ ਕਿ ਚਾਈਨੀ ਲੋਕਾਂ ਦਾ ਖਾਣਾ ਇਸ ਲਈ ਜ਼ਿੰਮੇਵਾਰ ਹੈ। ਕਈ ਇਸ ਨੂੰ ਚਮਗਿੱਦੜ ਦੇ ਸੂਪ 'ਚੋਂ ਪੈਦਾ ਹੋਇਆ ਮੰਨਦੇ। ਕਈ ਵੂਹਾਨ ਦੀ ਮੀਟ ਮਾਰਕੀਟ ਦੇ ਗੰਦ ਦੀਆਂ ਗੱਲਾਂ ਕਰਦੇ। ਕਈ ਤਾਂ ਕੈਨੇਡਾ ਬੈਠੇ ਵੀ ਨੱਕ ਮੂੰਹ ਮੁੰਦ ਲੈਂਦੇ ਜਿਵੇਂ ਹੁਣੇ ਉਲਟੀ ਕਰ ਦੇਣਗੇ। ਕਈ ਇਸ ਵਾਇਰਸ ਨੂੰ ਮਨੁੱਖੀ ਬੇਨਿਯਮੀਆਂ ਦਾ ਨਤੀਜਾ ਆਖਦੇ। ਤੇ ਕਈ ਕੁਦਰਤ ਵਿਰੋਧੀ ਕੰਮਾਂ ਤੇ ਜਾਨਵਰਾਂ 'ਤੇ ਕੀਤੇ ਜ਼ੁਲਮਾਂ ਦਾ ਸਿੱਟਾ ਆਖਦੇ। ਸੋਸ਼ਲ ਮੀਡੀਆ ਅਜਿਹੀਆਂ ਗੱਲਾਂ ਨਾਲ ਭਰਿਆ ਪਿਆ ਸੀ। ਲੋਕਾਂ ਲਈ ਇਹ ਗੱਲਾਂ ਟਾਈਮ ਪਾਸ ਕਰਨ ਦਾ ਸਾਧਨ ਸਨ। ਅਸਲੀਅਤ ਕੀ ਸੀ? ਇਹ ਕੋਈ ਨਹੀਂ ਸੀ ਜਾਣਦਾ।

ਮੇਰੇ ਭਾਰਤ ਜਾਣ ਤੋਂ ਪਹਿਲਾਂ ਹੀ ਇਸ ਨੇ ਦੁਨੀਆਂ 'ਤੇ ਹੱਲਾ ਬੋਲ ਦਿੱਤਾ ਸੀ। ਮੈਂ ਵੀ ਇਸ ਦੇ ਖਤਰੇ ਨੂੰ ਮਹਿਸੂਸਣ ਲੱਗਿਆ। ਫੇਰ ਚਾਈਨਾ ਨੂੰ ਜਾਂਦੀਆਂ ਹਵਾਈ ਉਡਾਣਾਂ ਪੂਰੀ ਦੁਨੀਆਂ ਨੇ ਬੰਦ ਕਰ ਦਿੱਤੀਆਂ। ਇਸ ਨੇ ਇਟਲੀ, ਸਪੇਨ, ਇਰਾਨ ਨੂੰ ਕਿਸੇ ਸਾਹ ਪੀਣੀ ਸਰਾਲ਼ ਵਾਂਗ ਨਾਗਵਲ਼ ਮਾਰ ਲਿਆ। ਇੰਗਲੈਂਡ, ਫਰਾਂਸ, ਜਰਮਨ, ਅਮਰੀਕਾ ਤੇ ਕੈਨੇਡਾ ਸਾਰੇ ਹੀ, ਇਸ ਦੇ ਪੰਜਿਆਂ ਹੇਠ ਦਬੋਚੇ ਗਏ।

ਹਵਾਈ ਉਡਾਣਾਂ, ਭੀੜ ਭਰੇ ਬਾਜ਼ਾਰ, ਕੰਮ ਤੇ ਵਿਉਪਾਰ ਸਭ ਬੰਦ ਹੋਣ ਲੱਗੇ। ਪੂਰੀ ਦੁਨੀਆਂ ਵਿਚ ਹਾਹਾਕਾਰ ਮੱਚ ਗਈ। ਇਸ ਮੱਚੀ ਹਾਹਾਕਾਰ ਤੇ ਤਾਲਾਬੰਦੀ ਕਾਰਨ, ਮੈਂ ਵੀ ਮਸਾਂ ਹੀ ਭਾਰਤ ਤੋਂ ਨਿੱਕਲ ਕੇ ਆਇਆ ਸੀ। ਮੈਨੂੰ ਜਾਣ ਤੋਂ ਪਹਿਲਾਂ ਦੇ ਦਿਨ ਯਾਦ ਆਏ। ਕਿਵੇਂ ਸਮੇਂ ਨੂੰ ਗ੍ਰਹਿਣ ਲੱਗਣ ਲੱਗ ਪਿਆ ਸੀ। ਕਿਵੇਂ ਲੋਕਾਂ ਦੇ ਮੂੰਹਾਂ 'ਤੇ ਮਾਸਕ ਤੇ ਹੱਥਾਂ ਵਿਚ

ਸੈਨੇਟਾਈਜ਼ਰ ਵਧਣ ਲੱਗੇ ਸਨ। ਕਿਵੇਂ ਬਾਜ਼ਾਰਾਂ ਵਿਚ ਸੁੰਨ ਪਸਰਨ ਲੱਗੀ ਸੀ। ਜਿਵੇਂ ਕੋਈ ਦਾਨਵ, ਆਦਮ ਬੋਅ, ਆਦਮ ਬੋਅ, ਕਰਦਾ ਫਿਰ ਰਿਹਾ ਹੋਵੇ। ਕਿਵੇਂ ਲੋਕ ਕਰੂਜ਼ ਸ਼ਿੱਪਾਂ ਤੋਂ ਵਕੇਸ਼ਨਾਂ ਛੱਡ ਕੇ ਘਰਾਂ ਨੂੰ ਦੌੜਨ ਲੱਗੇ ਸਨ।

ਮੈਨੂੰ ਲੂਈਸ ਤੇ ਮੀਰਾ ਦੀਆਂ ਗੱਲਾਂ ਯਾਦ ਆਈਆਂ। ਮੀਰਾ ਪਛਲੇ ਸਾਲ ਚਾਈਨਾ ਜਾ ਕੇ ਆਈ ਸੀ। ਲੂਈਸ ਉਸ ਥਾਂ ਗਿਆ ਸੀ ਜਿੱਥੇ ਲੋਕ ਮੌਂਕੀ ਬਰੇਨ ਖਾਣ ਜਾਂਦੇ ਨੇ। ਜੀਂਦੇ ਬਾਂਦਰ ਦਾ ਸਿਰ ਮੇਜ਼ ਦੀ ਮੋਰੀ ਥਾਣੀ ਕੱਢ ਕੇ ਹਥੌੜੀਆਂ ਨਾਲ ਤੋੜ ਕੇ ਖਾਧਾ ਜਾਂਦਾ ਹੈ। ਬਾਂਦਰ ਤੜਫਦਾ ਰਹਿੰਦਾ ਤੇ ਲੋਕ 'ਇਨਜੁਆਏ' ਕਰਦੇ। ਪਤਾ ਨਹੀਂ ਲੋਕਾਂ ਦੀ ਮਾਨਸਿਕਤਾ ਕਿਹੋ ਜਿਹੀ ਹੋ ਗਈ ਹੈ। ਜੀਂਦੇ ਜਾਨਵਰਾਂ ਨੂੰ ਪਾਣੀ ਵਿਚ ਉਬਾਲ਼ ਕੇ, ਛਿੱਲ ਕੇ ਖਾਣਾ ਜਾਂ ਤਲ ਕੇ ਖਾਣਾ, ਕਿਹੜਾ ਫੱਨ ਹੈ ਜਾਂ ਕਿਹੜੀ ਇਨਸਾਨੀਅਤ ਹੈ? ਉਹ ਗੱਲਾਂ ਕਰਦੇ ਰਹਿੰਦੇ।

ਜਹਾਜ਼ਾਂ ਵਿਚ ਤਰ੍ਹਾਂ ਤਰ੍ਹਾਂ ਦੇ ਲੋਕ ਚੜ੍ਹਦੇ। ਜਹਾਜ਼ ਇਕ ਦੇਸ਼ ਤੋਂ ਆਉਂਦੇ ਦੂਸਰੇ ਨੂੰ ਤੁਰ ਜਾਂਦੇ। ਹਾਂਗਕਾਂਗ ਵਾਲਾ ਦਿੱਲੀ ਨੂੰ ਤੇ ਬੀਜਿੰਗ ਵਾਲਾ ਰੋਮ ਨੂੰ। ਹਵਾਈ ਸਫਰ ਨੇ ਇਸ ਮਹਾਂਮਾਰੀ ਨੂੰ ਪੂਰੀ ਦੁਨੀਆਂ ਵਿਚ ਫੈਲਾ ਦਿੱਤਾ। ਮੈਨੂੰ ਲੱਗਦਾ ਸੀ ਕਿ ਹੁਣ ਇਹ ਬਿਮਾਰੀ ਮੇਰੇ ਤਕ ਵੀ ਪਹੁੰਚ ਗਈ ਹੈ। ਸੋਚਦਿਆਂ ਸੋਚਦਿਆਂ, ਮੈਂ ਡਰ ਨਾਲ ਸੁੰਨ ਹੋਣ ਲੱਗਿਆ।

ਭਾਰਤ ਜਾ ਕੇ, ਮੈਂ ਉੱਥੋਂ ਦੇ ਰੰਗਾਂ ਵਿਚ ਗੁਆਚ ਗਿਆ। ਉੱਥੇ ਉਦੋਂ ਅਜੇ ਕਰੋਨਾਂ ਦਾ ਏਨਾ ਡਰ ਨਹੀਂ ਸੀ। ਵਿਆਹ ਸ਼ਾਦੀਆਂ, ਖੁਸ਼ੀਆਂ ਗ਼ਮੀਆਂ ਦੇ ਸਮਾਗਮ ਉਸੇ ਤਰ੍ਹਾਂ ਹੋ ਰਹੇ ਸਨ। ਪਰ ਜਿਉਂ ਜਿਉਂ ਮੇਰੇ ਆਉਣ ਦੇ ਦਿਨ ਨੇੜੇ ਆਉਣ ਲੱਗੇ, ਤਾਂ ਇਹ ਡਰ ਵੀ ਹੋਰ ਪੈਰ ਪਸਾਰਨ ਲੱਗਾ। ਦਿੱਲੀ ਛੱਡਣ ਆਇਆ ਮੇਰਾ ਡਰਾਈਵਰ ਵੀ ਕਹਿ ਰਿਹਾ ਸੀ, "ਭਾਅ ਜੀ ਮਾਸਕ ਲਾ ਲਵੋ..ਹੁਣ ਤਾਂ ਖਤਰਾ ਬਹੁਤ ਵਧ ਗਿਆ ਏ। ਪਹਿਲਾਂ ਵਾਲੀ ਗੱਲ ਨੀ ਰਹੀ।"

ਮੈਂ ਉਸਦੀ ਗੱਲ ਨੂੰ ਗੰਭੀਰਤਾ ਨਾਲ ਨਾ ਲਿਆ, ਪਰ ਜਦੋਂ ਅਸੀਂ ਦਿੱਲੀ ਹਵਾਈ ਅੱਡੇ 'ਤੇ ਪਹੁੰਚੇ ਤਾਂ ਬਹੁਤ ਸਾਰੇ ਲੋਕਾਂ ਦੇ ਮੂੰਹ 'ਤੇ ਮਾਸਕ ਲੱਗੇ ਹੋਏ ਸਨ। ਲੋਕ ਇਕ ਦੂਜੇ ਤੋਂ ਦੂਰੀ ਬਣਾ ਕੇ ਰੱਖ ਰਹੇ ਸਨ। ਵਿਦਾਅ ਕਰਨ ਆਏ ਜੱਫੀਆਂ ਪਾ ਕੇ ਮਿਲਣ ਦੀ ਬਜਾਏ, ਹੱਥ ਜੋੜ ਰਹੇ ਸਨ। ਲੋਕ ਚੀਜ਼ਾਂ ਨੂੰ ਛੂਹਣ ਤੋਂ ਡਰ ਰਹੇ ਸਨ ਤੇ ਵਾਰ ਵਾਰ ਹੱਥ ਧੋ ਰਹੇ ਸਨ। ਮੈਂ ਹੈਰਾਨ ਸੀ ਕਿ ਲੋਕਾਂ ਨੂੰ ਹੱਥ ਮਿਲਾਉਣ ਤੋਂ ਵੀ ਭੈਅ ਆਉਣ ਲੱਗਾ ਸੀ। ਲੋਕ ਬੈਕਟੀਰੀਆ ਕਿੱਲਰ ਨਾਲ ਵਾਰ ਵਾਰ ਹੱਥ ਸਾਫ ਕਰ ਰਹੇ ਸਨ। ਮੈਂ ਜਹਾਜ਼ ਵਿਚ ਗਿਆ ਤਾਂ ਤੰਗ ਸੀਟਾਂ 'ਤੇ ਦੂਰੀ ਬਣਾਈ ਰੱਖਣੀ ਮੁਸ਼ਕਲ ਹੋ ਗਈ। ਟੋਰਾਂਟੋ ਤਕ ਮੇਰਾ ਸਫਰ ਇਸੇ ਡਰ ਅਧੀਨ ਗੁਜ਼ਰਿਆ ਕਿ ਕਿਤੇ ਮੈਨੂੰ ਵੀ ਕਰੋਨਾ ਵਾਇਰਸ ਨਾ ਲੱਗ ਜਾਵੇ। ਲੱਗਦਾ ਸੀ ਕਿ ਉਹ ਹੀ ਕੰਮ ਹੋ ਗਿਆ ਏ। ਹੁਣ ਪਤਾ ਨਹੀਂ ਕੀ ਬਣੇਗਾ? ਮੇਰੇ ਸਾਹ ਹੋਰ ਵੀ ਸੁੱਕਣ ਲੱਗੇ।

ਟੋਰਾਂਟੋ ਆਇਆ ਤਾਂ ਮਾਹੌਲ ਬੇਹੱਦ ਗੰਭੀਰ ਸੀ। ਦੂਸਰੇ ਦਿਨ ਹੀ ਇੰਡੀਆ ਨੂੰ ਜਾਣ ਵਾਲੀ ਉਡਾਣ ਵੀ ਰੋਕ ਦਿੱਤੀ ਗਈ। ਭਾਰਤ ਵਿਚ ਤਾਲਾਬੰਦੀ ਹੋ ਗਈ ਸੀ। ਦੂਸਰੇ ਦੇਸ਼ ਵੀ ਇਸੇ ਤਰ੍ਹਾਂ ਕਰਨ ਲੱਗ ਪਏ। ਕੈਨੇਡਾ ਸਰਕਾਰ ਨੇ ਬਾਹਰੋਂ ਆਏ ਹਰ ਬੰਦੇ ਨੂੰ ਚੌਦਾਂ ਦਿਨ ਦੀ ਇਕੱਲਤਾ ਲਈ ਹੁਕਮ ਦੇ ਦਿੱਤਾ ਸੀ। ਤੇ ਇਹ ਦਿਨ ਲੋਕਾਂ ਲਈ ਚੌਦਾਂ ਸਾਲ ਦੇ ਵਣਵਾਸ ਵਰਗੇ ਬਣ ਗਏ।

ਵਰਲਡ ਹੈਲਥ ਆਰਗੇਨਾਈਜ਼ੇਸ਼ਨ ਨੇ ਇਸ ਨੂੰ ਮਹਾਂਮਾਰੀ ਐਲਾਨ ਦਿੱਤਾ। ਕੋਈ ਦੇਸ਼ ਵੀ ਨਹੀਂ ਸੀ ਚਾਹੁੰਦਾ ਕਿ ਉਸਦਾ ਹਾਲ ਚੀਨ, ਇਟਲੀ, ਇਰਾਨ ਤੇ ਸਪੇਨ ਵਰਗਾ ਹੋਵੇ, ਜਿੱਥੇ ਲਾਸ਼ਾਂ ਦੇ ਢੇਰ ਲੱਗਣ ਲੱਗੇ ਸਨ, ਜੋ ਸੰਭਾਲੀਆਂ ਵੀ ਨਹੀਂ ਸੀ ਜਾ ਰਹੀਆਂ। ਕੈਨੇਡਾ ਪੂਰੇ ਇਹਤਿਆਤ ਵਰਤ ਰਿਹਾ ਸੀ।

ਮੈਂ ਪਾਏ ਗਾਊਨ ਦੀ ਬਾਂਹ ਖਿਸਕਾ ਕੇ ਘੜੀ ਵੇਖੀ, ਦਸ ਵੱਜਣ ਵਾਲੇ ਸਨ। ਸਾਨੂੰ ਏਥੇ ਬੈਠਿਆਂ ਨੂੰ ਦੋ ਘੰਟੇ ਹੋ ਗਏ ਸਨ। ਅਸੀਂ ਬੈਠੇ ਕੰਧਾਂ ਨੂੰ ਘੂਰ ਰਹੇ ਸੀ। ਪਰੰਤੂ ਡਾਕਟਰ ਅਜੇ ਵੀ ਨਹੀਂ ਸੀ ਆਇਆ। ਕੋਈ ਵੀ ਨਰਸ ਸਾਡੇ ਕੋਲ ਆਉਣੋਂ ਘਬਰਾ ਰਹੀ ਸੀ। ਅਸੀਂ ਕਦੀ ਕਦਾਈਂ ਆਪਸ ਵਿਚ ਗੱਲ ਕਰ ਲੈਂਦੇ। ਜਾਂ ਫਿਰ ਸੋਚਾਂ ਦੀ ਲੜੀ ਪੁੱਠੇ ਵਾਢੇ ਤੁਰ ਪੈਂਦੀ। ਮੈਂ ਅਵਨੀਤ ਨੂੰ ਦੱਸ ਰਿਹਾ

ਸੀ,"ਭਾਰਤ ਵਿਚ ਤਾਂ ਕੋਈ ਪ੍ਰਵਾਹ ਹੀ ਨਹੀਂ ਕਰਦਾ। ਜਿਸ ਵਿਆਹ ਵਿਚ ਅਸੀਂ ਸ਼ਾਮਲ ਸੀ, ਉੱਥੇ ਵੀ ਬਹੁਤੇ ਲੋਕ ਬਿਮਾਰ ਸਨ। ਨਾ ਕੋਈ ਕਰੋਨਾ ਦਾ ਟੈੱਸਟ ਨਾ ਹੀ ਡਰ।"

ਬਹੁਤਿਆਂ ਨੂੰ ਏਹੋ ਲੱਛਣ ਸਨ, ਗਲ਼ੇ ਦੀ ਸੋਜ਼ਿਸ਼, ਖੰਘ, ਬੁਖਾਰ ਤੇ ਜ਼ੁਕਾਮ। ਸ਼ਾਇਦ ਮੈਨੂੰ ਵੀ ਉੱਥੋਂ ਹੀ ਕਿਤੇ ਚੁੰਬੜ ਗਿਆ ਹੋਵੇ। ਪਤਨੀ ਵੀ ਉੱਥੋਂ ਹੀ ਬਿਮਾਰ ਹੋਈ ਸੀ। ਤਕੜਾ ਅਮਿਊਨ ਸਿਸਟਮ ਵੀ ਕੀ ਕਰ ਸਕਦਾ ਏ?

ਮੈਂ ਵੇਖਿਆ ਬਾਹਰ ਮਰੀਜ਼ਾਂ ਦੀ ਭੀੜ ਹੋਰ ਵੀ ਵਧ ਗਈ ਸੀ। ਟੈਲੀਵੀਯਨ 'ਤੇ ਵਾਰ ਵਾਰ ਆ ਰਹੀਆਂ ਖਬਰਾਂ ਨੇ ਲੋਕਾਂ ਵਿਚ ਬਹੁਤ ਡਰ ਪੈਦਾ ਕੀਤਾ ਹੋਇਆ ਸੀ।

ਪੂਰੇ ਦੋ ਘੰਟੇ ਬਾਅਦ ਡਾਕਟਰ ਨੇ ਸਾਡੇ ਕਮਰੇ ਵਿਚ ਪ੍ਰਵੇਸ਼ ਕੀਤਾ। ਸੁਰੱਖਿਆ ਸਾਮਾਨ ਵਿਚ ਪੂਰਾ ਲਿਪਟਿਆ ਉਹ ਇਉਂ ਲੱਗਿਆ, ਜਿਵੇਂ ਕਿਸੇ ਡੂਮਣੇ ਮਖਿਆਲ ਨੂੰ ਚੋਣ ਲੱਗਿਆ ਹੋਵੇ।

ਉਸ ਨੇ ਆਪਣੀ ਜਾਣ ਪਛਾਣ ਕਰਵਾਈ। 'ਡਾਕਟਰ ਐਲਨ' ਕਹਿੰਦਿਆਂ ਉਸ ਦਾ ਮਿਲਾਉਣ ਲਈ ਵਧਦਾ ਹੱਥ ਥਾਏਂ ਰੁਕ ਗਿਆ। ਚਿਹਰੇ 'ਤੇ ਮੁਸਕਰਾਹਟ ਸੀ ਜਾਂ ਖਿਝ, ਇਸਦਾ ਮੈਨੂੰ ਪਤਾ ਨਾ ਲੱਗਿਆ। ਉਸ ਨੇ ਵੀ ਮੈਨੂੰ ਕਈ ਸੁਆਲ ਦਾਗ ਦਿੱਤੇ। ਬਹੁਤੇ ਮੈਂ ਪਹਿਲਾਂ ਹੀ ਦੱਸ ਚੁੱਕਿਆ ਸੀ।

ਉਸ ਨੇ ਮੇਰੀ ਸਰੀਰਕ ਜਾਂਚ ਤੋਂ ਅੰਦਾਜ਼ਾ ਲਗਾਇਆ ਕਿ ਮੈਂ ਕਰੋਨਾ ਦਾ ਮਰੀਜ਼ ਨਹੀਂ ਬਲਕਿ ਬਲੈਡਰ ਇਨਫੈਕਸ਼ਨ ਦਾ ਸ਼ਿਕਾਰ ਹਾਂ, ਜਿਸ ਕਰਕੇ ਮੈਨੂੰ ਬੁਖਾਰ ਚੜ੍ਹ ਰਿਹਾ ਏ। ਉਸ ਨੇ ਮੈਨੂੰ ਸਟਰੈਚਰ 'ਤੇ ਪੈਣ ਲਈ ਕਿਹਾ ਤੇ ਮੇਰਾ ਪੇਟ, ਫੇਫੜੇ ਵਗ਼ੈਰਾ ਚੈੱਕ ਕੀਤੇ। ਨਰਸ ਨੂੰ ਉਸ ਨੇ ਟੈੱਸਟ ਕਿੱਟ ਲਿਆ ਕੇ ਚੈੱਕ ਕਰਨ ਲਈ ਕਹਿ ਦਿੱਤਾ। ਟੈਸਟ ਕਿੱਟਾਂ ਵੀ ਅਜੇ ਸੀਮਿਤ ਹੀ ਸਨ। ਹਸਪਤਾਲਾਂ ਵਿਚ ਮਰੀਜ਼ਾਂ ਨੂੰ ਰੱਖਣ ਲਈ ਥਾਂ ਵੀ ਨਹੀਂ ਸੀ। ਜੇ ਥਾਂ ਸੀ ਵੀ, ਤਾਂ ਉਹ ਗੰਭੀਰ ਹਾਲਤ ਵਿਚ ਪੁੱਜੇ ਮਰੀਜ਼ਾਂ ਲਈ ਸੀ। ਜਾਣ ਲੱਗਿਆ ਡਾਕਟਰ ਐਲਨ ਬੋਲਿਆ, "ਵੀ ਹੈਵ ਨੋ ਮੈਡੀਸਨ ਫਾਰ ਕੋਵਿਡ ਯੈੱਟ..." ਤੇ ਦੋਨੋਂ ਹੱਥ ਖੜ੍ਹੇ ਕਰ ਦਿੱਤੇ।

ਉਸ ਨੇ ਇਹ ਵੀ ਕਿਹਾ ਕਿ, ਮੈਂ ਤੈਨੂੰ ਇਨਫੈਕਸ਼ਨ ਤੋਂ ਐਂਟੀਬਾਇਟਕ ਲਿਖ ਦਿੰਦਾ ਹਾਂ। ਹਸਪਤਾਲ ਹੁਣ ਸੁਰੱਖਿਅਤ ਜਗਾ ਨਹੀਂ ਹੈ। ਕੋਈ ਵੀ ਪਾਜ਼ੇਟਿਵ ਮਰੀਜ਼ ਤੁਹਾਨੂੰ ਵਾਇਰਸ ਦੇ ਸਕਦਾ ਹੈ। ਤੁਸੀਂ ਘਰ ਚਲੇ ਜਾਵੋ ਤੇ ਇਕੱਲਤਾ ਵਿਚ ਰਹੋ। ਜੋ ਰਿਜ਼ਲਟ ਆਵੇਗਾ ਤੁਹਾਨੂੰ ਫੋਨ 'ਤੇ ਦੱਸ ਦਿੱਤਾ ਜਾਵੇਗਾ। ਪੂਰੇ ਚੌਦਾ ਦਿਨ ਇਕੱਲੇ ਰਹਿਣਾ ਹੈ...। ਜੇ ਤਕਲੀਫ ਵਧਣ ਲੱਗੀ ਜਾਂ ਸਾਹ ਦੀ ਸਮੱਸਿਆ ਆਈ, ਤਾਂ ਤੁਰੰਤ ਹਸਪਤਾਲ ਆਉਣਾ ਹੈ। ਘੌਲ਼ ਨਹੀਂ ਕਰਨੀ।

ਨਰਸ ਦਾ ਵਰਤਾਅ ਹੁਣ ਕੁੱਝ ਨਰਮ ਪੈ ਗਿਆ ਸੀ। ਉਸ ਨੇ ਹਦਾਇਤ ਦਿੱਤੀ ਕਿ ਹਸਪਤਾਲ ਤੋਂ ਬਾਹਰ ਜਾ ਕੇ ਹੀ ਅਸੀਂ ਗਾਊਨ ਗਲੱਬ ਤੇ ਮਾਸਕ ਉਤਾਰ ਕੇ ਗਾਰਬੇਜ ਬਿੱਨ ਵਿਚ ਸੁੱਟਣੇ ਨੇ। ਗੁੱਡ ਲੱਕ ਤੇ ਗੁੱਡ ਬਾਏ ਕਹਿੰਦੀ ਉਹ ਕਮਰੇ 'ਚੋਂ ਬਾਹਰ ਨਿੱਕਲ ਗਈ ਅਤੇ ਅਸੀਂ ਹਸਪਤਾਲ ਤੋਂ ਬਾਹਰ ਵੱਲ ਤੁਰ ਪਏ।

ਘਰ ਆ ਕੇ ਮੈਂ ਦਵਾਈ ਲਈ ਤੇ ਆਪਣੇ ਕਮਰੇ ਵਿਚ ਬਹਿ ਕੇ ਟੈਲੀਵੀਯਨ ਵੇਖਣ ਲੱਗ ਪਿਆ। ਸਾਰੇ ਦੇਸ਼ਾਂ ਵਿਚ ਹਾਹਾਕਾਰ ਸੀ। ਸ਼ੇਅਰ ਬਾਜ਼ਾਰ ਮੂਧੇ ਮੂੰਹ ਡਿੱਗ ਪਿਆ ਸੀ। ਗਲੀਆਂ ਬਾਜ਼ਾਰ ਵੀ ਸੁੰਨੇ ਪਏ ਸਨ। ਚੀਨ, ਇਟਲੀ, ਸਪੇਨ, ਇਰਾਨ, ਫਰਾਂਸ, ਇੰਗਲੈਂਡ ਤੋਂ ਇਲਾਵਾ ਹੁਣ ਅਮਰੀਕਾ ਵੀ ਚਰਚਾ ਵਿਚ ਸੀ। ਕੈਨੇਡਾ ਦੇ ਅੰਕੜੇ ਲਗਾਤਾਰ ਵਧ ਰਹੇ ਸਨ। ਪੂਰੀ ਦੁਨੀਆਂ ਵਿਚ ਮਰਨ ਵਾਲਿਆਂ ਦੀ ਗਿਣਤੀ ਲੱਖ ਦੇ ਨੇੜੇ ਤੇੜੇ ਜਾ ਪੁੱਜੀ ਸੀ। ਕੈਨੇਡਾ ਅਜੇ ਪੂਰੀ ਤਰ੍ਹਾਂ ਬੰਦ ਨਹੀਂ ਸੀ ਹੋਇਆ, ਪਰੰਤੂ ਉਂਟਾਰੀਉ ਦੇ ਪ੍ਰੀਮੀਅਰ ਨੇ ਲਾਕ ਡਾਊਨ ਦੇ ਸੰਕੇਤ ਦੇ ਦਿੱਤੇ ਸਨ। ਲੋਕਾਂ ਦੀ ਭੀੜ ਸਟੋਰਾਂ 'ਤੇ ਟੁੱਟ ਪਈ ਸੀ। ਦੁੱਧ, ਪਾਣੀ, ਟੁਆਇਲਟ ਰੋਲ ਅਤੇ ਨਿੱਤ ਵਰਤੋਂ ਦਾ ਸਾਮਾਨ ਇਕੱਠਾ ਕਰਦੇ ਲੋਕ, ਭਰੀਆਂ ਰੇਹੜੀਆਂ ਸਮੇਤ ਟੈਲੀਵੀਯਨ 'ਤੇ ਦਿਖਾਏ ਜਾ ਰਹੇ ਸਨ। ਜਿਹੜਾ ਵੀ ਚੈਨਲ ਲਾਉ ਕਰੋਨਾ ਮਹਾਂਮਾਰੀ ਦੀਆਂ ਹੀ ਖਬਰਾਂ....ਬਾਕੀ ਜਿਵੇਂ ਸਾਰਾ ਕੁੱਝ ਠੱਪ ਹੋ ਕੇ ਰਹਿ ਗਿਆ ਹੋਵੇ।

ਮੇਰਾ ਸਮਾਂ 'ਇਕਾਂਤਵਾਸ' ਵਿਚ ਲੰਘਦਾ ਰਿਹਾ। ਟੈਲੀਵੀਯਨ ਤੇ ਕਿਤਾਬਾਂ ਦਾ ਸਾਥ ਸੀ। ਸੰਪਰਕ ਸਾਰੇ ਟੁੱਟ ਗਏ ਸਨ। ਲੋਕਾਂ ਦੇ ਮਨਾਂ ਵਿਚ ਮੀਡੀਆ ਦਹਿਸ਼ਤ ਪੈਦਾ ਕਰ ਰਿਹਾ ਸੀ।

ਜਿਉਂ ਜਿਉਂ ਦਿਨ ਬੀਤਣ ਲੱਗੇ ਮਾਹੌਲ ਹੋਰ ਵੀ ਭਿਆਨਕ ਹੋਣ ਲੱਗਿਆ। ਬੇਟੇ ਅਵਨੀਤ ਨੂੰ ਉਸ ਦੀ ਕੰਪਨੀ ਨੇ ਘਰੋਂ ਹੀ ਕੰਮ ਕਰਨ ਦੇ ਆਦੇਸ਼ ਦੇ ਦਿੱਤੇ। ਯੂਨੀਵਰਸਿਟੀਆਂ, ਸਕੂਲ, ਕਾਲਿਜ ਸਭ ਬੰਦ ਹੋ ਗਏ। ਬੱਚੇ ਘਰਾਂ ਵਿਚ ਆ ਗਏ। ਇਕ ਘੁਟਣ ਅਤੇ ਉਦਾਸੀ ਵੀ ਭਾਰੂ ਹੋਣ ਲੱਗੀ। ਬੱਸਾਂ ਟਰੇਨਾਂ, ਮੇਲੇ ਮੀਟਿੰਗਾਂ ਬੰਦ ਹੋਣ ਲੱਗੇ। ਪੂਰਾ ਸੰਸਾਰ ਇਕੋ ਤਰ੍ਹਾਂ ਦੇ ਨਿਯਮਾਂ ਦੀ ਪਾਲਣਾ ਕਰਨ ਲੱਗਿਆ। ਪਹਿਲੀ ਵਾਰ ਮਹਿਸੂਸ ਹੋਣ ਲੱਗਿਆ ਕਿ ਪ੍ਰਿਥਵੀ 'ਤੇ ਵਸਦੀ ਸਾਰੀ ਮਨੁੱਖੀ ਨਸਲ ਇਕੋ ਹੈ, ਤੇ ਜੋ ਹੁਣ ਖਤਰੇ ਵਿਚ ਹੈ। ਫੇਰ ਤਾਂ ਜੀਵਨ ਜਾਚ ਸਿਖਾਉਂਦੇ, ਧਾਰਮਿਕ ਅਦਾਰੇ ਵੀ ਬੰਦ ਹੋ ਗਏ।

ਚੰਦ 'ਤੇ ਪਹੁੰਚਣ ਵਾਲਾ, ਮੰਗਲ 'ਤੇ ਜਾਣ ਦੇ ਸੁਪਨੇ ਵੇਖਣ ਵਾਲਾ ਮਨੁੱਖ ਜਿਵੇਂ ਇਸ ਵਾਇਰਸ ਅੱਗੇ ਬੇਵਸ ਹੋ ਗਿਆ ਹੋਵੇ। ਸੌਰ ਮੰਡਲ ਤੋਂ ਪਾਰ ਜਾਣ ਦੇ ਸੁਪਨੇ ਦੇਖਣ ਵਾਲਿਆਂ ਲਈ ਅਜੇ ਧਰਤੀ ਦਾ ਇਹ ਵਿਸ਼ਾਣੂ ਹੀ ਬੁਝਾਰਤ ਬਣਿਆ ਹੋਇਆ ਸੀ। ਜਦੋਂ ਮੈਂ ਸੋਚਣ ਲੱਗ ਪੈਂਦਾ ਤਾਂ ਸੋਚਾਂ ਮੁੱਕਣ ਵਿਚ ਹੀ ਨਾ ਆਉਂਦੀਆਂ।

ਮੈਨੂੰ ਲੱਗਿਆ ਜਿਵੇਂ ਇਹ ਕੋਈ ਜੰਗੀ ਅਭਿਆਸ ਹੋਵੇ। ਕਿਸੇ ਆਉਣ ਵਾਲੇ ਵੱਡੇ ਖਤਰੇ ਨਾਲ ਨਿਪਟਣ ਦੀ ਤਿਆਰੀ। ਗਲੋਬਲਾਈਜ਼ੇਸ਼ਨ ਦਾ ਇਕ ਨਵਾਂ ਰੂਪ। ਵਿਸ਼ਵ ਵਿਆਪੀ ਡਰ ਤੇ ਗਲੋਬਲ ਸਰਕਾਰ ਦੀ ਤਿਆਰੀ। ਮਹਾਂਸ਼ਕਤੀ ਬਣਨ ਦੀ ਦੌੜ ਤੋਂ ਪਾਰ ਜਾਣ ਦੀ ਗੱਲ। ਰਸਾਇਣਕ ਹਮਲਿਆਂ ਦੇ ਯੁੱਗ ਦੀ ਸ਼ੁਰੂਆਤ। ਇਕ ਨਵਾਂ ਡਸਿਪਲਨ ਤੇ ਨਵੇਂ ਦੌਰ ਦੀ ਸ਼ੁਰੂਆਤ। ਫੇਰ ਮੈਂ ਸੋਚਦਾ ਇਹ ਸਭ ਗੱਲਾਂ, ਮੇਰੇ ਵਿਹਲੇ ਮਨ ਦੀਆਂ ਕਾਢਾਂ ਨੇ।

ਬੇਟਾ ਵੀ ਮੇਰੇ ਕਮਰੇ ਵਿਚ ਕਦੀ ਕਦਾਈਂ ਆ ਜਾਂਦਾ, ਬਾਕੀ ਸਾਰੇ ਜਿਵੇਂ ਰੂਪੋਸ਼ ਹੋ ਗਏ ਸਨ। ਉਹ ਮੇਰੇ ਨਾਲ ਗੱਲਾਂ ਕਰਨ ਲੱਗ ਪੈਂਦਾ।

"ਵੱਡੇ ਦੇਸ਼ ਤਾਕਤ ਦੀ ਲੜਾਈ ਜਿੱਤਣ ਲਈ ਪ੍ਰਮਾਣੂ ਹਥਿਆਰਾਂ ਦੀ ਬਜਾਏ ਹੁਣ ਬਾਇਓ ਹਥਿਆਰਾਂ ਦੀ ਵਰਤੋਂ ਵੀ ਕਰਦੇ ਨੇ…ਜਿਸ ਦਾ ਕਿਸੇ ਨੂੰ ਪਤਾ ਵੀ ਨਹੀਂ ਲੱਗਦਾ, ਤੇ ਸਾਰੇ ਸਮੀਕਰਨ ਵੀ ਬਦਲ ਜਾਂਦੇ ਨੇ।"

"ਕੀ ਮਤਲਬ?" ਮੈਂ ਪੁੱਛਿਆ।

"ਹੋ ਸਕਦਾ ਹੈ, ਇਸ ਵਾਇਰਸ ਦੀ ਪਹਿਲਾਂ ਕਿਸੇ ਨੇ ਵੈਕਸੀਨ ਬਣਾ ਲਈ ਹੋਵੇ ਤੇ ਦੂਸਰਿਆਂ ਦੀ ਆਰਥਿਕਤਾ ਨੂੰ ਬਰਬਾਦ ਕਰਨ ਲਈ ਜਾਣ ਬੁੱਝ ਕੇ ਲੀਕ ਕਰ ਦਿੱਤਾ ਹੋਵੇ।"

"ਇਹ ਕਿਵੇਂ ਹੋ ਸਕਦਾ ਏ?"

"ਦੌਲਤ ਦੀ ਜੰਗ ਵਿਚ ਸਾਰਾ ਕੁੱਝ ਜਾਇਜ਼ ਹੈ, ਦੇਸ਼ਾਂ ਨੂੰ ਹੁਣ ਰਾਜਨੀਤਕ ਲੋਕ ਨਹੀਂ, ਸਗੋਂ ਪੂੰਜੀਪਤੀ ਚਲਾਉਂਦੇ ਨੇ। ਸੰਸਾਰ ਨੂੰ ਨਵਾਂ ਹੁਕਮ ਦੇ ਕੇ ਆਪਣੀ ਮਰਜ਼ੀ ਦਾ ਜੀਣ ਢੰਗ ਦੇਣ ਵਾਲੇ। ਇਕ ਨਵੀਂ ਮੰਡੀ ਪੈਦਾ ਕਰਨ ਵਾਲੇ। ਮੈਂ ਤੁਹਾਨੂੰ ਨੈੱਟਫਲਿਕਸ 'ਤੇ ਇਸ ਸੰਬੰਧੀ ਇਕ ਮੂਵੀ ਲਗਾ ਜਾਂਦਾ ਹਾਂ। ਅਜਿਹੀਆਂ ਮੂਵੀਆਂ ਐਵੇਂ ਨਹੀਂ ਬਣਦੀਆਂ। ਦੇਖ ਲੈਣਾ ਬੋਤਲ ਵਿਚੋਂ ਜਿੰਨ ਬਾਹਰ ਕਿਵੇਂ ਤੇ ਕਦੋਂ ਕੱਢਿਆ ਜਾਂਦਾ ਏ। ਕਿਵੇਂ ਦੇਸ਼ਾਂ ਨੂੰ ਚੁਣਿਆ ਜਾਂਦਾ ਏ, ਕਿਵੇਂ ਵਾਇਰਸ ਫੈਲਾਉਣ ਵਾਲੇ ਮੋਟੀਆਂ ਤਨਖਾਹਾਂ ਤੇ ਕਮਿਸ਼ਨ ਲੈ ਕੇ ਕੰਮ ਕਰਦੇ ਨੇ।"

ਮੈਂ ਹੈਰਾਨ ਪਰੇਸ਼ਾਨ ਸਾਂ। ਮੈਂ ਉਹ ਫਿਲਮ ਦੇਖਣ ਲੱਗ ਪਿਆ। ਦੁਨੀਆਂ ਬਹੁਤ ਵੱਡੇ ਮਾਫੀਆ ਗ੍ਰੋਹਾਂ ਦੀ ਗ੍ਰਿਫਤ ਵਿਚ ਸੀ। ਦਵਾਈਆਂ ਵੇਚਣ ਵਾਲੀਆਂ ਕੰਪਨੀਆਂ, ਡਾਕਟਰੀ ਸਾਜ਼ੋ ਸਾਮਾਨ, ਕਲੀਨਿਕਾਂ ਦਾ ਸਾਮਾਨ ਬਣਾਉਣ ਵਾਲੇ, ਰਾਜਨੀਤਕ ਲੋਕ ਸਭ ਰਲੇ ਮਿਲੇ ਸਨ। ਮੁਨਾਫਾ ਹੀ ਉਨ੍ਹਾਂ ਦਾ ਧਰਮ ਸੀ। ਇਹ ਸਭ ਗੱਲਾਂ ਮੂਵੀ ਵਿਚ ਦੱਸੀਆਂ ਗਈਆਂ ਸਨ। ਇਹ ਹੀ ਤਾਕਤਾਂ ਸਨ ਜੋ ਕੁਦਰਤੀ ਵਸੀਲਿਆਂ 'ਤੇ ਕਬਜ਼ੇ ਕਰਦੀਆਂ ਨੇ, ਇਹ ਹੀ ਤਾਕਤਾਂ ਸਨ, ਜੋ ਕੁਦਰਤ ਦੀ ਹਰ ਨਿਆਮਤ ਨੂੰ ਵੇਚ ਕੇ ਮਾਲਾਮਾਲ ਹੋਣਾ ਚਾਹੁੰਦੀਆਂ ਸਨ। ਪਾਣੀ ਵੇਚਣ ਤੋਂ ਬਾਅਦ ਹੁਣ ਉਹ ਸਾਫ ਹਵਾ, ਧੁੱਪ, ਸ਼ੁੱਧ ਵਾਤਾਵਰਨ ਦੇ ਨਾਲ ਨਾਲ ਫੇਸ ਮਾਸਕ, ਗਲੱਬ, ਹੈਂਡਸੈਨੇਟਾਈਜ਼ਰ, ਵੈਂਟੀਲੇਟਰ, ਤਾਬੂਤ, ਬਾਡੀ ਬੈਗ, ਕੱਫਣ ਤੇ ਫੁੱਲ ਵੇਚ ਕੇ ਵੀ ਵੱਡੇ ਮੁਨਾਫੇ ਕਮਾ ਰਹੀਆਂ ਸਨ।

ਮੇਰਾ ਇਕਾਂਤਵਾਸ ਚੌਧਵੇਂ ਦਿਨ ਤਕ ਜਾਂਦਿਆ ਜਾਂਦਿਆਂ ਬਹੁਤ ਕੁੱਝ ਬਦਲ ਗਿਆ ਸੀ। ਮੈਂ ਉਨੀ ਦੇਰ ਕੋਈ ਡਰਾਉਣਾ ਜਿੰਨ ਬਣਿਆ ਰਿਹਾ, ਜਿੰਨੀ ਦੇਰ ਮੇਰੀ ਕਰੋਨਾ ਨੈਗੇਟਿਵ ਦੀ ਰਿਪੋਰਟ ਨਹੀਂ ਆਈ। ਮੇਰੇ ਆਪਣੇ ਹੀ ਮੇਰੇ ਤੋਂ ਡਰਦੇ ਰਹੇ। ਇਸ ਨੂੰ ਆਉਣ ਵਿਚ ਕਈ ਦਿਨ ਲੱਗ ਗਏ। ਇਨ੍ਹਾਂ ਹੀ ਦਿਨਾਂ ਵਿਚ ਬਾਹਰਲਾ ਤੇ ਮੇਰੇ ਅੰਦਰਲਾ ਸੰਸਾਰ ਬਦਲ ਚੁੱਕਾ ਸੀ। ਪਤਨੀ ਮੇਰੇ ਕਮਰੇ ਵਿਚ ਆਉਣੋਂ ਡਰਨ ਲੱਗੀ ਸੀ। ਬੱਚੇ ਮੇਰੇ ਤੋਂ ਦੂਰੀ ਬਣਾਈ ਰੱਖਦੇ। ਹਰ ਕਿਸੇ ਨੂੰ ਆਪਣੀ ਜਾਨ ਪਿਆਰੀ ਸੀ।

ਇਕ ਦਿਨ ਅਵਨੀਤ ਕਹਿੰਦਾ,"ਪਾਪਾ ਤੁਸੀਂ ਵੀ ਫਿਫਟੀ ਫਾਈਵ ਹੋ। ਖਤਰਾ ਅਜੇ ਟਲਿਆ ਨਹੀਂ।"

"ਬੇਟੇ ਠੀਕ ਆ ਤੁਸੀਂ ਅਜੇ ਯੰਗ ਹੋਂ ਪਰ ਫਿਰ ਵੀ ਆਪਣਾ ਖਿਆਲ ਰੱਖਣਾ।"

"ਮੈਂ ਉਹ ਹੀ ਤਾਂ ਕਹਿੰਦਾ ਸੀ ਕਿ ਤੁਸੀਂ ਅਜੇ ਲਿਵਿੰਗ ਰੂਮ ਵਿਚ ਨੀ ਬੈਠਣਾ, ਅਸੀਂ ਗਰੌਸਰੀ ਵਗ਼ੈਰਾ ਲੈਣ ਜਾਈਦਾ ਏ, ਕਿਤੇ ਤੁਹਾਨੂੰ ਵਾਇਰਸ ਨਾ ਕੈਚ ਕਰ ਲਵੇ।"

ਮੈਂ ਸੋਚਣ ਲੱਗਿਆ ਕੱਲ ਨੂੰ ਕਹਿਣਗੇ ਸਾਡਾ ਬਾਥਰੂਮ ਨਾ ਵਰਤੀਂ। ਕਾਰ ਵਿਚ ਨਾਲ ਨਾ ਬੈਠੀਂ। ਟੇਬਲ 'ਤੇ ਬਹਿ ਕੇ ਖਾਣਾ ਨਾ ਖਾਈਂ, ਜੋ ਵੀ ਗੱਲ ਕਰਨੀ ਆਂ ਫੋਨ 'ਤੇ ਕਰੀਂ।

ਮੈਨੂੰ ਜਾਪਿਆ ਜਿਵੇਂ ਮੈਂ ਇਕੱਲਾ ਕਿਸੇ ਕਾਲ਼ੇ ਪਾਣੀ ਦੀ ਸਜ਼ਾ ਭੁਗਤ ਰਿਹਾ ਹੋਵਾਂ। ਇਹ ਇਕੱਲਤਾ ਮੈਨੂੰ ਬਹੁਤ ਡਰਾਉਣ ਲੱਗੀ। ਇਹ ਇਕ ਅਜਿਹਾ ਬੀਜ ਸੀ, ਜਿਸ ਨੇ ਅਜੇ ਹੋਰ ਫੈਲਰਨਾ ਸੀ।

ਲੋਕਾਂ ਘਰਾਂ ਵਿਚ ਕੈਦ ਹੋ ਗਏ। ਹੋਰ ਕਰਨ ਲਈ ਕੁੱਝ ਨਹੀਂ ਸੀ। ਉਹ ਫੋਨਾਂ ਕੰਮਪਿਊਟਰਾਂ, ਟੈਲੀਵੀਯਨਾਂ ਜੋਗੇ ਹੀ ਰਹਿ ਗਏ। ਇਨ੍ਹਾਂ ਉਪਕਰਨਾਂ 'ਤੇ ਆਉਂਦੀਆਂ ਮਸ਼ਹੂਰੀਆਂ ਹੋਰ ਵਧ ਗਈਆਂ। ਮਸ਼ਹੂਰੀਆਂ ਹੀ ਨਹੀਂ ਹੋਮ ਡਲਿਵਰੀ ਵੀ ਬਹੁਤ ਵਧ ਗਈ। ਗਰੌਸਰੀ, ਖਾਣਾ, ਜ਼ਰੂਰੀ ਸਾਮਾਨ ਸਭ ਆਨ ਲਾਈਨ ਹੋ ਗਿਆ। ਮੰਡੀ ਪਲਾਜ਼ਿਆਂ 'ਚੋਂ ਨਿੱਕਲ ਕੇ ਘਰਾਂ ਵਿਚ ਆ ਵੜੀ ਤੇ ਘਰਾਂ ਦੇ ਬੰਦੇ ਕਮਰਿਆਂ ਵਿਚ ਬੰਦ ਹੋ ਗਏ।

ਮੈਂ ਟੈਲੀਵੀਯਨ ਲਾਉਂਦਾ ਤਾਂ ਰੋਜ਼ ਉਹੋ ਖਬਰਾਂ। ਸੋਸ਼ਲ ਮੀਡੀਆ 'ਤੇ ਵੀ ਉਹੋ ਖਬਰਾਂ। ਲਾਸ਼ਾਂ ਦੇ ਢੇਰ, ਸੁੰਨੇ ਬਾਜ਼ਾਰ, ਦੇਸ਼ਾਂ ਵਿਚ ਤਾਲਾਬੰਦੀ, ਉਡਾਣਾਂ ਰੱਦ, ਕਰੂਜ਼ ਸ਼ਿੱਪ ਕੈਂਸਲ। ਇਕੀਵੀਂ ਸਦੀ ਦੀ ਇਹ ਕਿਹੋ ਜਿਹੀ ਲੜਾਈ ਸੀ? ਤੇ ਕੌਣ ਲੜ ਰਿਹਾ ਸੀ...ਕਿਸ ਵਾਸਤੇ?

ਤੀਸਰਾ ਵਿਸ਼ਵ ਯੁੱਧ.....ਇਕ ਖਿਆਲ।

ਪਰੰਤੂ ਇਹ ਖਿਆਲ ਮੈਂ ਕਿਸ ਨਾਲ ਸਾਂਝਾ ਕਰਦਾ, ਮੇਰੇ ਕੋਲ਼ ਤਾਂ ਕੋਈ ਨਹੀਂ ਸੀ। ਮੇਰੇ ਮੂੰਹ ਦੀ ਵੀ ਤਾਲਾਬੰਦੀ ਹੋ ਗਈ ਸੀ। ਮੈਂ ਆਪਣੇ ਕਮਰੇ ਦੀ ਖਿੜਕੀ 'ਚੋਂ ਬਾਹਰ ਸੁੰਨੀ ਪਈ ਸੜਕ ਵੱਲ ਝਾਕਦਾ ਰਿਹਾ। ਟੈਲੀਵੀਯਨ ਵਾਲੇ ਵਿਖਾ ਰਹੇ ਸਨ ਕਿ ਜੰਗਲੀ ਜਾਨਵਰ ਸੜਕਾਂ 'ਤੇ ਆ ਗਏ ਨੇ, ਪੰਛੀ ਗਾਉਣ ਲੱਗ ਪਏ। ਪਰ ਮਨੁੱਖ ਕਿੱਥੇ ਚਲੇ ਗਏ? ਮੈਂ ਸੋਚਣ ਲੱਗਿਆ।

ਹੁਣ ਚੈਨਲਾਂ 'ਤੇ ਸਿਰਫ ਡਾਕਟਰ ਬੋਲਦੇ ਜਾਂ ਵਰਲਡ ਹੈਲਥ ਆਰਗੇਨਾਈਜ਼ੇਸ਼ਨ ਦੇ ਨੁਮਾਇੰਦੇ। ਮਨੁੱਖਾਂ ਦੇ ਮੂੰਹਾਂ 'ਤੇ ਮਾਸਕਾਂ ਦੀਆਂ ਛਿੱਕਲ਼ੀਆਂ ਲੱਗ ਗਈਆਂ। ਫੇਰ ਤਾਂ ਮੁਰਦਾ ਘਰ ਵੀ ਬੰਦ ਹੋ ਗਏ।

ਮੈਨੂੰ ਕਮਰੇ 'ਚੋਂ ਭੈਅ ਆਉਣ ਲੱਗਿਆ। ਮੈਂ ਬਾਹਰ ਵੱਲ ਤੁਰ ਪਿਆ। ਪੁੱਤਰ ਅਵਨੀਤ ਦੌੜਿਆ ਆਇਆ।

"ਪਾਪਾ ਅਜੇ ਤੁਹਾਡਾ ਚੌਦਵਾਂ ਦਿਨ ਪੂਰਾ ਨੀ ਹੋਇਆ। ਸਾਡੇ ਬਾਰੇ ਹੀ ਸੋਚ ਲਵੋ...?"

ਹੁਣ ਉਹ ਵੀ ਛੇ ਫੁੱਟ ਤੋਂ ਦੂਰ ਖੜ੍ਹਾ ਮਾਸਕ ਪਹਿਨੀ, ਮੈਨੂੰ ਹਦਾਇਤਾਂ ਦੇ ਰਿਹਾ ਸੀ। ਮੈਂ ਮੁੜ ਆਪਣੇ ਕਮਰੇ ਵਿਚ ਵੜ ਗਿਆ।

ਤੇ ਆਪਣੀਆਂ ਨਜ਼ਰਾਂ, ਖਿੜਕੀ 'ਚੋਂ ਦਿਖਦੀ ਸੁੰਨੀ ਸੜਕ 'ਤੇ ਗੱਡ ਦਿੱਤੀਆਂ।

***(major.mangat@gmail.com Phone: +1-416-727-2071)***

# ਨਾ ਤੇਰੇ ਵੱਸ ਨਾ ਮੇਰੇ ਵੱਸ: ਕਹਾਣੀ: ਹਰਪ੍ਰੀਤ ਸਿੰਘ ਚਨੂੰ

ਪਿੰਡ ਦੇ ਚੜ੍ਹਦੇ ਵਾਲੇ ਪਾਸੇ ਸਾਡਾ ਇਕ ਬਰਾਨੀ ਖੇਤ ਸੀ। ਟਿੱਬੀ ਵਾਲੀ ਰੇਤਲੀ ਧਰਤੀ। ਜਦੋਂ ਕਿਸੇ ਸਾਲ ਚੰਗੀਆਂ ਬਰਸਾਤਾਂ ਹੋਣੀਆਂ ਤੇ ਚੜ੍ਹਦੇ ਅੱਸੂ ਇਕ-ਅੱਧ ਤਕੜਾ ਬੱਦਲ ਵਰ੍ਹ ਜਾਣਾ, ਫੇਰ ਉਸ ਖੇਤ ਸਮਾਂ ਲਗਦਾ। ਛੋਲਿਆਂ ਦੇ ਥਰ ਬੱਝ ਜਾਣੇ; ਉਨ੍ਹਾਂ 'ਚ ਲਾਈਆਂ ਸਰ੍ਹੋਂ ਦੀਆਂ ਆਡਾਂ ਵਿਚੋਂ ਏਨੀ ਕੁ ਸਰ੍ਹੋਂ ਹੋ ਜਾਣੀ ਕਿ ਸਾਲ ਭਰ ਦਾ ਤੇਲ ਵੀ ਨਿਕਲ ਆਉਣਾ। ਸਾਡਾ ਉਹ ਖੇਤ ਹੁਣ ਕਾਫ਼ੀ ਚਿਰ ਤੋਂ ਰਾਜੇ ਸਿੱਖਾਂ ਕੋਲ਼ ਹਿੱਸੇ ਉੱਤੇ ਹੁੰਦਾ ਹੈ।

ਨੌਕਰੀ ਤੋਂ ਰਿਟਾਇਰ ਹੋਣ ਪਿੱਛੋਂ ਹੁਣ ਮੈਂ ਅਕਸਰ ਪਿੰਡ ਜਾਂਦਾ ਰਹਿੰਦਾ ਹਾਂ। ਗਰਮੀ 'ਚ ਸ਼ਹਿਰ ਦੀਆਂ ਸਹੂਲਤਾਂ ਕਰਕੇ ਘੱਟ, ਪਰ ਸਿਆਲ ਦੇ ਕਾਫ਼ੀ ਦਿਨ ਪਿੰਡ 'ਚ ਬਚਪਨ ਦੀਆਂ ਪੁਰਾਣੀਆਂ ਯਾਦਾਂ ਤਾਜ਼ਾ ਕਰਦਿਆਂ ਲੰਘ ਜਾਂਦੇ ਹਨ।

ਇਕ ਦਿਨ ਸਾਡਾ ਹਿੱਸੇਦਾਰ ਰਾਜੇ ਸਿੱਖਾਂ ਦਾ ਮੁੰਡਾ ਮੈਨੂੰ ਉਸ ਖੇਤ ਲੈ ਗਿਆ।

"ਚੱਲ ਬਾਈ ਜੀ, ਕਦੇ ਓਸ ਪਾਸੇ ਵੀ ਗੇੜਾ ਮਾਰ ਆ, ਜੈਦਾਤ ਐ 'ਥੋਡੀ।"

ਟਿੱਬੀ ਵਾਲੇ ਖੇਤ ਐਤਕੀਂ ਉਹਨੇ ਤਾਰਾਮੀਰਾ ਬੀਜਿਆ ਸੀ। ਚਿੱਟੇ, ਪੀਲ਼ੇ ਫੁੱਲਾਂ ਨਾਲ ਭਰੇ ਥੱਬੇ-ਥੱਬੇ ਦੇ ਬੂਟੇ ਮੈਨੂੰ ਚਾਅ ਨਾਲ ਵਿਖਾਉਂਦਾ ਰਿਹਾ। ਛੋਟੀ ਜਿਹੀ ਬੇਰੀ ਅਤੇ ਦੋ ਕਿੱਕਰਾਂ ਹੁਣ ਵੱਡੇ ਰੁੱਖਾਂ ਦਾ ਰੂਪ ਲਈ ਖੜ੍ਹੀਆਂ ਸਨ। ਜਿੱਥੇ ਕਿਤੇ 'ਨ੍ਹੇਰੀਆਂ ਨਾਲ ਉੱਡ ਕੇ ਕੱਕੇ ਰੇਤੇ ਦੀ, ਬੂੰਈਆਂ ਨਾਲ ਲੱਗ ਕੇ, ਧੋੜੀ ਜਿਹੀ ਬਣ ਗਈ ਸੀ, ਉਸ ਉਤੇ ਕੌੜ ਤੁੰਮਿਆਂ ਦੀਆਂ ਵੇਲਾਂ ਵਿਛੀਆਂ ਹੋਈਆਂ ਸਨ। ਉਨ੍ਹਾਂ ਨੂੰ ਲੱਗੇ ਹੋਏ ਹਰੇ ਰੰਗ ਦੇ ਕੱਚੇ ਤੇ ਕੁਝ ਪੱਕੇ ਹੋਏ ਪੀਲ਼ੇ ਰੰਗ ਦੇ ਤੁੰਮੇ, ਫੱਗਣ ਦੀ ਧੁੱਪ ਵਿਚ ਲਿਸ਼ਕ ਰਹੇ ਸਨ। ਇਹ ਸਾਰਾ ਕੁਝ ਵੇਖ ਕੇ ਮੈਨੂੰ ਬੜੀ ਖੁਸ਼ੀ ਮਹਿਸੂਸ ਹੋ ਰਹੀ ਸੀ।

"ਅੱਜ ਤਾਂ ਤੂੰ ਛੋਟੇ ਭਾਈ, ਮੇਰੀ ਰੂਹ ਖੁਸ਼ ਕਰ'ਤੀ। ਐਵੇਂ ਮੈਂ ਤਾਂ ਏਧਰ ਆਉਣ ਤੋਂ ਨਾਂਹ ਕਰੀ ਜਾਂਦਾ ਸੀ।" ਉੱਚੀ ਟਿੱਬੀ ਤੋਂ ਖਲੋ ਕੇ ਚੁਫੇਰੇ ਫੈਲੇ ਹਰੀ ਕਚੂਰ ਕਣਕ ਦੇ ਖੇਤ, ਦੂਰ ਤਕ ਵਿੰਹਦਿਆਂ ਮੈਂ ਕਿਹਾ।

"ਹੁਣ ਬਾਈ ਜੀ, ਸਮਾਂ ਘੱਟ ਲਗਦੈ ਕਿਸੇ-ਕਿਸੇ ਸਾਲ ਹੀ ਫ਼ਸਲ ਹੁੰਦੀ ਐ ਤੇ ਵਿਹਲਾ ਪਿਆ ਵਾਹਣ ਫੇਰ ਬੂੰਈਆਂ ਤੇ ਸੂੜ-ਸੱਪੇ ਨਾਲ ਖਰਾਬ ਈ ਹੁੰਦਾ ਐ। ਮੈਂ ਤਾਂ ਥੋਨੂੰ ਇਉਂ ਰੈਅ ਦਿੰਦਾ ਆਂ, ਬਈ ਜੇ ਕਿਤੇ ਇਕ ਬੋਰ ਲਗਵਾ ਦਿਓ ਤਾਂ ਵਾਹਣ ਵੀ ਸੰਭਿਆ ਰਹੇ ਤੇ ਆਮਦਨ ਵੀ ਚੰਗੀ ਹੋਵੇ।"

"ਟਿਊਬਵੈੱਲ ਤਾਂ ਤੈਨੂੰ ਲਗਵਾ ਦਿੰਦੇ ਹਾਂ ਪਰ ਬੋਰ ਦੇ ਪਾਣੀ ਨਾਲ ਤਾਂ ਸਿਰਫ਼ ਕਣਕ ਹੀ ਹੋਊ। ਆਹ ਤਾਰੇਮੀਰੇ, ਸਰ੍ਹੋਂ, ਛੋਲਿਆਂ ਦੇ ਨਜ਼ਾਰੇ ਤਾਂ ਫੇਰ ਨਹੀਂ ਆਉਣੇ, ਨਾ ਸੌਣੀ 'ਚ ਮੂੰਗੀ, ਗੁਆਰਾ ਹੋਵੇ; ਵੇਖ ਲੈ?"

"ਬਾਈ ਜੀ ਜਾਰ, ਛੂਈ ਮਾਰ ਤਾਰੇਮੀਰੇ ਦੇ ਨਜ਼ਾਰਿਆਂ ਦੀ, ਬਥੇਰੇ ਵਰ੍ਹੇ ਲੈ ਲਏ ਨਜ਼ਾਰੇ। ਹੁਣ ਤਾਂ ਜੇ ਚਾਰ ਪੈਸਿਆਂ ਦੀ ਆਮਦਨ ਵਾਲੀ ਫ਼ਸਲ ਹੋਵੇ, ਤਾਂ ਈ ਕੰਮ ਕਰਨ ਨੂੰ ਜੀਅ ਕਰਦੈ। ਜੇ ਤੁਸੀਂ ਮੇਰੀ ਮੰਨੋ ਤਾਂ ਐਤਕੀਂ ਬੋਰ ਲਗਵਾ ਦਿਓ, ਵਾਹ-ਕਰਾਹ ਕੇ ਸੱਤੇ ਕਿੱਲੇ ਮੈਂ ਆਪੇ ਸੂਤ ਕਰ ਲਊ। ਦੋ-ਚਾਰ ਫਸਲਾਂ 'ਚ ਖਰਚ ਪੂਰੇ ਹੋ ਕੇ ਆਮਦਨ ਵੀ ਹੋਣ ਲਗਜੂ।"

"ਚੰਗਾ ਚੱਲ ਹੁਣ ਚੱਲੀਏ! ਲੁਆ ਦਿਆਂਗੇ ਤੈਨੂੰ ਬੋਰ।" ਤਾਰੇਮੀਰੇ ਦੇ ਆਖਰੀ ਨਜ਼ਾਰੇ ਵਿੰਹਦਿਆਂ ਮੈਂ ਸੋਚ ਰਿਹਾ ਸਾਂ- 'ਲੈ ਅਗਾਂਹ ਨੂੰ ਇਹ ਬਸੰਤੀ ਨਜ਼ਾਰਾ ਵੀ ਗ਼ਾਇਬ ਸਮਝੋ'।

ਟਿੱਬੀ ਤੋਂ ਮੁੜਦਾ ਹੋਇਆ ਮੈਂ ਪਿੰਡ ਦੇ ਚੜ੍ਹਦੇ ਵਾਲੇ ਪਾਸੇ ਵਸੇ ਹੋਏ ਵਿਹੜੇ ਵੱਲ ਜਾਂਦੀ ਡੰਡੀ ਪੈ ਗਿਆ।

"ਏਧਰ ਬਾਈ ਜੀ, ਤੂੰ ਵਿਹੜੇ 'ਚ ਜਾ ਕੇ ਕੀ ਲੈਣਾ ਐ? ਆਪਣੇ ਘਰੇ ਚਲਦੇ ਆਂ, ਚਾਹ-ਪਾਣੀ ਪੀ ਕੇ ਜਾਈਂ, ਥੱਕ ਗਿਆ ਹੋਣੈ।"

"ਬਸ ਕਦੇ ਫੇਰ ਪੀਆਂਗੇ ਨਿੱਕੇ ਵੀਰ। ਅੱਜ ਹੁਣ ਏਧਰ ਆਇਆਂ ਤਾਂ ਮੈਂ ਸਮੁੰਦ ਚਾਚੇ ਨੂੰ ਵੀ ਮਿਲਦਾ ਜਾਵਾਂ, ਕਈ ਸਾਲ ਹੋ ਗਏ ਟੱਕਰਿਆਂ ਨੂੰ। ਵੇਖਿਆ ਤੂੰ ਓਹਨੂੰ ਕਦੇ ਹੁਣ? ਕਿਵੇਂ ਆ ਤਕੜਾ ਆ ਕਿ...?"

"ਨਹੀਂ ਬਾਈ ਜੀ, ਕਾਇਮ ਐ ਅਜੇ। ਕਮਜ਼ੋਰ ਤਾਂ ਹੋ ਗਿਆ ਅੱਗੇ ਨਾਲੋਂ ਪਰ ਉਹਦੇ ਫੌਜੀ ਮੁੰਡੇ ਦੀ ਸੰਭਾਲ ਚੰਗੀ ਐ। ਚੰਗਾ ਖਰਚਾ ਪਾਣੀ ਕਰਦਾ ਉਹ ਦਵਾਈ ਬੂਟੀ 'ਤੇ, ਏਸੇ ਕਰਕੇ ਬਚਿਐ। ਆਵਦੇ ਦਰਵਾਜ਼ੇ ਮੂਹਰੇ ਬੈਠਾ ਹੋਊ।"

ਉਹਨੂੰ ਘਰ ਵੰਨੀਂ ਤੋਰ ਕੇ ਮੈਂ ਵਿਹੜੇ ਦੀ ਸੱਜੇ ਪਾਸੇ ਵਾਲੀ ਖੁੱਲ੍ਹੀ ਗਲ਼ੀ ਪੈ ਗਿਆ। ਚੜ੍ਹਦੇ ਪਾਸਿਓਂ ਦੋ ਗਲ਼ੀਆਂ ਵਿਹੜੇ ਅੰਦਰ ਜਾ ਕੇ ਅਗਾਂਹ ਲੱਡੂ ਸਾਧ ਦੇ ਡੇਰੇ ਕੋਲ਼ ਚੌਕ 'ਚ ਮਿਲ ਜਾਂਦੀਆਂ ਸਨ। ਉਥੋਂ ਇਕ ਗਲ਼ੀ ਨਿਕਲ ਕੇ ਪਿੰਡ ਦੀ ਅੰਦਰਲੀ ਸੱਥ ਵੱਲ ਚਲੀ ਜਾਂਦੀ ਸੀ। ਸੱਜੀ ਗਲ਼ੀ ਵਿਚ ਜ਼ਿਆਦਾਤਰ ਮਜ਼ਹਬੀ ਸਿੱਖਾਂ ਦੇ ਘਰ ਸਨ ਤੇ ਖੱਬੀ ਗਲ਼ੀ ਵਿਚ ਬੌਰੀਏ ਸਿੱਖਾਂ ਦੇ।

ਵਿਹੜਾ ਹੁਣ ਚਾਰ ਗੁਣਾ ਪਸਰ ਚੁੱਕਾ ਸੀ। ਮੈਨੂੰ ਪੁਰਾਣੇ ਘਰਾਂ ਦੀ ਸਿਆਣ ਨਹੀਂ ਆ ਰਹੀ ਸੀ। ਨਵੇਂ ਘਰ ਕਾਫੀ ਪੱਕੇ ਹੋ ਚੁੱਕੇ ਸਨ। ਨਵੇਂ ਮੁੰਡੇ-ਖੁੰਡੇ ਔਰਤਾਂ-ਜ਼ਨਾਨੀਆਂ ਘਰਾਂ 'ਚ ਆਪੋ-ਆਪਣੀ ਕੰਮੀਂ-ਧੰਦੀਂ ਲੱਗੇ ਹੋਏ ਸਨ।

ਸੋਚ ਰਿਹਾ ਸਾਂ, ਮੈਂ ਕੀ ਲੈਣ ਆ ਗਿਆ? ਮੈਨੂੰ ਤਾਂ ਨਾ ਕੋਈ ਸਿਆਣਦਾ ਹੈ ਨਾ ਬੁਲਾਉਂਦਾ ਹੈ। 'ਗਾਂਹ ਸ਼ਾਇਦ ਕੋਈ ਪੁਰਾਣਾ ਬੰਦਾ ਟੱਕਰ ਜੇ, ਸੋਚ ਕੇ ਮੈਂ ਤੁਰਿਆ ਗਿਆ।

ਕੰਧ ਨਾਲ ਖੇਸ ਦੀ ਬੁੱਕਲ਼ ਮਾਰੀ, ਪੈਰਾਂ ਭਾਰ ਬੈਠੇ, ਕਰੜ-ਬਰੜੀ ਰੁੱਖੀ ਜਿਹੀ, ਝਾਪਰੀ ਹੋਈ ਦਾੜ੍ਹੀ ਵਾਲੇ ਇਕ ਬੰਦੇ ਨੂੰ ਮੈਂ ਝਿਜਕਦੇ ਜਿਹੇ ਪੁੱਛਿਆ, "ਸਮੁੰਦ ਸੇਂਅ ਦਾ ਘਰ ਭਲਾਂ ਕਿਹੜੇ ਪਾਸੇ ਰਹਿ ਗਿਆ?"

ਉਹਨੇ ਨਿਗ੍ਹਾ ਉੱਚੀ ਕਰਕੇ ਮੇਰੇ ਵੱਲ ਨੀਝ ਨਾਲ ਵੇਖਿਆ, ਜਿਵੇਂ ਪਛਾਣ ਕੱਢਦਾ ਹੋਵੇ। ਫੇਰ ਖਘੂੰਰਾ ਜਿਹਾ ਮਾਰਿਆ ਤਾਂ ਮੈਨੂੰ ਉਹਦੀਆਂ ਅੱਖਾਂ 'ਚ ਚਮਕ ਜਿਹੀ ਆਈ ਦਿਸੀ।

"ਤੂੰ ਬਾਈ ਜੀ ਐਇਉਂ ਲਗਦੈ ਭੁੱਲ ਗਿਆ ਮੈਨੂੰ। ਮੈਂ ਪੂਰਨ! ਥੋਡੇ ਪਾਲੀ ਲੱਗਿਆ ਹੁੰਦਾ ਸੀ। ਜਾਦ ਐ! ਆਪਾਂ ਦੋਹੇ ਘਰੋਂ ਚੋਰੀ, ਦੁਪਹਿਰੇ ਛੱਪੜ 'ਚ ਤਾਰੀਆਂ ਲਾਉਣ ਜਾਂਦੇ ਹੁੰਦੇ ਸੀ। ਕਿ ਨਹੀਂ ਜਾਦ ਆਇਆ?"

"ਓਹੋ! ਓਹੋ!! ਯਾਰ ਤੂੰ ਪੂਰਨ! ਵਾਹ ਬਾਈ ਵਾਹ! ਆ ਗਿਆ ਯਾਦ, ਆ ਗਿਆ। ਹੋਰ ਸੁਣਾ ਕੀ ਹਾਲ ਐ ਤੇਰਾ?" ਮੈਂ ਉਹਦੇ ਦੋਵੇਂ ਹੱਥ ਘੁੱਟਦਾ ਹੋਇਆ ਬੋਲਿਆ।

"ਠੀਕ ਐ ਬਾਈ ਜੀ, ਟੈਮ ਟੱਪੀ ਜਾਂਦਾ, ਮੁੰਡੇ ਕੰਮੀਂ-ਧੰਦੇ ਲੱਗੇ ਐ, ਮੈਂ ਮਨਰੇਗਾ ਦੀ ਦਿਹਾੜੀ ਕਰ ਆਉਂਦਾ ਹਾਂ। ਟੁੱਕ ਦੀ ਬੁਰਕੀ ਮਿਲੀ ਜਾਂਦੀ ਐ। ਤੁਸੀਂ ਆਵਦੀ ਗੱਲ ਦਿਓ, ਆਰ-ਪਰਿਵਾਰ, ਬਾਲ-ਬੱਚੇ ਤਕੜੇ ਐ। ਤੁਸੀਂ ਤਾਂ ਹੁਣ ਛਹਿਰੀ ਹੋ ਗਏ। ਗੇੜਾ ਮਾਰਿਆ ਕਰੋ, ਐਂ ਤਾਂ ਐਡੇ ਵੱਡੇ ਮਕਾਨ ਸੁੰਨੇ ਪਏ ਡਿੱਗ ਪੈਣਗੇ।"

"ਨਹੀਂ ਪੂਰਨਾ! ਪਿੰਡ ਤਾਂ ਆਈਦਾ ਈ ਹੈ, ਬੱਸ ਏਧਰ ਈ ਕਦੇ ਗੇੜਾ ਨਹੀਂ ਵੱਜਿਆ।" ਮੈਂ ਉੱਥੋਂ ਤੁਰਨ ਦੀ ਕਾਹਲ਼ 'ਚ ਫੇਰ ਸਮੁੰਦ ਚਾਚੇ ਦਾ ਘਰ ਪੁੱਛਿਆ।

"ਹਾਅ! ਵੇਖ ਬਾਈ ਜੀ, ਅਹੁ! ਖੱਬੇ ਹੱਥ ਥਾਈ ਦੇ ਸਾਹਮਣੇ, ਗੁਲਾਬੀ ਜ੍ਹਾ ਦਰਵਾਜ਼ਾ। ਉੱਥੇ ਈ ਬੈਠਾ ਹੋਊ ਤਾਇਆ। ਕਹੇਂ ਤਾਂ ਮੈਂ ਚੱਲਾਂ ਨਾਲ?"

"ਨਹੀਂ-ਨਹੀਂ! ਸਮਝ ਗਿਆ, ਆ ਗਿਆ ਯਾਦ, ਮੈਂ ਜਾ ਵੜੂੰਗਾ, ਤੂੰ ਬੈਠ।"

ਸਮੁੰਦ ਚਾਚਾ, ਖੱਬੇ ਹੱਥ ਗੁਲਾਬੀ ਰੰਗ ਕੀਤੇ ਦਰਵਾਜ਼ੇ ਤੇ ਸੱਜੇ ਹੱਥ ਬਣੀ ਛੋਟੀ ਜਿਹੀ ਬੈਠਕ ਦੇ ਮੂਹਰੇ ਲੋਹੇ ਦੀ ਕਾਲ਼ੀ ਪਾਈਪ ਤੇ ਪਲਾਸਟਿਕ ਦੀ ਤਾਰ ਨਾਲ ਬੁਣੀ ਕੁਰਸੀ ਉੱਤੇ ਪੈਰ ਧਰੀ ਬੈਠਾ ਸੀ, ਡੱਬੀਆਂ ਵਾਲੀ ਨੀਲੇ ਚਿੱਟੇ ਰੰਗ ਦੀ ਕੈਸ਼ਮੀਲੋਨ ਦੀ ਲੋਈ ਦੀ ਬੁੱਕਲ਼ ਮਾਰੀ। ਸਿਰ ਉੱਤੇ ਉਹੀ ਘਸਮੈਲ਼ੀ ਜਿਹੀ ਚਿੱਟੀ ਪੋਚਵੀਂ ਪੱਗ, ਅੱਖਾਂ 'ਤੇ ਗੋਲ਼ ਫਰੇਮ ਦੀਆਂ ਐਨਕਾਂ, ਐਨਕਾਂ ਦੇ ਵਿਚਕਾਰ ਕੱਚੇ ਸੂਤ ਦਾ ਵਲ਼ਿਆ ਹੋਇਆ ਧਾਗਾ ਤਾਂ ਕਿ ਨੱਕ ਉੱਤੇ ਚੀਘ ਨਾ ਪਵੇ। ਗਲ਼-ਤੇੜ ਦੇ ਕੱਪੜੇ ਲੋਈ ਹੇਠ ਲੁਕੇ ਹੋਏ ਸੀ ਪਰ ਖਾਕੀ ਰੰਗ ਦੀਆਂ ਫੌਜੀ ਜੁਰਾਬਾਂ 'ਚ ਪਏ ਪੈਰ ਲੋਈ ਤੋਂ ਬਾਹਰ ਝਾਕ ਰਹੇ ਸਨ। ਉਲਝੀ ਹੋਈ ਦਾੜ੍ਹੀ, ਪਰ ਮੁੱਛਾਂ ਬੁੱਲ੍ਹਾਂ ਤੋਂ ਪਾਸੇ ਨੂੰ ਕਰ ਕੇ ਸੰਵਾਰੀਆਂ ਹੋਈਆਂ। ਲੰਬੂਤਰੇ ਦਾਅ ਦਾ ਝੁਰੜੀਆਂ ਨਾਲ ਭਰਿਆ ਹੋਇਆ ਤਾਂਬੇ ਰੰਗਾ ਚਿਹਰਾ ਮੈਂ ਦੂਰੋਂ ਹੀ ਪਛਾਣ ਲਿਆ।

ਉਹਨੇ ਸਿਰ ਤੋਂ ਲੈ ਕੇ ਪੈਰਾਂ ਤਕ ਜਿਵੇਂ ਮੇਰਾ ਐਕਸਰਾ ਕੀਤਾ ਹੋਵੇ। ਅੱਖਾਂ ਸੁੰਗੇੜਦਿਆਂ ਉਹਨੇ ਬੁੱਲ੍ਹ ਫ਼ਰਕਾਏ, "ਕਿਹੜਾ ਐ! ਕਾਕਾ ਵਿੰਦਰ ਤਾਂ ਨਹੀਂ ਕਿਤੇ, ਕਿ ਮੈਨੂੰ ਈਂ ਭੁਲੇਖਾ ਲੱਗਿਐ। ਨਿਗ੍ਹਾ ਵੀ ਸਹੁਰੀ ਰਹਿ ਗਈ ਨਾ ਇਕ ਤਾਂ?"

ਮੈਂ ਵੀ ਸਾਹਮਣੇ ਖੜ੍ਹਾ ਮੁਸਕਰਾਉਂਦਾ ਰਿਹਾ ਪਰ ਬੋਲਿਆ ਕੁਛ ਨਾ, ਉਹਨੇ ਇਕ ਵਾਰੀ ਫੇਰ ਪਛਾਣ ਕੱਢੀ, ਤੇ ਮੇਰਾ ਹਾਸਾ ਵਿੰਹਦੇ ਸਾਰ ਹੜਬੜਾ ਕੇ ਇਉਂ ਉਠਿਆ, ਜੇ ਮੈਂ ਹੱਥ ਨਾ ਪਾਉਂਦਾ ਤਾਂ ਡਿੱਗ ਹੀ ਪੈਣਾ ਸੀ। ਉਹਨੇ ਪੈਰਾਂ 'ਚ ਕੱਪੜੇ ਦੇ ਖਾਕੀ ਬੂਟ ਵੀ ਨਹੀਂ ਪਾਏ। ਉਵੇਂ ਸਣੀ ਜ਼ੁਰਾਬਾਂ ਭੁੰਜੇ ਖੜ੍ਹ ਕੇ ਮੇਰੇ ਦੋਵੇਂ ਮੋਢਿਆਂ 'ਤੇ ਹੱਥ ਰੱਖ ਕੇ ਘੁੱਟ ਕੇ ਆਂਹਦਾ, "ਅੱਜ ਕੀੜੀ ਦੇ ਘਰ ਭਗਮਾਨ ਕਿਵੇਂ ਆ ਗਏ?"

ਮੈਂ ਵੇਖਿਆ, ਉਹਦੀ ਐਨਕ ਦੇ ਸ਼ੀਸ਼ਿਆਂ ਥੱਲੇ, ਅੱਖਾਂ 'ਚ ਪਾਣੀ ਸਿਮ ਆਇਆ ਸੀ। ਬਿੰਦ ਦੀ ਬਿੰਦ ਸਾਥੋਂ ਦੋਹਾਂ ਤੋਂ ਬੋਲਿਆ ਨਾ ਗਿਆ।

"ਚਾਚਾ! ਆਪਾਂ ਦੋਹੇਂ ਕਿਵੇਂ ਇਕ-ਦੂਜੇ ਨੂੰ ਭੁੱਲ ਸਕਦੇ ਹਾਂ। ਇਹ ਗੱਲ ਕਿਤੇ ਹੋ ਸਕਦੀ ਐ।"

"ਉਹ ਤਾਂ ਤੇਰੀ ਗੱਲ ਠੀਕ ਐ ਪਰ ਬੱਚਾ, ਜੇ ਮਿਲਣੋਂ-ਗਿਲਣੋਂ ਹੀ ਰਹਿ ਜਾਈਏ, ਫੇਰ ਹੌਲ਼ੀ-ਹੌਲ਼ੀ ਪਛਾਣ ਬੀ ਚਿੱਤ 'ਚੋਂ ਨਿਕਲ ਜਾਂਦੀ ਐ। ਹੈ ਕਿ ਨਹੀਂ?"

ਚਾਚੇ ਦੀ ਕੁਰਸੀ ਦੇ ਬਰਾਬਰ ਰੰਗ ਬਰੰਗੀ, ਪਲਾਸਟਿਕ ਦੀ ਰੱਸੀ ਦੀ ਬੁਣੀ ਹੋਈ ਪਲੰਘੜੀ ਡੱਠੀ ਹੋਈ ਸੀ। ਮੈਂ ਉਧਰ ਨੂੰ ਹੋਣ ਲੱਗਾ ਤਾਂ ਬੁਢਾਪੇ 'ਚ ਵੀ ਉਹਦੇ ਕਰੜੇ ਹੱਥਾਂ ਨੇ ਮੈਨੂੰ ਕੁਰਸੀ ਵੱਲ ਧੱਕ ਦਿੱਤਾ।"

"ਨਾ ਪੁੱਤ ਬੀਬਿਆ; ਕਾਕਾ ਜੀ, ਤੇਰੀ ਥਾਂ ਐ ਆ ਕੁਰਸੀ ਵੇਖ, ਨਾਲੇ ਤਾਂ ਤੂੰ ਐਂ ਅਪਸਰ ਤੇ ਨਾਲੇ ਮੇਰਾ ਪੁਰਾਣਾ ਨਿੱਕਾ ਜ਼ਿਮੀਂਦਾਰ ਮਾਲਕ। ਤੈਨੂੰ ਮੈਂ ਭਲਾ ਮੰਜੀ 'ਤੇ ਬਹਿਣ ਦਿੰਦਾ ਆਂ।"

"ਛੱਡ ਚਾਚਾ! ਤੇਰੀ ਟਿੱਚਰਾਂ-ਮਖੌਲ ਦੀ ਬਾਣ ਨਾ ਗਈ। ਵੇਖ! ਹੁਣ ਨਾ ਮੈਂ ਅਫ਼ਸਰ ਤੇ ਨਾ ਤੇਰਾ ਮਾਲਕ। ਹੁਣ ਤੂੰ ਮੇਰਾ ਚਾਚਾ ਸਮੁੰਦ ਤੇ ਮੈਂ ਤੇਰਾ ਭਤੀਜਾ ਵਿੰਦਰ ਉਰਫ਼ ਬਲਵਿੰਦਰ।"

ਮੈਂ ਆਵਦੇ ਤਾਣ ਨਾਲ ਉਹਨੂੰ ਕੁਰਸੀ 'ਤੇ ਬਿਠਾ ਆਪ ਮੰਜੀ 'ਤੇ ਬਹਿ ਗਿਆ।

ਕੁਝ ਚਿਰ ਚਾਚਾ ਸਮੁੰਦ ਮੇਰੇ ਪਰਿਵਾਰ ਦੀਆਂ, ਬਾਲ-ਬੱਚਿਆਂ ਦੀਆਂ, ਚੰਡੀਗੜ੍ਹ ਸ਼ਹਿਰ ਦੀਆਂ, ਪਿੰਡ ਵਾਲੇ ਘਰ ਦੀਆਂ, ਪੈਲ਼ੀ ਦੇ ਹਿੱਸੇ ਠੇਕੇ 'ਤੇ ਦੇਣ ਦੀਆਂ ਗੱਲਾਂ ਬਾਤਾਂ ਕਰਦਾ ਰਿਹਾ। ਮੈਨੂੰ ਆਵਦੀ ਬਿਮਾਰੀ-ਠਿਮਾਰੀ ਬਾਰੇ ਵੀ ਦੱਸਦਾ ਰਿਹਾ। ਮੇਰੇ ਬਾਪੂ ਜੀ ਤੇ ਬੇਬੇ ਜੀ, ਭੈਣ ਭਰਾਵਾਂ ਦੀਆਂ ਗੱਲਾਂ ਕਰਦਾ ਰਿਹਾ। ਉਨ੍ਹਾਂ ਦੀਆਂ ਵਧੀਆਂ ਹੋਈਆਂ ਕਬੀਲਦਾਰੀਆਂ ਬਾਰੇ ਪੁੱਛਦਾ ਰਿਹਾ। ਮੈਂ ਦੱਸਦਾ ਰਿਹਾ।

ਫੇਰ ਅਚਾਨਕ ਹੀ ਇਹ ਸਭ ਕੁਝ ਛੱਡ ਕੇ ਆਖਣ ਲੱਗਿਆ, "ਤੇ ਉਹ ਆਪਣਾ ਗੱਡਾ ਜਿਹੜਾ ਤੂੰ, ਤੇਰੇ ਬਾਪੂ ਜੀ ਪਿੱਛੋਂ ਸਾਂਭ-ਸੰਵਾਰ ਕੇ ਪਸ਼ੂਆਂ ਵਾਲੇ ਦਰਵਾਜ਼ੇ 'ਚ ਢਕ ਕੇ ਖਲ੍ਹਾਰ ਗਿਆ ਸੈਂ। ਹੈਗਾ ਐ ਕਿ ਲੈ ਗਏ ਕਬਾੜੀਏ?"

"ਨਹੀਂ ਚਾਚਾ! ਓਵੇਂ ਖੜ੍ਹਾ ਐ ਤੇਰਾ ਗੱਡਾ ਅਜੇ ਤਾਂ! ਆਖੇਂ ਤਾਂ ਤੇਰੇ ਕੋਲ਼ ਖੜ੍ਹਾ ਜਾਵਾਂ, ਕੱਲ੍ਹ ਨੂੰ ਈ।"

"ਰਾ-ਅਮ, ਰਾ-ਅਮ! ਏਥੇ! ਏਥੇ ਤਾਂ ਵਿਹੜੇ ਦੇ ਜੁਆਕ ਆਥਣ ਨੂੰ ਸਾਰਾ ਪਿੱਤਲ ਪੱਟ ਕੇ ਲੈ ਜਾਣਗੇ। ਓਹ ਤਾਂ ਬੱਸ ਥੋਡੇ ਘਰੀਂ ਸੋਂਹਦੈ। ਪਰ ਸ਼ਾਬਾਸ਼ੇ! ਤੂੰ ਸਾਂਭ ਕੇ ਤਾਂ ਰੱਖਿਆ ਆਪਣੀ ਦੋਹਾਂ ਦੀ ਯਾਦ ਨਿਸ਼ਾਨੀ ਨੂੰ। ਲੋਕਾਂ ਨੇ ਤਾਂ ਇਕ ਬਲ਼ਦ ਵਾਲੀਆਂ ਫਿੜਕੀਆਂ ਜਿਹੀਆਂ ਗੱਡੀਆਂ ਬਣਾ ਲਈਆਂ। ਓਹ ਵੀ ਛੱਡ ਕੇ ਹੁਣ ਮੋਟਰਸੈਕਲਾਂ ਮਗਰ ਪੱਠੇ ਢੋਣ ਖਾਤਰ ਰੇਹੜੀਆਂ ਬਣਾਈ ਫਿਰਦੇ ਐ। ਅਖੇ, ਬਲ਼ਦ ਦੇ ਖਰਚੇ ਨਾਲੋਂ ਸਸਤਾ ਪੈਂਦਾ ਐ।"

"ਟਾਈਮ-ਟਾਈਮ ਦੀਆਂ ਗੱਲਾਂ ਐ ਚਾਚਾ।"

ਮੈਂ ਵੇਖਿਆ, ਚਾਚੇ ਦਾ ਫੌਜੀ ਮੁੰਡਾ ਬੈਠਕ ਦੇ ਭਿੜੇ ਹੋਏ ਤਖਤਿਆਂ ਦੀ ਵਿਰਲ ਵਿਚੋਂ ਸਾਨੂੰ ਬੈਠਿਆਂ ਨੂੰ ਵੇਖ ਗਿਆ ਸੀ। ਥੋੜ੍ਹੇ ਚਿਰ ਪਿੱਛੋਂ ਉਹਨੇ ਦਰਵਾਜ਼ੇ ਵਿਚੋਂ ਬਾਹਰ ਆ ਕੇ ਮੈਨੂੰ ਸਤਿ ਸ੍ਰੀ ਅਕਾਲ ਬੁਲਾਉਂਦਿਆਂ ਚਾਚੇ ਨੂੰ ਪੁੱਛਿਆ, "ਭਾਪਾ ਜੀ, ਬਾਈ ਜੀ ਵਾਸਤੇ ਚਾਹ ਲਿਆਵਾਂ?"

ਮੈਨੂੰ ਲੱਗਿਆ, ਚਾਚਾ ਉਹਦੀ ਗੱਲ ਸੁਣ ਕੇ 'ਕੇਰਾਂ ਜਿਵੇਂ ਠਠੰਬਰ ਜਾ ਗਿਆ ਹੋਵੇ। ਇਉਂ ਲੱਗਿਆ, ਸੋਚਦਾ ਹੋਵੇ ਕਿ ਖਬਰੇ ਇਹ ਸਾਡੀ ਚਾਹ ਪੀਵੇ ਕਿ ਨਾ। ਪਰ ਮੈਂ ਕਿਹਾ, "ਲੋੜ ਤਾਂ ਛੋਟੇ ਵੀਰ ਹੈ ਨੀ, ਬਾਕੀ ਜਿਵੇਂ ਤੇਰਾ ਦਿਲ ਕਰੇ।"

ਚਾਚਾ ਚੁੱਪ ਰਿਹਾ। ਫੌਜੀ ਪੁੱਠੇ ਪੈਰੀਂ ਘਰੇ ਅੰਦਰ ਚਲਿਆ ਗਿਆ। ਘਰੇ ਕੁਝ ਆਖ ਕੇ ਫੇਰ ਸਾਡੇ ਕੋਲ਼ ਆ ਕੇ ਖੜ੍ਹ ਗਿਆ।

"ਸਰਮੁਖਾ! ਅੰਦਰੋਂ ਕੋਈ ਮੂੜ੍ਹਾ ਪੀੜ੍ਹੀ ਚੁੱਕ ਲਿਆ। ਬਹਿ ਜਾ, ਕਾਕਾ ਆਇਆ, ਤੂੰ ਤਾਂ ਸੈਤ ਪਹਿਲੀ ਵਾਰੀ ਟੱਕਰਿਆ ਹੋਮੇਂਗਾ।"

ਮੈਂ ਪਲੂੰਘੜੀ ਦੇ ਵਿਚਕਾਰ ਤੋਂ ਇਕ ਪਾਸੇ ਵੱਲ ਸਰਕਦਿਆਂ ਕਿਹਾ, "ਆ ਯਾਰ ਐਥੇ ਬੈਠ ਮੇਰੇ ਕੋਲ਼। ਹੁਣ ਤੇਰੀ ਪੋਸਟਿੰਗ ਕਿਹੜੀ ਥਾਂ ਐ।"

"ਮੇਰੀ ਬਾਈਜੀ ਛੱਤੀ ਐਲ. ਆਈ. ਰਜਮੰਟ ਮੇਰਠ ਐ। ਇਕ ਸਾਲ ਹੋਇਆ, ਦੋ ਹੋਰ ਉੱਥੇ ਹੀ ਰਹਾਂਗੇ।"

"ਅੱਛਾ! ਬਹੁਤ ਵਧੀਆ ਐ ਸਰਮੁਖ ਸਿਆਂ।" ਮੈਂ ਕਿਹਾ ਪਰ ਮੇਰੀ ਦਿਲਚਸਪੀ ਤਾਂ ਚਾਚੇ ਦੀਆਂ ਗੱਲਾਂ ਵਿਚ ਸੀ।

"ਚਾਚਾ! ਕਦੇ ਤੂੰ ਵੀ ਸਮੁੰਦ ਫੌਜੀ ਵੱਜਦਾ ਹੁੰਦਾ ਸੀ। ਤੂੰ ਵੀ ਸਾਨੂੰ ਛੋਟੇ ਹੁੰਦਿਆਂ ਨੂੰ ਫੌਜ ਦੀਆਂ ਗੱਲਾਂ ਸੁਣਾਉਂਦਾ ਹੁੰਦਾ ਸੀ।"

"ਸਾਡੀ ਤਾਂ ਕਾਕਾ, ਥੋੜ੍ਹੀ ਜਿਹੀ ਫੌਜੀ ਨੌਕਰੀ ਸੀ। ਆਪਣੇ ਪਿੰਡ ਦੇ ਦਸ ਮੁੰਡੇ ਭਰਤੀ ਹੋਏ ਸੀ ਅੰਗਰੇਜ਼ੀ ਫੌਜ 'ਚ ਜਦੋਂ ਉਨ੍ਹਾਂ ਦੀ ਜਰਮਨਾਂ ਨਾਲ ਜੰਗ ਲੱਗੀ ਸੀ। ਛੀ ਤਾਂ 'ਕੱਲੇ ਰਾਮੇ ਕੇ ਲਾਣੇ ਦੇ ਸੀ, ਇਕ ਮੈਂ, ਤਿੰਨ ਬੌਰੀਏ ਸਿੱਖ ਸੀ। ਪਰੋਜਪੁਰੋਂ ਭਰਤੀ ਕਰ ਕੇ ਸਾਨੂੰ ਜਿਉਂ ਚੜ੍ਹਾਇਆ ਗੱਡੀ ਰੇਲ, ਬਈ ਪਤਾ ਈ ਨਾ ਲੱਗੇ, ਕਿੱਧਰ ਨੂੰ ਲਈ ਜਾਂਦੇ ਐ। ਫੇਰ ਪਤਾ ਲੱਗਾ ਕਿਤੇ ਜੂਪੀ, ਬਿਹਾਰ 'ਚ ਸਿਖਲਾਈ ਦੇਣੀ ਐ। ਸਿਖਲਾਈ ਪਿੱਛੋਂ ਸਾਨੂੰ ਘੱਲ'ਤਾ ਬਰਮਿਆਂ ਵੰਨੀਂ। ਕੰਮ ਸੀ ਸਾਡਾ ਸਾਹਬ ਲੋਕਾਂ ਦੀ ਸੇਵਾ ਕਰਨਾ, ਬੂਟ ਪਾਲਸ਼ ਕਰਨੇ, ਵਰਦੀਆਂ ਰੱਖਣੀਆਂ, ਨੁਹਾਉਣਾ ਪਵਾਉਣਾ। ਉਨ੍ਹਾਂ ਦੀ ਹਰ ਤਰ੍ਹਾਂ ਟਹਿਲ-ਭਗਤ ਕਰਨੀ।

ਜੰਗ ਮੁੱਕੀ ਤੋਂ ਚਹੁੰ ਕੁ ਸਾਲਾਂ ਬਾਅਦ ਅਸੀਂ ਤਾਂ ਨਾਂ ਕਟਵਾ ਕੇ ਆ ਗਏ ਪਿੰਡ, ਰਾਮੇ ਕੇ ਲਾਣੇ ਦੇ ਦੋ ਕੁ ਜਣੇ ਲੱਗੇ ਰਹੇ। ਉਨ੍ਹਾਂ ਨੂੰ ਤਮਗੇ ਵੀ ਮਿਲੇ, ਪਿਲਸਨ ਵੀ ਲੱਗੀ ਤੇ ਥੋੜ੍ਹੀ ਬਹੁਤੀ ਜ਼ਮੀਨ ਵੀ ਮਿਲੀ। ਅਸੀਂ ਤਾਂ ਜੈਸੇ ਸੀ ਵੈਸੇ ਆ ਕੇ ਪਿੰਡ ਸੀਰੀ ਲੱਗ ਗਏ। ਸਤਾਈ ਵਰ੍ਹੇ 'ਕੱਲੇ ਥੋਡੇ ਨਾਲ ਸੀਰ ਕੱਟੇ।

ਇਕ ਸਾਹਬ ਨੇ ਖੁਸ਼ ਹੋ ਕੇ ਬੜੀ ਭਾਰੀ ਤੇ ਨਿੱਘੀ ਬਰਾਂਡੀ ਦਿੱਤੀ ਸੀ। ਤੂੰ ਵੇਖਿਆ ਹੋਣਾ, ਸਿਆਲ਼ 'ਚ ਨਰਮੇ ਦੀ ਰਾਖੀ ਵੇਲ਼ੇ ਤੇ ਪਾਣੀ ਲਾਉਣ ਵੇਲ਼ੇ ਕਦੇ-ਕਦੇ ਮੈਂ ਪਾ ਲੈਂਦਾ ਸਾਂ। ਏਹੋ

ਜਿਹੀ ਸੀ ਸਾਡੀ ਨੌਕਰੀ ਤਾਂ ਪਰ ਇਹ ਸਰਮੁਖ ਹੋਰੀਂ ਤਾਂ ਹੁਣ ਮੌਜਾਂ ਕਰਦੇ ਐ।"

ਦਰਵਾਜ਼ੇ ਦੇ ਪੁਰਾਣੇ ਤਖਤਿਆਂ ਦੇ ਖੁੱਲ੍ਹਣ ਨਾਲ ਚੀਂ-ਮੀਂ ਦੀ ਆਵਾਜ਼ ਆਈ ਤੇ ਚਾਚੇ ਸਮੁੰਦ ਦੀ ਫੌਜਣ ਨੂੰਹ ਨੇ, ਰੰਗ ਬਰੰਗੇ ਫੁੱਲਾਂ ਵਾਲੇ ਕੱਪ ਪਲੇਟਾਂ 'ਚ ਪਾਈ ਚਾਹ ਵਾਲੀ ਟਰੇਅ ਅੱਗੇ ਵਧਾਉਂਦਿਆਂ ਸਰਮੁਖ ਨੂੰ ਕਿਹਾ, "ਚਾਹ ਲੈ ਜੋ ਜੀ।"

ਅਸੀਂ ਤਿੰਨੇ ਚਾਹ ਪੀਣ ਲੱਗੇ। ਸਰਮੁਖ ਆਵਦੀ ਪਲਟਨ ਦੀਆਂ ਗੱਲਾਂ ਦੱਸਦਾ ਰਿਹਾ। ਪਰ ਚਾਚੇ ਸਮੁੰਦ ਦੇ ਹੱਥ ਕੰਬਦੇ ਰਹੇ, ਜਿਵੇਂ ਸੋਚਦਾ ਹੋਵੇ, ਕਿਤੇ ਕੋਈ ਗੁਨਾਹ ਤਾਂ ਨਹੀਂ ਹੋ ਰਿਹਾ।

ਸਰਮੁਖ ਚਾਹ ਪਿੱਛੋਂ ਭਾਂਡੇ ਲੈ ਕੇ ਅੰਦਰ ਚਲਾ ਗਿਆ। ਚਾਚੇ ਸਮੁੰਦ ਨੂੰ ਜਿਵੇਂ ਸੁੱਖ ਦਾ ਸਾਹ ਆਇਆ ਹੋਵੇ।

"ਬੱਚਿਆ! ਵਿੰਦਰਾ, ਤੈਨੂੰ ਪਤਾ ਐ ਆਪਣਾ ਗੱਡਾ ਕਿਵੇਂ ਬਣਿਆ ਸੀ? ਜਦੋਂ ਬਾਈ ਜੀ, ਤੇਰੇ ਬਾਪੂ ਜੀ ਅੱਡ ਹੋਇਆ ਤਾਂ ਤੇਰੇ ਦਾਦੇ ਸ੍ਹਾਬ ਨੇ ਮੁਸਲਮਾਨਾਂ ਦਾ ਟੁੱਟਿਆ ਜਿਹਾ ਗੱਡਾ ਮੁੱਲ ਲੈ ਕੇ ਦੇ ਦਿੱਤਾ। ਗੱਡੇ ਦੀ ਜੋੜੀ ਦੀਆਂ ਪੁੱਠੀਆਂ ਦੀਆਂ ਫਾਕੜਾਂ ਲੱਥੀਆਂ ਹੋਈਆਂ। ਤੁਰੇ ਤਾਂ ਢਿੱਪ-ਢੈਂਅ-ਘੜਿਚ, ਐਂ ਕਰਕੇ ਹਲੋਚੇ ਖਾਂਦਾ। ਮੈਨੂੰ ਤੋਰਦੇ ਨੂੰ ਸ਼ਰਮ ਆਇਆ ਕਰੇ, ਲੋਕਾਂ ਦੇ ਸੀਰੀ ਝਹੇਡਾਂ ਕਰਿਆ ਕਰਨ। ਕਦੇ ਇਕ ਬਲ਼ਦ ਦਾ ਜ਼ੋਰ ਲੱਗੇ, ਕਦੇ ਦੂਜੇ ਦਾ। ਢਿੱਲਾ ਜਿਹਾ ਸਿਰ ਬੱਝਿਆ ਤੇ ਜੂਲ਼ਾ ਲੈਫਟ-ਰੈਟ ਕਰੇ। ਨਾ ਡਹੀਆਂ ਨਾ ਲਾਰੀਏ। ਬਾਈ ਨੇ ਗੁੱਸਾ ਬਹੁਤ ਖਾਧਾ। "ਕੋਈ ਨੀ ਸਮੁੰਦ, ਕਰਦੇ ਆਂ ਕੁਛ ਬੰਨ੍ਹ-ਸੁਭ, ਹੌਂਸਲਾ ਰੱਖ।"

"ਖਤਾਨਾਂ ਵਾਲੀ ਵੱਟ 'ਤੇ ਖੜ੍ਹੀ ਸੀ ਪੱਕੀ ਕਿੱਕਰ, ਦੋ ਬੰਦਿਆਂ ਦੇ ਜੱਫੇ ਵਿਚ ਆਉਣ ਵਾਲਾ ਪੇਡਾ। ਫੇਰ ਕੀ ਸੀ, ਲੱਗ ਪਏ ਮੈਂ ਤੇ ਬਾਈ ਕਿੱਕਰ ਢਾਹੁਣ। ਤਿੰਨ ਦਿਨਾਂ 'ਚ ਪੱਟ ਪਟਾਈ ਕਰ, ਛਾਂਗ-ਛਗੱਈਆ ਕਰਕੇ ਮੋਛੇ ਲਾ'ਤੇ। ਬਿਪਤਾ ਪਈ, ਬਈ ਲੱਦ ਕੇ ਕਿਵੇਂ ਲਜਾਈਏ। ਅਖੀਰ ਗੱਜਣ ਮਿਸਤਰੀ ਤੇ ਦੋ ਚਾਰ ਬੰਦੇ ਹੋਰ ਨਾਲ ਲੈ ਕੇ ਗਏ। ਉਨ੍ਹਾਂ ਦੀ ਸਲਾਹ ਨਾਲ ਰੱਸੇ, ਲਾਸਾਂ (ਵੇਲਾਂ) ਜ਼ਮੀਨ 'ਤੇ ਵਿਛਾ ਕੇ, ਪੇਡਾ ਰੋੜ੍ਹ ਕੇ ਉਨ੍ਹਾਂ ਉੱਤੇ ਕਰ'ਤਾ, ਫੇਰ ਗੱਜਣ ਦੀ ਸਲਾਹ ਨਾਲ ਗੱਡਾ ਪੋਰੇ 'ਤੇ ਮੂਧਾ ਮਾਰ'ਤਾ। ਥੱਲੇ ਵਿਛੀਆਂ ਲਾਸਾਂ, ਰੱਸਿਆਂ ਨੂੰ ਮੂਧੇ ਮਾਰੇ ਗੱਡੇ ਦੇ ਗਾਟੇ, ਅਗਲੇ ਪਿਛਲੇ ਤੀਰਾਂ ਨਾਲ ਨੂੜ ਬੰਨ੍ਹ ਦਿੱਤਾ। ਸਾਰਿਆਂ ਨੇ ਜ਼ੋਰ ਮਾਰ ਗੱਡਾ ਸਿੱਧਾ ਕਰ ਦਿੱਤਾ ਤੇ ਪੋਰਾ ਲੱਦਿਆ ਗਿਆ। ਅਗਲੇ ਦਿਨ ਲੱਦੇ ਲਦਾਏ ਪੋਰੇ ਨੂੰ ਮੈਂ ਮੰਡੀ ਆਰੇ 'ਤੇ ਲੈ ਗਿਆ। ਉਥੇ ਗੱਜਣ ਮਿਸਤਰੀ ਨੇ ਆਵਦੇ ਹਿਸਾਬ ਨਾਲ ਲੱਕੜ ਚਿਰਾਈ। ਸਾਰਾ ਦਿਨ ਲੱਗ ਗਿਆ।

ਲੋਹੇ ਵਾਲੀ ਰੋਸ਼ਨ ਬਾਣੀਏ ਦੀ ਦੁਕਾਨ ਤੋਂ ਕਿੱਲ-ਪੱਤਰੀਆਂ ਤੇ ਪਿੱਤਲ ਦੀ ਚਾਦਰ ਦਾ ਟੁਕੜਾ ਲਿਆ, ਅੱਧੀ ਰਾਤ ਨੂੰ ਘਰੇ ਮੁੜੇ।

ਹਾੜ੍ਹ ਦੇ ਖੁੱਲ੍ਹੇ ਦਿਨਾਂ 'ਚ ਗੱਜਣ ਤੇ ਸੱਜਣ ਦੋਹੇਂ ਮਿਸਤਰੀ ਭਰਾਵਾਂ ਨੇ ਗੱਡਾ ਬਣਾਉਣਾ ਸ਼ੁਰੂ ਕੀਤਾ ਤੇ ਮਹੀਨਾ ਭਰ ਲੱਗੇ ਰਹੇ। ਨਿੰਮ ਦੀ ਛਾਵੇਂ ਲੱਗੇ ਰਹਿੰਦੇ, ਜਿੱਧਰ ਨੂੰ ਛਾਂ ਜਾਂਦੀ ਓਧਰ ਨੂੰ ਸੰਦ ਪੈੜਾ ਲਈ ਜਾਂਦੇ। ਗੱਲ ਕੀ ਸੀ, ਮਹੀਨੇ 'ਚ ਗੱਡੇ ਦਾ ਤਵੀਤ ਤਿਆਰ ਹੋ ਗਿਆ। ਪੰਜ ਰਪੀਏ ਮਿਸਤਰੀ ਦੀ ਦਿਹਾੜੀ ਸੀ ਓਦੋਂ।

ਲੋਹੇ ਦੀਆਂ ਪੱਤਰੀਆਂ ਨਾਲ ਮੜ੍ਹੀਆਂ, ਪਿੰਜਣੀਆਂ, ਤੀਰ, ਕੰਨ ਤੇ ਗਾਟਾ। ਫੱਲੜ ਤੋਂ ਲੈ ਕੇ ਸੁਗਨੀ ਤਕ ਲੋਹੇ 'ਚ ਮੜ੍ਹਿਆ ਗਿਆ। ਪਿੱਤਲ ਦੀ ਚਾਦਰ ਦੇ ਮੋਰ, ਤੋਤੇ, ਰੱਸੇ ਪਾਉਣ ਨੂੰ ਗੋਲ਼ ਕੁੰਡੇ ਜੜ ਦਿੱਤੇ। ਸੱਤ ਸੇਰ ਖੋਪੇ ਦੇ ਰੱਸੇ ਨੂੰ ਤੇਲ ਵਾਲੇ ਪਾਣੀ 'ਚ ਭਿਉਂ ਕੇ ਗੱਡੇ ਦਾ ਸਿਰ ਬੰਨ੍ਹਿਆ, ਤਾਏ ਲਾਲ ਸੇਂਅ ਨੇ ਧੂਫ ਬੱਤੀ ਕਰਕੇ। ਹਾਂ ਸੱਚ! ਜੋੜੀ ਪਹੀਆਂ ਦੀ ਮੰਗਵਾਈ ਸੀ ਜੈਤੋਂ ਤੋਂ, ਤੇ ਜਦੋਂ ਸਧਵਾਈ ਤੇ ਤੋਲ ਕੇ, ਧੁਰਾਂ ਨੂੰ ਮਖਣੀ ਤੇ ਗਲੀਸ ਨਾਲ ਚੋਪੜ ਕੇ ਪਹੀਏ ਚੜ੍ਹਾਏ ਤਾਂ ਇਉਂ ਲੱਗਿਆ, ਵੀ ਗੱਡੇ ਦੇ ਨਾਲ ਈ ਮੇਰਾ ਕੱਦ ਗਿੱਠ ਉੱਚਾ ਹੋ ਗਿਆ ਹੋਵੇ। ਕੀ ਕੀ ਦੱਸੀਏ ਸ਼ੇਰਾ! ਗੱਲਾਂ ਤਾਂ ਮੁੱਕਣ 'ਚ ਈ ਨ੍ਹੀਂ ਆਉਂਦੀਆਂ।"

"ਯਾਦ ਐ ਚਾਚਾ, ਸਭ ਕੁਝ ਯਾਦ ਐ। ਤੂੰ ਤਾਂ ਸਾਨੂੰ ਗੱਡਾ ਹਿੱਕਣ ਹੀ ਨਹੀਂ ਦਿੰਦਾ ਸੀ। ਅੱਜ ਕੱਲ੍ਹ ਓਨਾ ਵੱਡੀ ਕਾਰ ਚਲਾਉਣ ਨੂੰ ਜੀਅ ਨਹੀਂ ਕਰਦਾ ਜਿੰਨਾ ਓਦੋਂ ਗੱਡਾ ਚਲਾਉਣ ਨੂੰ

ਕਰਦਾ ਹੁੰਦਾ ਸੀ। ਅਸੀਂ ਤੈਨੂੰ ਵੇਖ ਕੇ ਰਸ਼ਕ ਕਰਦੇ ਹੁੰਦੇ ਸਾਂ, ਜਦੋਂ ਤੂੰ ਗੱਡੇ ਦੇ ਠੋਡ 'ਤੇ ਪੈਰ ਧਰ ਕੇ, ਅੱਖ ਝਪਕੇ 'ਚ ਪੱਟ 'ਤੇ ਜਾ ਬਹਿੰਦਾ ਹੁੰਦਾ ਸੀ ਤੇ ਬਲ਼ਦ ਨਾਲ ਦੀ ਨਾਲ ਛੁੱਟ ਪੈਂਦੇ ਸਨ। ਸਾਨੂੰ ਤਾਂ ਤੂੰ ਕਦੇ ਪੱਟ 'ਤੇ ਬੈਠ ਕੇ ਗੱਡਾ ਹਿਕਣ ਹੀ ਨਹੀਂ ਦਿੰਦਾ ਸੀ; ਬਈ ਡਿੱਗ ਕੇ ਥੱਲੇ ਆ ਜਾਉਂਗੇ। ਹਮੇਸ਼ਾ ਮੁੱਨੀਆਂ 'ਚ ਬਹਿ ਕੇ ਗੱਡਾ ਹੱਕਣ ਦਿੰਦਾ।"

ਹੱਸ-ਹੱਸ ਕੇ ਚਾਚਾ ਸਮੁੰਦ ਦੂਹਰਾ ਹੋ ਗਿਆ।

"ਸੱਚੀ ਆਖੀ ਬੱਚਾ, ਸੱਚੀ ਆਖੀ। ਮੈਂ ਥੋੜੇ ਸੱਟ ਫੇਟ ਵੱਜਣ ਤੋਂ ਡਰਦਾ ਸਾਂ, ਨਾਲੇ ਥੋਡੀ ਮਾਤਾ ਜੀ ਤੋਂ; ਉਹ ਕਹਿੰਦੀ ਹੁੰਦੀ ਸੀ, ਸਮੁੰਦ ਤੂੰ ਨਾ ਇਨ੍ਹਾਂ ਨੂੰ ਏਸ ਪਾਸੇ ਲਾ, ਇਹ ਗੱਡੇ ਹੱਕਣ ਜੋਗੇ ਰਹਿ ਜਾਣਗੇ। ਪਰ ਅਸ਼ਕੇ ਭਾਈ ਕਾਕਾ ਤੇਰੀ ਮਾਂ ਦੇ ਤੇ ਤੇਰੇ, ਜਿਹੜਾ ਪੜ੍ਹ ਲਿਖ ਕੇ ਅਪਸਰ ਬਣ ਗਿਆ ਤੇ ਸ਼ਾਬਾਸ਼ੇ ਜਿਹੜਾ ਅਜੇ ਗੱਡੇ ਨੂੰ ਸੰਭਾਲ਼ੀ ਬੈਠਾ ਐਂ।"

ਦਿਨ ਢਲ਼ ਚੱਲਿਆ ਸੀ, ਹਲਕਾ ਹਨੇਰਾ ਹੋਣ ਲੱਗ ਪਿਆ ਸੀ। ਮੇਰਾ ਘਰੇ ਜਾਣ ਨੂੰ ਜੀਅ ਤਾਂ ਨਹੀਂ ਕਰਦਾ ਸੀ ਪਰ ਜਾਣਾ ਪੈਣਾ ਸੀ। ਮੈਂ ਖੜ੍ਹੇ ਹੋਣ ਲਈ ਪੈਰ ਜਿਹੇ ਮਲਣ ਲੱਗ ਪਿਆ।

ਪਰ ਚਾਚੇ ਸਮੁੰਦ ਨੇ ਵੇਖਿਆ, ਬਈ ਵਿੰਦਰ ਨੇ ਚਾਹ ਪੀ ਲਈ, ਕੋਈ ਨਾਂਹ ਨੁੱਕਰ ਨਹੀਂ ਕੀਤੀ। ਓਹਨੇ ਹੌਂਸਲੇ 'ਚ ਹੋ ਕੇ ਫੌਜੀ ਨੂੰ ਆਵਾਜ਼ ਮਾਰੀ, "ਓ ਸਰਮੁਖ ਸਿਆਂ, ਠੰਢ ਹੋ ਚੁੱਕੀ ਭਾਈ, ਬੈਠਕ ਖੋਲ੍ਹ ਦੇ ਮੈਂ ਤੇ ਕਾਕਾ ਹੋਰ ਦਸ ਮਿੰਟ ਅੰਦਰ ਬਹਿੰਦੇ ਹਾਂ।" ਫੇਰ ਮੇਰੇ ਜ਼ੋਰ ਲਾਉਣ 'ਤੇ ਵੀ ਉਹ ਖਿੱਚ ਕੇ ਮੈਨੂੰ ਅੰਦਰ ਲੈ ਗਿਆ।

"ਲੈ ਸੁਣ ਬੀਬਾ, ਤੇਰੇ ਬਾਪੂ ਜੀ ਨੇ ਇਕ ਨੀ ਹਜ਼ਾਰਾਂ ਵਾਰੀ ਮੈਨੂੰ ਆਖਣਾ, ਲੈ ਸਮੁੰਦ, ਥੱਕਿਆ ਹਾਰਿਆ ਆਇਆਂ, ਆ ਜਾ ਯਾਰ ਫੱਕਾ ਲਾ ਲੈ। ਬਾਈ ਜੀ ਛੰਨੇ 'ਚ ਪਾ ਕੇ ਜਦੋਂ ਘਰ ਦੀ ਦਾ ਹਾੜਾ ਦਿੰਦਾ ਤਾਂ ਸਾਰੇ ਦੁੱਖ ਟੁੱਟ ਜਾਂਦੇ। ... ਓ ਸਰਮੁਖਾ! ਜਿਹੜੀ ਫੌਜ 'ਚੋਂ ਰੰਬ੍ਹ ਲਿਆਇਆਂ, ਲਿਆ ਭਾਈ ਉਹਦਾ ਸਵਾਦ ਵੇਖੀਏ। ਲਿਆ ਅੱਜ ਕਾਕੇ ਦੀ ਖੁਸ਼ੀ 'ਚ ਚਿੱਤ ਕਰਾਰਾ ਕਰੀਏ।"

ਸਰਮੁਖ ਪਾਣੀ ਦਾ ਜੱਗ, ਦੋ ਗਲਾਸ ਤੇ ਪਲੇਟ 'ਚ ਕੁਝ ਨਮਕੀਨ ਖਾਣ ਨੂੰ ਰੱਖ ਗਿਆ। ਨਾਲੇ ਪੁੱਛਣ ਲੱਗਾ, "ਸਰ ਸਬਜ਼ੀ ਵਗੈਰਾ ਵੀ ਲਿਆਵਾਂ।" ਮੈਥੋਂ ਪਹਿਲਾਂ ਹੀ ਚਾਚਾ ਬੋਲ ਪਿਆ, "ਓਹ ਐਨਾ ਧੱਕਾ ਨਾ ਕਰ ਕਾਕੇ ਨਾਲ ਭਾਈ। ਚਾਹ ਦਾਰੂ ਸੁੱਚਾ ਅੰਬਰਤ ਕਰਕੇ ਏਹਨੇ ਪੀ ਲਈ, ਬਹੁਤ ਐ ਭਾਈ। ਹਾਅ! ਭੁਜੀਏ ਦਾ ਫਲਾਫਾ ਹੋਰ ਖੋਲ੍ਹ ਦੇ ਜੇ ਬਾਹਲ਼ਾ ਕਰਦੈ ਤਾਂ।"

ਰੰਮ ਦੇ ਛੋਟੇ ਜਿਹੇ ਪੈੱਗ ਨਾਲ ਹੀ ਚਾਚੇ ਦੇ ਮੂੰਹ 'ਤੇ ਲਾਲੀ ਆ ਗਈ। ਅੱਖਾਂ ਨਸ਼ਿਆ ਗਈਆਂ।

"ਜਮਾਨਾ ਬਦਲ ਗਿਆ ਹੁਣ ਕਾਕਾ। ਜਮਾਨੇ ਨਾਲ ਕੰਮ ਵੀ ਬਦਲ ਗਏ ਐ। ਸਾਡੇ ਵੇਲ਼ੇ ਸਾਰਾ ਵਿਹੜਾ ਜਿਮੀਦਾਰਾਂ ਨਾਲ ਸੀਰ ਕਟਦਾ ਸੀ। ਵਿਹੜੇ 'ਚ ਜਦਾਈਆਂ ਹੁੰਦੀਆਂ ਸੀ, ਬਈ ਐਤਕੀਂ ਫਲਾਣੇ ਸੀਰੀ ਨੂੰ ਫਸਲ ਦਾ ਬਹੁਤ ਹਿੱਸਾ ਆਇਆ। ਵੇਖ ਦੋ ਜੁਆਕ ਵਿਆਹ ਦਿੱਤੇ, ਇਕੇ ਹਾੜ੍ਹ 'ਚ ਹੀ। ਓਦੋਂ ਹਾੜ੍ਹ 'ਚ ਫ਼ਸਲ ਚੁੱਕਣ ਤੇ ਨਵੇਂ ਸੀਰ ਲਿਖਣ ਵੇਲੇ ਹੀ ਸਾਨੂੰ ਪੈਸੇ ਮਿਲਦੇ ਹੁੰਦੇ ਸੀ। ਗਰਮੀ 'ਚ ਹੀ ਗਰੀਬਾਂ ਦੇ ਵਿਆਹ ਹੋਣੇ। ਜੀਹਦੇ ਦਸ ਮਣ ਦਾਣੇ ਵੱਧ ਆਉਣੇ, ਉਹਨੇ ਕੋਠੇ 'ਤੇ ਸਪੀਕਰ ਵਜਾ ਦੇਣਾ, ਬਈ ਲਗ'ਜੇ ਸਾਰੇ ਵਿਹੜੇ ਨੂੰ ਮੁੰਡੇ ਦੇ ਵਿਆਹ ਦਾ ਪਤਾ। ਹੁਣ ਤਾਂ ਭਾਈ ਏਹ ਵੀ 'ਖਾੜੇ ਲਿਆਉਣ ਲੱਗ ਪਏਐ।"

"ਵੇਖ ਸੈਕਲਾਂ, ਮੋਟਰ ਸੈਕਲਾਂ 'ਤੇ ਦਿਹਾੜੀ ਜਾਂਦੇ ਐ, ਕੋਈ ਸ਼ਹਿਰ ਨੂੰ ਕੋਈ ਪਿੰਡ ਨੂੰ, ਕੋਈ ਮਿਸਤਰੀਆਂ ਨਾਲ, ਕੋਈ ਠੇਕੇਦਾਰਾਂ ਨਾਲ। ਪੈਂਟਾਂ-ਸ਼ਲਟਾਂ ਪਾ ਕੇ, ਪਟੇ ਵਾਹ ਕੇ, ਬਾਬੂ ਬਣ ਕੇ ਘਰੋਂ ਨਿਕਲਦੇ ਐ। ਅਸੀਂ ਅੱਧੀ-ਅੱਧੀ ਰਾਤ ਤਕ, ਪੱਠੇ ਕੁਤਰ ਕੇ, ਡੰਗਰਾਂ ਨੂੰ ਪਾ ਕੇ ਘਰੇ ਵੜਨਾ, ਨ੍ਹਾਉਣਾ ਧੋਣਾ, ਰੋਟੀ ਚੱਬਦੇ ਚੱਬਦਿਆਂ ਨੀਂਦ ਆ ਜਾਣੀ। ਤੜਕੇ ਖਿੱਤੀਆਂ ਚੜ੍ਹਦਿਆਂ ਹੀ ਫੇਰ ਉਠ ਪੈਣਾ, ਲੋਈਆਂ ਧਾਟਣ ਤੋਂ ਪਹਿਲਾਂ ਫੇਰ ਖੇਤ ਹੋਣਾ। ਆਹ ਜਵਾਕ ਜੱਲੇ ਜੇ ਪਤਾ ਨਹੀਂ ਕਦੋਂ ਜੰਮ ਪੈਂਦੇ ਸੀ।" ਆਖ ਕੇ ਚਾਚਾ ਹੱਸਣ ਲੱਗ ਪਿਆ।

"ਤੇ ਚਾਚਾ ਚਾ-ਅ-ਚੀ!" ਮੈਂ ਡਰਦੇ ਜਿਹੇ ਪੁੱਛਿਆ, ਇਹ ਸੋਚ ਕੇ ਬਈ ਹੁਣ ਤਾਈਂ ਤਾਂ ਉਸ ਬੜਬੋਲੀ ਨੇ ਖੌਰੂ ਪਾ ਦੇਣਾ ਸੀ।"

"ਕੀ ਪੁੱਛ ਕੇ ਲੈਣਾ ਤੂੰ ਓਹਦਾ ਹਾਲ ਬੱਚਾ। ਖੈਰ! ਲੈ ਤੇਰੇ ਚਿੱਤ 'ਚ ਨਾ ਰਹਿ ਜਾਵੇ ਸੁਣ ਲੈ ਹੀਰ। ਆਹ ਸਰਮੁਖ ਤੋਂ ਵੱਡੇ ਗੁਰਮੁਖ ਦੀ ਬਹੂ ਦੀ ਉਹਦੇ ਨਾਲ ਨਿਭਦੀ ਨੀ ਸੀ। ਰੋਜ਼ ਖਟਪਟ ਹੋਈ ਰਹਿੰਦੀ। ਦੁਹੱਥੜ ਹੋਈਆਂ ਰਹਿੰਦੀਆਂ। ਮੁੰਡੇ ਨੇ ਚੱਕਿਆ ਡੰਡਾ-ਡੇਰਾ ਤੇ ਰਾਜਸਥਾਨ 'ਚ 'ਨੂਪਗੜ੍ਹ ਤਸੀਲ ਜਾ ਆਵਦੇ ਸਹੁਰੀਂ ਬੈਠਾ। ਉੱਥੇ ਖੁੱਲ੍ਹੀ ਪੈਲੀ ਹਿੱਸੇ 'ਤੇ ਵਾਹੁਣ ਨੂੰ ਮਿਲ ਜਾਂਦੀ ਐ। ਸਾਲ 'ਚ ਹਾੜ੍ਹੀ ਸੌਣੀ ਗੇੜਾ ਵੀ ਮਾਰ ਜਾਂਦਾ ਐ, ਮੈਨੂੰ ਚਾਰ ਛਿਲੜ ਵੀ ਦੇ ਜਾਂਦੈ, ਐਸੀ ਗੱਲ ਨਹੀਂ।

ਤੇ ਸਾਰਿਆਂ ਤੋਂ ਛੋਟਾ, 'ਸ਼ੋਕੀ ਨਿੱਕਲ ਗਿਆ ਪਹਿਲੇ ਨੰਬਰ ਦਾ ਅਲੱਥ! ਤੇਰੀ ਚਾਚੀ ਦੇ ਪੇਟ ਘਰੋੜੀ ਦਾ ਜਿਉਂ ਸੀ। ਉਹਨੂੰ ਬੇ-ਕੂਫ਼ ਨੂੰ ਉਹਦੀ ਮਾਂ ਨੇ ਐਸਾ ਵਿਗਾੜਿਆ, ਬਈ ਨਾ ਰਿਹਾ ਕਿਸੇ ਕੰਮ ਦਾ, ਨਾ ਕਾਰ ਦਾ। ਸਕੂਲ ਘੱਲੀਏ, ਓਥੇ ਮਾਸਟਰ ਨੂੰ ਮੰਦਾ ਚੰਗਾ ਬੋਲ ਆਏ। ਜੇ ਕਿਸੇ ਦੇ ਛੇੜੂ ਪਾਲ਼ੀ ਲਾਈਏ, ਓਥੋਂ ਭੱਜ ਆਵੇ। ਨਾ ਸੀਰ, ਨਾ ਦਿਹਾੜੀ ਦੱਪਾ। ਦੱਸ ਕਦੇ ਗਰੀਬਾਂ ਦੇ ਇਉਂ ਕੰਮ ਚਲਦੇ ਹੁੰਦੇ ਐ। ਅੱਗੋਂ ਤੇਰੀ ਚਾਚੀ, ਮਾਂ ਦੀ ਸ਼ੇਰਨੀ ਕਿਸੇ ਨੂੰ ਕੁਛ ਆਖਣ ਨਾ ਦੇਵੇ। ਬਾਰਾਂ ਮਹੀਨੇ ਤੀਹੋ ਦਿਨ, ਲੜਾਈ ਝਗੜੇ, ਮਾਰ ਕੁਟਾਈ। ਲੁੱਟਾਂ ਖਸੁੱਟਾਂ 'ਚ ਪੈ ਗਿਆ। ਮੈਂ ਬਥੇਰਾ ਵਰਜਿਆ, ਪਰ ਉਹ ਮਾਂ-ਪੁੱਤ ਇਕ ਪਾਸੇ ਤੇ ਮੈਂ 'ਕੱਲਾ ਇਕ ਪਾਸੇ। ਮੈਂ ਫੇਰ ਪਾਸਾ ਵੱਟ ਲਿਆ। ਓਹ ਜਦੋਂ ਫੇਰ ਨਸ਼ਾ ਵੇਚਣ ਲੱਗ ਪਿਆ, ਵੈਲੀਆਂ ਨਾਲ ਬਾਹਰ ਲੜਾਈਆਂ ਲੜਨ ਲਈ ਜਾਣ ਲੱਗ ਪਿਆ, ਪੈਸੇ ਤੇਰੀ ਚਾਚੀ ਨੂੰ ਦੇਣ ਲੱਗ ਪਿਆ ਵਾਧੂ, ਤੇ ਫੇਰ ਤੈਨੂੰ ਪਤਾ ਐ ਬੱਚਾ, ਸਾਡੀ ਜਾਤ-ਕੁਜਾਤ ਦਾ, ਉਹ ਵੀ ਵਿਗੜ ਗਈ।

ਐਥੇ ਫੇਰ ਜਦੋਂ ਰੋਜ਼ ਪੁਲਿਸ ਪੈਣ ਲਗ'ਪੀ, ਵਿਹੜੇ ਵਾਲਿਆਂ ਤੇ ਪੰਚਾਂ ਸਰਪੰਚ ਨੇ ਮੇਰੀ ਤਾਂ ਜ਼ਮਾਨਤ ਦਿੱਤੀ ਪੂਰੀ ਠੋਕ ਕੇ, ਪਰ ਉਨ੍ਹਾਂ ਦੀ ਕਿਸੇ ਨੇ ਹਾਮੀ ਨਾ ਭਰੀ। ਫੇਰ ਭਾਈ ਓਹਦੇ 'ਚ ਨਜੈਜ ਅਸਲੇ ਦਾ ਕੇਸ ਪੈ ਗਿਆ। ਦੋਹੇ ਮਾਂ ਪੁੱਤ ਤੇ ਹਾਕਮ ਕਾ ਜੀਤਾ ਰਾਤੋ-ਰਾਤ ਪਿੰਡੋਂ ਰਫੂ-ਚੱਕਰ ਹੋ ਗਏ। ਚਾਚੀ ਤੇਰੀ ਆਵਦੇ ਪੇਕੀਂ ਜੀਤੇ ਦੇ ਨਾਲ ਰਹਿਣ ਲੱਗ ਪਈ ਤੇ 'ਸ਼ੋਕੀ ਕਤਲ ਦੇ ਕੇਸ 'ਚ ਫਸ ਕੇ ਵੀਹ ਸਾਲਾ ਬੱਝ ਕੇ ਅੰਦਰ ਹੋ ਗਿਆ। ਓਥੇ ਈ ਮਰ ਖਪ ਜਾਣਗੇ।

ਬੱਸ! ਏਨੀ ਕੁ ਕਥਾ ਵਾਰਤਾ ਐ ਭਾਈ ਓਹਨਾਂ ਦੀ। ਆਪਾਂ ਹੁਣ ਆਹ ਫੌਜੀ ਨਾਲ ਚੰਗਾ ਟੈਮ ਟਪਾਈ ਜਾਂਦੇ ਹਾਂ। ਕਿੰਨੀ ਕੁ ਰਹਿ ਗਈ ਨਾਲੇ ਹੁਣ? ਛੱਡ ਪਰ੍ਹੇ! ਤੂੰ ਪੈੱਗ ਪਾ 'ਕੇਰਾਂ।"

ਮੈਂ ਵੇਖਿਆ, ਚਾਚਾ ਸਮੁੰਦ ਇਕਦਮ ਗੰਭੀਰ ਹੋ ਗਿਆ। ਮਨ 'ਚ ਆਇਆ, ਜਦੋਂ ਇਹ ਸਾਡੇ ਨਾਲ ਸੀਰੀ ਹੁੰਦਾ ਸੀ, ਮੈਂ ਅਜੇ ਓਦੋਂ ਅੱਲ੍ਹੜ ਜਿਹੀ ਉਮਰ ਦਾ ਸਾਂ। ਦੂਰੋਂ ਵੇਖ ਕੇ ਹੀ ਹਰ ਬੰਦਾ ਸੋਚਣ ਲੱਗ ਪੈਂਦਾ ਸੀ, ਬਈ ਅਹੁ ਆਉਂਦਾ ਐ ਸਮੁੰਦ, ਇਹਦੇ ਐ ਪੇਟ ਮਸ਼ਕਰੀ, ਸੁਣਨ ਲਈ ਤਿਆਰ ਹੋ ਜਾਓ। ਇਹਨੇ ਝਹੇਡ ਕਰਨੀ ਹੀ ਕਰਨੀ ਐ।

ਮੈਂ ਚਾਚੇ ਸਮੁੰਦ ਦਾ ਮੂਡ ਬਦਲਣ ਲਈ ਕਿਹਾ, "ਤੇਰੇ ਯਾਦ ਐ ਚਾਚਾ, ਜਦੋਂ ਪਿੱਪਲ ਵਾਲੇ ਖੇਤ ਆਪਾਂ ਦੈੜ 'ਤੇ ਪਾਣੀ ਝੜਾਇਆ ਸੀ। ਖਾਲ਼ ਨੱਕੋ-ਨੱਕ ਕਿਨਾਰਿਆਂ ਤਕ ਭਰ ਗਈ ਸੀ। ਤੂੰ ਘੰਮੇ ਵਾਲੇ ਬੰਨ੍ਹ ਦੀ ਰਾਖੀ ਬੈਠਾ ਸੈਂ ਤੇ ਮੈਂ ਤੇਰੇ ਕੋਲ਼ ਖੜ੍ਹਾ ਸਾਂ।"

ਚਾਚਾ ਮੁਸਕੜੀਏ ਹੱਸਣ ਲੱਗ ਪਿਆ, ਓਹਦੇ ਬੁੱਲ੍ਹਾਂ 'ਚ ਵਿੰਗੇ ਟੇਢੇ ਹੋਏ ਦੰਦ ਬਾਹਰ ਨਿਕਲੇ। ਮੁੱਛਾਂ ਸੰਵਾਰ ਕੇ ਉਹ ਸਰੂਰ 'ਚ ਆ ਗਿਆ।

"ਕਿਹੜੀ? ਭਾਨੋ ਰਮਦਾਸਣ ਵਾਲੀ ਗੱਲ? ਆ ਗਈ ਤੇਰੇ ਯਾਦ।"

"ਹਾਂ ਹਾਂ, ਜਦੋਂ ਤੂੰ ਬੰਨ੍ਹ 'ਤੇ ਗਾਚੀਆਂ ਲਾਈ ਜਾਂਦਾ ਸੀ, ਉਦੋਂ ਤਾਈ ਭਾਨੋ ਰੋਟੀਆਂ ਵਾਲੀ ਟੋਕਰੀ ਚੁੱਕੀ ਆਪਣੇ ਕੋਲ਼ ਆ ਕੇ ਖਲੋ ਗਈ ਸੀ, ਤੂੰ ਓਹਦੇ ਵੱਲ ਜਾਣ ਕੇ ਧਿਆਨ ਨਹੀਂ ਦਿੱਤਾ ਸੀ ਪਰ ਜਦੋਂ ਵਿਚਾਰੀ ਗੋਡਿਆਂ ਤਕ ਸਲਵਾਰ 'ਤਾਂਹ ਚੁੱਕ ਕੇ ਖਾਲ਼ ਵਿਚੋਂ ਲੰਘਣ ਲੱਗੀ ਤੇ ਲੱਕ ਤੱਕ ਭਿੱਜ ਗਈ। ਤੈਨੂੰ ਪਤਾ ਐ ਤੂੰ ਕੀ ਆਖਿਆ ਸੀ? ਤੂੰ ਆਖਿਆ ਸੀ, 'ਬਚ ਗਈ ਭਰਜਾਈ

ਭਾਨ ਕੁਰੇ ਦੁਕਾਨ ਕਿ ਭਿੱਜ ਗਿਆ ਸਾਰਾ ਸੌਦਾ ਪੱਤਾ?' ... ਉਹਨੇ ਕੱਚੀ ਹੁੰਦੀ ਨੇ ਤੈਨੂੰ ਸੌ ਗੱਲ ਸੁਣਾਈ ਸੀ, 'ਟੁੱਟ ਪੈਣਿਆ ਸਮੁੰਦਿਆ, ਕੁੱਤਿਆ, ਐਂ ਤਾਂ ਨੀ, ਬਈ ਟੋਕਰੀ ਫੜ ਕੇ ਖਾਲ਼ ਪਾਰ ਕਰਾਂ ਦਿੰਦਾ, ਉੱਤੋਂ ਲੁੱਚਾ ਮਸ਼ਕਰੀਆਂ ਹੋਰ ਕਰਦੈ।' ਤੇ ਨਾਲੇ ਹੱਸਣ ਲੱਗ ਪਈ ਸੀ।"

ਚਾਚਾ ਹੱਸ-ਹੱਸ ਦੂਹਰਾ ਹੋ ਗਿਆ।

ਜਦੋਂ ਮੈਂ ਵੀ ਰੰਮ ਦਾ ਦੂਜਾ ਪੈੱਗ ਲਾ ਲਿਆ ਤਾਂ ਚੱਲ ਸੋ ਚੱਲ।

"ਤੇ ਚਾਚਾ ਜਦੋਂ ਤੂੰ ਅੰਬੋ ਸਤਵੰਤੀ ਸੁਨਿਆਰੀ ਦੇ ਰੁਖਸਾਰਾਂ ਨੂੰ ਹੱਥ ਲਾਉਣ ਦੀ ਸ਼ਰਤ ਜਿੱਤੀ ਸੀ। ਉਹ ਕਿੱਸਾ ਤਾਂ ਸੁਣਾ, ਮੈਨੂੰ ਭੁੱਲ ਗਿਆ।"

"ਛੱਡ ਬੱਚਾ, ਕੀ ਯਾਦ ਕਰਨੈ ਗਈਆਂ ਗੁਜਰੀਆਂ ਨੂੰ, ਕਿ ਸੁਣਾਵਾਂ ਫੇਰ?"

"ਨਹੀਂ ਸੁਣਾ ਚਾਚਾ।"

"ਉਹ ਭਤੀਜ ਜਦੋਂ ਮੈਂ ਥੋਡੇ ਨਾਲ ਸੀਰ ਦੇ ਸ਼ੈਂਤ ਗਿਆਰਵੇਂ ਵਰ੍ਹੇ 'ਚ ਸੀ, ਓਦੋਂ ਤੇਰੇ ਤਾਏ, ਮੋਹਨ ਸਿੰਹੁ ਕੇ, ਸਾਬੋ 'ਚੋਂ ਆ ਕੇ ਇਕ ਮਲੂਕ ਨਾਂ ਦਾ ਮਜ਼ਬੀ ਸਿੱਖ ਸੀਰੀ ਰਲ਼ ਗਿਆ। ਆਪਣੇ ਦੋਹਾਂ ਘਰਾਂ ਦੇ ਪਿੜ ਖੇਤ 'ਕੱਠੇ ਪਾਏ ਹੋਏ ਸੀ।

ਗੱਲਾਂ ਗੱਲਾਂ 'ਚ ਇਕ ਦਿਨ ਕਹਿੰਦਾ, 'ਜਾਰ ਸਮੁੰਦਿਆ, ਵੇਖ ਸਤਵੰਤੀ ਦੀ ਐਨੀ ਉਮਰ ਹੋ ਗਈ ਪਰ ਅਜੇ ਵੀ ਬੇਗਮਾਂ ਵਰਗੀ ਪਈ ਐ ਪਰ ਜਾਰ ਬੰਦਾ ਨੇੜੇ ਕੀ ਲਗ'ਜੇ! ਦੂਰੋਂ ਹੀ ਹਮਾਤੜਾਂ ਨੂੰ ਤਾਂ ਦਰਕਾਰ ਦਿੰਦੀ ਐ।"

"ਮਖਿਆ ਵੇਖ ਮਲੂਕਿਆ, ਸ਼ਰਤ ਲੱਗੀ ਦਸ ਰੁਪਈਆਂ ਦੀ, ਜੇ ਸਤਵੰਤੀ ਦੇ ਰੁਖਸਾਰਾਂ ਨੂੰ ਹੱਥ ਲਾ ਦਿਆ ਤਾਂ ਦੇਵੇਂਗਾ ਦਸਾਂ ਦਾ ਨੋਟ। ਮਲੂਕੇ ਨੇ ਮਾਰਿਆ ਮੇਰੇ ਹੱਥ 'ਤੇ ਹੱਥ, ਤੇ ਸ਼ਰਤ ਹੋ ਗਈ ਸਾਡੀ ਪੱਕੀ। ਅਗਲੇ ਦਿਨ ਮੈਂ ਉਠ ਗਿਆ ਸੁਨਿਆਰਿਆਂ ਦੀ ਦੁਕਾਨ 'ਤੇ, ਮਲੂਕੇ ਨੂੰ ਕਿਹਾ, 'ਐਥੋਂ ਖੜ੍ਹ ਕੇ ਵੇਖਦਾ ਰਹੀਂ'।

ਸਤਵੰਤੀ ਕੋਲ਼ ਜਾ ਕੇ ਮੈਂ ਰਾਮ ਸੱਤ ਕੀਤੀ। ਆਖਿਆ, ਚਾਚੀ ਐਤਕੀਂ ਬੜੀ ਚੰਗੀ ਕਮਾਈ ਹੋਈ ਐ। ਤੇਰੀ ਨੋਂਹ ਕਈ ਸਾਲਾਂ ਦੀ ਵਾਲ਼ੀਆਂ ਮੰਗੀ ਜਾਂਦੀ ਐ। ਮੈਂ ਆਖਿਆ, ਨਾ ਠਿੱਠ ਕਰ, ਐਤਕੀਂ ਕਰਵਾ ਦੇਊਂ ਤੈਨੂੰ ਵਾਲ਼ੀਆਂ।

ਸਤਵੰਤੀ ਖੁਸ਼ ਹੋ ਕੇ ਆਂਹਦੀ, ਲੈ ਸਮੁੰਦ ਸਿਆਂ ਜੇਹੋ ਜੇਹੀਆਂ ਆਖੇਂ, ਓਹੋ ਜੇਹੀਆਂ ਖਰੇ ਸਿਉਨੇ ਦੀਆਂ ਤੇਰੇ ਚਾਚੇ ਨੂੰ ਆਖ ਕੇ ਬਣਵਾ ਦਿਊਂ।

ਬਸ ਫੇਰ ਮੌਕਾ ਹੱਥ ਆ ਗਿਆ। ਮੈਂ ਪਿਛਾਂਹ ਝਾਕ ਕੇ ਮਲੂਕੇ ਨੂੰ ਅੱਖ ਦਾ ਇਸ਼ਾਰਾ ਕੀਤਾ, ਬਈ ਵੇਖ ਲੈ, ਉਹ ਮੁਸਕੜੀ ਹੱਸੀ ਜਾਵੇ। ਫੇਰ ਮੈਂ ਚਾਚੀ ਸਤਵੰਤੀ ਦੇ ਜਿਹੜੀਆਂ ਵਾਲ਼ੀਆਂ ਪਾਈਆਂ ਸੀ, ਉਨ੍ਹਾਂ ਨੂੰ ਟੋਹਣ ਲੱਗ ਪਿਆ।

'ਬੱਸ ਚਾਚੀ, ਏਹੋ ਜੀਆਂ ਈ ਬਣਾਊਂਗਾ, ਜੇਹੋ ਜੀਆਂ ਤੇਰੇ ਪਾਈਆਂ। ਏਨੀਆਂ ਕੁਈ ਭਾਰੀਆਂ ਤੇ ਇਹੋ ਜੀ ਬਣਤਰ ਦੀਆਂ' ਤੇ ਵਾਲ਼ੀਆਂ ਟੋਂਹਦੇ-ਟੋਂਹਦੇ ਨੇ ਮੈਂ ਸਤਵੰਤੀ ਦੀਆਂ ਗੱਲ੍ਹਾਂ 'ਤੇ ਉਂਗਲਾਂ ਫੇਰ ਦਿੱਤੀਆਂ ਤੇ ਮਲੂਕੇ ਤੋਂ ਸ਼ਰਤ ਜਿੱਤ ਲਈ।"

ਅਸੀਂ ਦੋਹੇਂ ਹੱਸ-ਹੱਸ ਲੋਟ-ਪੋਟ ਹੋ ਗਏ।

"ਲੈ ਵੇਖ ਕਾਕਾ, ਆਹ! 'ਤਾਂਹਾਂ ਨੂੰ ਝਾਕ, ਏਹੀ ਜਿਹੜੀ ਬੈਠਕ ਤੇ ਦਰਵਾਜ਼ੇ ਦੀ ਛੱਤ ਐ ਨਾ, ਇਹ ਥੋਡੀਆਂ ਕੱਚੀਆਂ ਸਵਾਤਾਂ ਦਾ ਕਾਠ ਐ। 'ਕੇਰਾਂ ਏਨਾ ਮੀਂਹ ਪਿਆ ਸੀ, ਬਈ ਪਰਲੋ ਆ ਗਈ। ਆਪਣੀਆਂ ਮਾਲ ਤੂੜੀ ਵਾਲੀਆਂ ਕੱਚੀਆਂ ਸਵਾਤਾਂ ਡਿੱਗ ਪਈਆਂ। ਥੋਡੇ ਬਾਪੂ ਜੀ ਨੇ ਫੇਰ ਗਾਡਰਾਂ, ਟੀ-ਅਰਕਾਂ ਤੇ ਟਾਇਲਾਂ ਦੀ ਛੱਤ ਵਾਲੀਆਂ ਪੱਕੀਆਂ ਪਾ ਲਈਆਂ। ਆਹ ਸ਼ਤੀਰ, ਬਾਲੇ, ਕੜੀਆਂ ਮੈਨੂੰ ਚੁਕਵਾ ਦਿੱਤੇ। ਨਾਲੇ ਪੱਕੀਆਂ ਇੱਟਾਂ ਢੁਆ ਦਿੱਤੀਆਂ। ਸਾਰੇ ਵਿਹੜੇ 'ਚ ਇਹ ਪਹਿਲਾ ਪੱਕਾ ਮਕਾਨ ਬਣਿਆ ਸੀ। ਹੁਣ ਤਾਂ ਜਣਾ ਖਣਾ ਚੁਬਾਰੇ ਪਾਈ ਜਾਂਦੈ।"

ਚਾਚਾ ਪੂਰੇ ਸਰੂਰ 'ਚ ਸੀ। ਉਸ ਨੇ ਖੰਘੂਰਾ ਮਾਰ ਕੇ ਗਲ਼ਾ ਸਾਫ਼ ਕੀਤਾ, ਦੋਵੇਂ ਹੱਥਾਂ ਨਾਲ ਚਿਹਰਾ ਪਲ਼ੋਸਿਆ, ਮੁੱਛਾਂ ਦਾਹੜੀ ਨੂੰ ਹੱਥਾਂ ਨਾਲ ਸੰਵਾਰਿਆ ਤੇ ਥੋੜ੍ਹੀ ਗੰਭੀਰਤਾ ਨਾਲ ਕਹਿਣ

ਲੱਗਿਆ, "ਦਰਅਸਲ ਕਾਕਾ! ਵੋਟਾਂ ਦੇ ਰਾਜ 'ਚ ਹੁਣ ਲੋਕਾਂ ਦਾ ਮੁੱਲ ਅੱਗੇ ਨਾਲੋਂ ਵੱਧ ਪੈਣ ਲੱਗ ਪਿਆ। ਜਿਥੇ ਚਾਰ ਵੋਟ, ਉਥੇ ਡਿੱਗਦੇ ਨੋਟ।

ਜੱਟ ਜ਼ਿਮੀਦਾਰਾਂ ਦੀਆਂ ਵੋਟਾਂ ਤਾਂ ਦਿਨੋ-ਦਿਨ ਘਟਦੀਆਂ ਈ ਜਾਂਦੀਆਂ। ਜਿਵੇਂ-ਜਿਵੇਂ ਜਮੀਨਾਂ ਘਟੀ ਜਾਂਦੀਆਂ ਐ, ਓਵੇਂ-ਓਵੇਂ ਜੁਆਕ ਵੀ ਜੰਮਣੋਂ ਘਟੀ ਜਾਂਦੇ ਐ। ਅਗਲਾ ਆਂਹਦਾ, ਬਈ ਜਿਹੜੀ ਪੈਲ਼ੀ ਬਚੀ ਐ, ਓਹ ਹੋਰ ਨਾ ਵੰਡੀ ਜਾਵੇ। ਬਾਕੀ ਹੁਣ ਦੁਨੀਆਂ ਸਿਆਣੀ ਵੀ ਹੋ ਗਈ। ਪੜ੍ਹਾਈ-ਲਖਾਈ ਵੀ ਇਕ ਦੋ ਜੁਆਕ ਦੀ ਹੀ ਚੰਗੀ ਹੋ ਸਕਦੀ ਐ।

ਪਰ ਗਰੀਬ-ਗੁਰਬਾ ਸੋਚਦਾ ਐ, ਬਈ ਅਸੀਂ ਕਿਹੜਾ ਜ਼ਮੀਨਾਂ ਵੰਡਣੀਆਂ? ਜਿੰਨੇ ਹੋਣਗੇ, ਔਖੇ ਸੌਖੇ ਪਲ ਜਾਣਗੇ, ਆਪੋ-ਆਵਦੀ ਕਮਾਈ ਕਰਨਗੇ ਤੇ ਖਾਣਗੇ।

ਵੇਖ ਹੁਣ ਵਿਹੜੇ ਹਰ ਘਰੇ ਪੰਜ-ਸੱਤ ਵੋਟਾਂ ਐ, ਕਈਆਂ ਦੇ ਤਾਂ ਏਦੂੰ ਵੀ ਵੱਧ ਹਨ। ਪੰਜ ਸੌ ਨੂੰ ਘੱਟੋ-ਘੱਟ ਵੋਟ ਵਿਕਦੀ ਐ। ਤੇ 'ਲੈਕਸ਼ਨ ਕੋਈ ਨਾ ਕੋਈ ਆਇਆ ਈ ਰਹਿੰਦਾ ਐ। ਕਦੇ ਦਿੱਲੀ ਵਾਲੀ ਉਤਲੀ ਸਰਕਾਰ ਦਾ, ਕਦੇ ਪੰਜਾਬ ਦਾ, ਕਦੇ ਪੰਚਾਇਤਾਂ ਦਾ। ਕਦੇ-ਕਦੇ ਤਾਂ ਗੁਰਦਵਾਰੇ ਵਾਲੀ ਕਮੇਟੀ ਦਾ ਵੀ ਆ ਜਾਂਦਾ ਐ। ਵੋਟ ਹਰ ਥਾਂ ਵਿਕਦੀ ਐ। ਪੰਚਾਇਤ 'ਚ ਤਾਂ ਕਈ ਵਾਰੀ ਹਜ਼ਾਰਾਂ ਨੂੰ ਚੜ੍ਹ ਜਾਂਦੀ ਐ।"

ਮੈਂ ਚਾਚੇ ਸਮੁੰਦ ਦੀਆਂ ਗੱਲਾਂ ਦਾ ਆਪਣੇ ਮਨ 'ਚ ਸਮਾਜਕ ਤੇ ਰਾਜਨੀਤਕ ਵਿਸ਼ਲੇਸ਼ਣ ਕਰੀ ਗਿਆ। ਉਹ ਦਾਰੂ ਦੇ ਸਰੂਰ 'ਚ ਗੰਭੀਰ ਹੋਇਆ, ਵਿਹੜੇ ਦੇ ਲੋਕਾਂ ਦੀ ਸਥਿਤੀ ਦਾ ਵਖਿਆਨ ਕਰੀ ਗਿਆ। ਮੇਰੀ ਦਿਲਚਸਪੀ ਬਰਕਰਾਰ ਰਹੀ।

"ਵੇਖ ਵਿੰਦਰ! ਬਈ ਆਪਣਾ ਅਲਾਕਾ ਐ, 'ਕਾਲੀਆਂ ਦਾ ਮੁੱਢ ਹੁਣ, ਪੁੱਛ ਕਿਓਂ? ਏਸ ਕਰਕੇ ਬਈ, ਸਰਕਾਰ ਦਰਬਾਰ ਦੇ ਮਾਲਕ ਇਹ ਹਨ। ਪਹਿਲਾਂ ਸਾਰਾ ਗਰੀਬ-ਗੁਰਬਾ ਸੀ ਕਾਂਗਰਸ ਮਗਰ, ਬਈ ਸਾਡੀ ਗਰੀਬੀ ਬਾਹਰ ਕੱਢੂ! ਆਹ ਜਿਹੜੇ ਬੌਰੀਏ ਸਿੱਖ ਐ, ਇਹ ਤਾਂ ਲੋਟੇ-ਲੂਣ ਪਾ ਕੇ ਕਾਂਗਰਸ ਨੂੰ ਵੋਟਾਂ ਪਾਉਂਦੇ ਸੀ। ਬਈ ਕਾਂਗਰਸ ਨੇ ਏਹਨਾਂ ਦੀ ਠਾਣੇ 'ਚ ਹਾਜ਼ਰੀ ਲਵਾਉਣੀ ਬੰਦ ਕਰਵਾ'ਤੀ। ਲੈ ਮਰ-ਖਪ'ਗੀ ਵਿਚਾਰੀ ਇੰਦਰਾ ਗਾਂਧੀ, ਸਾਡੀ ਗਰੀਬੀ ਕੱਢਦੀ-ਕੱਢਦੀ, ਓਹਤੋਂ ਤਾਂ ਨਿੱਕਲੀ ਨਹੀਂ, ਪਰ ਹੁਣ ਤੂੰ ਵੇਖ, ਆਟਾ ਦਾਲ਼ ਮੁਫ਼ਤ ਵਾਂਗੂ, ਕਣਕ ਦੋ ਰੁਪੀਏ ਮਿਲੀ ਜਾਂਦੀ ਐ। ਬਿਜਲੀ ਵੀ ਲੋੜ ਜਿੰਨੀ ਮੁਫ਼ਤ, ਤੇ ਮਨਰੇਗੇ ਦੀ ਪੱਕੀ ਦਿਹਾੜੀ ਸਾਰੇ ਜੀਆਂ ਦੀ।

ਅੱਗੇ ਜੱਟ ਤੜਕਿਓਂ ਲੈ ਕੇ ਟਿੱਕੀ ਛਿਪਦੀ ਤਕ ਲਹੂ ਪੀ ਲੈਂਦੇ ਸੀ; ਹੁਣ ਇਕ ਟੱਕ ਮਿੱਟੀ ਦਾ ਬੱਠਲ਼ 'ਚ ਪਾ ਕੇ, ਪੰਦਰਾਂ ਮਿੰਟਾਂ 'ਚ ਸਿੱਟ ਕੇ ਆਉਂਦੀ ਐ, ਅਗਲੀ। ਦੋ ਘੰਟੇ ਦੁਪਹਿਰੇ ਛੁੱਟੀ ਤੇ ਦਿਨ ਖੜ੍ਹੇ ਘਰੇ ਪੁੱਠੀ ਆ ਜਾਂਦੀ ਐ। ਹੈ ਕਿਤੇ ਇਹੋ ਜੇਹੀਆਂ ਮੌਜਾਂ।

ਅੱਗੇ ਸਾਡੇ ਜੁਆਕਾਂ 'ਚੋਂ ਕੋਈ ਵਿਰਲਾ ਟਾਵਾਂ ਹੀ ਓਧਰ ਥੋਡੇ ਵਾਲੇ ਪਾਸੇ ਸਕੂਲ ਜਾਂਦਾ ਸੀ। ਗੁਰਦਵਾਰੇ ਵੀ ਦੋਹੇਂ ਓਸੇ ਪਾਸੇ ਸੀ, ਹਸਪਤਾਲ ਵੀ ਓਧਰੇ ਹੁੰਦਾ ਸੀ। ਹੁਣ ਵਿਹੜੇ ਵਿਚਲਾ ਛੱਪੜ ਭਰ ਕੇ ਵੇਖ ਅੰਗਰੇਜ਼ੀ ਡਜ਼ੈਨ ਦਾ ਸਕੂਲ ਬਣਾ'ਤਾ। ਜਿਹੜੀ ਪਾਣੀ ਪੀਣ ਵਾਲੀ ਡਿੱਗੀ ਹੁੰਦੀ ਸੀ, ਓਹ ਬੰਦ ਕਰਕੇ ਓਥੇ ਡਸਪੈਂਸਰੀ ਬਣਾ'ਤੀ। ਪੁਰਾਣੀ 'ਥਾਈ 'ਚ ਸੁੱਖ ਨਾਲ ਮਾਹਰਾਜ ਪ੍ਰਗਾਸ ਕਰਾ ਕੇ ਗੁਰਦਵਾਰਾ ਬਣਾ ਦਿੱਤਾ ਤੇ ਆਹ ਸਾਹਮਣੇ, ਵਿਹੜੇ ਸ਼ਾਦੀਆਂ ਕਰਨ ਵਾਸਤੇ ਦੋ ਵੱਡੇ ਹਾਲ ਕਮਰਿਆਂ ਵਾਲੇ ਜੰਨ ਘਰ ਬਣਾ'ਤੇ। ਇਕ ਸਾਡੇ ਵਾਸਤੇ ਤੇ ਇਕ ਬੌਰੀਏ ਸਿੱਖਾਂ ਵਾਸਤੇ। ਗਲ਼ੀਆਂ ਨਾਲ਼ੀਆਂ ਸਾਰੀਆਂ ਪੱਕੀਆਂ। ਪਾਣੀ ਦੀਆਂ ਟੂਟੀਆਂ ਘਰੋ ਘਰੀਂ।

ਬਸ ਵੋਟਾਂ ਈ ਪਾਉਣੀਆਂ, ਤੇ ਬੱਚਾ ਓਹ ਵੀ ਪੈਸੇ ਲੈ ਕੇ। ਦੱਸ ਹੁਣ ਤੂੰ, ਨਿਕਲਗੀ ਕਿ ਨਹੀਂ ਸਾਡੀ ਗਰੀਬੀ?"

ਮੈਂ ਚਾਚੇ ਸਮੁੰਦ ਦੀਆਂ ਗੱਲਾਂ ਸੁਣ ਕੇ ਸ਼ਸ਼ੋਪੰਜ ਜਿਹੇ 'ਚ ਪੈ ਗਿਆ। ਬਈ ਜੋ ਏਹਨੇ ਤਰੱਕੀ ਦੀਆਂ ਬਾਤਾਂ ਕੀਤੀਆਂ, ਇਹ ਹੈ ਤਾਂ ਮੇਰੇ ਸਾਹਮਣੇ ਮੌਜੂਦ, ਪਰ ਕੀ ਵਾਕਿਆ ਈ ਇਨ੍ਹਾਂ ਚੀਜ਼ਾਂ ਨਾਲ ਇਨ੍ਹਾਂ ਦੀ ਗਰੀਬੀ ਨਿਕਲ ਗਈ?

ਮੈਂ ਕਿਹਾ, "ਚਾਚਾ, ਵੇਖ ਜੋ ਤੂੰ ਆਖਦਾ ਹੈਂ, ਇਹ ਤਾਂ ਤੇਰੀ ਗੱਲ ਮੈਂ ਮੰਨੀ, ਪਰ ਐਂ ਦੱਸ ਬਈ ਤੇਰਾ ਆਵਦਾ ਮੁੰਡਾ 'ਸ਼ੌਕੀ, ਏਥੇ ਹੀ ਏਹਨਾਂ ਦੇ ਰਾਜਭਾਗ 'ਚ ਹੀ ਪੁੱਠੇ ਕੰਮਾਂ 'ਚ ਤੇ ਨਸ਼ੇ ਵੇਚਣ 'ਚ ਪੈ ਗਿਆ ਕਿ ਨਹੀਂ...?"

ਅਜੇ ਮੇਰੀ ਗੱਲ ਮੁੱਕੀ ਨਹੀਂ ਸੀ, ਓਹਨੇ ਗਲਾਸ 'ਚੋਂ ਬਚਿਆ ਹਾੜਾ ਲਾਇਆ ਤੇ ਮੇਰੇ ਅੱਗੇ ਹੱਥ ਕਰ ਕੇ ਮੈਨੂੰ ਚੁੱਪ ਕਰਾ ਦਿੱਤਾ। ਇਸ਼ਾਰੇ ਨਾਲ ਮੈਨੂੰ ਰੰਮ ਦਾ ਇਕ ਪੈੱਗ ਹੋਰ ਲਾਉਣ ਵਾਸਤੇ ਕਿਹਾ ਤੇ ਆਵਦੀਆਂ ਮੁੱਛਾਂ ਸੰਵਾਰਦਿਆਂ ਬੋਲਿਆ, "ਲੈ ਹੁਣ ਤੂੰ ਦੂਜਾ ਪਾਸਾ ਵੀ ਵੇਖ, ਬਈ ਜਿਨ੍ਹਾਂ ਨੇ ਆਪਣੇ 'ਸ਼ੌਕੀ ਵਾਂਗ ਪੁੱਠੇ ਪਾਸੇ ਪੈਣਾ ਸੀ, ਓਹ ਅੱਧੋਂ ਵੱਧ ਵਿਹੜੇ ਦੀ ਮੰਡੀਰ ਨਸ਼ਾ ਵੇਚਣ 'ਤੇ ਵੀ ਹੋਈ ਫਿਰਦੀ ਐ। ਜਿੰਨਾ ਮਰਜ਼ੀ ਭੁੱਕੀ-ਪੋਸਤ, ਅੱਗ-ਸਵਾਹ, ਚਿੱਟਾ-ਭੂਰਾ ਲੈ ਲਾ, ਕੋਈ ਨ੍ਹੀਂ ਪੁੱਛਦਾ। ਪੁਲਿਸ ਏਨ੍ਹਾਂ ਦੇ ਘਰੇ ਖੁਦ ਦੇ ਕੇ ਜਾਂਦੀ ਐ। ਵਿਹੜੇ 'ਚ ਮੈਡੀਕਲ ਦੀਆਂ ਤਿੰਨ ਦੁਕਾਨਾਂ ਐ, ਨਸ਼ੇ ਦੀਆਂ ਗੋਲ਼ੀਆਂ ਟੀਕੇ ਵਾਧੂ ਐ। ਅੱਗੇ ਪਿੰਡ 'ਚ ਸ਼ਰਾਬ ਦਾ ਇਕ ਠੇਕਾ ਹੁੰਦਾ ਸੀ। ਓਹ ਵੀ ਓਧਰੇ ਵੱਡੇ ਘਰਾਂ ਵੰਨੀ, ਕਿਉਂ? ਬਈ ਓਨ੍ਹਾਂ ਨੇ ਈ ਪੀਣੀ ਹੁੰਦੀ ਸੀ, ਓਹੀ ਖਰੀਦਦੇ ਸੀ ਪਰ ਹੁਣ ਵੇਖ ਉਲਟ ਜਮਾਨਾ, ਆਹ ਵਿਹੜੇ ਵਾਲੀ ਫ਼ਿਰਨੀ ਦੇ ਮੋੜ 'ਤੇ ਇਕ ਠੇਕਾ ਐ, ਦੂਜਾ 'ਗਾਂਹ ਜਾ ਕੇ ਨਾਈਆਂ-ਪ੍ਰਜਾਪਤਾਂ ਦੇ ਘਰਾਂ ਕੋਲ਼ ਐ। ਦੋਹੇਂ ਥਾਈਂ ਮੀਟ, ਮੁਰਗੇ, ਆਂਡੇ ਦੀਆਂ ਰੇਹੜੀਆਂ ਲੱਗਦੀਆਂ। ਥੋੜ੍ਹੇ ਜਿਮੀਦਾਰਾਂ, ਸਰਦਾਰਾਂ ਦੇ ਕਾਕੇ ਇੱਥੇ ਆ ਕੇ ਹੁਣ ਰੰਗ ਲਾਉਂਦੇ ਐ। ਛਕਦੇ ਐ ਉਬਲ਼ੇ ਆਂਡੇ ਤੇ ਲਾਉਂਦੇ ਐ ਸੰਤਰੇ-ਸੌਂਫੀਏ ਦੇ ਹਾੜੇ। ਫੇਰ ਡਾਂਗ ਖੜਕਦੀ ਐ। ਤੀਜੇ ਦਿਨ ਕਿਸੇ ਚਿੱਟ ਕਪੜੀਏ ਦਾ ਸਿਰ ਪਾਟਿਆ ਹੁੰਦਾ।

ਵੇਖ ਫੇਰ ਪੰਚਾਇਤ ਵੀ ਵੋਟਾਂ ਜਿਆਦਾ ਹੋਣ ਕਰਕੇ ਏਧਰ ਦੀ ਬਣਦੀ ਐ। ਮੈਂਬਰ ਸਰਪੰਚ ਵੀ ਇੱਧਰ ਦੇ ਈ ਬਣਨੇ ਹੋਏ। ਲੀਡਰ ਵੀ ਓਧਰਲੇ ਵੱਡੇ ਸਕੂਲ 'ਚ ਘੱਟ ਤੇ ਏਧਰ ਸਾਡੇ ਆਲੇ 'ਚ ਜ਼ਿਆਦਾ ਆ ਕੇ ਬਹਿੰਦੇ ਐ। ਜੀਹਦੇ ਘਰੇ ਦਸ ਵੋਟਾਂ ਹੋਣ, ਓਹਨੂੰ ਖਿੱਚ ਕੇ ਕੋਲ ਕੁਰਸੀ 'ਤੇ ਬਠਾਉਂਦੇ ਐ।

ਪਰ ਭਾਈ ਪਹਿਲਾਂ ਓਧਰਲੇ ਸਰਪੰਚ ਸਰਕਾਰ ਦਾ ਪੈਸਾ ਖਾ ਕੇ ਡਕਾਰ ਜਾਂਦੇ ਸੀ, ਓਹੋ ਕੁਛ ਹੁਣ ਏਧਰਲੇ ਕਰੀ ਜਾਂਦੇ ਐ। ਸਾਂਝੇ ਕੰਮ 'ਤੇ ਪੈਸਾ ਘੱਟ ਲਾਉਂਦੇ ਐ, ਆਵਦੀਆਂ ਕੋਠੀਆਂ ਵੱਧ ਪਾਈ ਜਾਂਦੇ ਐ। ਆਵਦੀ ਕੁਰਸੀ ਖਾਤਰ ਲੀਡਰ ਸਰਕਾਰ ਦਾ ਪੈਸਾ ਲੁਟਾਈ ਜਾਂਦੇ ਐ। ਲੁੱਟ ਦਾ ਥਾਨ, ਡਾਂਗਾਂ ਦੇ ਗਜ਼! ਚੋਰ ਤੇ ਕੁੱਤੀ ਰਲ'ਗੇ।

ਚੱਲ ਛੱਡ ਬੇਟਾ, ਤੂੰ ਘੁੱਟ ਪੀ ਵੀ ਲੈ ਕਿ ਮੇਰੀਆਂ ਜਬਲੀਆਂ ਈ ਸੁਣੀ ਜਾਏਂਗਾ।"

"ਲੈ ਤੂੰ ਤਾਂ ਚਾਚਾ ਕਰ'ਤੀ ਕਮਾਲ! ਗੱਲਾਂ ਤੇਰੀਆਂ ਸੱਚੀਆਂ ਪਰ ਵੇਖ, ਏਸ ਸਰਕਾਰੀ ਪੈਸੇ ਦੇ ਜ਼ੋਰ ਨਾਲ ਤੁਹਾਡੀਆਂ ਅੱਖਾਂ ਚੁੰਧਿਆ ਕੇ ਥੋਨੂੰ ਨਸ਼ੇ ਵੇਚਣ ਲਾ'ਤਾ, ਸਕੂਲ ਤਾਂ ਖੋਲ੍ਹ'ਤੇ ਪਰ ਪੜ੍ਹਾਉਣ ਵਾਲੇ ਮਾਸਟਰ ਭਾਵੇਂ ਚਾਰਾਂ ਦੀ ਥਾਂ ਇਕ ਹੋਵੇ, ਬਿਜਲੀ ਦੇ'ਤੀ ਪਰ ਕੱਟ ਭਾਵੇਂ ਸਾਰਾ ਦਿਨ ਲੱਗਿਆ ਰਹੇ। ਥੋਨੂੰ ਡਿਸਪੈਂਸਰੀ 'ਚੋਂ ਭਾਵੇਂ ਦਵਾਈ ਮਿਲੇ ਜਾਂ ਨਾ ਪਰ ਏਹਨਾਂ ਲੀਡਰਾਂ ਦੇ ਜੇ ਕੰਨ-ਪੀੜ ਵੀ ਹੋਵੇ ਤਾਂ ਚੰਡੀਗੜ੍ਹ ਪੀ.ਜੀ.ਆਈ. 'ਚੋਂ ਮੁਫ਼ਤ ਇਲਾਜ, ਤੇ ਜੇ ਰੱਬ ਕੋਈ ਵੱਡੀ ਬਿਮਾਰੀ ਲਾ ਦੇਵੇ ਤਾਂ ਸਿੱਧਾ ਅਮਰੀਕਾ ਤੋਂ ਮੁਫ਼ਤ ਸਰਕਾਰੀ ਖਰਚੇ 'ਤੇ ਇਲਾਜ, ਤੇ ਆਪਾਂ ਨੂੰ ਲਾ ਦਿੱਤੀ ਬੀਕਾਨੇਰ ਕੈਂਸਰ ਐਕਸਪ੍ਰੈੱਸ ਰੇਲ। ਥੋਡੇ ਜੁਆਕਾਂ 'ਚੋਂ ਦੋ ਚਾਰ ਨੂੰ ਮੁਫ਼ਤ ਸਾਇਕਲ ਦੇ ਕੇ ਆਪ ਟਰਾਂਸਪੋਰਟਾਂ ਬਣਾ ਲਈਆਂ। ਮੁਲਖ਼ ਕਰ'ਤਾ ਕਰਜ਼ਾਈ, ਪੰਜਾਬ ਕਰ'ਤਾ ਕਰਜ਼ਾਈ। ਜੱਟਾਂ ਦੇ ਗਲਾਂ 'ਚ ਰਹਿ ਗਏ ਫਾਹੇ, ਤੇ ਮੁੰਡਿਆਂ ਦੀਆਂ ਸੁੱਕੀਆਂ ਬਾਹਾਂ 'ਚ ਨਸ਼ੇ ਦੀਆਂ ਸਰਿੰਜਾਂ। ਸਮਝਿਆ ਕਿ ਨਹੀਂ।"

ਮੈਨੂੰ ਪੂਰਾ ਰੋਹ ਚੜ੍ਹ ਗਿਆ ਸੀ।

"ਏਸ ਅਨਪੜ੍ਹ ਬੰਦੇ ਨੂੰ ਬਾਈ ਜੀ ਕੀ ਪਤਾ ਐ, ਬਈ ਸਿਆਸਤਾਂ ਕੀ ਹੁੰਦੀਆਂ ਐਂ। ਐਤਕੀਂ ਮੈਂ ਵਿਹੜੇ 'ਚ ਲੋਕਾਂ ਅੱਗੇ ਬਥੇਰਾ ਪਿੱਟਿਆ, ਬਈ ਆਮ ਆਦਮੀ ਪਾਰਟੀ ਦੀ ਟੋਪੀ ਦੀ ਪੂਛ ਫੜ ਲੋ, ਖਵਰੇ ਕੁਝ ਮੁਲਖ ਦਾ ਸੁਧਾਰ ਹੋ'ਜੇ ਪਰ ਹੋਰ ਤਾਂ ਕਿਸੇ ਨੇ ਕੀ ਆਖੇ ਲੱਗਣਾ ਸੀ,

ਆਹ ਭਾਪਾ ਈ ਨਾ ਪੈਰਾਂ 'ਤੇ ਪਾਣੀ ਪੈਣ ਦੇਵੇ।" ਪਿੱਛੇ ਖੜ੍ਹੇ ਸਰਮੁਖ ਨੇ ਆਪਣਾ ਰੋਸ ਜ਼ਾਹਰ ਕੀਤਾ।

"ਹਾਹੋ ਭਾਈ! ਹੁਣ ਤੁਸੀਂ ਹੋਏ ਦੋਹੇਂ ਪੜ੍ਹਾਕੂ! ਅਬਸਰ! ਮੈਂ ਅਨਪੜ੍ਹ ਬੁੱਢਾ ਠੇਰਾ, ਸਾਰੀ ਉਮਰ ਸੀਰ ਕੱਟਿਆ, ਥੋਡਾ ਕੀ ਮੁਕਾਬਲਾ ਕਰੂੰ।" ਤੇ ਚਾਚਾ ਹੌਲੀ ਦੇਣੇ ਹੱਸ ਪਿਆ।

ਹਨੇਰਾ ਕਾਫ਼ੀ ਗੂੜ੍ਹਾ ਹੋ ਗਿਆ ਸੀ। ਘਰੋਂ ਵੀ ਦੋ ਵਾਰ ਫੋਨ ਆ ਗਿਆ ਸੀ। ਵਿਹੜੇ 'ਚ ਲੱਗੀ ਕਿਸੇ ਸੰਗਤੀ ਦੇ ਕੀਰਤਨ ਕਰਨ ਦੀ ਆਵਾਜ਼ ਜ਼ੋਰ-ਜ਼ੋਰ ਦੀ ਆ ਰਹੀ ਸੀ।

"ਆਹ ਸਰਮੁਖਾ, ਭਲਾ ਅੱਜ ਕਿਹੜਿਆਂ ਦਾ ਖੜਕਾਟ ਪਈ ਜਾਂਦੈ?"

"ਜਸੂ ਮਸੀਹ ਆਲੇ ਲਗਦੇ ਐ।"

"ਹਲਾ, ਏਹ ਹੁਣ ਲੱਛੂ ਆਲੇ ਡੇਰੇ 'ਚ ਗਿਲਜਾ ਘਰ ਬਣਾਉਣ ਨੂੰ ਫਿਰਦੇ ਐ। ਪਤਾ ਨ੍ਹੀਂ ਲੋਕਾਂ ਦਾ ਕਿਹੜੇ ਪਾਸੇ ਨੂੰ ਮੂੰਹ ਹੋਈ ਜਾਂਦਾ ਐ?"

"ਲੈ ਵੇਖ ਬਾਈ ਜੀ, ਜਦੋਂ ਆਪਣੇ ਗ੍ਰੰਥ ਸਾਹਬ ਦੀ ਏਡੀ ਬੇਅਦਬੀ ਹੋ ਗਈ, ਐਂ ਗੁਰੂ ਨਾਲੋਂ ਕਿਹੜੀ ਚੀਜ਼ ਵੱਡੀ ਤੇ ਪਵਿੱਤਰ ਹੋ ਸਕਦੀ ਐ, ਤੇ ਆਹ ਆਪਣੇ ਭਾਪੇ ਦੀ 'ਕਾਲੀ ਸਰਕਾਰ ਦੇ ਕੰਨ 'ਤੇ ਜੂੰਅ ਨਹੀਂ ਸਰਕੀ! ਫੇਰ ਆਹ ਜਣੇ-ਖਣੇ ਨੇ ਸੰਗਤੀਆਂ ਲਾਉਣੀਆਂ ਈ ਐ ਤੇ ਡੇਰੇ ਬਣਾਉਣੇ ਈ ਐ।"

ਸਰਮੁਖ ਨੇ ਚਾਚੇ ਦੇ ਸਵਾਲ ਦਾ ਹੋਰ ਈ ਸਵਾਲ ਖੜ੍ਹਾ ਕਰਕੇ ਜਵਾਬ ਦਿੱਤਾ।

"ਮੈਨੂੰ ਲੱਗਦੈ ਫੌਜੀਆ, ਤੂੰ ਵੀ ਛਿੱਟ ਲਾ ਬੈਠਾ ਐਂ।" ਚਾਚਾ ਫੇਰ ਹੱਸ ਕੇ ਆਂਹਦਾ।

"ਚੰਗਾ ਬਾਈ, ਮੈਂ ਹੁਣ ਚੱਲਦਾ ਹਾਂ। ਤੂੰ ਮਾਰੀਂ ਚਾਚਾ ਹੁਣ ਕਦੇ ਓਧਰ ਗੇੜਾ, ਮੈਂ ਕਈ ਦਿਨ ਅਜੇ ਏਥੇ ਈ ਹਾਂ।" ਮੈਂ ਖੜ੍ਹੇ ਹੁੰਦੇ ਨੇ ਕਿਹਾ।

"ਮੈਂ ਚਲਦਾਂ ਤੇਰੇ ਨਾਲ। ਏਨ੍ਹਾਂ ਸਾਡੇ ਬੇਲੀਆਂ ਦਾ ਕੋਈ ਪਤਾ ਨਹੀਂ, ਸਾਲੇ ਤੁਰੇ ਜਾਂਦੇ ਦੇ ਮੌਰਾਂ 'ਚ ਡਾਂਗ ਮਾਰ ਕੇ ਆਖਣਗੇ, ਤੂੰ ਏਥੇ ਵਿਹੜੇ 'ਚ ਕੀ ਕਰਦਾ ਐਂ ਓਏ ਸਪੈਦਪੋਸ਼ੀਆ?"

"ਨਹੀਂ ਨਹੀਂ, ਤੂੰ ਬੈਠ ਚਾਚਾ! ਮੈਨੂੰ ਕੋਈ ਕੁੱਛ ਨ੍ਹੀਂ ਕਹਿੰਦਾ। ਤੂੰ ਡਿੱਗ ਪਏਂਗਾ ਕਿਤੇ ਠੇਡਾ ਖਾ ਕੇ।"

"ਚੱਲ ਸਰਮੁਖ ਨੂੰ ਘੱਲ ਦਿੰਨਾਂ ਫੇਰ।"

"ਨਹੀਂ ਕਿਸੇ ਦੀ ਲੋੜ ਨਹੀਂ।"

ਫੇਰ ਵੀ ਉਹ ਬੈਠਕ 'ਚੋਂ ਨਿਕਲ ਕੇ ਗਲੀ ਦੇ ਮੋੜ ਤਕ ਮੇਰੇ ਨਾਲ ਆਇਆ। ਚੰਨ ਦੀ ਚਾਨਣੀ 'ਚ ਖਾਲੀ ਗਲੀ ਵੇਖ ਕੇ ਉਸ ਦੇ ਮਨ ਨੂੰ ਤਸੱਲੀ ਜਿਹੀ ਹੋ ਗਈ। ਫੇਰ ਮੇਰਾ ਮੋਢਾ ਫੜ ਕੇ ਆਂਹਦਾ, "ਵਿੰਦਰਾ! ਫੇਰ ਬੱਚਾ ਹੁਣ ਆਪਣੇ ਗੱਡੇ ਦਾ ਕੀ ਬਣੂ? ਚੀਜ਼ ਗਮਵਾਉਣ ਵਾਲੀ ਨ੍ਹੀਂ।"

ਮੈਂ ਹੱਸ ਕੇ ਕਿਹਾ, "ਵੇਖ ਚਾਚਾ, ਕਹੇਂ ਤਾਂ ਤੇਰੇ ਬਾਰ ਅੱਗੇ ਖਲ੍ਹਾਰ ਜਾਂਦੇ ਹਾਂ।"

"ਓ ਨਹੀਂ ਬਚੜਿਆ, ਓਹਨੂੰ ਸੰਭਾਲਣਾ ਹੁਣ ਮੇਰੇ ਵੱਸ ਨਹੀਂ।"

"ਫੇਰ ਚਾਚਾ ਜੇ ਓਹਨੂੰ ਸੰਭਾਲਣਾ ਤੇਰੇ ਵਸ ਨਹੀਂ, ਜੀਹਨੇ ਉਹਦਾ ਅੰਗ-ਅੰਗ ਬਣਦਾ ਵੇਖਿਆ ਤੇ ਫੇਰ ਸਾਰੀ ਉਮਰ ਚਾਅ ਨਾਲ ਵਾਹਿਆ, ਫੇਰ ਹੁਣ ਮੇਰੇ ਵੱਸ ਵੀ ਨਹੀਂ।"

"ਹੱਛਾ ਪੁੱਤ! ਰੱਬ ਦੀ ਰਜ਼ਾ। 'ਨਾ ਤੇਰੇ ਵਸ, ਨਾ ਮੇਰੇ ਵਸ'। ਬਗਸੀਂ ਓ ਡਾਢਿਆ।"00

***(ਮਕਾਨ ਨੰਬਰ 169, ਸੈਕਟਰ 16, ਚੰਡੀਗੜ੍ਹ***
***ਫੋਨ: 95308-07786)***

# ਪੁੱਛ-ਪ੍ਰਤੀਤ: ਕਹਾਣੀ: ਰਘਬੀਰ ਸਿੰਘ ਮਾਨ

ਜਿਸ ਦਿਨ ਦਾ ਕੋਮਲਪ੍ਰੀਤ ਦਾ ਕਨੇਡਾ ਤੋਂ ਫੋਨ ਆਇਆ ਸੀ, ਓਦਣ ਦਾ ਈ ਸਾਰਾ ਟੱਬਰ ਧਰਤੀ ਤੋਂ ਉੱਪਰ ਉਡਿਆ ਫਿਰਦਾ ਸੀ।

"ਮੰਮੀ, ਮੈਂ ਪੀ.ਆਰ. ਹੋ ਗਈ ਆਂ," ਕੋਮਲ ਦੀ ਐਨੀ ਗੱਲ ਸੁਣ ਮਨਜੀਤ ਕੌਰ ਨੇ ਖ਼ੁਸ਼ੀ ਵਿਚ ਲੇਰ ਮਾਰੀ ਸੀ। ਉਸ ਤੋਂ ਖ਼ੁਸ਼ੀ ਸਾਂਭੀ ਨਹੀਂ ਸੀ ਗਈ। ਕੋਮਲ ਦੀਆਂ ਕੀਤੀਆਂ ਬਾਕੀ ਗੱਲਾਂ ਉਹਦੀ ਆਪਣੀ ਠਾਠਾਂ ਮਾਰਦੀ ਖ਼ੁਸ਼ੀ ਹੇਠ ਦੱਬ ਗਈਆਂ ਸਨ।

"ਮਸਾਂ ਐਹ ਦਿਨ ਆਇਆ। 'ਡੀਕਦਿਆਂ ਅੱਖਾਂ ਪੱਕ ਗਈਆਂ ਮੇਰੀਆਂ।" ਕੋਮਲ ਦੀ ਮਾਂ ਮਨਜੀਤ ਕੌਰ ਨੇ ਬਾਹਰੋਂ ਆਏ ਨਵਤੇਜ ਸਿੰਘ ਨੂੰ ਦੱਸਦਿਆਂ, ਬੁਲ੍ਹਾਂ 'ਚੋਂ ਡੁਲ੍ਹਦੀ ਖ਼ੁਸ਼ੀ ਵਿਚ, ਲੰਮਾ ਸੁਖਾਵਾਂ ਸਾਹ ਲੈ ਆਪਣੇ ਆਪ ਨੂੰ ਸੁਰਖ਼ਰੂ ਮਹਿਸੂਸ ਕੀਤਾ,"ਸਰਦਾਰਾ, ਕੁੜੀ ਤੇਰੀ ਨੇ ਰੱਖ ਵਿਖਾਈ ਏ। ਉਹਨੇ ਰੱਜ ਕੇ ਮਿਹਨਤ ਕੀਤੀ ਸੀ। ਅੱਜ ਕਨੇਡਾ ਦੀ ਪੀ.ਆਰ. ਲੈ ਕੇ ਸਾਨੂੰ ਜਿਊਂਦਿਆਂ 'ਚ ਕਰ ਦਿੱਤਾ। ਮਾਣ ਐ ਮੈਨੂੰ ਆਪਣੀ ਧੀ 'ਤੇ।"

ਮਨਜੀਤ ਕੌਰ ਦੇ ਬੁਲ੍ਹ, ਗੁਲਾਬ ਦੀਆਂ ਪੱਤੀਆਂ ਵਾਂਗ ਖਿੜੇ ਹੋਏ ਸਨ। ਉਸ ਤੋਂ ਆਪਣਾ ਚਾਅ ਥੰਮਿਆ ਨਹੀਂ ਸੀ ਜਾ ਰਿਹਾ। ਉਹ ਘਰ 'ਚ ਪੱਬਾਂ ਭਾਰ ਤੁਰ ਰਹੀ ਸੀ।

"ਮਨਜੀਤ ਕੁਰੇ, ਹੁਣ ਗੁਨਜੋਤ ਦਾ ਫਿਕਰ ਨੀਂ", ਨਵਤੇਜ ਸਿੰਘ ਹੁੱਬਦਾ ਬੋਲਿਆ, "ਹੋਰ ਦੋਂ-ਚੌਂਹ ਸਾਲਾਂ ਵਿਚ, ਇਹ ਵੀ ਆਪਣੇ ਨਾਲ ਕਨੇਡਾ ਪੁੱਜਾ ਲੈ। ਅੱਜ ਮੈਨੂੰ ਕੋਮਲ ਲਈ ਕੀਤੀ ਸਾਰੀ ਨੱਠ-ਭੱਜ ਭੁੱਲ ਗਈ ਏ। ਅਸੀਂ ਵੀ ਕਨੇਡਾ ਆਲ਼ੇ ਬਣ ਗਏ ਆਂ।"

"ਸਾਡੀ ਕੋਮਲ ਪੁੱਤਾਂ ਤੋਂ ਕਿਤੇ ਉੱਤੇ ਐ। ਬਹੁਤ ਦਲੇਰ ਐ ਸਾਡੀ ਧੀ। ਜਿੱਦਾਂ ਕਨੇਡਾ 'ਚ ਸਾਡਾ ਕੋਈ ਰਿਸ਼ਤੇਦਾਰ ਨਹੀਂ ਸੀ, ਮੇਰੀ ਧੀ ਨੇ, ਬਿਨਾਂ ਕਿਹੇ ਦੀ ਮਦਦ ਤੋਂ, ਆਪਣੇ ਬਲਬੂਤੇ 'ਤੇ ਸੈੱਟ ਹੋ ਕੇ ਦਿਖਾਅ ਦਿੱਤਾ, ਕੋਈ ਖੇਡ ਪਈ ਆ, ਬਗ਼ਾਨੇ ਮੁਲਕ ਵਿਚ ਸੈੱਟ ਹੋਣਾ।" ਠੰਢਾ ਜਿਹਾ ਸਾਹ ਭਰਦੀ ਉਹ ਫਿਰ ਬੋਲੀ, "ਬਸ, ਹੁਣ ਕੋਮਲ, ਫਰਵਰੀ 'ਚ ਇੰਡੀਆ ਆ ਜਾਏ ਤੇ ਵਿਆਹ ਕਰ ਕੇ ਮਨੋਂ ਭਾਰ ਲਾਹੀਏ। ਦੋਵੇਂ ਜੀਅ ਡਟ ਕੇ ਕਮਾਈ ਕਰਨਗੇ ਤਾਂ ਹੀ ਸਰਕਾਰ ਨੂੰ ਟੈਕਸ ਜਾਊ ਤੇ ਆਪਣਾ ਕੰਮ ਬਣੂ।"

"ਉਹਦੇ ਆਉਣ ਤੋਂ ਪਹਿਲਾਂ ਈਂ ਮੁੰਡਾ ਦੇਖ ਛੱਡੀਏ। ਖੜ੍ਹੇ ਪੈਰ ਮੁੰਡੇ ਬਾਰੇ ਪੁੱਛ-ਪ੍ਰਤੀਤ ਨੀਂ ਹੁੰਦੀ।" ਨਵਤੇਜ ਸਿੰਘ ਨੇ ਕਿਹਾ "ਮੁੰਡੇ ਆਲ਼ੇ ਤਾਂ ਖਹਿੜੇ ਪੈ ਜਾਂਦੇ ਆ, ਜਦ ਪਤਾ ਲਗਦਾ, ਪਈ ਕੁੜੀ ਕਨੇਡਾ ਦੀ ਪੱਕੀ ਆ। ਉਹ ਤਾਂ ਝੱਟ ਮੰਗਣੀ, ਪੱਟ ਵਿਆਹ ਮੰਗਦੇ ਆ ਫੇਅ।"

"ਦੇਖੋ ਜੀ, ਮੁੰਡੇ ਬਾਰੇ ਬਰੀਕੀ ਨਾਲ ਪੁੱਛ-ਪ੍ਰਤੀਤ ਤਾਂ ਮੈਂ ਈਂ ਕਰੂੰਗੀ। ਤੁਸੀਂ ਕੋਈ ਦਖ਼ਲ ਨਾ ਦਿਓ। ਮੈਨੂੰ ਪਤਾ, ਤੁਸੀਂ ਤਾਂ ਝੱਟ ਦੂਜੇ ਦੀ ਗੱਲ ਦਾ ਸੱਚ ਮੰਨ ਜਾਨੇਂ ਓਂ। ਛੇਤੀਂ ਦੇ ਕੇ ਨੀਂ ਕਿਸੇ 'ਤੇ ਭਰੋਸਾ ਕਰੀਦਾ।" ਮਨਜੀਤ ਕੌਰ ਨੇ ਨਵਤੇਜ ਸਿੰਘ ਨੂੰ ਸਮਝਾਉਣ ਵਾਂਗ ਕਿਹਾ, "ਖਾਸ ਤੌਰ 'ਤੇ ਧੀ-ਪੁੱਤ ਦਾ ਰਿਸ਼ਤਾ ਕਰਨ ਵੇਲ਼ੇ ਤਾਂ ਪੂਰੀ ਤਰ੍ਹਾਂ ਘੋਖੀਦਾ ਅਗਲੇ ਨੂੰ। ਸਾਨੂੰ ਕਿਤੇ ਕਾਹਲ਼ ਪਈ ਐ। ਚੰਗੀ ਤਰ੍ਹਾਂ ਦੇਖਾਂ-ਪਰਖਾਂਗੇ। ਫੇਅ ਸੋਚ ਵਿਚਾਰ ਕੇ ਸ਼ਗਨ ਕਰਾਂਗੇ।"

"ਕੋਮਲ ਨੂੰ ਪੁੱਛ ਲੈ, ਕਿੱਦਾਂ ਦਾ ਲੜਕਾ ਚਾਹੁੰਦੀ ਐ?"

"ਉਹਨੂੰ ਕੀ ਪੁੱਛਣਾ, ਮੈਂ ਮਾਂ ਆਂ ਉਹਦੀ, ਮੈਨੂੰ ਸਭ ਕੁਝ ਪਤਾ।" ਮਨਜੀਤ ਨੇ ਘੁਮੰਡ ਵਿਚ ਕਿਹਾ। "ਦੁੱਧੋਂ ਪਾਣੀ ਛਾਂਟੂੰਗੀ। ਘਰਾਣਾ ਘਰ ਹੋਵੇ, ਰੱਜੇ-ਪੁੱਜੇ ਹੋਣ, ਕੋਠੀ ਬਣੀ ਹੋਈ ਹੋਵੇ, ਘਰ 'ਚ ਗੱਡੀ ਖੜ੍ਹੀ ਹੋਵੇ, ਜ਼ਮੀਨ ਦੇ ਚਾਰ ਸਿਆੜ ਚੰਗੇ ਹੋਣ। ਖੇਤੀ ਦੀ ਸਾਰੀ ਮਸ਼ੀਨਰੀ ਹੋਵੇ, ਕੋਈ ਕਰਜ਼ਾ ਸਿਰ ਨਾ ਹੋਵੇ। ਮੁੰਡਾ ਚੰਗਾ ਪੜ੍ਹਿਆ ਹੋਇਆ ਹੋਵੇ। ਕੁੜੀ ਨੇ ਕਨੇਡਾ ਤੋਂ ਆਉਣਾ, ਐਮੇਂ ਥੋੜ੍ਹਾ ਲੱਲੂ

ਪੰਜੂ ਮੁੰਡਾ ਦੇਖ ਲਉਂ...।"

"ਆਪਣੇ ਦੁਆਬੇ 'ਚ ਜ਼ਮੀਨਾਂ ਨੀਂ ਬੌਹਤੀਆਂ। ਨਾਲੇ ਮਨਜੀਤ ਕੁਰੇ, ਮੁੰਡੇ ਨੇ ਕਿਹੜਾ ਆ ਕੇ ਜ਼ਮੀਨ ਵੌਹਣੀ ਆਂ। ਜਿਹੜਾ ਇਕ ਵਾਰ ਬਾਹਰ ਚਲੇ ਜਾਂਦਾ, ਮੁੜ ਕੇ ਆਉਂਦਾ ਕਿਤੇ...?"

"ਬਸ਼ੱਕ ਨੀਂ ਵੌਹਣੀ, ਕਿਸੇ ਦਿਨ ਨੂੰ ਜ਼ਮੀਨ ਦੀ ਵੰਡ ਪਊ, ਵਧੀਆ ਚਾਰ ਸਿਆੜ ਮੁੰਡੇ ਦੇ ਹਿੱਸੇ ਆਉਣਗੇ, ਵੇਚ-ਵੱਟ ਕੇ ਕਨੇਡਾ 'ਚ ਆਪਣੀ ਜੈਦਾਦ ਬਣਾ ਲੈਣਗੇ।"

ਨਵਤੇਜ ਸਿੰਘ ਕੁਝ ਨਾ ਬੋਲਿਆ, ਮਨਜੀਤ ਕੌਰ ਦੇ ਮੂੰਹ ਵੱਲ ਹੈਰਾਨੀ ਨਾਲ ਵੇਖਣ ਲੱਗਾ।

"ਘਰ-ਬਾਰ ਸਭ ਕੁਝ ਬਣਿਆ ਹਊ ਤਾਂ ਮੁੰਡੇ ਨੂੰ ਪਿੱਛੇ ਨਾ ਵੇਖਣਾ ਪਊ। ਜੇ ਮੁੰਡਾ ਪਿੱਛੇ ਦਾ ਈ ਬਣਾਉਂਦਾ ਰਿਹਾ ਤਾਂ ਮੇਰੀ ਧੀ ਖਾ-ਹੰਢਾਅ ਕੇ ਕਦ ਦੇਖੂ? ਬੱਚੇ ਕਿੱਦਾਂ ਪਾਲੂ? ਨਾਲੇ ਮੈਂ ਧੀ 'ਤੇ ਲੱਖਾਂ ਰੁਪਏ ਲਾਏ ਆ, ਸਹੁਰਿਆਂ ਦਾ ਪਿੱਛਾ ਬਣਾਉਣ ਲਈ ਨੀਂ। ਆਪਣੇ ਤੇ ਆਪਣੀ ਧੀ-ਪੁੱਤ ਦੇ ਸੁਖ ਲਈ ਲਾਏ ਆ...?"

"ਤੂੰ ਬੜਾ ਲੰਮਾ ਸੋਚਦੀ ਐਂ ਮਨਜੀਤ ਕੁਰੇ...। ਮੇਰੇ ਭਾਣੇ ਤਾਂ ਤੇਰੀ ਮੱਤ ਰਸੋਈ ਜੋਗੀ ਈਂ ਮਸਾਂ ਆਂ।"

"ਤੁਸੀਂ ਦੇਖੀ ਜਾਓ...।" ਹੱਸ ਕੇ ਉਹ ਫਿਰ ਬੋਲੀ, "ਅੱਜ ਕੋਮਲ ਦਾ ਫੋਨ ਆਉਂਦਾ ਤਾਂ ਮੈਂ ਵਿਆਹ ਬਾਰੇ ਉਹਦੇ ਨਾਲ ਸਾਰੀ ਗੱਲ ਖ੍ਹੋਲੂੰਗੀ।"

"ਉਹ ਕਿਤੇ ਨਿਆਣੀ ਐਂ। ਕੌਨਵੈਂਟ ਸਕੂਲ ਤੋਂ ਲਵਲੀ ਯੂਨੀਵਰਸਿਟੀ ਹੁੰਦੀ ਹੋਈ ਕਨੇਡਾ ਪਹੁੰਚ ਗਈ ਐ। ਸੱਤ ਸਮੁੰਦਰੋਂ ਪਾਰ। ਕੋਈ ਛੋਟੀ ਜਿਹੀ ਗੱਲ ਐ।" ਨਵਤੇਜ ਵੀ ਧੀ 'ਤੇ ਮਾਣ ਕਰ ਰਿਹਾ ਸੀ।

"ਭਾਬੀ ਜੀ ਵਧਾਈਆਂ, ਭਾਅ ਜੀ ਨੇ ਦੱਸਿਆ ਸੀ ਕੋਮਲ ਕਨੇਡਾ 'ਚ ਪੱਕੀ ਹੋ ਗਈ ਐ।" ਹਕੀਮਪੁਰੀਆ ਕਰਮਜੀਤ ਸਿੰਘ, ਨਵਤੇਜ ਸਿੰਘ ਦੀ ਭੂਆ ਦਾ ਪੁੱਤ ਸੀ। ਉਹ ਤੇ ਉਹਦੀ ਵਹੁਟੀ ਕੁਲਵਿੰਦਰ, ਇਕ ਦਿਨ ਉਹਨਾਂ ਨੂੰ ਮਿਲਣ ਆਏ ਸਨ।

"ਭੈਣ ਜੀ, ਹੁਣ ਤਾਂ ਤੁਸੀਂ ਵੀ ਪ੍ਰਾਹੁਣੇ ਈਂ ਓਂ। ਦੇਖ ਲਿਓ ਛੇਤੀਂ ਸੱਦ ਲੈਣਾ ਕੋਮਲ ਨੇ ਥੁਆਨੂੰ। ਕੁੜੀ ਛੋਹਲੀ ਐ।" ਕੁਲਵਿੰਦਰ ਬੋਲੀ।

"ਕਰਮਜੀਤ, ਕੋਮਲ ਸਿਆਲ਼ 'ਚ ਇੰਡੀਆ ਆਊ।" ਮਨਜੀਤ ਕੌਰ ਨੇ ਕੁਝ ਦੇਰ ਬਾਅਦ ਉਸ ਵੱਲ ਸੰਜੀਦਗੀ ਨਾਲ ਦੇਖਦੀ ਨੇ ਕਿਹਾ, "ਕਿਸੇ ਮੁੰਡੇ ਦੀ ਦੱਸ ਪਾ। ਜੇ ਕੋਈ ਜਾਣਕਾਰ ਹੋਵੇ ਤਾਂ। ਅਸੀਂ ਕੋਮਲ ਦੇ ਆਉਣ ਤੋਂ ਪੈਹਲਾਂ-ਪੈਹਲਾਂ ਮੁੰਡੇ ਤੇ ਉਹਦੇ ਪਰਿਵਾਰ ਬਾਰੇ ਚੰਗੀ ਤਰ੍ਹਾਂ ਪੁੱਛ-ਪ੍ਰਤੀਤ ਕਰਨੀ ਚਾਹੁਨੇ ਐਂ। ਘੋਖ-ਪਰਖ ਕਰ ਕੇ, ਫੇਅ ਕੁੜੀ ਦਾ ਰਿਸ਼ਤਾ ਕਰੂੰ।"

"ਕੋਈ ਨਾ ਮੈਂ ਨਿਗਾਹ ਮਾਰਦਾਂ ਜਾਣਕਾਰਾਂ 'ਚ। ਕੋਈ ਨਾ ਕੋਈ ਮੁੰਡਾ ਤਾਂ ਮਿਲ ਈ ਜਾਣਾ। ਪਰ ਭਾਬੀ ਜੀ, ਮੇਰੇ 'ਤੇ ਭਰੋਸਾ ਕਰਿਓ।" ਕਰਮਜੀਤ ਨੇ ਹੱਸ ਕੇ ਕਿਹਾ।

"ਨਾਂਹ ਵੇ ਦਿਓਰਾ, ਮੈਂ ਨੀਂ ਕਿਸੇ 'ਤੇ ਭਰੋਸਾ ਕਰਦੀ।" ਮਨਜੀਤ ਕੌਰ ਠੀਕ ਹੋ ਕੇ ਬੈਠਦੀ, ਕੋਰਾ ਬੋਲੀ। ਕਰਮਜੀਤ ਝੇਪ ਗਿਆ, "ਆਪ ਕਰੂੰ ਸਾਰੀ ਇਨਕੁਆਰੀ...। ਜਦੋਂ ਮੈਨੂੰ ਯਕੀਨ ਹੋ ਜਊ, ਫੇਅ ਹਾਂ ਕਰੂੰ।"

ਕੁਲਵਿੰਦਰ ਨੇ ਉਹਦੇ ਵੱਲ ਹੈਰਾਨੀ ਨਾਲ ਦੇਖਿਆ।

"ਆਪਾਂ ਕੋਮਲ ਦਾ ਰਿਸ਼ਤਾ ਲੱਖਪੁਰ ਵਾਲੇ ਸਰਮੁੱਖ ਸਿੰਘ ਦੇ ਵੱਡੇ ਲੜਕੇ ਵਰਜੀਤ ਨੂੰ ਨਾ ਕਰਾ ਦੇਈਏ?" ਕਰਮਜੀਤ ਨੇ ਇਕ ਦਿਨ, ਘਰ ਬੈਠਿਆਂ ਕੁਲਵਿੰਦਰ ਨਾਲ ਸਲਾਹ ਕੀਤੀ। "ਦੋਵੇਂ ਹਾਣ ਪ੍ਰਵਾਨ ਐਂ। ਮੁੰਡਾ ਸੋਹਣਾ ਸੁਨੱਖਾ ਤੇ ਪੜ੍ਹਿਆ ਲਿਖਿਆ ਆ। ਘਰ ਬਾਰ ਵੀ ਸੋਹਣਾ ਆਂ। ਆਲੀਸ਼ਾਨ ਕੋਠੀ ਐ। ਵੱਡੀ ਸਾਰੀ ਗੱਡੀ ਐ। ਪਰਿਵਾਰ ਵੀ ਠੀਕ ਐ। ਕੰਮ-ਕਾਰ ਵੀ ਵਧੀਆ...। ਜਿਹੋ ਜਿਹਾ ਮਨਜੀਤ ਭਾਬੀ ਚਾਹੁੰਦੀ ਐ, ਓਹੋ ਜਿਹਾ ਈ ਐ ਸਾਰਾ ਕੁਝ...।"

"ਹਾਂ... ਉਹ ਮੁੰਡਾ ਠੀਕ ਐ। ਤੁਸੀਂ ਗੱਲ ਚਲਾਓ।" ਕੁਲਵਿੰਦਰ ਨੇ ਖੁਸ਼ ਹੁੰਦਿਆਂ ਹਾਮੀ ਭਰੀ।

ਲੱਖਪੁਰ ਵਾਲਾ ਸਰਮੁੱਖ ਸਿੰਘ ਤੇ ਕਰਮਜੀਤ ਇਕ ਤਰ੍ਹਾਂ ਦੋਸਤ ਸਨ। ਪਰ ਦੋਸਤੀ ਗੂੜ੍ਹੀ ਰਿਸ਼ਤੇਦਾਰੀ ਵਾਂਗ ਸੀ।

ਉਹ ਇਕ ਦਿਨ ਆਪਣਾ ਵਿਹਲ ਕੱਢ ਕੇ, ਦੋਵੇਂ ਲੱਖਪੁਰ ਗਏ। ਉਹਨਾਂ ਵਰਜੀਤ ਦੇ ਰਿਸ਼ਤੇ ਦੀ ਗੱਲ ਚਲਾਈ।

"ਦੇਖ ਕਰਮਜੀਤ...।" ਸਰਮੁੱਖ ਸਿੰਘ ਤੇ ਕੁਲਬੀਰ ਕੌਰ ਦੋਵੇਂ ਉਹਨਾਂ ਕੋਲ ਬੈਠੇ ਸਨ। "ਸਾਨੂੰ ਕਨੇਡਾ ਦੀ ਬਹੁਤੀ ਭੁੱਖ ਨੀਂ। ਪਰ ਜੇ ਕੋਈ ਚੰਗੇ ਘਰਾਣੇ ਦੀ ਬਾਹਰ ਗਈ ਲੜਕੀ ਹੋਵੇ ਤਾਂ ਕਰ ਲਾਂ ਗੇ। ਸਾਨੂੰ ਲੜਕੀ ਚਾਹੀਦੀ ਐ, ਅਪਣੱਤ ਆਲ਼ੀ। ਮਿੱਠ ਬੋਲੜੀ। ਉੱਚੀ ਲੰਬੀ। ਸੁਹਣੀ ਸਨੁੱਖੀ। ਪੜ੍ਹੀ-ਲਿਖੀ। ਇੱਜ਼ਤ ਆਲ਼ੀ। ਘਰ 'ਚ ਤੁਰਦੀ ਫਿਰਦੀ ਜੱਚਦੀ ਹੋਵੇ। ਮੁੰਡਾ ਮੇਰਾ ਤੇਰੇ ਸਾਹਮਣੇ ਈ ਆਂ। ਦੇਖ ਲਾ, ਕੋਈ ਨੁਕਸ ਐ ਤਾਂ ਹੁਣੇ ਦੱਸ ਦੇ...।" ਸਰਮੁੱਖ ਸਿੰਘ ਨੇ ਵਰਜੀਤ ਵੱਲ ਇਸ਼ਾਰਾ ਕੀਤਾ।

ਵਰਜੀਤ ਮੁੱਛ-ਫੁੱਟ ਗੱਭਰੂ ਸੀ। ਉਹਦੇ, ਹਲਕੀ ਹਲਕੀ ਦਾੜ੍ਹੀ ਉਤਰ ਰਹੀ ਸੀ। ਕੱਦ ਲਗਪਗ ਪੌਣੇ ਛੇ ਫੁੱਟ। ਰੰਗ ਗੁਲਾਬੀ। ਗੱਲ੍ਹਾਂ ਸੇਬ ਵਰਗੀਆਂ ਲਾਲ। ਪੋਲੇ-ਪੋਲੇ ਹੱਥ। ਹੁੰਦੜਹੇਲ। ਦੇਖਿਆਂ ਭੁੱਖ ਲਹਿੰਦੀ ਸੀ।

"ਸਾਨੂੰ ਤੇਰੇ 'ਤੇ ਭਰੋਸਾ ਐ। ਬਾਕੀ ਸਾਡਾ ਕੋਈ ਲੁਕ-ਲਵਾ ਨੀਂ, ਸਭ ਕੁਸ਼ ਤੇਰੇ ਸਾਹਮਣੇ ਆਂ। ਤੂੰ ਆਪੇ ਦੇਖ-ਪਾਖ ਲਾ। ਜਿੱਥੋਂ ਮਰਜ਼ੀ ਸਾਡੇ ਬਾਰੇ ਪੁੱਛ ਲਈਂ। ਸਾਨੂੰ ਕੋਈ ਡਰ-ਡੁਕਰ ਨੀਂ।" ਸਰਮੁੱਖ ਸਿੰਘ ਨੇ ਨਿਸ਼ੰਗ ਕਿਹਾ।

ਕਰਮਜੀਤ ਨੇ ਕੋਮਲ ਦੇ ਹੁਲੀਏ ਬਾਰੇ ਸਾਰਾ ਕੁਸ਼ ਸਰਮੁੱਖ ਸਿੰਘ ਤੇ ਕੁਲਬੀਰ ਕੌਰ ਨੂੰ ਦੱਸਿਆ। ਗੱਲ ਉਹਨਾਂ ਦੇ ਮਨ ਲੱਗ ਗਈ।

"ਸਾਡੀ ਮਨਜੀਤ ਭਾਬੀ ਕੁਸ਼ ਚੁਸਤ ਐ। ਘਰ 'ਚ ਉਹਦੀ ਚਲਦੀ ਐ। ਉਹ ਕਹਿੰਦੀ ਆ ਸਾਰੀ ਇਨਕੁਆਰੀ ਮੈਂ ਕਰੂੰ। ਜੇ ਮੇਰੀ ਤਸੱਲੀ ਹੋਈ, ਤਾਂ, ਹਾਂ ਕਰੂੰ।" ਕਰਮਜੀਤ ਨੇ ਝਕਦੇ ਜਿਹੇ ਕਿਹਾ।

"ਜੀ ਸਦਕੇ ਕਰੇ। ਪਿੰਡੋਂ ਜਿੱਥੋਂ ਮਰਜ਼ੀ ਪੁੱਛੇ। ਸਾਨੂੰ ਕੋਈ ਚਿੰਤਾ ਨੀਂ। ਸਾਥੋਂ ਬਾਹਰਾ ਪੁੱਛੋ। ਫੇਅ ਸੱਚ ਦਾ ਪਤਾ ਲੱਗੂ।" ਸਰਮੁੱਖ ਸਿੰਘ ਖੜਕ ਕੇ ਬੋਲਿਆ।

"ਪੈਹਲਾਂ ਮੁੰਡੇ ਤੇ ਘਰ-ਬਾਰ ਨੂੰ ਨਜ਼ਰ ਮਾਰ ਲਈਏ।" ਜਦੋਂ ਕਰਮਜੀਤ ਨੇ ਕਮਾਲਪੁਰ ਜਾ ਕੇ ਨਵਤੇਜ ਸਿੰਘ ਤੇ ਮਨਜੀਤ ਕੌਰ ਨੂੰ ਕੋਮਲ ਲਈ ਮੁੰਡਾ ਦੱਸਿਆ ਤਾਂ ਉਹਨਾਂ ਕਿਹਾ।

"ਜੇ ਗੱਲ ਮਨ ਲੱਗੂ ਤਾਂ ਮੁੰਡੇ-ਕੁੜੀ ਦੀ ਫੋਟੋ ਇਕ-ਦੂਜੇ ਨੂੰ ਦੇ ਦਿਆਂਗੇ। ਦੋਵੇਂ ਸਹਿਮਤ ਹੋਏ ਤਾਂ ਪੁੱਛ-ਪ੍ਰਤੀਤ ਸ਼ੁਰੂ ਕਰ ਲਵਾਂਗੇ।" ਮਨਜੀਤ ਕੌਰ ਗੱਲ ਮੁਕਾਉਂਦੀ ਬੋਲੀ।

ਇਸ ਸਲਾਹ ਨਾਲ ਦੋਵੇਂ ਧਿਰਾਂ ਰਾਜੀ ਹੋ ਗਈਆਂ।

ਨਵਤੇਜ ਸਿੰਘ ਤੇ ਮਨਜੀਤ ਕੌਰ, ਕਰਮਜੀਤ ਨਾਲ ਲੱਖਪੁਰ ਆਏ। ਮੁੰਡੇ ਨੂੰ ਨਜ਼ਰ ਮਾਰੀ, ਘਾਰ-ਬਾਰ ਫਿਰ-ਤੁਰ ਕੇ ਦੇਖਿਆ। ਸਭ ਕੁਸ਼ ਪਸੰਦ ਆਇਆ। ਕੁੜੀ ਨੂੰ ਮੁੰਡੇ ਦੀ ਫੋਟੋ ਭੇਜ ਦਿੱਤੀ ਤੇ ਨਵਤੇਜ ਨੇ ਆਪਣੇ ਮੋਬਾਇਲ 'ਚੋਂ ਕੁੜੀ ਦੀ ਫੋਟੋ ਕਰਮਜੀਤ ਦੇ ਮੋਬਾਇਲ 'ਤੇ ਭੇਜ ਦਿੱਤੀ। ਉਸ ਨੇ ਅਗਾਂਹ ਮੁੰਡੇ ਦੇ ਪਰਿਵਾਰ ਨੂੰ ਦੇ ਦਿੱਤੀ।

ਫੋਟੋਆਂ 'ਤੇ ਈ ਮੁੰਡੇ-ਕੁੜੀ ਨੇ ਇਕ-ਦੂਜੇ ਨੂੰ ਪਸੰਦ ਕਰ ਲਿਆ।

"ਭਰਾ ਜੀ, ਸਾਨੂੰ ਥੋੜ੍ਹਾ ਟਾਇਮ ਦਿਓ। ਅਸੀਂ ਆਪਣੀ ਤਸੱਲੀ ਕਰ ਲਈਏ। ਫੇਅ ਥੁਆਨੂੰ ਦੱਸਾਂਗੇ।" ਨਵਤੇਜ ਸਿੰਘ ਨੇ ਸਰਮੁੱਖ ਸਿੰਘ ਨੂੰ ਕਿਹਾ,"ਸ਼ਗਨ, ਕੋਮਲ ਦੇ ਇੰਡੀਆ ਆਉਣ 'ਤੇ ਮੁੰਡੇ-ਕੁੜੀ ਦੀ ਆਪਸੀ ਗੱਲਬਾਤ ਕਰਾ ਕੇ ਫੇਰ ਪਾਵਾਂਗੇ।" ਮਨਜੀਤ ਕੌਰ ਨੇ ਸਿੱਧੀ ਗੱਲ ਕੀਤੀ।

ਸਾਰੇ ਸਹਿਮਤ ਹੋ ਗਏ।

ਕਈ ਦਿਨ ਬੀਤ ਗਏ।

"ਕਮਾਲਪੁਰੀਆਂ ਨੇ ਕੁਸ਼ ਦੱਸਿਆ ਨੀਂ। ਕਿਤੇ ਉਹਨਾਂ ਦਾ ਮਨ ਨਾ ਬਦਲ ਗਿਆ ਹੋਵੇ।" ਜਦੋਂ ਹਫ਼ਤਾ ਭਰ ਨਵਤੇਜ ਤੇ ਮਨਜੀਤ ਦਾ ਕੋਈ ਸੁੱਖ-ਸੁਨੇਹਾ ਨਾ ਆਇਆ ਤਾਂ ਕਰਮਜੀਤ ਬੇਚੈਨ ਜਿਹਾ ਹੋ ਕੇ ਬੋਲਿਆ।

"ਆਪਾਂ ਜਾ ਆਉਂਨੇ ਆਂ ਉਹਨਾਂ ਕੋਲ਼। ਸੌ ਸਲਾਹ ਹੁੰਦੀ ਐ। ਮੂੰਹੋਂ-ਤੂੰਹੀ ਗੱਲ ਕਰਨੀ ਚੰਗੀ

ਹੁੰਦੀ ਆ। ਏਦਾਂ ਦੀਆਂ ਗੱਲਾਂ ਫੂਨਾਂ 'ਤੇ ਥੋੜ੍ਹੋ ਹੁੰਦੀਆਂ।" ਕੁਲਵਿੰਦਰ ਨੇ ਅੱਗਿਓਂ ਸਲਾਹ ਦੱਸੀ।

ਉਹ ਦੋਵੇਂ ਕਮਾਲਪੁਰ ਪਹੁੰਚ ਗਏ।

"ਤੁਸੀਂ ਆਉਂਦੇ ਤਾਂ ਈ ਕੁਸ਼ ਦੱਸਦੇ। ਸਾਡੀ ਕੁੜੀ ਕਿਹੜੀ ਰਹੀ ਹੋਈ ਆ। ਪਈ ਅਸੀਂ ਵਿਚੋਲੇ ਦੀਆਂ ਮਿੰਨਤਾਂ ਕਰਦੇ ਫਿਰੀਏ।" ਮਨਜੀਤ ਕੌਰ ਗ਼ਰੂਰ ਜਿਹੇ ਵਿਚ ਬੋਲੀ।

ਕਰਮਜੀਤ ਤੇ ਕੁਲਵਿੰਦਰ ਠਿੱਠ ਜਿਹੇ ਗਏ। ਉਹ ਮਨਜੀਤ ਕੌਰ ਦੇ ਮੂੰਹ ਵੱਲ ਵੇਖਦੇ ਈ ਰਹਿ ਗਏ।

"ਛੋਟੇ ਵੀਰ, ਕੁੜੀ ਨੇ ਕਨੇਡਾ ਤੋਂ ਔਣਾ। ਐਮੇਂ ਥੋੜ੍ਹੋ ਅੱਖਾਂ 'ਤੇ ਪੱਟੀ ਬੰਨ੍ਹ ਕੇ ਤੈਨੂੰ ਸ਼ਗਨ ਫੜਾਅ ਦਊਂ।" ਮਨਜੀਤ ਕੌਰ ਬੈੱਡ 'ਤੇ ਖਿੱਲਰ ਕੇ ਬੈਠਦੀ ਬੋਲੀ। "ਕਰਾਂਗੇ ਰਿਸ਼ਤਾ ਪਰ ਟਣਕਾਅ ਕੇ ਕਰਾਂਗੇ। ਪੁੱਛ-ਪ੍ਰਤੀਤ ਕਰ ਕੇ। ਜਦੋਂ ਐਨ ਤਸੱਲੀ ਹੋ ਗਈ ...।"

ਕਰਮਜੀਤ ਚੁੱਪ ਸੀ। ਕੁਲਵਿੰਦਰ ਛਿੱਥੀ ਜਿਹੀ ਪੈ ਗਈ।

"ਭੈਣ ਜੀ, ਮੁੰਡੇ ਬਾਰੇ ਪੁੱਛਣਾ-ਗਿੱਛਣਾ ਤਾਂ ਬਣਦਾ ਈ ਆ, ਉਮਰਾਂ ਦੇ ਫ਼ੈਸਲੇ ਹੁੰਦੇ ਆ," ਕੁਲਵਿੰਦਰ ਨੇ ਹੌਸਲਾ ਕਰਕੇ ਕਿਹਾ।

"ਛੋਟੇ ਭਾਈ, ਜਦ ਤਕ ਮਨਜੀਤ ਦੀ ਤਸੱਲੀ ਨਾ ਹੋਈ, ਮੈਂ ਹਾਂ ਨੀਂ ਕਰ ਸਕਦਾ।" ਨਵਤੇਜ ਸਿੰਘ ਵੀ ਕੋਲ਼ ਆ ਬੈਠਿਆ ਸੀ। ਉਸ ਨੇ ਮਨਜੀਤ ਦੇ ਮੋਢੇ 'ਤੇ ਹੱਥ ਰੱਖਿਆ। ਉਹ ਪਤੀ ਵੱਲ ਵੇਖ ਹੱਸ ਪਈ।

"ਦੱਸੋ ਭਾਬੀ ਜੀ, ਕੀ ਪੁੱਛਣਾ ਚਾਹੁੰਦੇ ਓ ਤੁਸੀਂ?" ਕਰਮਜੀਤ ਮਸਾਂ ਬੋਲਿਆ,"ਮੈਂ ਵਿਚੋਲੇ ਦਾ ਰੋਲ ਜ਼ਰੂਰ ਨਿਭਾਅ ਰਿਹਾਂ ਪਰ ਵਿਚ ਕੋਈ ਓਹਲਾ ਨੀਂ ਰੱਖੂੰਗਾ। ਆਪਣੀ ਗੂੜ੍ਹੀ ਰਿਸ਼ਤੇਦਾਰੀ ਆ। ਜੇ ਕੋਈ ਓਹਲਾ ਰੱਖਿਆ ਤਾਂ ਮੁੜ ਕੇ ਥੁਆਡੇ ਮੱਥੇ ਕਿੱਦਾਂ ਲੱਗੂੰ?"

"ਭੈਣ ਜੀ,ਅਸੀਂ ਵਿਚੋਂ ਕੀ ਲੈਣਾ...। ਤੁਸੀਂ ਆਪਣੀ ਤਸੱਲੀ ਕਰੋ। ਮਾਪੇ ਕਰਦੇ ਈ ਹੁੰਦੇ ਆ।" ਕੁਲਵਿੰਦਰ ਨੇ ਖ਼ਾਲੀ ਜਿਹੀਆਂ ਅੱਖਾਂ ਨਾਲ ਮਨਜੀਤ ਵੱਲ ਵੇਖਿਆ, "ਉਹਨਾਂ ਵਰਗਾ ਪਰਿਵਾਰ ਤਾਂ 'ਲਾਕੇ ਨੀਂ ਲੱਭਣਾ। ਅੰਨ੍ਹਾ ਰਿਜ਼ਕ ਐ ਓਸ ਘਰੇ, ਤਾਂ ਹੀ ਅਸੀਂ ਜ਼ੋਰ ਪਾਉਂਨੇ ਆਂ ਪਈ ਕੋਮਲ ਨੂੰ ਚੰਗਾ ਘਰ ਮਿਲ ਜਏ।"

"ਕਰਮਜੀਤ, ਤੂੰ ਉਹਨਾਂ ਦੀ ਜ਼ਮੀਨ ਦਾ ਪਤਾ ਕਰ, ਕਿੰਨੀ ਐ? ਦੋਹਾਂ ਭਰਾਵਾਂ ਨੂੰ ਕਿੰਨੀ-ਕਿੰਨੀ ਆਉਂਦੀ ਐ?"

"ਭਾਬੀ ਜੀ, ਜ਼ਮੀਨ ਦਾ ਮੈਨੂੰ ਪੱਕਾ ਪਤਾ, ਵੀਹ ਏਕੜ ਆ। ਮੇਰੇ 'ਤੇ ਯਕੀਨ ਕਰੋ। ਦੋਹਾਂ ਮੁੰਡਿਆਂ ਨੂੰ ਦਸ-ਦਸ ਏਕੜ ਆਉਂਦੀ ਆ। ਦੁਆਬੇ 'ਚ ਏਨੀ ਜ਼ਮੀਨ ਕਿਸੇ-ਕਿਸੇ ਟੱਬਰ ਕੋਲ ਈ ਐ।"

"ਮੈਨੂੰ ਤੇਰੇ 'ਤੇ ਯਕੀਨ ਐ, ਵੀਹ ਛੱਡ ਭਾਵੇਂ ਪੰਦਰਾਂ ਹੋਵੇ। ਜ਼ਬਾਨੀ ਕਲਾਮੀ ਨਹੀਂ, ਮੈਨੂੰ ਲਿਖਤੀ ਸਬੂਤ ਚਾਹੀਦਾ।" ਮਨਜੀਤ ਨੇ ਕਰਾਰਾ ਜਿਹਾ ਕਿਹਾ, "ਉਹਨਾਂ ਦੇ ਨਾਂ ਦੀ ਪਟਵਾਰੀ ਤੋਂ ਫ਼ਰਦ ਲਿਆ ਕੇ ਦਿਖਾਅ। ਫੇਅ ਮੈਨੂੰ ਸੱਚ ਆਊ...। ਕਰਮਜੀਤ, ਗੁੱਸਾ ਨਾ ਕਰੀਂ, ਵਿਚੋਲਾ, ਵਿਚ ਓਹਲਾ ਈ ਹੁੰਦਾ। ਪਰ ਅਸੀਂ ਓਹਲਾ ਨੀਂ ਰੱਖਣਾ ਚਾਹੁੰਦੇ। ਕੱਲ ਨੂੰ ਤੈਨੂੰ ਵੀ ਅਸੀਂ ਕੋਈ ਓਲ੍ਹਮਾ ਨਾ ਦੇ ਸਕੀਏ। ਮੈਂ ਤਾਂ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਕਰਨਾ ਚਾਹੁੰਦੀ ਆਂ।"

"ਛੋਟੇ ਭਾਈ, ਮਨਜੀਤ ਠੀਕ ਕਹਿੰਦੀ ਐ...", ਨਵਤੇਜ ਨੇ ਉਹਦੀ ਹਮਾਇਤ ਕੀਤੀ। "ਕੋਈ ਸਬੂਤ ਸਾਡੇ ਹੱਥ 'ਚ ਹਊ, ਫੇਅ ਈ ਮੰਨਾਂਗੇ।"

ਕਰਮਜੀਤ ਸੋਚੀਂ ਪੈ ਗਿਆ। 'ਇਹ ਤਾਂ ਦੁੱਧੋਂ ਪਾਣੀ ਛਾਂਟਦੇ ਆ। ਮੈਂ ਵਿਚੋਲਗੀ ਤੋਂ ਕੀ ਲੈਣਾ। ਪੁੱਛ-ਪ੍ਰਤੀਤ ਕਰਦਾ ਕਿੱਥੇ-ਕਿੱਥੇ ਧੱਕੇ ਖਾਂਦਾ ਫਿਰੂੰ? ਕਿੱਦਾਂ ਕਰਾਂ? ਫੇਅ ਜਵਾਬ ਦੇ ਦਿਆਂ?' ਉਸ ਆਪਣੇ ਆਪ ਤੋਂ ਪੁੱਛਿਆ, 'ਪਰ ਨਹੀਂ, ਇਹ ਆਖਣਗੇ ਮੁੰਡੇ ਆਲ਼ਿਆਂ 'ਚ ਜ਼ਰੂਰ ਕੋਈ ਘਾਟ ਸੀ। ਕਰਮਜੀਤ ਓਹਲਾ ਰੱਖਣਾ ਚਾਹੁੰਦਾ ਸੀ। ਪਿੱਛੇ ਹਟਿਆ ਤਾਂ ਇਹਨਾਂ ਦੀਆਂ ਨਜ਼ਰਾਂ 'ਚੋਂ ਡਿਗ ਜਾਊਂਗਾ। ਹੁਣ ਮੈਂ ਆਪਣਾ ਘਟਾਅ ਨੀਂ ਕਰਾਉਣਾ। ਦੇਖੀ ਜਾਊ ਜੋ ਹਊ।' ਉਸ ਆਪਣੇ ਅੰਦਰ ਚਲਦੀ ਖਿੱਚੋਤਾਣ ਖਤਮ ਕੀਤੀ।

"ਠੀਕ ਐ, ਮੈਂ ਪਟਵਾਰੀ ਕੋਲੋਂ ਫ਼ਰਦ ਲਿਆ ਦਿਆਂਗਾ।" ਕਰਮਜੀਤ ਨੇ ਦਲੇਰੀ ਨਾਲ ਹਾਮੀ ਭਰੀ।

ਲੱਖਪੁਰ ਜਾ ਕੇ ਕਰਮਜੀਤ ਨੇ ਸਰਮੁੱਖ ਸਿੰਘ ਨਾਲ ਗੱਲ ਕੀਤੀ।

"ਕੋਈ ਨਾ ਕਰਮਜੀਤ, ਲੈ ਲਾ ਫ਼ਰਦ ਪਟਵਾਰੀ ਕੋਲੋਂ। ਬਈ ਸੱਚ ਤਾਂ ਫੇਅ ਈ ਆਊ ਓਸ ਜੱਟੀ ਨੂੰ," ਸਰਮੁੱਖ ਸਿੰਘ ਬੋਲਿਆ।

"ਭਾਜੀ ਤੁਸੀਂ ਨਾਲ ਚੱਲੋਂਗੇ...?"

"ਨਹੀਂ।" ਸਰਮੁੱਖ ਸਿੰਘ ਨੇ ਕੋਰੀ ਨਾਂਹ ਕੀਤੀ, "ਤੂੰ ਭਾਈ ਆਪਣੇ ਪੱਧਰ 'ਤੇ ਇਨਕੁਆਰੀ ਕਰ।"

ਕਰਮਜੀਤ, ਦੂਜੇ ਦਿਨ ਪਟਵਾਰਖ਼ਾਨੇ ਪਹੁੰਚ ਗਿਆ।

"ਮੈਂ ਤੈਨੂੰ ਕਿਸੇ ਦੀ ਫ਼ਰਦ ਕਿੱਦਾਂ ਦੇ ਦਿਆਂ...?" ਪਟਵਾਰੀ ਅੜ ਗਿਆ।

ਕਰਮਜੀਤ ਨੇ ਰਿਸ਼ਤੇ ਵਾਲੀ ਗੱਲ ਦੱਸ ਕੇ ਤਰਲਾ ਕੀਤਾ।

"ਹਜ਼ਾਰ ਰੁਪੱਈਆ ਲੱਗੂ।" ਪਟਵਾਰੀ, ਹੱਥ ਵਿਚਲਾ ਪੈੱਨ ਪਰ੍ਹਾਂ ਰੱਖਦਿਆਂ ਕੋਰਾ ਜਿਹਾ ਬੋਲਿਆ।

"ਰਿਸ਼ਤਾ ਹੋਣ ਦੀ ਪਾਰਟੀ ਪਹਿਲਾਂ ਈ ਮੈਥੋਂ ਲੈ ਲੈਣੀ ਆਂ...?"

"ਪੱਕ-ਠੱਕ ਹੋਣ 'ਤੇ, ਫੇਅ ਤੂੰ ਕਿਹੜਾ ਮੇਰੇ ਲਈ ਪਾਰਟੀ ਲੈ ਕੇ ਆਉਣ ਲੱਗਾਂ...? ਕੋਠਾ ਉਸਰਿਆ 'ਤਖਾਣ ਵਿਸਰਿਆ...।" ਪਟਵਾਰੀ ਹੱਸ ਪਿਆ। "ਦੱਸੋ ਬਣਾਵਾਂ ਫ਼ਰਦ?"

"ਚੱਲੋ ਠੀਕ ਐ ਪਟਵਾਰੀ ਸਾਹਬ ਬਣਾਅ ਦਿਓ । ਫਸੀ ਨੂੰ ਫਟਕਣ ਕੀ...।"

ਫ਼ਰਦ ਲੈ ਉਹ ਕਮਾਲਪੁਰ ਪਹੁੰਚ ਗਿਆ।

"ਵੀਹ ਏਕੜ ਦੋ ਕਨਾਲ ਦਸ ਮਰਲੇ। ਲਗਪਗ ਦਸ ਏਕੜ ਦਾ ਮਾਲਕ ਐ ਮੁੰਡਾ।" ਜ਼ਮੀਨ ਦੀ ਫ਼ਰਦ ਪੜ੍ਹਦਿਆਂ ਮਨਜੀਤ ਬੋਲੀ, ਤੇ ਫ਼ਰਦ ਨਵਤੇਜ ਸਿੰਘ ਵੱਲ ਕੀਤੀ। "ਚਲੋ, ਜ਼ਮੀਨ ਬਾਰੇ ਤਾਂ ਕਲੀਅਰ ਹੋ ਗਿਆ। ਜ਼ਮੀਨ ਦੀ ਪੁੱਛ-ਗਿੱਛ ਦਾ ਫ਼ਿਕਰ ਮੁੱਕਾ।" ਮਨਜੀਤ ਕੌਰ ਨੇ ਖ਼ੁਸ਼ੀ ਨਾਲ ਕਿਹਾ। ਉਸ ਅੱਗੇ ਗੱਲ ਤੋਰਦੀ ਨੇ ਫਿਰ ਪੁੱਛਿਆ, "ਭਲਾ, ਮੁੰਡਾ ਕਿੰਨਾ ਪੜ੍ਹਿਆ ਹੋਇਐ? "ਕਿਹੜੇ ਸਕੂਲ-ਕਾਲਿਜ ਵਿਚ ਪੜ੍ਹਦਾ ਸੀ? ਸਕੂਲ ਅੰਗਰੇਜ਼ੀ ਸੀ ਕਿ ਪੰਜਾਬੀ ਮੀਡੀਅਮ? ਪੜ੍ਹਾਈ 'ਚੋਂ ਕਿੱਦਾਂ ਸੀ? ਨੰਬਰ ਵੀ ਚਾਰ ਲਏ ਸੀ ਕਿ ਤੁਰ ਫਿਰ ਕੇ ਆ ਜਾਂਦਾ ਸੀ? ਇਹ ਸਭ ਕੁਸ਼ ਪਤਾ ਕਰਕੇ ਦੱਸ, ਕੁੜੀ ਲਵਲੀ ਯੂਨੀਵਰਸਿਟੀ 'ਚੋਂ ਡਿਗਰੀ ਕਰ ਕੇ ਗਈ ਸੀ ਬਾਹਰ। ਕੌਨਵੈਂਟ ਸਕੂਲ ਦੀ ਪੜ੍ਹੀ ਹੋਈ ਐ। ਮਟਰ-ਮਟਰ ਅੰਗਰੇਜ਼ੀ ਬੋਲਦੀ ਆ। ਜੇ ਮੁੰਡਾ ਅੰਗਰੇਜ਼ੀ ਨਾ ਬੋਲ ਸਕਿਆ ਤਾਂ ਉੱਥੇ ਲੇਬਰ ਕਰੂ? ਤੂੰ ਸਾਨੂੰ ਮੁੰਡੇ ਦੀ ਪੜ੍ਹਾਈ ਦੇ ਸਰਟੀਫਿਕੇਟ ਤੇ ਮਾਰਕ ਸ਼ੀਟ ਲਿਆ ਕੇ ਦਿਖਾਅ। ਦੇਖੀਏ ਕਿੰਨਾ ਕੁ ਇੰਟੈਲੀਜੈਂਟ ਸੀ।" ਮਨਜੀਤ ਕੌਰ ਨੇ ਜ਼ੋਰ ਦੇ ਕੇ ਕਿਹਾ।

ਕਰਮਜੀਤ ਨੂੰ ਮਨਜੀਤ ਕੌਰ ਦੀ ਗੱਲ ਸੁਣ ਕੇ ਮੁੜ੍ਹਕਾ ਆ ਗਿਆ।

ਵਰਜੀਤ ਨੇ ਨੇੜਲੇ ਸ਼ਹਿਰ ਦੇ ਇਕ ਪ੍ਰਾਈਵੇਟ ਸਕੂਲ ਵਿਚੋਂ ਪਲੱਸ ਟੂ ਕਰਨ ਤੋਂ ਬਾਅਦ ਖਾਲਸਾ ਕਾਲਿਜ ਜਲੰਧਰ, ਵਿਚੋਂ ਗ੍ਰੈਜੂਏਸ਼ਨ ਕੀਤੀ ਸੀ। ਉਪਰੰਤ ਕੋਈ ਕੰਪਿਊਟਰ ਦਾ ਕੋਰਸ ਕੀਤਾ ਸੀ।

"ਬਈ ਕਰਮਜੀਤ ਸਿੰਹਾਂ, ਤੇਰੀਆਂ ਦੌੜਾਂ ਲਵਾਊ ਭਾਬੀ ਤੇਰੀ।" ਜਦੋਂ ਕਰਮਜੀਤ ਨੇ ਨਵੇਂ ਸਵਾਲ ਬਾਰੇ ਲੱਖਪੁਰ ਆ ਕੇ ਗੱਲ ਕੀਤੀ ਤਾਂ ਸਰਮੁੱਖ ਸਿੰਘ ਨੇ ਕਰਮਜੀਤ ਨੂੰ ਵਿਅੰਗ ਨਾਲ ਕਿਹਾ, "ਵਰਜੀਤ ਪੁੱਤ, ਕੱਢ ਆਪਣੇ ਸਰਟੀਫਿਕੇਟ, ਫੋਟੋ ਕਾਪੀ ਕਰਾ ਕੇ, ਦੇ ਕਰਮਜੀਤ ਨੂੰ, ਤੇਰੀ ਹੋਣ ਆਲ਼ੀ ਸੱਸ ਦਾ ਦਿਲ ਟਿਕਾਣੇ ਆਵੇ।" ਉਸ ਨੇ ਵਰਜੀਤ ਨੂੰ ਖੜਕ ਕੇ ਕਿਹਾ।

ਵਰਜੀਤ ਸਰਟੀਫਿਕੇਟ ਲੈ ਕੇ ਪਿੰਡ ਦੇ ਅੱਡੇ 'ਤੇ ਫੋਟੋਸਟੇਟ ਕਰਾਉਣ ਚਲੇ ਗਿਆ।

ਚਾਹ-ਪਾਣੀ ਪੀਂਦਿਆਂ ਵਰਜੀਤ ਫੋਟੋਸਟੇਟ ਕਰਾ ਲਿਆਇਆ ਤੇ ਸਰਮੁੱਖ ਸਿੰਘ ਨੂੰ ਲਿਆ ਫੜਾਏ।

"ਲੈ ਬਈ ਕਰਮਜੀਤ ਸਿੰਹਾਂ। ਘਬਰਾਈਂ ਨਾ, ਜੋ ਤੇਰੀ ਭਾਬੀ ਮੰਗਦੀ ਐ, ਦੱਸੀ ਜਾਈਂ। ਹਾਜ਼ਰ ਕਰਾਂਗੇ। ਅਸੀਂ ਕਿਹੜੇ ਖ਼ਾਨਾ-ਬਦੋਸ਼ ਆਂ, ਪਈ ਸਾਡੇ ਕੋਲ ਕੁਸ਼ ਹੈ ਨੀਂ।" ਉਹਨਾਂ ਦੇ ਤੁਰਨ ਲੱਗਿਆਂ ਸਰਮੁੱਖ ਸਿੰਘ ਨੇ ਕਿਹਾ।

ਕਰਮਜੀਤ ਸਰਟੀਫਿਕੇਟਾਂ ਦੀ ਫੋਟੋ ਕਾਪੀ ਲੈ ਕੇ ਕਮਾਲਪੁਰ ਆਇਆ।

"ਪੜ੍ਹਾਈ 'ਚ ਤਾਂ ਮੁੰਡਾ ਸੋ ਸੋ ਈ ਐ।" ਮਨਜੀਤ ਕੌਰ, ਕਰਮਜੀਤ ਤੋਂ ਸਾਰੇ ਸਰਟੀਫਿਕੇਟਾਂ ਦੀ ਫੋਟੋ ਕਾਪੀ ਫੜ ਨਜ਼ਰ ਮਾਰਦਿਆਂ ਢਿੱਲਾ ਜਿਹਾ ਬੋਲੀ, "ਗ੍ਰੈਜੂਏਸ਼ਨ ਸੈਕਿੰਡ ਡਵੀਜ਼ਨ 'ਚ ਕੀਤੀ ਐ।" ਉਸ ਕਰਮਜੀਤ ਵੱਲ ਵੇਖ ਕਿਹਾ, "ਵੈਸੇ ਵੀ ਮੁੰਡੇ ਪੜ੍ਹਾਈ 'ਚ ਕੁੜੀਆਂ ਨਾਲੋਂ ਪਿੱਛੇ ਈ ਹੁੰਦੇ ਆ। ਸ਼ੁਕਰ ਆ ਉਹ ਕਾਲਿਜ ਤਕ ਤਾਂ ਪਹੁੰਚ ਗਿਆ।" ਨਵਤੇਜ ਸਿੰਘ ਵੀ ਮਨਜੀਤ ਕੌਰ ਤੋਂ ਸਰਟੀਫਿਕੇਟਾਂ ਦੀ ਫੋਟੋਸਟੇਟ ਫੜ ਕੇ ਵੇਖਣ ਲੱਗਾ।

"ਹੁਣ ਤਸੱਲੀ ਐ ਭਾਬੀ ਜੀ...?" ਕਰਮਜੀਤ ਨੇ ਕੁਲਵਿੰਦਰ ਵੱਲ ਵੇਖ ਸੁਖਾਵਾਂ ਜਿਹਾ ਸਾਹ ਲੈਂਦਿਆਂ ਕਿਹਾ।

"ਕਰਮਜੀਤ, ਪੜ੍ਹਾਈ ਬਾਰੇ ਤਾਂ ਤਸੱਲੀ ਐ।" ਮਨਜੀਤ ਸਹਿਜ ਨਾਲ ਬੋਲੀ, "ਪੜ੍ਹਾਈ ਬਾਰੇ ਪੁੱਛਣਾ ਬਹੁਤ ਜ਼ਰੂਰੀ ਸੀ। ਏਸ ਲਈ ਸਰਟੀਫਿਕੇਟ ਦੇਖੇ ਆ। ਪੜ੍ਹਾਈ 'ਚ, ਸਾਡੀ ਕੁੜੀ ਦੀ ਰੀਸ ਨੀਂ ਕਰ ਸਕਦਾ ਮੁੰਡਾ...।" ਮਨਜੀਤ ਨੇ ਘੁਮੰਡ ਵਿਚ ਕਿਹਾ। ਉਹ ਕੁਝ ਦੇਰ ਚੁੱਪ ਰਹੀ, ਫਿਰ ਬੋਲੀ, "ਅੱਛਾ, ਤੈਨੂੰ ਪਤਾ ਹਊ, ਮੁੰਡੇ ਦੇ ਨਾਨਕੇ ਕਿਹੜੇ ਪਿੰਡ ਐ? ਮੁੰਡੇ ਦੀ ਦਾਦੀ ਵੀ ਅਜੇ ਜਿਊਂਦੀ ਐ, ਉਹਦੇ ਪੇਕੇ ਕਿਹੜੇ ਪਿੰਡ ਐ?"

"ਮਨਜੀਤ, ਤੂੰ ਉਹਨਾਂ ਕੋਲੋਂ ਧਾਰਾਂ ਲੈਣੀਆਂ?" ਨਵਤੇਜ ਸਿੰਘ ਨੇ ਖਿਝ ਕੇ ਕਿਹਾ।

"ਧਾਰਾਂ ਦੀ ਗੱਲ ਨੀਂ ਜੀ...।" ਮਨਜੀਤ ਕੌਰ ਤਪਾਕ ਨਾਲ ਬੋਲੀ, "ਮੁੰਡੇ ਆਲ਼ਿਆਂ ਦਾ ਘਰਾਣਾ ਤਾਂ ਦੇਖਣਾ ਈ ਪਊ। ਕਰਮਜੀਤ, ਬਈ, ਇਹਨਾਂ ਦੋਹਾਂ ਗੱਲਾਂ ਦਾ ਪਤਾ ਕਰ। ਕਿਤੇ ਇਹ ਕਦੇਸੜਾਂ ਨਾ ਹੋਣ? ਮੇਰੇ ਮਨ ਦਾ ਸੰਸਾ ਦੂਰ ਕਰ...।" ਮਨਜੀਤ ਕੌਰ ਫਿਰ ਨਵਤੇਜ ਸਿੰਘ ਵੱਲ ਦੇਖਦੀ ਬੋਲੀ, "ਜੀ,ਮੇਰੀ ਮਾਂ ਦੱਸਦੀ ਹੁੰਦੀ ਸੀ,ਪਈ ਪਿਛਲੇ ਸਮੇਂ 'ਚ ਤਾਂ ਬਹੁਤੇ ਕਦੇਸੜਾਂ ਈ ਲੈ ਆਉਂਦੇ ਸੀ। ਘਰਾਣਿਆਂ 'ਚ ਵਿਆਹ ਕਿੱਥੇ ਹੁੰਦੇ ਸੀ। ਗੱਲ ਸੁਣ ਲਓ", ਉਹ ਸਾਰਿਆਂ ਵੱਲ ਵੇਖ ਤੈਸ਼ ਵਿਚ ਫਿਰ ਬੋਲੀ, "ਜੇ ਅੱਖਾਂ ਮੀਟ ਕੇ ਕੁੜੀ ਦਾ ਰਿਸ਼ਤਾ ਕਰ ਦਿਆਂਗੇ ਤਾਂ ਬਾਅਦ 'ਚ ਮੁਸ਼ਕਲ ਹਊ। ਲੋਕ ਮਿਹਣਾ ਮਾਰਨਗੇ। ਕੁੜੀ ਦੀ ਅੱਖ ਨੀਵੀਂ ਹਊ। ਮੇਰੀ ਧੀ 'ਚ ਕਿਹੜਾ ਕੋਈ ਕੱਜ ਐ। ਕਨੇਡਾ ਦੀ ਪੱਕੀ ਐ। ਕਨੇਡਾ ਜਾਣ ਲਈ ਲੋਕੀਂ ਚਾਲ਼ੀ-ਚਾਲ਼ੀ ਲੱਖ ਚੁੱਕੀ, ਏਜੰਟਾਂ ਮਗਰ ਭੱਜੇ ਫਿਰਦੇ ਆ। ਇਹਨਾਂ ਦਾ ਮੁਫ਼ਤ 'ਚ ਕੰਮ ਬਣਦਾ। ਟਣਕਾਅ ਕੇ ਰਿਸ਼ਤਾ ਕਰੂੰ।" ਫਿਰ ਉਹ ਕਰਮਜੀਤ ਤੇ ਕੁਲਵਿੰਦਰ ਵੱਲ ਸਿੱਧਾ ਝਾਕਦੀ ਬੋਲੀ, "ਕਰਮਜੀਤ ਸਿੰਹਾਂ, ਕੋਮਲ ਨੂੰ ਲਾਡਾਂ-ਚਾਅਵਾਂ ਨਾਲ ਪਾਲ਼ਿਆ ਮੈਂ। ਅਸੀਂ ਧੀਆਂ ਨੂੰ ਕੁੱਖਾਂ 'ਚ ਮਾਰਨ ਆਲ਼ੇ ਨੀਂ। ਧੀਆਂ ਦੀ ਜ਼ਿੰਦਗੀ ਬਣਾਉਣ ਆਲ਼ੇ ਆਂ। ਦੁੱਧ ਮੱਖਣਾਂ ਨਾਲ ਪਾਲ਼ੀ ਆ ਮੈਂ। ਕੰਨੋਂ ਫੜ ਕੇ ਨੀਂ ਤੋਰੂੰਗੀ।"

ਮਨਜੀਤ ਕੌਰ ਕੁਝ ਦੇਰ ਚੁੱਪ ਰਹੀ, ਚੁੱਪ ਬੈਠੇ ਕਰਮਜੀਤ ਵੱਲ ਵੇਖਦੀ ਉਸ ਨੇ ਗੱਲ ਬਦਲੀ, "ਜੇ ਕਰਮਜੀਤ ਤੈਨੂੰ ਪੁੱਛ-ਪ੍ਰਤੀਤ ਕਰਨੀ ਮੁਸ਼ਕਲ ਲੱਗਦੀ ਆਂ ਤਾਂ ਦੱਸ, ਆਪਾਂ ਏਥੇ ਈ ਗੱਲ-ਬਾਤ ਠੱਪ ਕਰ ਦਿੰਦੇ ਆਂ। ਕੋਮਲ ਲਈ ਰਿਸ਼ਤੇ ਹੋਰ ਵਥੇਰੇ...। ਅਸੀਂ ਕਿਹੜਾ ਅਜੇ ਸ਼ਗਨ ਦੇ ਦਿੱਤਾ।" ਮਨਜੀਤ ਕੌਰ ਨੇ ਆਕੜ ਜਿਹੀ ਦਿਖਾਈ।

"ਨਹੀਂ ਨਹੀਂ ਭਾਬੀ ਜੀ, ਕੋਈ ਚੱਕਰ ਨੀਂ। ਪਤਾ ਕਰ ਲਊਂਗਾ। ਤੁਸੀਂ ਚਿੰਤਾ ਨਾ ਕਰੋ। ਹੋ ਜਊ ਇਹ ਵੀ ਕੰਮ...।" ਕਰਮਜੀਤ ਸਾਹਸ ਨਾਲ ਬੋਲਿਆ।

"ਕੁਲਵਿੰਦਰ, ਮੈਂ ਵੀ ਆਪਣੇ ਪਿਓ ਦਾ ਪੁੱਤ ਨੀਂ ਜੇ ਇਹ ਰਿਸ਼ਤਾ ਸਿਰੇ ਨਾ ਚੜ੍ਹਾਇਆ ਤਾਂ। ਜੇ ਅਗਾਂਹ ਪੈਰ ਪੁੱਟ ਈ ਲਏ ਆ ਤਾਂ ਹੁਣ ਪਿੱਛੇ ਨੀਂ ਮੁੜੂੰਗਾ।" ਘਰ ਆ ਉਸ, ਕੁਲਵਿੰਦਰ ਨੂੰ ਠੋਕ ਕੇ ਕਿਹਾ।

ਕਰਮਜੀਤ ਨੇ ਮਨਜੀਤ ਕੌਰ ਵੱਲੋਂ ਦਿੱਤੀ ਹਰ ਚਣੌਤੀ ਨੂੰ ਕਬੂਲ ਕਰਨ ਦਾ ਮਨ ਬਣਾ ਲਿਆ।

"ਬੜੀਆਂ ਪੜੀਮਾਂ ਪੱਟਦੀ ਆ ਇਹ ਔਰਤ...।" ਕਰਮਜੀਤ ਨੇ ਸਰਮੁੱਖ ਸਿੰਘ ਨੂੰ ਆ ਕੇ ਦੱਸਿਆ ਤਾਂ ਉਹ ਹੱਕਾ-ਬੱਕਾ ਜਿਹਾ ਹੋ ਗਿਆ। "ਕੁਲਬੀਰ ਕੁਰੇ, ਮਨਜੀਤ ਕੌਰ ਬਹੁਤ ਤੇਜ਼ ਲਗਦੀ ਐ। ਵਿਆਹ ਤੋਂ ਬਾਅਦ ਕਿਤੇ ਸਾਡੇ ਘਰ 'ਚ ਆਪਣੀ ਚੌਧਰ ਨਾ ਕਰੇ? ਕਿਤੇ ਕੁੜੀ ਨਾ ਏਹਦੇ ਵਰਗੀ ਹੋਵੇ?" ਸਰਮੁੱਖ ਸਿੰਘ ਨੇ ਸੰਜੀਦਗੀ ਵਿਚ ਤੌਖ਼ਲਾ ਜ਼ਾਹਿਰ ਕੀਤਾ।

"ਤੁਸੀਂ ਟੈਨਸ਼ਨ ਨਾ ਲਓ ਜੀ।" ਕੁਲਬੀਰ ਕੌਰ ਬੇਪਰਵਾਹ ਹੁੰਦੀ ਬੋਲੀ, "ਭਲਾ ਏਹਦੀ ਚੌਧਰ ਮੈਂ ਚੱਲਣ ਦਊਂ ਆਪਣੇ ਘਰ...? ਮੈਂ ਵੀ ਮਾਵਾਂ-ਧੀਆਂ ਨੂੰ ਜੇ ਨੱਕ ਨਾਲ ਚਣੇ ਨਾ ਚਬਾਏ, ਤਾਂ ਮੇਰਾ ਨਾਂ ਵਟਾਅ ਦਿਓ।" ਕੁਲਬੀਰ ਕੌਰ ਆਤਮ-ਵਿਸ਼ਵਾਸ ਨਾਲ ਗ਼ਰੂਰ ਵਿਚ ਬੋਲੀ।

ਸਰਮੁੱਖ ਸਿੰਘ ਨੇ ਕਰਮਜੀਤ ਨੂੰ ਆਪਣੇ ਸਹੁਰਿਆਂ ਅਤੇ ਨਾਨਕੇ ਪਰਿਵਾਰ ਦੇ ਮੁਖੀਆਂ ਦੇ ਨਾਮ ਦੱਸੇ। ਕਰਮਜੀਤ ਸਿੰਘ ਦੋਹਾਂ ਪਿੰਡੀਂ ਪਹੁੰਚ ਗਿਆ। ਬੜੀ ਮੁਸ਼ਕਲ ਨਾਲ ਓਹਨੇ ਦੋਹਾਂ ਪਰਿਵਾਰਾਂ ਦੀਆਂ ਤਿੰਨ ਪੀੜ੍ਹੀਆਂ ਦੇ ਨਾਵਾਂ ਦੀ ਲਿਸਟ ਬਣਾ ਲਈ। ਦੋਹਾਂ ਪਿੰਡਾਂ ਦੇ ਸਰਪੰਚਾਂ ਅਤੇ ਪੰਚਾਂ ਦੇ ਨਾਮ ਅਤੇ ਫ਼ੂਨ ਨੰਬਰ ਵੀ ਲਿਖ ਲਏ ਤਾਕਿ ਮਨਜੀਤ ਕੌਰ ਨੂੰ ਕੋਈ ਝੂਠ ਨਾ ਲੱਗੇ।

"ਘਰਾਣੇ ਦਾ ਲਿਖਤੀ ਸਬੂਤ ਤਾਂ ਮੈਂ ਕੋਈ ਨੀਂ ਦੇ ਸਕਦਾ।" ਕਮਾਲਪੁਰ ਆ ਕੇ, ਕਰਮਜੀਤ ਨੇ ਆਖ ਕੇ, ਆਪਣੀ ਜੇਬ ਵਿਚੋਂ ਨਾਵਾਂ ਵਾਲਾ ਪੇਪਰ ਕੱਢਿਆ, "ਪਰ ਇਹ ਉਹਨਾਂ ਦੀਆਂ ਤਿੰਨ ਪੀੜ੍ਹੀਆਂ ਦੇ ਨਾਮ ਐਂ। ਦੋਹਾਂ ਪਿੰਡਾਂ ਦੇ ਸਰਪੰਚਾਂ ਦੇ ਨਾਮ ਤੇ ਫੋਨ ਨੰਬਰ ਵੀ ਆ। ਤੁਸੀਂ ਉਹਨਾਂ ਨੂੰ ਫੋਨ ਕਰਕੇ ਤਸੱਲੀ ਕਰ ਸਕਦੇ ਓ।" ਇਸ ਵਾਰੀ ਕਰਮਜੀਤ ਨੇ ਵੀ ਟਣਕ ਕੇ ਕਿਹਾ।

"ਪੁੱਛਣਾ ਕੀ ਆ, ਤੇਰੇ 'ਤੇ ਯਕੀਨ ਆ ਕਰਮਜੀਤ। ਤੂੰ ਕੋਈ ਗ਼ੈਰ ਐਂ?" ਮਨਜੀਤ ਕੌਰ ਨੇ ਨਾਵਾਂ ਦੀ ਲੰਬੀ ਲਿਸਟ ਪੜ੍ਹ ਕੇ ਢੈਲ਼ੀ ਪੈਂਦਿਆਂ ਕਿਹਾ। ਕਰਮਜੀਤ ਉਹਦੇ ਬਦਲੇ ਰਵੱਈਏ ਤੋਂ ਹੈਰਾਨ ਸੀ ਤੇ ਆਪਣੀ ਜਿੱਤ ਮਹਿਸੂਸ ਕਰ ਰਿਹਾ ਸੀ। ਮਨਜੀਤ ਕੌਰ ਨੇ ਨਾਵਾਂ ਵਾਲੀ ਲਿਸਟ ਪਾਸੇ ਰੱਖੀ। ਕੁਝ ਸੋਚਦੀ ਰਹੀ।

"ਅੱਛਾ, ਮੁੰਡਾ ਕੁਸ਼ ਖਾਂਦਾ-ਪੀਂਦਾ ਤਾਂ ਨਹੀਂ? ਮੇਰਾ ਮਤਲਬ ਨਸ਼ਿਆਂ ਤੋਂ ਐਂ...", ਮਨਜੀਤ ਕੌਰ ਨੇ ਆਪਣੇ ਸਵਾਲ ਬਾਰੇ ਸਪੱਸ਼ਟ ਕਰਦਿਆਂ ਕਰਮਜੀਤ ਨੂੰ ਕਿਹਾ।

"ਕੁਸ਼ ਨੀਂ ਖਾਂਦਾ ਪੀਂਦਾ। ਮੇਰੀ ਗਰੰਟੀ ਐ।" ਕਰਮਜੀਤ ਨੇ ਗਰਮਜੋਸ਼ੀ ਵਿਚ ਦਾਅਵਾ ਕੀਤਾ।

"ਸਬੂਤ ਕੀ ਆ? ਤੇਰਾ ਪਿੰਡ ਤਾਂ ਉਹਨਾਂ ਦੇ ਪਿੰਡੋਂ ਕਾਫੀ ਦੂਰ ਐ। ਤੂੰ ਕਦੀ ਕਦੀ ਉੱਥੇ ਜਾਨਾਂ ਹਊਂਗਾ। ਬਈ, ਤੂੰ ਕਿੱਦਾਂ ਦਾਅਵਾ ਕਰ ਸਕਦਾਂ? ਛੋਟੇ ਭਾਈ, ਕੋਈ ਸਬੂਤ ਲਿਆ ਕੇ ਦੇ...। ਯਕੀਨ ਦੁਆ ਸਾਨੂੰ...।" ਨਵਤੇਜ ਸਿੰਘ ਨੇ ਵੀ ਮਨਜੀਤ ਕੌਰ ਦੀ ਹਾਂ ਵਿਚ ਹਾਂ ਮਿਲਾਈ।

"ਦੇਖ ਭਰਾਵਾ, ਕਿਸੇ ਦੀ ਸ਼ਕਲ ਤੋਂ ਨੀਂ ਪਤਾ ਲੱਗਦਾ, ਪਈ ਅਗਲਾ ਕੁਸ਼ ਖਾਂਦਾ ਆ ਕਿ ਨਹੀਂ।" ਮਨਜੀਤ ਕੌਰ ਨੇ ਕਰਮਜੀਤ ਨੂੰ ਸਮਝਾਉਣ ਵਾਂਗ ਕਿਹਾ, "ਉਪਰੋਂ ਤਾਂ ਸ਼ਕਲਾਂ ਸੋਹਣੀਆਂ ਹੁੰਦੀਆਂ। ਪਰ ਵਿਚੋਂ ਸਭ ਮੁੰਡੇ ਨਸ਼ਿਆਂ ਨਾਲ ਖੋਖਲੇ ਹੋਏ ਪਏ ਆ। ਹੁਣ ਤਾਂ ਮੁੰਡਿਆਂ ਨੂੰ ਗੱਭਰੂ ਕਹਿਣਾ ਵੀ ਗ਼ਲਤ ਐ। ਹੁਣ ਤਾਂ ਇਹਨਾਂ ਨੂੰ ਮੰਡੀਰ ਕਹਿਣਾ ਜਚਦਾ। ਗੱਭਰੂ ਤਾਂ ਭਲਵਾਨਾਂ ਵਰਗੇ ਹੁੰਦੇ ਸੀ। ਅੱਜ ਦੇ ਮੁੰਡਿਆਂ 'ਚ ਤਾਂ ਜਾਨ ਈ ਨੀ ਹੈਗੀ। ਮਾੜੇ ਜਿਹੇ ਬੁੱਲੇ ਨਾਲ ਈ ਡਿੱਗਣ ਨੂੰ ਕਰਦੇ ਆ। ਕਈ ਸੋਹਣੇ ਸੁਨੱਖੇ ਮੁੰਡੇ ਰਾਤ ਨੂੰ ਸੁੱਤੇ, ਸਵੇਰ ਨੂੰ ਮਿੱਟੀ ਹੋਏ ਲੱਭੇ ਆ। ਮੈਂ ਸਖ਼ਤ ਮਿਹਨਤ ਨਾਲ ਟੀਸੀ 'ਤੇ ਪੁੱਜੀ ਆਪਣੀ ਧੀ ਲਈ, ਹੋਣਹਾਰ ਮੁੰਡਾ ਲੱਭਣਾ। ਨਸ਼ੇੜੀ ਨੀਂ...। ਖੂਹ 'ਚ ਧੱਕਾ ਨੀਂ ਦੇਣਾ ਧੀ ਨੂੰ। ਉਹਦੀ ਕਿਸਮਤ ਨੀਂ ਲੂਹਣੀ। ਕਰਮਜੀਤ, ਐਮੇਂ ਨੀਂ ਮੈਂ ਰਿਸ਼ਤਾ ਕਰ ਦਊਂਗੀ। ਮੈਂ ਵੀ ਮਨਜੀਤ ਕੌਰ ਆਂ, ਠੋਕ ਵਜਾਅ ਕੇ ਕਰੂੰਗੀ...। ਅਸੀਂ ਕਿਸੇ ਗੱਲੋਂ ਕਾਣੇ ਨੀਂ ਹੈਗੇ...। ਨਾ ਈਂ ਸਾਡੀ ਧੀ 'ਚ ਕੋਈ ਕੱਜ ਐ। ਕਨੇਡਾ ਦੀ ਪੱਕੀ ਐ। ਲੋਕ ਤਰਸਦੇ ਆ ਕਨੇਡਾ ਜਾਣ ਨੂੰ।"

ਕਰਮਜੀਤ ਸੁੰਨ ਹੋ ਗਿਆ। ਪਿੰਡ ਪਰਤ ਆਇਆ।

"ਲੱਖਪੁਰ, ਥੁਆਡਾ ਇਕ ਕਲਾਸ ਫੈਲੋ ਰਹਿੰਦਾ। ਉਹਨੂੰ ਪੁੱਛੋ. . .।" ਘਰ ਆ ਕੇ ਕਰਮਜੀਤ ਨੇ ਫਿਕਰ ਵਿਚ ਕੁਲਵਿੰਦਰ ਨਾਲ ਗੱਲ ਕੀਤੀ ਤਾਂ ਉਹਨੇ ਅੱਗਿਓ ਸਲਾਹ ਦਿੱਤੀ।

"ਹਾਂ ਇਹ ਠੀਕ ਐ।" ਕਰਮਜੀਤ ਹੌਂਸਲੇ 'ਚ ਹੋ ਗਿਆ।

ਕਰਮਜੀਤ, ਲੱਖਪੁਰ ਦੇ ਆਪਣੇ ਕਾਲਸ ਫੈਲੋ ਖ਼ੁਸ਼ਹਾਲ ਸਿੰਘ ਦੇ ਘਰ ਪਹੁੰਚ ਗਿਆ। ਉਹ ਟੀਚਰ ਲੱਗਾ ਹੋਇਆ ਸੀ। ਕਰਮਜੀਤ ਨੇ ਪਿੰਡ ਵਿਚ ਸਰਮੁੱਖ ਸਿੰਘ ਨਾਲ ਗੱਲ ਨਾ ਕਰਨ ਦਾ ਵਾਅਦਾ ਲੈ, ਖੁਸ਼ਹਾਲ ਸਿੰਘ ਨੂੰ ਸਾਰੀ ਗੱਲ ਦੱਸੀ। ਸਰਮੁੱਖ ਸਿੰਘ ਤੇ ਖੁਸ਼ਹਾਲ ਸਿੰਘ ਦੀ ਆਪਸ ਵਿਚ ਗੂੜ੍ਹੀ ਬੋਲ-ਚਾਲ ਸੀ।

"ਤੂੰ ਟੈਨਸ਼ਨ ਨਾ ਲੈ। ਮੈਂ ਤੇ ਪੁਸ਼ਵਿੰਦਰ ਤੇਰੇ ਨਾਲ ਕਮਾਲਪੁਰ ਚਲੇ ਚਲਦੇ ਆਂ। ਅਸੀਂ ਕੁੜੀ ਆਲ਼ਿਆਂ ਦੇ ਸਾਹਮਣੇ ਬੈਠ ਕੇ ਮੁੰਡੇ ਦੀ ਸ਼ਾਹਦੀ ਭਰ ਲਵਾਂਗੇ।" ਖੁਸ਼ਹਾਲ ਸਿੰਘ ਨੇ ਉਹਦੀ ਸਾਰੀ ਚਿੰਤਾ ਦੂਰ ਕਰ ਦਿੱਤੀ।

ਉਹ ਦੋਵੇਂ ਜੀਅ ਕਰਮਜੀਤ ਤੇ ਕੁਲਵਿੰਦਰ ਨਾਲ ਕਮਾਲਪੁਰ ਚਲੇ ਗਏ।

"ਓਸ ਟੱਬਰ ਦੀ ਤਾਂ ਕੋਈ ਰੀਸ ਨੀਂ ਜੀ," ਖੁਸ਼ਹਾਲ ਸਿੰਘ ਹੰਮੇ ਨਾਲ ਬੋਲਿਆ, "ਉਹਨਾਂ ਦਾ ਟੱਬਰ ਤਾਂ ਸ਼ਰਾਬ ਨੂੰ ਹੱਥ ਤਕ ਨੀਂ ਲਾਉਂਦਾ। ਸ਼ਰਾਬ ਪੀਣੀ ਤਾਂ ਦੂਰ ਦੀ ਗੱਲ ਐ। ਨਾ ਕਦੀ ਕਿਸੇ ਰਿਸ਼ਤੇਦਾਰ ਨੂੰ ਪਿਲ਼ਾਉਂਦੇ ਦੇਖੇ ਆ। ਬੜਾ ਸਾਫ਼-ਸੁਥਰਾ ਪਰਿਵਾਰ ਐ ਜੀ। ਵਰਜੀਤ ਦੀ ਸੁਸਾਇਟੀ ਚੰਗੇ ਮੁੰਡਿਆਂ ਨਾਲ ਐ। ਕਦੀ ਰਾਤ ਬਰਾਤੇ ਪਿੰਡ ਦੇ ਮੁੰਡਿਆਂ ਨਾਲ ਅਵਾਰਾ-ਗਰਦੀ ਕਰਦੇ ਨੀਂ ਦੇਖਿਆ। ਸਾਡਾ ਤਾਂ ਘਰ ਉਹਨਾਂ ਦੇ ਨੇੜੇ ਈ ਐ। ਜੇ ਕਿਸੇ ਥੁਆਨੂੰ ਉਹਦੇ ਨਸ਼ਾ ਕਰਨ ਬਾਰੇ ਕਿਹਾ ਤਾਂ ਝੂਠ ਕਿਹਾ। ਸੁਆਲ ਈ ਨੀਂ ਪੈਦਾ ਹੁੰਦਾ ਕਿ ਵਰਜੀਤ ਕੋਈ ਨਸ਼ਾ ਕਰਦਾ ਹੋਵੇ। ਤੁਸੀਂ ਨੀਂ ਦੇਖਿਆ...? ਕਿੱਦਾਂ ਉਹਦਾ ਚਿਹਰਾ ਦਗਦਗ ਕਰਦਾ।"

"ਦਗਦਗ ਕਰਦੇ ਚਿਹਰਿਆਂ ਵਾਲੇ ਅੰਦਰੋਂ ਨਸ਼ਿਆਂ ਨਾਲ ਖੋਖਲੇ ਹੋਏ ਪਏ ਆ ਭਰਾ ਜੀ।" ਮਨਜੀਤ ਕੌਰ ਧੁਖਧੁਖੀ ਵਿਚ ਬੋਲੀ।

"ਭਾਬੀ ਜੀ, ਮੈਂ ਗਰੰਟੀ ਚੁੱਕਦਾਂ ਇਸ ਮੁੰਡੇ ਦੀ...। ਜੇ ਕਦੀ ਮੁੰਡੇ 'ਚ ਅਜਿਹਾ ਦੋਸ਼ ਨਿਕਲ ਆਏ ਤਾਂ ਮੈਨੂੰ ਫੜ ਲਿਓ।" ਖੁਸ਼ਹਾਲ ਸਿੰਘ ਨੇ ਹਿੱਕ ਥਾਪੜੀ।

ਪੁਸ਼ਵਿੰਦਰ ਨੇ ਵੀ ਮਨਜੀਤ ਕੌਰ ਕੋਲ਼ ਸਰਮੁੱਖ ਸਿੰਘ ਦੇ ਪਰਿਵਾਰ ਦੀ ਸਿਫ਼ਤ ਕੀਤੀ। ਖੁਸ਼ਹਾਲ ਸਿੰਘ ਦੇ ਟੀਚਰ ਹੋਣ ਨਾਤੇ ਅਤੇ ਖੜਕ ਕੇ ਗੱਲ ਕਰਨ ਕਰਕੇ ਮਨਜੀਤ ਕੌਰ ਦੀ ਤਸੱਲੀ ਹੋ ਗਈ। ਉਸ ਠੰਢਾ ਸਾਹ ਭਰਿਆ।

"ਕੋਈ ਨਾ ਕਰਮਜੀਤ, ਮੈਂ ਤੇਰੇ ਭਾਅ ਜੀ ਨਾਲ ਸਲਾਹ ਕਰਕੇ ਸ਼ਾਮ ਨੂੰ ਤੈਨੂੰ ਫੋਨ ਕਰੂੰਗੀ", ਤੁਰਨ ਲੱਗਿਆ ਮਨਜੀਤ ਕੌਰ ਢਿੱਲਾ ਜਿਹਾ ਬੋਲੀ।

ਹਕੀਮਪੁਰ, ਘਰ ਪਹੁੰਚ ਕੇ ਕਰਮਜੀਤ ਨੂੰ ਲੱਗਾ ਹੁਣ ਉਹਦੀ ਵਿਚੋਲਗੀ ਪੱਕੀ ਐ। ਬਸ ਸ਼ਗਨ ਪਾਉਣ ਦਾ ਸੁਨੇਹਾ ਹੀ ਆਏਗਾ। ਸਾਰੀ ਪੁੱਛ-ਪ੍ਰਤੀਤ ਮੁੱਕ ਗਈ ਹੈ।

"ਪਰ ਤੁਰਨ ਲੱਗਿਆਂ ਭੈਣ ਜੀ ਢਿੱਲਾ ਜਿਹਾ ਬੋਲੇ ਸੀ," ਕੁਲਵਿੰਦਰ ਨੇ ਸੰਸਾ ਜ਼ਾਹਿਰ ਕੀਤਾ।

"ਨਹੀਂ ਵਿੰਦਰ, ਇਹ ਓਹਦਾ ਸਟਾਇਲ ਐ। ਆਕੜ ਵੀ ਦਿਖਾਉਂਦੀ ਆ ਤੇ ਇਹ ਰਿਸ਼ਤਾ ਵਨੀ ਛੱਡਣਾ ਚਾਹੁੰਦੀ।"

ਉਹ ਖਾਉ-ਪੀਏ ਤਕ ਫੋਨ ਉਡੀਕਦਾ ਰਿਹਾ, ਪਰ ਫੋਨ ਨਾ ਆਇਆ। ਮਨੋ ਖਿਝ ਕੇ, ਫੋਨ ਦੀ ਉਡੀਕ ਛੱਡ ਉਹ ਸੈਰ ਨੂੰ ਤੁਰਨ ਈ ਲੱਗਾ ਸੀ ਤਾਂ ਫੋਨ ਦੀ ਰਿੰਗ ਵੱਜੀ। ਫੋਨ ਕਮਾਲਪੁਰੋਂ ਈ ਸੀ। ਨਵਤੇਜ ਸਿੰਘ ਬੋਲ ਰਿਹਾ ਸੀ। ਉਹਨੇ ਰਸਮੀਂ ਹਾਲ-ਚਾਲ ਪੁੱਛਣ ਤੋਂ ਬਾਅਦ ਕਿਹਾ, "ਲੈ ਬਈ ਛੋਟੇ ਭਾਈ, ਮਨਜੀਤ ਨਾਲ ਗੱਲ ਕਰ...।"

ਕਰਮਜੀਤ ਦੇ ਸਾਹ ਰੁਕ ਗਏ। ਮਨਜੀਤ ਦੀ ਆਵਾਜ਼ ਆਈ, "ਕਰਮਜੀਤ, ਭਲਾ, ਉਹਨਾਂ ਕੋਲ਼ ਖੇਤੀਬਾੜੀ ਦੀ ਮਸ਼ੀਨਰੀ ਕਿਹੜੀ-ਕਿਹੜੀ ਐ...?" ਨਾ ਹੈਲੋ ਨਾ ਹਾਏ, ਮਨਜੀਤ ਕੌਰ ਨੇ ਪੈਂਦੀ ਸੱਟੇ ਸਵਾਲ ਦਾਗ਼ ਦਿੱਤਾ। ਕਰਮਜੀਤ ਡੌਰ-ਭੌਰ ਹੋ ਗਿਆ। ਉਸ ਦੇ ਸਿਰ ਜਿਵੇਂ ਸੌ ਘੜਾ ਪਾਣੀ ਦਾ ਡੁਲ੍ਹ ਗਿਆ ਹੋਵੇ, ਉਸ ਦੀ ਆਵਾਜ਼ ਨਾ ਨਿਕਲੀ।

ਜਦੋਂ ਕਰਮਜੀਤ, ਇਕ ਦਿਨ ਸਰਮੁੱਖ ਸਿੰਘ ਦੇ ਘਰ ਗਿਆ ਸੀ ਤਾਂ ਉਹ, ਕਰਮਜੀਤ ਨੂੰ ਲੁਧਿਆਣੇ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਲਾਏ ਕਿਸਾਨ ਮੇਲੇ 'ਚੋਂ ਨਵਾਂ ਖਰੀਦ ਕੇ ਲਿਆਂਦਾ, ਰੋਟਾਵੇਟਰ ਦਿਖਾਉਣ ਹਵੇਲੀ ਲੈ ਗਿਆ। ਰੋਟਾਵੇਟਰ ਦਿਖਾ ਕੇ ਸਰਮੁੱਖ ਸਿੰਘ ਹਵੇਲੀ 'ਚ ਪਈ ਬਾਕੀ ਮਾਡਰਨ ਮਸ਼ੀਨਰੀ ਬਾਰੇ ਵੀ ਦੱਸਣ ਲੱਗਾ। ਕਰਮਜੀਤ ਤੋਂ ਸਰਮੁੱਖ ਸਿੰਘ ਦੀ ਦੋ ਕਨਾ਼ਲਾਂ ਹਵੇਲੀ ਵਿਚ ਪਏ ਸੰਦਾਂ ਦੀ ਗਿਣਤੀ ਨਾ ਹੋ ਸਕੀ। ਉਸ ਅੰਦਾਜ਼ਾ ਲਾਇਆ ਕਿ ਕਰੀਬ ਪੰਜਾਹ ਲੱਖ ਦੀ ਮਸ਼ੀਨਰੀ, ਸਮੇਤ ਨਿਊ ਹੌਲੈਂਡ ਟ੍ਰੈਕਟਰ ਦੇ, ਹਵੇਲੀ ਵਿਚ ਪਈ ਹੋਵੇਗੀ।

ਉਹਨੇ ਮਨਜੀਤ ਕੌਰ ਨੂੰ ਮਸ਼ੀਨਰੀ ਦੇ ਮੋਟੇ-ਮੋਟੇ ਨਾਂਅ ਗਿਣਾਏ। ਬਹੁਤੇ ਨਾਮ ਉਹਦੀ ਜ਼ਬਾਨ 'ਤੇ ਆਏ ਹੀ ਨਾ।

"ਠੀਕ ਐ...। ਕਿਸੇ ਮਸ਼ੀਨਰੀ ਦਾ ਨਾਮ ਤੈਨੂੰ ਭੁੱਲ ਵੀ ਗਿਆ ਹਊਗਾ। ਕੋਈ ਨਾ...।" ਜਦੋਂ ਕਰਮਜੀਤ ਨੇ ਮੋਟੇ-ਮੋਟੇ ਨਾਮ ਗਿਣਾਏ ਤਾਂ ਮਨਜੀਤ ਨੇ ਟਕੋਰ ਜਿਹੀ ਕੀਤੀ। "ਤੂੰ ਮੇਰਾ ਵੀਰ ਐਂ ਕਰ..." ਮਨਜੀਤ ਕੌਰ ਕਹਿਣ ਲੱਗੀ, ਕਰਮਜੀਤ ਸਾਹ ਰੋਕ ਸੁਣਨ ਲੱਗਾ, "ਮਲਟੀਪਰਪਜ਼ ਕੋਆਪਰੇਵਿਟ ਸੁਸਾਇਟੀ ਦੇ ਸੈਕਟਰੀ ਤੋਂ ਪਤਾ ਕਰ ਕੇ ਦੱਸ ਕਿ ਸਰਮੁੱਖ ਸਿੰਘ ਦੇ ਸਿਰ, ਸੁਸਾਇਟੀ ਦਾ ਕਰਜ਼ਾ ਕਿੰਨਾ ਐਂ? ਹੈਲੋ, ਮੇਰੀ ਆਵਾਜ਼ ਆਉਂਦੀ ਐ...?" ਕਰਮਜੀਤ ਨੂੰ ਚੁੱਪ ਕੀਤਾ ਮਹਿਸੂਸ ਕਰ, ਮਨਜੀਤ ਕੌਰ ਨੇ ਪੁਛਿਆ।

"ਹਾਂ ਜੀ ਭਾਬੀ ਜੀ, ਆਉਂਦੀ ਆ ਆਵਾਜ਼...", ਉਸ ਗਲ਼ਾ ਸਾਫ਼ ਕਰਦਿਆਂ ਕਿਹਾ।

"ਕਰਮਜੀਤ, ਸੋਚਣ ਆਲ਼ੀ ਗੱਲ ਐ, ਪੰਜਾਹ ਲੱਖ ਦੀ ਮਸ਼ੀਨਰੀ ਐਮੀਂ ਨੀਂ ਬਣ ਜਾਂਦੀ। ਜੱਟਾਂ-ਜਿਮੀਦਾਰਾਂ ਦੀਆਂ ਕਿਤੇ ਐਨੀਆਂ ਕਮਾਈਆਂ ਆਂ। ਜ਼ਰੂਰ ਕਰਜ਼ਾ ਚੁੱਕਿਆ ਹਊ ਏਸ ਜੱਟ ਨੇ। ਮੈਂ ਤਾਂ ਡਰਦੀ ਆਂ, ਪਈ ਕਿਤੇ ਇਹ ਟੱਬਰ ਵੱਡਾ ਕਰਜ਼ਾਈ ਨਾ ਹੋਵੇ। ਮੇਰਾ ਹੋਣ ਆਲ਼ਾ ਜੁਆਈ ਤਾਂ ਕਰਜ਼ਾ ਲਾਹੁੰਦਾ ਬੁੜ੍ਹਾ ਹੋ ਜਊ। ਕਨੇਡਾ 'ਚ ਸੁਖ-ਸਹੂਲਤਾਂ ਕਦੋਂ ਮਾਣੂ। ਉਹਦੀ ਕਮਾਈ ਤਾਂ ਇਹਨਾਂ ਜੋਗੀ ਹੋਊ। 'ਕੱਲੀ ਧੀ ਦੀ ਕਮਾਈ ਨਾਲ ਘਰ ਕਿੱਦਾਂ ਚੱਲੂ? ਕੁੜੀ ਖਾ-ਹੰਢਾਅ ਕੇ ਕਦੋਂ ਦੇਖੂ? ਦੂਜੀ ਗੱਲ ਤੈਨੂੰ ਪਤਾ ਈ ਆ, ਅੱਜ ਕੱਲ ਕਿਸਾਨ, ਕਰਜ਼ਾਈ ਹੋ-ਹੋ ਕਿੱਦਾਂ ਫਾਹੇ ਲੈ ਰਹੇ ਆ।"

"ਹਾਂ ਜੀ, ਭਾਬੀ ਜੀ", ਕਰਮਜੀਤ ਦੀ ਆਵਾਜ਼ ਮਸਾਂ ਨਿਕਲੀ।

"ਮੈਂ, ਸਖ਼ਤ ਮਿਹਨਤ ਨਾਲ ਕਨੇਡਾ 'ਚ ਪੱਕੀ ਹੋਈ, ਆਪਣੀ ਮੁਟਿਆਰ, ਸੋਹਣੀ ਸੁਨੱਖੀ, ਪੜ੍ਹੀ ਲਿਖੀ ਤੇ ਸਰੂ ਵਰਗੀ ਧੀ ਦੀ ਧੌਣ ਕਰਜ਼ੇ ਦੀ ਪੰਡ ਥੱਲੇ ਨੀਂ ਦੇ ਸਕਦੀ। ਸਾਰੀ ਉਮਰ ਮੇਰੇ ਕੀਰਨੇ ਪਾਊ। ਮੇਰਾ ਵੀਰ ਕੋਆਪਰੇਟਿਵ ਸੁਸਾਇਟੀ ਤੇ ਸੈਕਟਰੀ ਦੇ ਦਸਤਖ਼ਤਾਂ ਹੇਠ ਲਿਖਾਅ ਕੇ ਲਿਆ ਕਿ ਇਹਨਾਂ ਦੇ ਸਿਰ ਸੁਸਾਇਟੀ ਦੀਆਂ ਦੇਣਦਾਰੀਆਂ ਕਿੰਨੀਆਂ ਕੁ ਆ...।"

"ਭਾਬੀ ਜੀ, ਮੈਨੂੰ ਪਤਾ ਇਹਨਾਂ ਦੀ ਆਮਦਨ ਬਹੁਤ ਐ। ਕਰਜ਼ਾ ਚੁੱਕਣ ਦੀ ਇਹਨਾਂ ਨੂੰ ਕੀ ਲੋੜ ਐ?" ਕਰਮਜੀਤ ਨੇ ਹੌਂਸਲਾ ਜਿਹਾ ਕਰ ਕੇ ਦਲੀਲ ਦਿੱਤੀ।

"ਮੈ ਨਿਆਣੀ ਨੀਂ ਕਰਮਜੀਤ, ਮੈਨੂੰ ਪਤਾ ਅੱਜ ਕੱਲ ਉਪਰੋਂ ਉਪਰੋਂ ਦਿਖਾਵੇ ਕਰਦੇ ਆ ਲੋਕ। ਸਭ ਲਫ਼ਾਫ਼ੇ ਈ ਐ। ਵਿਚੋਂ ਤਾਂ ਜੱਟਾਂ ਦਾ ਵਾਲ਼ ਵਾਲ਼ ਕਰਜ਼ੇ ਨਾਲ ਪਰੁੰਨਿਆ ਪਿਆ। ਕਰਜ਼ਾਈ ਬੰਦੇ ਦੀ ਕੋਈ ਜੂਨ ਐ। ਹਰ ਵੇਲੇ ਕਰਜ਼ੇ ਦੀ ਤਲਵਾਰ ਸਿਰ 'ਤੇ ਲਟਕਦੀ ਰਹਿੰਦੀ ਆ। ਮੇਰਾ ਵੀਰ ਜ਼ਰਾ ਛੇਤੀਂ ਪਤਾ ਕਰੀਂ। ਕੋਮਲ ਲਈ ਹੋਰ ਵੀ ਚੜ੍ਹਦੇ-ਚੜ੍ਹੇਂਦੇ ਪਰਿਵਾਰਾਂ ਦੇ ਰਿਸ਼ਤੇ ਆਉਂਦੇ ਆ। ਕਾਫੀ ਪੁੱਛ-ਪ੍ਰਤੀਤ ਤਾਂ ਤੂੰ ਕਰ ਈ ਲਈ ਆ, ਇਹ ਵੀ ਕਰ ਲੈ, ਮੈਂ ਚਾਹੁੰਨੀ ਆਂ ਕਿ ਕੁੜੀ ਦਾ ਸ਼ਗਨ ਤੇਰੇ ਹੱਥੀਂ ਪੁਆਵਾਂ। ਚੰਗਾ ਵੀਰ... ਮੈਂ ਫੋਨ ਬੰਦ ਕਰਦੀ ਆਂ, ਛੇਤੀ ਪਤਾ ਦੇਈਂ। ਚੰਗਾ ਓ.ਕੇ.।"

ਕਰਮਜੀਤ ਸਿਰ ਫੜ ਕੇ ਬੈਠ ਗਿਆ।

"ਕੀ ਗੱਲ ਏਦਾਂ ਕਾਹਤੇ ਬੈਠ ਗਏ? ਕੀ ਕਿਹਾ ਮਨਜੀਤ ਭੈਣ ਜੀ ਨੇ...? ਹੁਣ ਹੋਰ ਕੁਸ਼ ਪੁੱਛਦੇ ਆ?" ਰਾਤ ਦੀਆਂ ਰੋਟੀ ਪਕਾਅ ਚੁੱਕਣ ਤੋਂ ਬਾਅਦ ਆਟੇ ਨਾਲ ਲਿਬੜੇ ਹੱਥੀਂ, ਕੁਲਵਿੰਦਰ, ਕਰਮਜੀਤ ਕੋਲ਼ ਆਉਂਦੀ ਨੇ ਇਕੋ ਸਾਹੇ ਕਈ ਸਵਾਲ ਪੁੱਛੇ। ਉਹ ਕੋਲ਼ ਖੜ੍ਹੀ ਹੱਥਾਂ ਨੂੰ ਆਪਸ ਵਿਚ ਰਗੜਦੀ ਰਹੀ। ਆਟੇ ਦੀਆਂ ਵੱਟੀਆਂ ਬਣ-ਬਣ ਧਰਤੀ 'ਤੇ ਡਿੱਗ ਰਹੀਆਂ ਸਨ।

"ਇਹ ਤੇਰੀ ਮਨਜੀਤ ਭੈਣ ਜੀ ਨੂੰ ਤਾਂ ਵਕੀਲ ਬਣਨਾ ਚਾਹੀਦਾ ਸੀ। ਐਨੀ ਇਨਕੁਆਰੀ...। ਰਹੇ ਰੱਬ ਦਾ ਨਾਂ। ਇਨਕੁਆਰੀ ਕਰ ਕਰ ਰੱਜਦੀ ਨੀਂ। ਕਨੇਡਾ ਦੀ ਚੱਕੀਓ, ਬੜੀ ਹੰਕਾਰੀ ਐ। ਖਰਿਆ ਏਹਦੇ ਲਈ ਕਨੇਡਾ ਰੱਬ ਬਣ ਗਿਆ।" ਕਰੋਧ ਨਾਲ ਕਰਮਜੀਤ ਨੇ ਸਿਰ ਉਤਾਂਹ ਚੁੱਕ, ਕੁਲਵਿੰਦਰ ਵੱਲ ਵੇਖਿਆ।

"ਜੀ ਧੀ ਨੇ ਕਨੇਡਾ ਤੋਂ ਆਉਣਾ...। ਕੋਈ ਛੋਟੀ ਜਿਹੀ ਗੱਲ ਐ। ਉਹਨਾਂ ਦੀ ਤਾਂ ਹੁਣ ਆਕੜ ਈ

ਨੀਂ ਮਾਣ। ਮੋਢਿਆਂ ਤੋਂ ਥੁੱਕਦੇ ਫਿਰਦੇ ਆ ਦੋਵੇਂ ਜੀਅ।" ਕੁਲਵਿੰਦਰ ਆਪਣੇ ਹੱਥਾਂ ਨੂੰ ਰਗੜਦੀ ਰਹੀ।

"ਹੁਣ ਕਹਿੰਦੀ ਐ, ਸਹਿਕਾਰੀ ਸਾਇਟੀ 'ਚੋਂ ਪੁੱਛੋ ਇਹਨਾਂ ਸਿਰ ਕਰਜ਼ਾ ਕਿੰਨਾ ਐਂ?"

"ਫੇਅ ਕੀ ਹੋਇਆ, ਪੁੱਛ ਲਓ। ਨਾਲੇ ਥੁਆਡਾ ਫਿਰ-ਤੁਰ ਕੇ ਝੱਸ ਪੂਰਾ ਹੋ ਜਊ। ਤੁਸੀਂ ਕਿਹੜਾ ਘਰ ਟਿਕਦੇ ਓ। ਗੱਲ ਵੀ ਤੁਸੀਂ ਤੋਰੀ ਸੀ। ਹੁਣ ਭੁਗਤੋ ਵੀ ਤੁਸੀਂ।" ਕੁਲਵਿੰਦਰ ਨੇ ਟਾਂਚ ਜਿਹੀ ਕੀਤੀ।

ਕਰਮਜੀਤ ਲੱਖਪੁਰ ਗਿਆ।

"ਕੋਈ ਨੀਂ ਕਰਮਜੀਤ, ਕਰ ਲਾ ਪਤਾ ।" ਸਰਮੁੱਖ ਸਿੰਘ, ਕਰਮਜੀਤ ਦੀ ਗੱਲ ਸੁਣ ਬੋਲਿਆ। "ਪੁੱਛ ਲਓ ਸੈਕਟਰੀ ਨੂੰ, ਸਾਡੇ ਸਿਰ ਕਿੰਨਾ ਕੁ ਕਰਜ਼ਾ ਐ। ਸੈਕਟਰੀ ਦਾ ਨਾਮ ਰਵਿੰਦਰ ਸਿੰਘ ਐ। ਸਾਨੂੰ ਕੋਈ ਟੈਨਸ਼ਨ ਨੀਂ, ਪਰ ਓਸ ਜੱਟੀ ਦੀ ਤਸੱਲੀ ਹੋਣੀ ਚਾਹੀਦੀ ਐ। ਕਰਾ ਉਹਦੀ ਤਸੱਲੀ...।"

"ਹਾਲੇ ਕਨੇਡਣ ਦੀ ਤਸੱਲੀ ਨੀਂ ਹੋਈ...?" ਕੁਲਬੀਰ ਕੌਰ ਉਹਨਾਂ ਦੀਆਂ ਗੱਲਾਂ ਸੁਣ ਕੋਲ ਆਈ। "ਹਾਲੇ ਤਾਂ ਕੁੜੀ ਈ ਪੱਕੀ ਹੋਈ ਆ। ਜਿੱਦਣ ਇਹ ਕਨੇਡਾ ਚਲੇ ਗਈ, ਓਦਣ ਤਾਂ ਅਸਮਾਨ ਨੂੰ ਟਾਕੀਆਂ ਲਾਊ...।" ਕੁਲਬੀਰ ਕੌਰ ਸੋਫ਼ੇ 'ਤੇ ਬੈਠਦੀ ਫਿਰ ਬੋਲੀ, "ਕਰਜ਼ੇ ਦੀ ਇਨਕੁਆਰੀ ਦਾ ਸਾਨੂੰ ਕੋਈ ਧੁੜਕੂ ਨੀਂ। ਵਰਜੀਤ ਦੇ ਨਸ਼ਾ ਨਾ ਕਰਨ ਦੀ ਇਨਕੁਆਰੀ ਵੀ ਤਾਂ ਕਰ ਈ ਲਈ ਆ। ਇਹ ਵੀ ਕਰ ਲਵੇ।"

ਕਰਮਜੀਤ ਸਿੰਘ 'ਨਸ਼ਾ ਨਾ ਕਰਨ ਦੀ ਇਨਕੁਆਰੀ' ਦਾ ਸੁਣ ਕੇ ਨਿਮੋਝੂਣਾ ਜਿਹਾ ਹੋ ਗਿਆ।

'ਇਹ ਭਿਣਕ ਵੀ ਇਹਨਾਂ ਦੇ ਕੰਨੀਂ ਪੈ ਗਈ?' ਉਸ ਹੈਰਾਨੀ ਵਿਚ ਸੋਚਿਆ। ਉਸ ਨੂੰ ਆਪਣਾ-ਆਪ ਦੋਂਹ ਪੁੜਾਂ ਵਿਚਾਲੇ ਫਸਿਆ ਮਹਿਸੂਸ ਹੋਇਆ।

"ਅਸੀਂ ਤਾਂ ਖੁਲ੍ਹੀ ਕਤਾਬ ਆਂਗੂੰ ਐਂ। ਜਿਹੜਾ ਮਰਜ਼ੀ ਕੋਈ ਸਫ਼ਾ ਪੜ੍ਹ ਲਵੇ। ਕਰ ਲਾ, ਕਰ ਲਾ ਮੇਰਾ ਵੀਰ ਪਤਾ ਸੈਕਟਰੀ ਕੋਲ਼ੋਂ, ਕੋਈ ਟੈਨਸ਼ਨ ਨੀਂ।" ਕੁਲਬੀਰ ਕੌਰ ਨਿੱਡਰਤਾ ਨਾਲ ਸੁਭਾਵਕ ਜਿਹੇ ਰੌਂਅ ਵਿਚ ਬੋਲੀ।

ਕਰਮਜੀਤ ਨੇ ਸੈਕਟਰੀ ਨਾਲ ਸਾਰੀ ਗੱਲ ਕੀਤੀ। ਸੈਕਟਰੀ ਨੇ ਸੋਚ ਵਿਚਾਰ ਕੇ ਸਰਮੁੱਖ ਸਿੰਘ ਦਾ ਖਾਤਾ ਦੇਖਿਆ।

"ਸਿਰਫ਼ ਤੀਹ ਹਜ਼ਾਰ ਦਾ ਦੇਣਦਾਰ ਐ ਸਰਮੁੱਖ ਸਿੰਘ। ਇਹ ਦੇਣਦਾਰੀ ਵੀ ਐਤਕੀਂ ਦੀ ਖਾਦ ਦੀ ਐ। ਸੁਸਾਇਟੀ ਨਾਲ ਉਹਦਾ ਲੈਣ-ਦੇਣ ਬਹੁਤ ਸਾਫ਼-ਸੁਥਰਾ ਐ। ਉਹ ਕਦੀ ਡਿਫ਼ਾਲਟਰ ਵੀ ਨਹੀਂ ਹੋਇਆ। ਹਾੜ੍ਹੀ ਦਾ ਦੇਣ-ਲੈਣ ਸਾਉਣੀ ਤੇ ਸਾਉਣੀ ਦਾ ਹਾੜ੍ਹੀ ਨੂੰ ਨਿਬੇੜ ਦਿੰਦਾ। ਹੋਰ ਕੋਈ ਦੇਣਦਾਰੀ ਰਿਕਾਰਡ ਵਿਚ ਨਹੀਂ ਹੈ।" ਸੈਕਟਰੀ ਨੇ ਰਜਿਸਟਰ ਬੰਦ ਕਰਦਿਆਂ ਦੱਸਿਆ।

ਕਰਮਜੀਤ ਨੇ ਤਰਲਾ ਕਰ ਕੇ ਇਕ ਕਾਗਜ਼ 'ਤੇ ਲਿਖਵਾ ਲਿਆ ਤੇ ਮੋਹਰ ਲਗਵਾ ਕੇ ਦਸਤਖ਼ਤ ਕਰਵਾ ਲਏ।

"ਇਹ ਕਾਗ਼ਜ਼ ਕਿਸੇ ਹੋਰ ਨੂੰ ਨਾ ਦਿਖਾਇਓ। ਹਰੇਕ ਮੈਂਬਰ ਦੀ ਪ੍ਰਾਈਵੇਸੀ ਹੁੰਦੀ ਐ। ਅਸੀਂ ਕਿਸੇ ਦੂਜੇ ਨੂੰ ਨਹੀਂ ਦੱਸ ਸਕਦੇ। ਮੈਂ ਕਾਨੂੰਨ ਤੋਂ ਬਾਹਰ ਜਾ ਕੇ, ਰਿਸਕ ਲੈ ਕੇ ਥੁਆਡਾ ਕੰਮ ਕਰ ਰਿਹਾਂ", ਸੈਕਟਰੀ ਨੇ ਕਾਗਜ਼ ਕਰਮਜੀਤ ਨੂੰ ਫੜਾਅ ਦਿੱਤਾ।

"ਤੁਸੀਂ ਚਿੰਤਾ ਨਾ ਕਰੋ। ਮੈਂ ਗੁਪਤ ਈ ਰੱਖੂੰਗਾ", ਕਰਮਜੀਤ ਨੇ ਵਾਅਦਾ ਕੀਤਾ।

ਕਰਮਜੀਤ ਤੇ ਕੁਲਵਿੰਦਰ, ਕਮਾਲਪੁਰ ਗਏ। ਵਿਹੜੇ ਵਿਚ ਮੋਟਰ ਸਾਈਕਲ ਖੜ੍ਹਾ ਕਰ ਕੇ ਰਾਹ ਵੱਲ ਦੀ ਬੈਠਕ ਵਿਚ ਬੈਠ ਗਏ। ਸੋਫ਼ੇ 'ਤੇ ਬੈਠਦਿਆਂ ਕਰਮਜੀਤ ਨੇ ਹਉਕੇ ਵਰਗਾ ਸਾਹ ਲਿਆ। ਮਨਜੀਤ ਕੌਰ ਉਹਨਾਂ ਲਈ ਪਾਣੀ ਦਾ ਗ਼ਲਾਸ ਲੈ ਬੈਠਕ ਵਿਚ ਆ ਗਈ।

ਕਰਮਜੀਤ ਨੇ ਇਕ ਹੱਥ ਗ਼ਲਾਸ ਨੂੰ ਪਾਇਆ ਤੇ ਦੂਜੇ ਹੱਥ ਨਾਲ ਜੇਬ ਵਿਚੋਂ ਕੋਆਪਰੇਟਿਵ ਸੁਸਾਇਟੀ ਦੇ ਸੈਕਟਰੀ ਵੱਲੋਂ ਲਿਖ ਕੇ ਦਿੱਤਾ ਕਾਗ਼ਜ਼ ਕੱਢ ਕੇ, ਮਨਜੀਤ ਕੌਰ ਵੱਲ ਛਾਤੀ ਚੌੜੀ ਕਰਕੇ ਵਧਾਇਆ।

ਪਾਣੀ ਦਾ ਗ਼ਲਾਸ ਬੁਲ੍ਹਾਂ ਨੂੰ ਲਾ ਉਹ ਇਕੋ ਡੀਕ ਪੀ ਗਿਆ, ਜਿਵੇਂ ਬਹੁਤ ਪਿਆਸਾ ਹੋਵੇ।

ਨਵਤੇਜ ਸਿੰਘ ਘਰ ਨਹੀਂ ਸੀ। ਮਨਜੀਤ ਕੌਰ ਨੇ ਕੋਆਪਰੇਟਿਵ ਸੁਸਾਇਟੀ ਦਾ ਕਾਗ਼ਜ਼ ਪੜ੍ਹਿਆ।

ਗ਼ਲਾਸ ਸ਼ੀਸ਼ੇ ਵਾਲੇ ਟੇਬਲ 'ਤੇ ਰੱਖ ਕਰਮਜੀਤ ਨੇ ਮਨਜੀਤ ਕੌਰ ਵੱਲ ਵੇਖਿਆ, "ਭਾਬੀ ਜੀ,ਆਹ ਮੈਂ ਜੋੜੇ ਥੁਆਡੇ ਅੱਗੇ ਹੱਥ...।" ਕਰਮਜੀਤ ਨੇ ਆਪਣੇ ਦੋਵੇਂ ਹੱਥ ਜੋੜ ਲਏ। "ਮੈਥੋਂ ਇਹ ਵਿਚੋਲਗੀ ਨੀਂ ਹੁਣੀ। ਮੇਰੀ ਥੁਆਨੂੰ ਸੱਸ-ਰੀ 'ਕਾਲ। ਬਸ, ਹੁਣ ਕੋਈ ਹੋਰ ਇਨਕੁਆਰੀ ਕਰਨ ਲਈ ਨਾ ਮੈਨੂੰ ਆਖਿਓ...।" ਅੱਜ ਉਹਨੇ ਘਰੋਂ ਤੁਰਨ ਸਮੇਂ ਹੀ, ਮਨਜੀਤ ਕੌਰ ਨਾਲ ਕੋਰੀ ਗੱਲ ਕਰਨ ਲਈ ਮਨ ਬਣਾ ਲਿਆ ਸੀ।

"ਨਹੀਂ ਕਰਮਜੀਤ...। ਵਿਚੋਲਗੀ ਤਾਂ ਹੁਣ ਤੂੰ ਹੀ ਕਰੇਂਗਾ।" ਮਨਜੀਤ ਕੌਰ ਨੇ ਕਾਗ਼ਜ਼ ਤੋਂ ਨਜ਼ਰਾਂ ਚੁੱਕ ਕੇ ਕਰਮਜੀਤ ਵੱਲ ਸੁਖਾਵੇਂ ਜਿਹੇ ਰੌਂਅ ਨਾਲ ਵੇਖਿਆ, "ਕੋਮਲ ਦਾ ਸ਼ਗਨ ਤਾਂ ਮੈਂ ਤੇਰੇ ਹੱਥ ਈ ਦਊਂ। ਸਾਰੀ ਇਨਕੁਆਰੀ ਕਰਕੇ ਹੁਣ ਮੈਨੂੰ ਤਸੱਲੀ ਐ ਕਿ ਕੁੜੀ ਲਈ ਆਪਾਂ ਸਹੀ ਮੁੰਡਾ ਤੇ ਸਹੀ ਘਰ ਲੱਭਿਆ। ਤੇਰਾ ਧੰਨਵਾਦ। ਮਾਪਿਆਂ ਦੀ ਇਹ ਬਹੁਤ ਵੱਡੀ ਚਿੰਤਾ ਹੁੰਦੀ ਐ ਕਿ ਧੀ-ਪੁੱਤ ਲਈ ਘਰ ਅਤੇ ਰਿਸ਼ਤੇਦਾਰ ਵਧੀਆ ਲੱਭ ਜਾਣ। ਆਪਾਂ ਨੂੰ ਸਭ ਕੁਸ਼ ਵਧੀਆ ਲੱਭ ਪਿਆ ਆ। ਜੇ ਵਿਆਹ ਤੋਂ ਪਹਿਲਾਂ ਇਨਕੁਆਰੀ ਕਰ ਲਈਏ ਤਾਂ ਬਾਅਦ 'ਚ ਕੋਈ ਪਛਤਾਵਾ ਨੀਂ ਰਹਿੰਦਾ। ਟੈਨਸ਼ਨ ਮੁੱਕ ਜਾਂਦੀ ਐ।"

"ਹੁਣ ਹੋਰ ਕੋਈ ਸਵਾਲ ਤਾਂ ਨੀਂ ਰਹਿ ਗਿਆ?" ਕਰਮਜੀਤ ਨੇ ਗੁੱਸੇ ਵਿਚ ਹੱਸਦਿਆਂ ਕਿਹਾ।

ਉਹਨੇ ਮਨਜੀਤ ਕੌਰ ਵੱਲ ਵੇਖਿਆ। ਉਹ ਚੁੱਪ ਸੀ। ਸੁਸਾਇਟੀ ਦੇ ਪੇਪਰ ਨੂੰ ਧਿਆਨ ਨਾਲ ਉਸ ਇਕ ਵਾਰੀ ਫਿਰ ਦੇਖਿਆ।

"ਹੁਣ ਤੂੰ ਐਂ ਕਰ...", ਆਖਦਿਆਂ ਉਹ ਕੁਝ ਸੋਚਣ ਲੱਗੀ। ਕਰਮਜੀਤ ਸਾਹ ਰੋਕ ਉਸ ਵੱਲ ਵੇਖਣ ਲੱਗਾ। ਉਸ ਦਾ ਦਿਲ ਧੱਕ-ਧੱਕ ਕਰਨ ਲੱਗਾ। ਅੱਚਵੀ ਉਹਦਾ ਪਿੰਡਾ ਤੋੜਨ ਲੱਗੀ। ਚੁੱਪ ਕੀਤੀ ਮਨਜੀਤ ਕੌਰ ਵੱਲ ਵੇਖ ਕਰਮਜੀਤ ਡੁੱਬਦੇ ਚਿੱਤ ਸੋਚ ਰਿਹਾ ਸੀ, 'ਹੁਣ ਕੋਈ ਹੋਰ ਸਵਾਲ ਪਾਊ।'

"ਹੁਣ ਮੈਂ ਹੋਰ ਕੁਸ਼ ਨੀਂ ਪੁੱਛਣਾ। ਘਬਰਾਅ ਨਾ। ਬੱਸ ਮੇਰੀ ਤਸੱਲੀ ਐ...।" ਕੁਝ ਸਮੇਂ ਬਾਅਦ ਮਨਜੀਤ ਨੇ ਚੁੱਪ ਤੋੜੀ, "ਕਿਸੇ ਨੂੰ ਦੱਸੀਂ ਨਾ...।" ਮਨਜੀਤ ਕੌਰ ਬਹੁਤ ਹੌਲ਼ੀ ਉਹਦੇ ਨੇੜੇ ਹੁੰਦੀ ਬੋਲੀ,"ਕੋਮਲ ਨੇ ਆਉਂਦੇ ਐਤਵਾਰ ਆ ਜਾਣਾ। ਭਾਅ ਜੀ ਤੇਰਾ ਲੈਣ ਜਾਊ ਦਿੱਲੀ। ਤੁਸੀਂ ਸੋਮਵਾਰ ਆ ਜਾਇਓ। ਫੇਅ ਆਪਾਂ ਲੱਖਪੁਰ ਵਾਲਿਆਂ ਨਾਲ ਸ਼ਗਨ ਦੀ ਸਲਾਹ ਕਰ ਲਵਾਂਗੇ।"

ਸੁਣ ਕੇ ਕਰਮਜੀਤ ਦੇ ਰੁਕੇ ਹੋਏ ਸਾਹ ਫਿਰ ਤੋਂ ਚੱਲ ਪਏ। ਸੁਖਾਵਾਂ ਜਿਹਾ ਸਾਹ ਲੈ ਉਹ ਢਿੱਲਾ ਜਿਹਾ ਹੋ ਕੇ ਬੈਠ ਗਿਆ।

"ਪਰ ਭਾਬੀ ਜੀ, ਤੁਸੀਂ ਮੈਨੂੰ ਵੱਟੋ-ਵੱਟ ਪਾ ਦਿੱਤਾ। ਮੰਨ ਗਿਆ ਥੁਆਡੀ ਇਨਕੁਆਰੀ ਨੂੰ...।"

"ਕਰਮਜੀਤ ਹੁਣ ਸਮੇਂ ਬਦਲ ਗਏ ਆ। ਇਨਕੁਆਰੀ ਕਰਨੀ ਜ਼ਰੂਰੀ ਹੋ ਗਈ ਐ। ਵਿਚੋਲੇ ਦੇ ਵਿਸ਼ਵਾਸ 'ਤੇ ਨੀਂ ਰਹਿਣਾ ਚਾਹੀਦਾ। ਵਿਚੋਲਾ ਵੀ ਬਹੁਤ ਕੁਸ਼ ਲੁਕੋਅ ਲੈਂਦਾ। ਹੁੰਦਾ ਕੁਸ਼ ਐ, ਦੱਸਦਾ ਕੁਸ਼ ਐ। ਹੁਣ ਅਸੀਂ ਕੁੜੀ ਦੇ ਦੇਖ-ਦਿਖਾਲ਼ੇ ਤੋਂ ਪਹਿਲਾਂ-ਪਹਿਲਾਂ ਰੱਜ ਕੇ ਆਪਣੀ ਤਸੱਲੀ ਕਰ ਲਈ ਆ। ਮਨ 'ਚ ਹੁਣ ਕੋਈ ਡਰ ਨੀਂ ਰਿਹਾ...।"

"ਜੇ ਭੈਣ ਜੀ ਏਦਾਂ ਈ ਸਾਰੇ ਪੁੱਛ-ਪ੍ਰਤੀਤ ਕਰਨ ਤਾਂ ਬਾਅਦ 'ਚ ਕਿਸੇ ਨੂੰ ਪਛਤਾਉਣਾ ਨਾ ਪਵੇ", ਕੁਲਵਿੰਦਰ ਨੇ ਸੁਖਾਵਾਂ ਜਿਹਾ ਸਾਹ ਲੈ ਕਿਹਾ। "ਬੁੱਕਲ਼ 'ਚ ਗੁੜ ਭੰਨਣ ਆਲ਼ੇ ਤਾਂ ਬਾਅਦ 'ਚ ਅੱਖਾਂ 'ਚ ਘਸੁੰਨ ਦੇ ਦੇ ਰੋਂਦੇ ਆ।"

ਕਰਮਜੀਤ ਨੇ ਲੱਖਪੁਰ ਵਾਲ਼ਿਆਂ ਨਾਲ ਗੱਲ ਕੀਤੀ।

"ਸਾਨੂੰ ਕੋਈ ਕਾਹਲ਼ ਨੀਂ। ਕੁੜੀ ਆਈ 'ਤੇ ਗੱਲ ਕਰਾਂਗੇ। ਤੱਤਾ-ਤੱਤਾ ਚੱਟਣਾ ਅਸੀਂ ਨੀਂ ਸਿੱਖੇ...। ਸਾਡੇ 'ਚ ਬਹੁਤ ਸਬਰ ਐ।" ਕੁਲਬੀਰ ਕੌਰ ਨੇ ਧੀਰਜ ਨਾਲ ਕਿਹਾ।

ਕੋਮਲ, ਐਤਵਾਰ ਨੂੰ ਘਰ ਪਹੁੰਚ ਗਈ। ਕਰਮਜੀਤ ਤੇ ਕੁਲਵਿੰਦਰ ਸੋਮਵਾਰ ਨੂੰ ਉਹਨੂੰ ਮਿਲਣ ਕਮਾਲਪੁਰ ਗਏ। ਗੱਲਾਂ ਕਰਦਿਆਂ ਕੋਮਲ ਨੇ ਚੌਦਾਂ ਫਰਵਰੀ ਨੂੰ ਸ਼ਗਨ ਦੀ ਇੱਛਾ ਦੱਸੀ।

"ਕੋਮਲ, ਆਪਣੇ ਚਾਚੇ ਦਾ ਥੈਂਕਯੂ ਕਰ। ਬੜੀ ਨੱਠ-ਭਜਾਈ ਕੀਤੀ ਵਿਚਾਰੇ ਨੇ। ਤੇਰੇ ਲਈ

ਟੌਪ ਦਾ ਰਿਸ਼ਤਾ ਲੱਭਿਆ। ਹਰ ਚੀਜ਼ ਉਸ ਘਰ ਹੈਗੀ ਆ। ਰੱਜਿਆ ਪੁੱਜਿਆ ਪਰਿਵਾਰ, ਜ਼ਮੀਨ ਜਾਇਦਾਦ, ਘਰ-ਬਾਰ, ਤੇ ਘਰਾਣਾ ਬਹੁਤ ਅੱਛਾ। ਯਾਦ ਕਰੂੰਗੀ ਪਈ ਤੇਰੀ ਮਾਂ ਨੇ ਤੇਰੇ ਲਈ ਅੰਬਰੋਂ ਤਾਰਾ ਤੋੜਿਆ", ਮਨਜੀਤ ਕੌਰ ਫ਼ਖ਼ਰ ਨਾਲ ਬੋਲੀ।

"ਕਰਮਜੀਤ, ਆਪਾਂ ਹੁਣ ਛੇਤੀਂ ਕਰੀਏ, ਚੰਗੇ ਘਰਾਂ ਦੇ ਮੁੰਡੇ ਕਿੱਥੇ ਲੱਭਦੇ ਆ", ਮਨਜੀਤ ਕੌਰ ਨਿੱਠ ਕੇ ਬੈਠਦੀ ਬੋਲੀ, "ਭਾਵੇਂ ਕੱਲ ਨੂੰ ਈਂ ਲੱਖਪੁਰ ਜਾ ਕੇ ਭੈਣ ਕੁਲਬੀਰ ਕੌਰ ਨਾਲ ਗੱਲ ਕਰਾ ਦੇਈਂ। ਫਟਾ-ਫਟ ਸ਼ਗਨ ਪਾਈਏ ਤੇ ਲਾਵਾਂ ਦੇ ਕੇ ਸੁਰਖ਼ਰੂ ਹੋਈਏ। ਫੇਅ ਇਹ ਦੋਵੇਂ 'ਕੱਠੇ ਘੁੰਮ ਫਿਰ ਲੈਣਗੇ। ਕੋਮਲ ਨੇ ਮਹੀਨਾ ਕੁ ਈ ਰਹਿਣਾ। ਟੈਮ ਥੋੜ੍ਹਾ ਐ।" ਮਨਜੀਤ ਡਾਢੀ ਖ਼ੁਸ਼ ਸੀ।

ਕਰਮਜੀਤ ਤੇ ਕੁਲਵਿੰਦਰ ਦੂਜੇ ਦਿਨ, ਚਾਅ ਨਾਲ ਲੱਖਪੁਰ ਚਲੇ ਗਏ। ਸਾਰੀ ਸਲਾਹ ਉਹਨਾਂ ਨੂੰ ਦੱਸੀ।

"ਭੈਣ ਜੀ, ਮੈਂ ਫੇਅ ਕਰਾਵਾਂ ਗੱਲ, ਮਨਜੀਤ ਭਾਬੀ ਨਾਲ...? ਤੁਸੀਂ ਸ਼ਗਨ ਬਾਰੇ ਗੱਲ ਕਰ ਲਓ...।" ਕਰਮਜੀਤ ਨੇ ਆਪਣੀਆਂ ਗੱਲਾਂ ਮੁਕਾਅ, ਜੇਬ ਵਿਚੋਂ ਫੋਨ ਕੱਢਦਿਆਂ ਉਤਾਵਲਾ ਹੋ ਪੁੱਛਿਆ।

"ਹਾਂ, ਕਰਾ ਦੇ...।" ਕੁਲਬੀਰ ਕੌਰ ਸੋਫੇ 'ਤੇ ਟਿਕ ਕੇ ਬੈਠਦੀ ਬੋਲੀ।

ਕਰਮਜੀਤ ਨੇ ਫੋਨ ਮਿਲਾਇਆ। ਹਾਏ ਹੈਲੋ ਹੋਈ ਤੇ ਫੋਨ ਕੁਲਬੀਰ ਨੂੰ ਫੜਾਇਆ।

"ਭੈਣ ਜੀ, ਸਾਡੀ ਕੁੜੀ ਨੂੰ ਥੁਆਡੇ 'ਤੇ ਸਾਰੀ ਤਸੱਲੀ ਐ। ਉਹ ਬਹੁਤ ਖ਼ੁਸ਼ ਐ।" ਮਨਜੀਤ ਕੌਰ ਦੀ ਖਿੜਵੀਂ ਆਵਾਜ਼ ਆਈ। "ਹੁਣ ਤੁਸੀਂ ਦੱਸੋ ਕੁੜੀ-ਮੁੰਡੇ ਦੇ ਦੇਖ-ਦਖਾਲ਼ੇ ਤੇ ਸ਼ਗਨ ਦੀ ਰਸਮ ਕਦੋਂ ਕਰੀਏ? ਵੈਸੇ ਕੋਮਲ ਦੀ ਤੇ ਸਾਡੀ ਸਲਾਹ ਐ ਕਿ ਪਰਸੋਂ ਨੂੰ ਬੁੱਧਵਾਰ ਐ। ਓਦਣ ਦਾ ਦਿਨ ਰੱਖ ਲਈਏ? ਕੋਮਲ ਦੀ ਇੱਛਾ ਐ ਕਿ ਚੌਦਾਂ ਫਰਵਰੀ ਨੂੰ ਈ ਸ਼ਗਨ ਦੀ ਰਸਮ ਹੋਵੇ। ਬੁੱਧਵਾਰ ਨੂੰ ਚੌਦਾਂ ਤਰੀਕ ਐ।" ਮਨਜੀਤ ਕੌਰ ਖ਼ੁਸ਼ੀ ਵਿਚ ਅਪਣੱਤ ਨਾਲ ਬੋਲੀ।

"ਭੈਣ ਜੀ, ਤੁਸੀਂ, ਸਾਡੇ ਤੇ ਮੁੰਡੇ ਬਾਰੇ ਆਪਣੀ ਸਾਰੀ ਤਸੱਲੀ ਕਰ ਲਈ ਐ। ਠੀਕ ਐ ਨਾ।"

"ਹਾਂ ਜੀ, ਹਾਂ ਜੀ, ਕਰ ਲਈ ਐ ਤਸੱਲੀ...। ਸਭ ਕੁਸ਼ ਠੀਕ ਐ।" ਮਨਜੀਤ ਕੌਰ ਠੰਢੀ ਜਿਹੀ ਬੋਲੀ।

"ਅਸੀਂ ਵੀ ਕੁੜੀ ਬਾਰੇ ਥੋੜ੍ਹੀ ਜਿਹੀ ਤਸੱਲੀ ਕਰਨੀ ਚਾਹੁੰਨੇ ਆਂ। ਮੁੰਡੇ-ਕੁੜੀ ਦੀ ਜ਼ਿੰਦਗੀ ਦਾ ਸਵਾਲ ਐ।" ਕੁਲਬੀਰ ਕੌਰ ਠਰੰਮੇ ਨਾਲ ਬੋਲੀ। ਕਰਮਜੀਤ ਤੇ ਕੁਲਵਿੰਦਰ ਨੇ ਅੱਖਾਂ ਫੈਲਾਅ ਕੇ ਉਹਦੇ ਵੱਲ ਵੇਖਿਆ।

"ਕੋਈ ਨਾ ਭੈਣ ਜੀ, ਤੁਸੀਂ ਜਿੱਦਾਂ ਮਰਜ਼ੀ ਤਸੱਲੀ ਕਰੋ। ਪਾਸਪੋਰਟ ਦੇਖ ਲਓ, ਕੁੜੀ ਨਾਲ ਗੱਲ ਕਰ ਲਓ। ਹੋਰ ਜੋ ਕੁਸ਼ ਪੁੱਛਣਾ ਚਾਹੁੰਦੇ ਓਂ, ਉਹ ਵੀ ਪੁੱਛ ਲਓ?" ਮਨਜੀਤ ਕੌਰ ਮੁਲਾਇਮ ਜਿਹੇ ਸ਼ਬਦਾਂ ਵਿਚ ਬੋਲੀ।

"ਭੈਣ ਜੀ, ਪੁੱਛਣਾ ਤਾਂ ਅਸੀਂ ਕੁਸ਼ ਨੀਂ...। ਸਾਨੂੰ ਸਬੂਤ ਚਾਹੀਦਾ, ਬਸ, ਤੁਸੀਂ ਐਂ ਕਰੋ", ਕੁਲਬੀਰ ਕੌਰ ਨੇ ਥੋੜ੍ਹਾ ਉੱਚੀ ਆਵਾਜ਼ ਵਿਚ ਕਿਹਾ, "ਕਿਸੇ ਸਰਕਾਰੀ ਹਸਪਤਾਲ ਤੋਂ ਕੁੜੀ ਦੇ ਕੁਆਰੇਪਨ ਦੀ ਮੈਡੀਕਲ ਰਿਪੋਰਟ ਲਿਆ ਕੇ ਸਾਨੂੰ ਦਿਖਾਅ ਦਿਓ। ਬਸ...।" ਕੁਲਬੀਰ ਕੌਰ ਨੇ ਗੱਲ ਮੁਕਾਈ, ਅੱਗਿਓਂ ਆਉਂਦੀ ਮਨਜੀਤ ਕੌਰ ਦੀ ਆਵਾਜ਼ ਇਕਦਮ ਬੰਦ ਹੋ ਗਈ।

"ਹੈਲੋ...ਹੈਲੋ..." ਅੱਗਿਓਂ ਕੋਈ ਆਵਾਜ਼ ਨਾ ਆਈ ਤਾਂ ਕੁਲਬੀਰ ਕੌਰ ਬੋਲੀ, "ਸ਼ਾਇਦ ਤੇਰੀ ਭਾਬੀ ਨੇ ਫੋਨ ਕੱਟ ਦਿੱਤਾ।" ਕੁਲਬੀਰ ਦਾ ਮੱਥਾ ਤਣਿਆ ਪਿਆ ਸੀ। ਉਸ ਦੇ ਭਰਵੱਟੇ ਕੰਬ ਰਹੇ ਸਨ।

ਉਸ ਕਰਮਜੀਤ ਵੱਲ ਫੋਨ ਵਧਾਇਆ, ਕਰਮਜੀਤ ਦਾ ਹੱਥ ਫੋਨ ਫੜਦਿਆਂ ਕੰਬ ਰਿਹਾ ਸੀ।

ਕੁਲਵਿੰਦਰ ਦੇ ਚਿਹਰੇ ਦਾ ਰੰਗ ਉੱਡਿਆ ਹੋਇਆ ਸੀ।

ਚੁਫੇਰੇ ਚੁੱਪ ਪਸਰ ਗਈ ਸੀ।000

***(ਪਿੰਡ ਮਾਨਾਂਵਾਲੀ, ਡਾ. ਚਾਚੋਕੀ, ਤਹਿਸੀਲ ਫਗਵਾੜਾ (ਕਪੂਰਥਲਾ)-144 632***

***ਫੋਨ: 88728-54500)***

# ਕਰਮ ਸਿੰਘ ਮਾਨ–ਇਕ ਅਨੂਠੀ ਸ਼ਖ਼ਸੀਅਤ: ਸਾਧੂ ਸਿੰਘ

ਭਾਵੇਂ ਮਾਨ ਸਾਹਿਬ ਦੇ ਬੰਗਿਆਂ ਕੋਲ਼ ਦੇ ਪਿੰਡ ਕਰੀਹਾ ਵਿਚ ਸਾਡੀ ਕਿਸੇ ਦੀ ਦੂਰ–ਨੇੜੇ ਦੀ ਵੀ ਰਿਸ਼ਤੇਦਾਰੀ ਨਹੀਂ ਸੀ, ਫਿਰ ਵੀ ਕਰਮ ਸਿੰਘ ਮਾਨ ਸਾਡੇ ਸਭਨਾਂ ਦੇ ਪਿਆਰੇ–ਸਤਿਕਾਰੇ ਮਾਮਾ ਜੀ ਸਨ। ਇਸ ਰਿਸ਼ਤੇ ਦਾ ਰਾਜ਼ ਸਿਰਫ ਇਹ ਹੀ ਹੈ ਕਿ ਮਾਨ ਸਾਹਿਬ ਦੇ ਪਰਮ ਮਿੱਤਰ ਸਰਦਾਰ ਗੁਰਪਾਲ ਸਿੰਘ ਚੱਠਾ ਸੰਗਰੂਰ ਦੇ ਜਿਸ ਨਾਮੀ–ਗ੍ਰਾਮੀ ਪਰਿਵਾਰ ਵਿਚ ਵਿਆਹੇ ਗਏ ਸਨ ਉਨ੍ਹਾਂ ਦਾ ਗੋਤ ਮਾਨ ਸੀ। ਇਸ ਲਈ ਉਹਨਾਂ ਦੀ ਧਰਮ ਪਤਨੀ ਬੀਬੀ ਗੁਰਦੇਵ ਕੌਰ ਸਹਿਜੇ ਹੀ ਮਾਨ ਸਾਹਿਬ ਦੀ ਭੈਣ ਬਣ ਗਈ ਤੇ ਉਹ ਸਾਰੀ ਉਮਰ ਸਤਿਕਾਰ ਸਹਿਤ ਉਨ੍ਹਾਂ ਨੂੰ ਬੀਬੀ ਜੀ ਕਹਿ ਕੇ ਬੁਲਾਉਂਦੇ ਤੇ ਉਨ੍ਹਾਂ ਨਾਲ ਭਰਾਵਾਂ ਵਾਲਾ ਰਿਸ਼ਤਾ ਹੀ ਨਿਭਾਉਂਦੇ ਰਹੇ ਸਨ।

ਜਲੰਧਰ ਦੀ ਗੁੱਠ ਵਿਚ ਵਸੇ ਪਿੰਡ ਗੜ੍ਹਾ ਦੇ ਕਾਮਰੇਡ ਨੌਨਿਹਾਲ ਸਿੰਘ ਇਸ ਚੱਠਾ ਦੰਪਤੀ ਦੇ ਹੀ ਜੇਠੇ ਪੁੱਤਰ ਤੇ ਮੇਰੇ ਪਰਮ ਮਿੱਤਰ ਸਨ। ਸਿੱਟੇ ਵਜੋਂ ਮਾਨ ਸਾਹਿਬ ਸਿਰਫ ਨੌਨਿਹਾਲ ਹੋਰਾਂ ਦੇ ਹੀ ਨਹੀਂ ਸਗੋਂ ਗੜ੍ਹੇ–ਚੌਗਿੱਟੀ ਦੇ ਸਾਰੇ ਭਾਈਚਾਰੇ ਦੇ ਚੱਠਾ ਪਰਿਵਾਰ ਦੇ ਬੱਚਿਆਂ ਤੇ ਸਾਡੇ ਸਭਨਾਂ ਨਾਲ ਦਿਨਾਂ–ਸੁਦਾਂ ਵੇਲ਼ੇ ਵਡਾਰੂ ਸੰਬੰਧੀਆਂ ਵਾਲਾ ਫਰਜ਼ ਨਿਭਾਉਂਦੇ ਵੀ ਰਹੇ ਸਨ। ਇਨ੍ਹਾਂ ਅੰਗਲ਼ੀਆਂ–ਸੰਗਲ਼ੀਆਂ ਦੀਆਂ ਗੰਢਾਂ ਸੱਚਮੁੱਚ ਹੀ ਏਨੀਆਂ ਪੀਡੀਆਂ ਹਨ ਕਿ ਸਾਡੇ ਬਹੁਤ ਸਾਰੇ ਮਿੱਤਰ–ਪਰਿਵਾਰਾਂ ਦੇ ਭੈਣ–ਭਾਈ ਤੇ ਧੀਆਂ–ਪੁੱਤਰ ਸਾਡੇ ਆਪਣੇ ਭੈਣ–ਭਰਾਵਾਂ ਤੇ ਧੀਆਂ–ਪੁੱਤਰਾਂ ਵਾਂਗ ਹੀ ਪੇਸ਼ ਆਉਂਦੇ ਹਨ। ਇੱਥੋਂ ਤੀਕ ਕਿ ਸਾਡੇ ਕਈ ਵਕਤੋਂ ਪਹਿਲਾਂ ਹੀ ਵਿਛੜ ਗਏ ਦੋਸਤਾਂ ਦੇ ਬੱਚੇ ਹਾਲੇ ਤੀਕ ਸਾਨੂੰ ਆਪਣੇ ਮਾਪਿਆਂ ਵਾਲਾ ਹੀ ਸਤਿਕਾਰ ਦਿੰਦੇ ਆ ਰਹੇ ਹਨ। ਕੁਝ ਇਹੋ ਜੇਹਾ ਹੀ ਅਪਣੱਤ ਤੇ ਹੰਮੇ–ਭਰਿਆ ਸੰਬੰਧ ਸਾਡਾ ਸਭਨਾਂ ਦਾ ਮਾਨ ਸਾਹਿਬ ਨਾਲ ਸੀ / ਹੈ।

ਦਰ ਅਸਲ ਮਾਨ ਸਾਹਿਬ ਦੀ ਤਾਂ ਸ਼ਖਸੀਅਤ ਹੀ ਕੁਝ ਇਹੋ ਜੇਹੀ ਸੀ ਕਿ ਉਨ੍ਹਾਂ ਦੀ ਮੁਹੱਬਤੀ ਸੰਗਤ ਵਿਚ ਰਿਸ਼ਤਿਆਂ ਤੇ ਉਮਰਾਂ ਦੀਆਂ ਸਭ ਸੀਮਾਵਾਂ ਹੀ ਘੁਲ਼ ਮਿਲ਼ ਕੇ ਲੋਪ ਹੋ ਜਾਂਦੀਆਂ ਸਨ। ਕਿਸੇ ਵਿਆਹ ਸ਼ਾਦੀ ਦੇ ਅਵਸਰ 'ਤੇ ਐਵੇਂ ਰਸਮ ਨਿਭਾਉਣ ਦੀ ਖਾਤਰ ਸ਼ੁਰੂ ਵਿਚ, ਉਹ ਆਪਣੇ ਹਾਣੀਆਂ ਵਿਚ ਬੈਠ ਤਾਂ ਜਾਂਦੇ ਸਨ, ਪਰ ਛੇਤੀ ਹੀ ਆ ਕੇ ਇਹ ਕਹਿੰਦੇ ਹੋਏ ਸਾਡੀ ਢਾਣੀ ਵਿਚ ਆ ਰਲ਼ਦੇ ਕਿ 'ਮੈਨੂੰ ਕਿੱਥੇ ਬੁੱਢਿਆਂ ਵਿਚ ਬਿਠਾਲ਼ ਆਏ ਸੀ!' ਮਾਨ ਸਾਹਿਬ ਸੱਚਮੁੱਚ ਹੀ ਸਾਡੀ ਮਿੱਤਰ–ਮੰਡਲ਼ੀ ਦੀਆਂ ਮਹਿਫਲਾਂ ਦਾ ਸ਼ਿੰਗਾਰ ਹੁੰਦੇ ਸਨ – ਖੁਸ਼ਪੋਸ਼, ਖੁਸ਼–ਮਿਜ਼ਾਜ, ਹਰ ਇਕ ਨੂੰ ਆਪਣੀ ਮਹਿਕਾਂ–ਬਿਖੇਰਦੀ ਹਾਜ਼ਰ–ਜਵਾਬੀ ਨਾਲ ਸਰਾਬੋਰ ਕਰਨ ਵਾਲੇ ਮਾਨ ਸਾਹਿਬ ਦੀ ਯਾਦ ਹਾਲੇ ਵੀ ਸਾਡੇ ਮਨਾਂ ਨੂੰ ਤਰੋ–ਤਾਜ਼ਾ ਕਰ ਜਾਂਦੀ ਹੈ।

ਚੜ੍ਹਦੀ ਜੁਆਨੀ ਵੇਲ਼ੇ ਆਪਣੀ ਸਕੂਲੀ ਪੜ੍ਹਾਈ ਦੀ ਸਮਾਪਤੀ ਤੋਂ ਬਾਅਦ ਸਾਡੇ ਬਾਪੂ ਜੀ ਸਰਦਾਰ ਗੁਰਪਾਲ ਸਿੰਘ ਅਤੇ ਕਰਮ ਸਿੰਘ ਮਾਨ ਹੋਰੀਂ ਉਚੇਰੀ ਸਿੱਖਿਆ ਲਈ ਇੰਗਲੈਂਡ ਗਏ ਸਨ। ਬਾਪੂ ਜੀ ਤਾਂ ਜਿਸ 'ਸਾਬਤ–ਸਬੂਤ ਦਸਤਾਰ ਸਿਰੇ ਸਰੂਪ' ਵਿਚ ਇੱਥੋਂ ਗਏ ਸਨ, ਆਪਣੀ ਚਾਰਟਰਡ ਅਕਾਊਂਟੈਂਸੀ ਦੀ ਡਿਗਰੀ ਪ੍ਰਾਪਤ ਕਰ ਕੇ ਉਸੇ ਸਰੂਪ ਵਿਚ ਵਾਪਸ ਪਰਤੇ ਸਨ। ਪਰ ਰਾਂਗਲੀ ਤਬੀਅਤ ਵਾਲੇ ਮਾਨ ਸਾਹਿਬ ਵਲਾਇਤੀ ਰੰਗ ਵਿਚ ਰੰਗੇ ਗਏ ਸਨ ਤੇ 'ਸਾਹਿਬੀ ਸਰੂਪ ਵਿਚ' ਬਾਰ ਐਟ–ਲਾਅ ਦੀ ਪੜ੍ਹਾਈ ਪੂਰੀ ਕਰ ਕੇ ਮੁੜੇ ਸਨ। ਸਰਦਾਰ ਗੁਰਪਾਲ ਸਿੰਘ ਆਪਣੇ ਵੇਲ਼ਿਆਂ ਦੇ ਪਹਿਲੇ ਚਾਰਟਰਡ ਅਕਾਊਂਟੈਂਟ ਸਨ ਤੇ ਏ.ਸੀ.ਸੀ. ਵਿਚ ਕਾਫੀ ਲੰਮਾ ਸਮਾਂ ਏਸੇ ਅਹੁਦੇ 'ਤੇ ਤਾਇਨਾਤ ਰਹਿ ਕੇ ਸੇਵਾ–ਮੁਕਤ ਹੋਏ ਸਨ।

ਮਾਨ ਸਾਹਿਬ ਹੋਰੀਂ ਏਥੇ ਆ ਕੇ ਵਕਾਲਤ ਦੇ ਕੰਮ ਵਿਚ ਪੈਣ ਦੀ ਥਾਂ 'ਕੁਲਵਕਤੀ' ਕਮਿਊਨਿਸਟ ਕਾਰਕੁਨ ਬਣ ਗਏ ਸਨ। ਜਗਜੀਤ ਸਿੰਘ ਆਨੰਦ ਹੋਰੀਂ ਆਪਣੇ ਲਾਹੌਰ ਦੇ

ਸਟੂਡੈਂਟ ਯੂਨੀਅਨ ਦੇ ਦਿਨਾਂ ਨੂੰ ਯਾਦ ਕਰਦਿਆਂ ਦੱਸਿਆ ਸੀ ਕਿ ਮਾਨ ਸਾਹਿਬ ਸਾਦ-ਮੁਰਾਦਾ ਭਾਸ਼ਾ ਵਿਚ ਮਾਰਕਸਵਾਦ ਬਾਰੇ ਲੈਕਚਰ ਕਰਨ ਦੇ ਧਨੀ ਸਨ। ਉਨ੍ਹਾਂ ਨੇ ਦਵੰਦਵਾਦੀ ਪਦਾਰਥਵਾਦ ਬਾਰੇ ਮੂਲ-ਮੁੱਢਲੀ ਜਾਣਕਾਰੀ ਮਾਨ ਸਾਹਿਬ ਦੁਆਰਾ ਲਾਏ ਇਕ ਪਾਰਟੀ ਸਕੂਲ ਵਿਚ ਹੀ ਹਾਸਿਲ ਕੀਤੀ ਸੀ। ਕਰਮ ਸਿੰਘ ਮਾਨ ਹੋਰੀਂ ਸਮਕਾਲੀ ਕਮਿਊਨਿਸਟ ਲਹਿਰ ਦੇ ਉੱਘੇ ਨੇਤਾ ਸਨ। ਮਾਮੀ ਜੀ ਸਵੀਰਾ ਹੋਰੀਂ ਦੱਸਿਆ ਕਰਦੇ ਸਨ ਕਿ ਗੋਰੇ-ਨਿਛੋਹ, ਤਿੱਖੇ ਨੈਣ-ਨਕਸ਼ਾਂ ਤੇ ਨੀਲੀਆਂ ਅੱਖਾਂ ਵਾਲੇ ਦਿਲਕਸ਼ ਨੌਜੁਆਨ ਕਰਮ ਸਿੰਘ ਮਾਨ ਹੋਰਾਂ ਦੀ ਤੂਤੀ ਸਾਰੇ ਲਾਹੌਰ ਵਿਚ ਬੋਲਦੀ ਹੁੰਦੀ ਸੀ ਤੇ ਉਨ੍ਹੀਂ ਦਿਨੀਂ ਲਾਹੌਰ ਦੇ ਕਾਲਿਜਾਂ ਵਿਚ ਪੜ੍ਹਦੀਆਂ ਕਮਿਊਨਿਸਟ ਕੁੜੀਆਂ ਮਾਨ ਸਾਹਿਬ ਦੀਆਂ ਦੀਵਾਨੀਆਂ ਹੁੰਦੀਆਂ ਸਨ। ਤੇ ਇਸੇ ਦੀਵਾਨਗੀ ਦੇ ਆਲਮ ਵਿਚ ਹੀ ਕਸ਼ਮੀਰ ਦੇ ਉੱਚ-ਵਰਗੀ ਬ੍ਰਾਹਮਣ ਪਰਿਵਾਰ ਦੀ ਪੜ੍ਹੀ-ਲਿਖੀ ਸੁਸ਼ੀਲ ਸੁਆਣੀ ਸਵੀਰਾ ਜਾਤ-ਪਾਤ ਦੀਆਂ ਪੱਕੀਆਂ ਪੀਡੀਆਂ ਸੀਮਾਵਾਂ ਦਾ ਉਲੰਘਣ ਕਰ ਕੇ ਮਾਨ ਹੋਰਾਂ ਦੀ ਜੀਵਨ-ਸਾਥਣ ਬਣ ਗਈ ਸੀ।

ਪਾਰਟੀ ਦੇ ਕੁਝ ਅੰਦਰੂਨੀ ਹਾਲਾਤ ਤੇ ਕੁਝ ਵਿਅਕਤੀਗਤ ਕਾਰਨਾਂ ਕਰਕੇ ਕਰਮ ਸਿੰਘ ਮਾਨ ਹੋਰਾਂ ਨੂੰ ਕੁਲਵਕਤੀ ਕਾਰਕੁਨਤਾ ਤਾਂ ਤਿਆਗਣੀ ਪਈ ਸੀ ਪਰ ਉਹ ਆਪਣੇ ਅੰਤਮ ਸੁਆਸਾਂ ਤੀਕ ਪਾਰਟੀ ਦੇ ਵਫਾਦਾਰ ਰਹੇ ਤੇ ਹਰ ਔਖੇ ਸੌਖੇ ਵੇਲ਼ੇ ਆਪਣੇ ਤਕ ਰਸਾਈ ਕਰਨ ਵਾਲੇ ਹਰ ਰੰਗ ਦੇ ਕਮਿਊਨਿਸਟਾਂ ਦੀ ਤਾਂ ਦਿਲ ਖੋਲ੍ਹਕੇ ਮਾਇਕ ਸਹਾਇਤਾ ਕਰਦੇ ਹੀ ਰਹੇ ਸਨ ਪਰ ਸੀ.ਪੀ.ਆਈ. ਦੇ ਆਪਣੇ ਪਸੰਦੀਦਾ ਸਾਥੀਆਂ ਦੀ ਉਨ੍ਹਾਂ ਦੇ ਘਰੀਂ ਖੁਦ ਚੱਲਕੇ ਹਰ ਤਰ੍ਹਾਂ ਧਿਰ ਬਣਦੇ ਰਹੇ ਸਨ। ਗ਼ਦਰੀ ਯੋਧਿਆਂ ਤੋਂ ਲੈ ਕੇ ਹਰ ਤਰ੍ਹਾਂ ਦੇ ਦੇਸ਼ ਭਗਤਾਂ ਲਈ ਮਾਨ ਸਾਹਿਬ ਹੋਰਾਂ ਦੇ ਮਨ ਵਿਚ ਅਥਾਹ ਸ਼ਰਧਾ ਸੀ। ਕਈ ਵਾਰ ਟਿਕੀ ਰਾਤ ਵੇਲ਼ੇ, ਮਿੱਤਰਾਂ ਦੀ ਮਜਲਿਸ ਵਿਚ ਜਦ ਕਦੇ ਜੁਗਿੰਦਰ ਬਾਹਰਲਾ ਆਪਣੀ ਬੁਲੰਦ ਆਵਾਜ਼ ਵਿਚ 'ਸਤਲੁਜ ਨਦੀ' ਨੂੰ ਮੁਖ਼ਾਤਬ ਹੋ ਕੇ ਕਰਤਾਰ ਸਿੰਘ ਸਰਾਭਾ ਤੇ ਉਹਦੇ ਸਾਥੀਆਂ ਦੀ ਵਾਰਤਾ ਛੂੰਹਦਾ, ਤਾਂ ਆਮ ਤੌਰ 'ਤੇ ਹਰ ਮੁਸ਼ਕਿਲ ਦਾ ਪੂਰਨ ਦ੍ਰਿੜਤਾ ਤੇ ਅਡੋਲਤਾ ਨਾਲ ਮੁਕਾਬਲਾ ਕਰਨ ਵਾਲੇ ਕਰਮ ਸਿੰਘ ਮਾਨ ਹੋਰਾਂ ਦੀਆਂ ਅੱਖਾਂ ਅਵੱਸੋਂ ਹੀ ਗੰਗਾ-ਜਮਨਾ ਬਣੀਆਂ ਵਹਿਣਾ ਸ਼ੁਰੂ ਕਰ ਦਿੰਦੀਆਂ ਸਨ।

ਜਦੋਂ ਕੁਝ ਆਰਥਿਕ ਮੁਸ਼ਕਿਲਾਂ ਕਾਰਨ ਭਾਰਤੀ ਕਮਿਊਨਿਸਟ ਪਾਰਟੀ ਲਈ ਰੋਜ਼ਾਨਾ 'ਨਵਾਂ ਜ਼ਮਾਨਾ' ਦੇ ਪ੍ਰਕਾਸ਼ਨ ਨੂੰ ਬਰਕਰਾਰ ਰੱਖਣਾ ਸੰਭਵ ਨਹੀਂ ਸੀ ਰਿਹਾ ਤਾਂ, ਇਸਨੂੰ ਚੱਲਦਾ ਰੱਖਣ ਦੀ ਜ਼ਿੰਮੇਵਾਰੀ ਓਟਣ ਵਾਲੀ 'ਅਰਜਨ ਸਿੰਘ ਗੜਗੱਜ ਫਾਊਂਡੇਸ਼ਨ' ਦੇ ਮੋਢੀ ਪ੍ਰਧਾਨ ਦੀ ਹੈਸੀਅਤ ਵਿਚ ਕਰਮ ਸਿੰਘ ਮਾਨ ਇਸਦੇ ਥੰਮ ਬਣੇ ਰਹੇ ਸਨ। ਮਾਨ ਸਾਹਿਬ ਹੋਰਾਂ, ਬਟਵਾਰੇ ਪਿੱਛੋਂ ਮਾਡਲ ਟਾਊਨ ਜਲੰਧਰ ਨੂੰ ਆਪਣੀ ਰਿਹਾਇਸ਼ਗਾਹ ਬਣਾਇਆ। ਜਦੋਂ ਰੋਜ਼ਗਾਰ ਦੇ ਵਸੀਲੇ ਦਾ ਸੁਆਲ ਸਾਹਮਣੇ ਆਇਆ ਤਾਂ ਉਨ੍ਹਾਂ ਨੇ ਵਲਾਇਤੋਂ ਲਿਆਂਦੀ ਡਿਗਰੀ ਦੀ ਵਰਤੋਂ ਕਰਨ ਦੀ ਥਾਂ ਜੱਦੀ ਪੁਸ਼ਤੀ ਕਿੱਤੇ 'ਉੱਤਮ ਖੇਤੀ' ਨੂੰ ਤਰਜੀਹ ਦਿੱਤੀ।

ਮਾਨ ਸਾਹਿਬ ਦੀ ਜੱਦੀ-ਪੁਸ਼ਤੀ ਜ਼ਮੀਨ ਆਪਣੇ ਪਿੱਤਰੀ ਪਿੰਡ ਕਰੀਹੇ ਵਿਚ ਸੀ। ਉਹ ਮਾਨ ਸਾਹਿਬ ਦੇ ਛੋਟੇ ਭਾਈ ਜਗਤਾਰ ਹੋਰਾਂ ਦੀ ਸਾਂਭ-ਸੰਭਾਲ਼ ਹੇਠ ਸੀ। ਉਨ੍ਹਾਂ ਨੇ ਆਪਣੇ ਭਾਈ ਦੀ ਟਿਕੀ-ਟਿਕਾਈ ਗ੍ਰਹਿਸਥ ਵਿਚ ਕੋਈ ਹਿਲਜੁਲ ਕਰਨ ਦੀ ਥਾਂ, ਆਪਣੇ ਜਿਗਰੀ ਦੋਸਤ ਗੁਰਪਾਲ ਸਿੰਘ ਹੋਰਾਂ ਦੀ ਜ਼ਮੀਨ ਠੇਕੇ 'ਤੇ ਲੈ ਲਈ। ਮਾਨ ਸਾਹਿਬ ਗੜ੍ਹੇ ਵਾਲੀ ਜ਼ਮੀਨ, ਜਿਸ ਉੱਤੇ ਸਾਡੇ ਨੇਤਾ ਜੀ ਬਾਈ ਦੇ ਨਾਂ 'ਤੇ ਹਰਦਿਆਲ ਨਗਰ ਉਸਰਿਆ ਹੋਇਆ ਹੈ, ਉਪਰ ਆਪਣੇ ਹੱਥੀਂ ਵਾਹੀ ਦਾ ਸਾਰਾ ਕੰਮ ਖੁਦ ਕਰਿਆ ਕਰਦੇ ਸਨ। ਸਾਡੇ ਬੇ ਜੀ ਆਪਣੇ ਧਰਮ ਭਰਾ ਦੀ ਉਨ੍ਹਾਂ ਦਿਨਾਂ ਦੀ ਹਾਲਤ ਦਾ ਜ਼ਿਕਰ ਕਰਦੇ ਦੱਸਦੇ ਹੁੰਦੇ ਸਨ ਕਿ ਮਾਨ ਕੋਲ਼ ਸੰਢਿਆਂ ਦੀ ਜੋਗ ਹੁੰਦੀ ਸੀ। ਜਦੋਂ ਪਸੀਨੇ ਨਾਲ ਲੱਥ-ਪੱਥ ਉਨ੍ਹਾਂ ਦਾ ਕੁੜਤਾ ਕੂਹਣੀਆਂ ਤੋਂ ਘਸ ਜਾਂਦਾ ਤਾਂ ਉਹ ਹੋਰ ਕੁੜਤਾ ਲੈਣ ਦੀ ਥਾਂ ਉਸੇ ਨੂੰ ਕੂਹਣੀਆਂ ਤੋਂ ਪਾੜਕੇ ਪਹਿਲਾਂ ਅੱਧੀਆਂ ਬਾਹਾਂ ਵਾਲਾ ਕਰ ਲੈਂਦਾ ਤੇ ਫੇਰ ਵਗਲਾਂ ਤੋਂ ਕੱਟਕੇ ਉਸਨੂੰ ਹੋਰ ਹਵਾਹਾਰ ਬਣਾ ਕੇ ਆਪਣੇ ਵਾਹੀ ਦੇ ਕੰਮਾਂ ਵਿਚ ਲੱਗਾ ਰਹਿੰਦਾ ਸੀ। ਸਾਡੇ ਵਰਗੇ, ਜਿਨ੍ਹਾਂ ਨੇ ਮਾਨ ਸਾਹਿਬ ਨੂੰ ਆਪਣੇ ਪੂਰੇ ਬਣ-ਠਣੇ ਰੂਪ ਵਿਚ ਹੀ ਦੇਖਿਆ ਹੋਇਆ

ਹੈ. ਉਹ ਝੋਟਿਆਂ ਦੀ ਜੋੜੀ ਮਗਰ, ਸਿਖਰ ਦੁਪਹਿਰੇ ਮਿੱਟੀ ਨਾਲ ਮਿੱਟੀ ਹੋਏ ਮਾਨ ਸਾਹਿਬ ਦੀ ਕਲਪਣਾ ਕਰ ਕੇ ਉਨ੍ਹਾਂ ਦੇ ਹੱਠ ਤੇ ਸਿਰੜ ਦਾ ਸਹਿਜੇ ਹੀ ਅਨੁਮਾਨ ਲਗਾ ਸਕਦੇ ਹਨ।

ਮੈਨੂੰ ਮਾਨ ਸਾਹਿਬ ਦੇ ਨਿਕਟ-ਵਰਤੀ ਅਜ਼ੀਜ਼ ਹੋਣ ਦਾ ਸੁਭਾਗ ਚੱਠਾ ਪਰਿਵਾਰ ਨਾਲ ਨਿਕਟਤਾ ਦੀ ਬਦੌਲਤ, ਉਨ੍ਹਾਂ ਦੀ ਜ਼ਿੰਦਗੀ ਦੇ ਉਪਰੋਕਤ ਨਾਲ਼ੋਂ ਮਗਰਲੇ ਦੌਰ ਵਿਚ ਪ੍ਰਾਪਤ ਹੋਇਆ ਸੀ। 1967 ਵਿਚ ਮੈਨੂੰ ਡੀ.ਏ.ਵੀ. ਕਾਲਿਜ ਜਲੰਧਰ ਦੇ ਨਵੇਂ ਖੁਲ੍ਹੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਵਿਚ ਕੰਮ ਮਿਲ ਗਿਆ ਸੀ। ਨੌਨਿਹਾਲ ਦੇ ਸਨੇਹ ਤੇ ਬੇ ਜੀ ਹੋਰਾਂ ਦੇ ਉੱਦਮ ਸਦਕਾ ਉਨ੍ਹਾਂ ਦੇ ਘਰ ਤੋਂ ਰਤਾ ਕੁ ਉਰਾਂਹ ਇਕ ਛੋਟਾ ਜਿਹਾ ਕੱਚਾ-ਪੱਕਾ ਘਰ ਮਿਲ਼ ਗਿਆ। ਉਨ੍ਹਾਂ ਦਿਨਾਂ ਤੋਂ ਲੈ ਕੇ ਅੱਜ ਤੀਕ ਮੈਨੂੰ ਗੜ੍ਹੇ-ਚੌਗਿੱਟੀ ਦੇ ਸਮੁੱਚੇ ਚੱਠਾ ਭਾਈਚਾਰੇ ਨੇ ਆਪਣੇ ਵਿਚਲਾ ਹੀ ਜੀਅ ਸਮਝਕੇ ਅਪਣਾਇਆ ਹੋਇਆ ਹੈ।

ਇਨ੍ਹੀਂ ਦਿਨੀਂ ਮਾਨ ਸਾਹਿਬ ਹੋਰਾਂ ਦਾ ਗੜ੍ਹੇ ਲਗਪਗ ਨਿੱਤ ਦਾ ਹੀ ਆਉਣ ਜਾਣ ਸੀ। ਮਿਲਣ ਦੇ ਮੌਕੇ ਬਣੇ ਹੀ ਰਹਿੰਦੇ ਸਨ। ਆਪਣੇ 'ਉੱਤਮ ਖੇਤੀ' ਦੇ ਹੱਡੀਂ ਹੰਢਾਏ ਅਨੁਭਵ ਦੇ ਆਧਾਰ 'ਤੇ ਕਹਿੰਦੇ ਹੁੰਦੇ ਸਨ ਕਿ ਪੈਸੇ ਹਲ਼ ਵਾਹ ਕੇ ਨਹੀਂ ਬਣਦੇ, ਸਗੋਂ ਸੌਦਿਆਂ 'ਚੋਂ ਬਣਦੇ ਹਨ। ਅਗਲੀ ਗੱਲ ਇਹ ਕਿ ਬੱਸ ਪਹਿਲਾ ਲੱਖ ਬਣਾਉਣਾ ਹੀ ਮੁਸ਼ਕਿਲ ਹੁੰਦਾ ਹੈ, ਮਗਰਲੇ ਲੱਖਾਂ ਨੂੰ ਤਾਂ ਪਹਿਲਾ ਲੱਖ ਹੀ ਗਾਂਹ ਤੋਂ ਗਾਂਹ ਕਮਾਉਂਦਾ ਚਲਿਆ ਜਾਂਦਾ ਹੈ। ਤੇ ਬੜੇ ਹੀ ਜ਼ਹੀਨ ਕਰਮ ਸਿੰਘ ਮਾਨ ਨੂੰ ਸੌਦਿਆਂ ਦੀ ਬੜੀ ਮਹੀਨ ਸਮਝ ਸੀ।

ਇਸ ਦੌਰਾਨ ਉਨ੍ਹਾਂ ਨੇ ਕਈ ਕੰਮ ਕੀਤੇ। ਕੈਰੋਂ ਦੀ ਵਜ਼ਾਰਤ ਵੇਲ਼ੇ ਉਹ ਪੰਜਾਬ ਸਟੇਟ ਬਿਜਲੀ ਬੋਰਡ ਦੇ ਪ੍ਰਬੰਧਕੀ ਮੈਂਬਰ ਰਹੇ। ਇੰਟਰਨੈਸ਼ਨਲ ਟ੍ਰੈਕਟਰਾਂ ਦੀ ਏਜੰਸੀ ਲਈ ਤੇ ਭਾਰਤ ਵਿਚ ਬਿਮਲ ਰਾਏ ਦੀਆਂ ਸਾਰੀਆਂ ਫਿਲਮਾਂ ਦੀ ਡਿਸਟ੍ਰੀਬਿਊਸ਼ਨ ਦਾ ਕੰਮ ਵੀ ਮਾਨ ਸਾਹਿਬ ਹੋਰਾਂ ਕੋਲ਼ ਸੀ। ਮਾਨ ਸਾਹਿਬ ਹੋਰਾਂ ਹਰ ਕੰਮ ਵਿਚੋਂ ਕਾਫੀ ਸੁਥਰੀ ਕਮਾਈ ਕੀਤੀ। ਉਹ ਬਾਕਾਇਦਗੀ ਤੇ ਈਮਾਨਦਾਰੀ ਨਾਲ਼ ਹਰ ਵਰ੍ਹੇ ਪੂਰਾ ਆਮਦਨ-ਕਰ ਭਰਦੇ। ਉਨ੍ਹਾਂ ਕਿਸੇ ਵੀ ਧੰਦੇ ਵਿਚ ਆਪਣੀ ਦੁੱਧ-ਚਿੱਟੀ ਚਾਦਰ 'ਤੇ ਕੋਈ ਨਾਂ-ਮਾਤਰ ਦਾਗ਼ ਵੀ ਨਹੀਂ ਸੀ ਲੱਗਣ ਦਿੱਤਾ।

ਇਨ੍ਹੀਂ ਦਿਨੀਂ ਸਾਡੇ ਮਾਮਾ ਜੀ ਕਰਮ ਸਿੰਘ ਮਾਨ ਪੂਰੀ ਚੜ੍ਹਤ ਵਿਚ ਸਨ। ਘਰ ਵਿਚ ਪੂਰੀ ਲਹਿਰ-ਬਹਿਰ ਸੀ। ਇਸ ਦੌਰ ਵਿਚ ਹੀ ਉਨ੍ਹਾਂ ਆਪਣੀ ਜ਼ਿੰਦਗੀ ਦਾ ਪਹਿਲਾ ਬੜਾ ਸੌਦਾ ਕੀਤਾ। ਨੰਗਲ਼ ਭਾਖੜਾ ਡੈਮ ਦੀ ਉਸਾਰੀ ਮੁਕੰਮਲ ਹੋ ਜਾਣ ਤੋਂ ਬਾਅਦ ਸਤਲੁਜ ਦਰਿਆ ਦੇ ਇਰਦ ਗਿਰਦ ਦੀ ਬਹੁਤ ਸਾਰੀ ਬੇਟ ਦੀ ਜ਼ਮੀਨ ਪਾਣੀ ਦੀ ਮਾਰ ਤੋਂ ਕਾਫੀ ਹੱਦ ਤਕ ਮੁਕਤ ਹੋ ਚੁੱਕੀ ਸੀ। ਜ਼ਮੀਨ ਕੌਡੀਆਂ ਦੇ ਭਾਅ ਵਿਕ ਰਹੀ ਸੀ। ਮਾਨ ਹੋਰੀਂ ਵੀ ਫਿਲੌਰ ਦੇ ਪੁਲ਼ ਤੋਂ ਤਿੰਨ ਕੁ ਕਿਲੋਮੀਟਰ ਦੀ ਵਿੱਥ 'ਤੇ ਸੌ ਏਕੜ ਦੇ ਟੱਕ ਦਾ ਸੌਦਾ ਕਰ ਲਿਆ। ਇਸ ਸੌਦੇ ਵਿਚ ਗੜ੍ਹੇ ਵਾਲੇ ਬੂਟਾ ਸਿੰਘ-ਜਗੀਰ ਸਿੰਘ-ਹਰੀ ਸਿੰਘ ਹੋਰੀਂ ਵੀ ਉਨ੍ਹਾਂ ਦੇ ਭਾਈਵਾਲ਼ ਸਨ। ਪਰ ਜ਼ਮੀਨ ਦੀ ਹਾਲਤ ਤਾਂ ਉਜਾੜ-ਬੀਆਬਾਨ ਵਾਲੀ ਹੀ ਸੀ। ਸੰਘਣੇ ਕੱਖ-ਕਾਣ, ਕਾਹੀ-ਸਰਵਾੜ੍ਹ ਤੇ ਕੰਡਿਆਲ਼ੀਆਂ ਝਾੜੀਆਂ ਹੇਠ ਸਿਲ੍ਹ-ਮਾਰੀ ਜ਼ਮੀਨ। ਇਸਨੂੰ ਵਾਹੀਯੋਗ ਬਣਾਉਣ ਲਈ ਲੰਮੇ ਸਿਰੜ ਤੇ ਸਬਰ ਦੀ ਲੋੜ ਸੀ। ਚੱਠੇ ਭਰਾ ਇਸ ਮੁਸ਼ੱਕਤੀ-ਹਿੱਸੇਦਾਰੀ ਤੋਂ ਸ਼ੁਰੂ ਵਿਚ ਹੀ ਕਿਨਾਰਾ ਕਰ ਗਏ ਤੇ ਮੈਦਾਨ ਵਿਚ ਰਹਿ ਗਿਆ ਸੀ ਇਹਦਾ ਵਾਹਿਦ-ਮਾਲਕ ਕਰਮ ਸਿੰਘ ਮਾਨ।

ਪਰ ਹੁਣ ਵਾਲੇ ਮਾਨ ਦੀ ਹਾਲਤ ਨੰਗੇ-ਧੜ ਸੰਢਿਆਂ ਦੀਆਂ ਪੂਛਾਂ ਮਰੋੜਨ ਵਾਲੇ ਕਿਸਾਨ ਵਾਲੀ ਨਹੀਂ ਸੀ। ਉਨ੍ਹਾਂ ਕੋਲ਼ ਟ੍ਰੈਕਟਰ ਦੀ ਸਹੂਲਤ ਸੀ ਤੇ ਉਨ੍ਹਾਂ ਦੇ ਨਾਲ ਸੀ ਉਨ੍ਹਾਂ ਦਾ ਅੱਤ ਦਰਜੇ ਦਾ ਮਿਹਨਤੀ ਤੇ ਸੂਝਵਾਨ ਚਾਲਕ, ਹੰਸਰਾਜ। ਦੋ ਨਵੇਂ ਟ੍ਰੈਕਟਰ ਇਸ ਧਰਤੀ ਨੂੰ ਕਾਸ਼ਤਯੋਗ ਬਣਾਉਂਦੇ ਬਣਾਉਂਦੇ ਖੰਘਰ ਹੋ ਗਏ ਸਨ। ਪਰ ਉਨ੍ਹਾਂ ਦੀ ਮਿਹਨਤ ਵਰ ਆਈ ਸੀ। ਟਿਊਬਵੈੱਲ ਲੱਗ ਚੁੱਕੇ ਸਨ। ਜ਼ਮੀਨ ਬਣਦੀ ਸਰਦੀ ਫਸਲ ਦੇਣ ਲੱਗ ਪਈ ਸੀ।

ਇਨ੍ਹੀਂ ਦਿਨੀਂ ਹੀ ਮੇਰੇ ਅਧਿਆਪਕੀ ਜੀਵਨ ਦਾ ਸਭ ਤੋਂ ਜ਼ਹੀਨ ਵਿਦਿਆਰਥੀ ਹਰਦੀਸ਼ ਮਾਹਲ, ਹਿੰਦ ਕਮਿਊਨਿਸਟ ਪਾਰਟੀ ਦੇ ਕੁਝ ਨ-ਕਰਨਯੋਗ ਰੁਝਾਨਾਂ ਕਾਰਨ ਭਰ-ਜੁਆਨ ਵਰੇਸ

ਵਾਲੇ ਕਰਮ ਸਿੰਘ ਮਾਨ ਹੋਰਾਂ ਵਾਂਗ ਹੀ, ਪਾਰਟੀ ਦੀ ਕੁਲਵਕਤੀ ਕਾਰਕੁਨਤਾ ਤੋਂ ਉਕਤਾ ਕੇ ਜ਼ਿੰਦਗੀ ਦੇ ਹੋਰ ਰਾਹ ਦੀ ਤਲਾਸ਼ ਵਿਚ ਸੀ। ਪਾ ਲਾ ਕੇ ਉਹਦਾ ਗੁਣਾ ਵੀ 'ਉੱਤਮ ਖੇਤੀ' ਦੀ ਚੋਣ 'ਤੇ ਪਿਆ ਸੀ। ਉਹਨੂੰ ਇੰਗਲੈਂਡ ਵਿਚ ਵਸਦੇ ਆਪਣੇ ਮਿਹਰਬਾਨ ਤੇ ਮੁਹੱਬਤੀ ਮਾਮਾ ਜੀਆਂ ਦਾ ਸਹਿਯੋਗ ਪ੍ਰਾਪਤ ਸੀ। ਗੱਲ ਕੀ ਮਾਨ ਹੋਰਾਂ ਵਾਲੇ ਸੌ ਏਕੜ ਦੇ ਫਾਰਮ ਦਾ ਕੁੱਲ ਪੰਜ ਲੱਖ ਚਾਲ਼ੀ ਹਜ਼ਾਰ ਰੁਪਏ ਵਿਚ ਸੌਦਾ ਹੋ ਗਿਆ ਤੇ ਮਾਨ ਸਾਹਿਬ ਹੋਰੀਂ ਜਲੰਧਰ ਦੀ ਗੁੱਠ ਵਿਚ ਸੂਰਾਨੂਸੀ-ਮਕਸੂਦਾਂ ਦੇ ਵਸੀਮੇ 'ਤੇ ਜੀ.ਟੀ.ਰੋਡ ਤੇ ਰੇਲਵੇ ਲਾਈਨ ਦੇ ਦਰਮਿਆਨ ਜੇਹੇ ਇਕ ਹੋਰ ਜ਼ਮੀਨ ਦਾ ਸੌਦਾ ਕਰ ਕੇ ਉੱਥੇ ਆਪਣੀ ਪਸੰਦ ਦਾ ਫਾਰਮ ਹਾਊਸ ਬਣਾ ਕੇ ਰਹਿਣਾ ਸ਼ੁਰੂ ਕਰ ਦਿੱਤਾ ਸੀ।

ਇਨ੍ਹੀਂ ਦਿਨੀਂ ਮਾਨ ਸਾਹਿਬ ਦਾ ਇਕਲੌਤਾ ਪੁੱਤਰ ਰਾਕੇਸ਼ ਮਾਨ, ਜਿਸਦਾ ਲਾਡਲਾ ਛੋਟਾ ਨਾਂ ਰਿੱਕੀ ਹੈ, ਆਪਣੀ ਦੂਨ ਸਕੂਲ ਦੀ ਪੜ੍ਹਾਈ ਪੂਰੀ ਕਰਨ ਤੋਂ ਮਗਰੋਂ ਆਪਣੀ ਹੀ ਪਸੰਦ ਦੀ ਸਵੈਅਵਿਲੰਬੀ ਜ਼ਿੰਦਗੀ ਬਸਰ ਕਰਨ ਦੇ ਰੌਂ ਵਿਚ ਸੀ। ਰਿੱਕੀ, ਨੌਨਿਹਾਲ ਹੋਰਾਂ ਦੇ ਛੋਟੇ ਭਰਾ ਭੁੱਟੂ (ਜਸਪਾਲ) ਦਾ ਹਮ-ਉਮਰ ਤੇ ਲੰਗੋਟੀਆ ਯਾਰ ਹੈ। ਬਾਈ ਨੌਨਿਹਾਲ ਤੇ ਉਹਦੇ ਹੋਰ ਹਾਣੀ-ਦੋਸਤਾਂ ਦੀ ਢਾਣੀ ਨਾਲੋਂ ਰਿੱਕੀ ਤੇ ਭੁੱਟੂ ਦੀਆਂ ਉਮਰਾਂ ਦਾ ਕਾਫੀ ਫਰਕ ਹੋਣ ਕਾਰਨ ਇਨ੍ਹਾਂ ਦੋਹਾਂ ਨਾਲ ਸਾਰਿਆਂ ਦੀ ਆਪਸੀ ਗੂੜ੍ਹੀ ਸਾਂਝ ਹੋਣ ਦੇ ਬਾਵਜੂਦ ਥੋੜ੍ਹਾ ਬਹੁਤ ਪਰਦਾ ਵੀ ਰਿਹਾ ਹੈ। ਤੇ ਮੈਂ ਵਿਚ-ਵਿਚਾਲ਼ਾ ਹਾਂ--ਹਰ ਮਸਾਲੇ ਪਿਪਲ਼ਾ-ਮੂਲ਼। ਸਾਡਾ ਸਾਰਿਆਂ ਦਾ ਖਾਣ ਪੀਣ ਕਾਫੀ ਹੱਦ ਤਾਈਂ ਗ਼ੈਰ-ਰਸਮੀ ਤੇ ਖੁਲ੍ਹਾ-ਖੁਲਾਸਾ ਜਿਹਾ ਹੈ। ਪਰ ਰਿੱਕੀ, ਭੁੱਟੂ ਤੇ ਮੈਂ ਪੰਜਾਬੀ ਭਾਈਚਾਰੇ ਵਿਚ ਕੁਝ ਵਰਜਿਤ ਵਸਤਾਂ ਦਾ ਵੀ ਸੇਵਨ ਕਰ ਲਿਆ ਕਰਦੇ ਸਾਂ। ਉਂਝ ਤਾਂ ਅਸੀਂ ਸਾਰੇ ਇਕੋ ਕੈਬੀਨਿਟ ਦੇ ਮੈਂਬਰ ਸਾਂ ਪਰ ਸਾਡੀ ਤਿੰਨਾਂ ਤੇ ਨੌਨਿਹਾਲ ਦੇ ਗਵਾਂਢੀ ਹਰੀਪਾਲ ਦੀ ਇਸ ਦੇ ਅੰਤਰਗਤ ਇਕ ਨਿੱਕੀ ਜੇਹੀ ਆਪਣੀ ਕਿਚਨ-ਕੈਬੀਨਿਟ ਵੀ ਹੋਇਆ ਕਰਦੀ ਸੀ।

ਸਾਡੇ ਵੱਡੇ ਤੇ ਛੋਟੇ ਮਾਨ, ਉਸ ਵੇਲ਼ੇ ਆਪੋ ਆਪਣੇ ਪੂਰੇ ਜਲੌਅ ਵਿਚ ਹੋਇਆ ਕਰਦੇ ਸਨ। ਇਕੋ ਜੰਗਲ਼ ਵਿਚ ਰਹਿੰਦੇ ਇਨ੍ਹਾਂ ਦੋ ਸ਼ੇਰਾਂ ਦਾ ਯੁੱਧ ਤਾਂ ਭਾਵੇਂ ਕਦੇ ਨਹੀਂ ਸੀ ਹੋਇਆ ਪਰ ਕਈ ਵਾਰ ਦੋਹਾਂ ਦੀਆਂ ਨਹਿਰੀਆਂ ਹੋ ਗਈਆਂ ਅੱਖਾਂ ਦੀ ਗਹਿਰ ਟਕਰਾਵੀਂ ਸਥਿਤੀ ਦਾ ਖਦਸ਼ਾ ਪੈਦਾ ਕਰ ਦਿਆ ਕਰਦੀ ਸੀ। ਰਿੱਕੀ 'ਬਾਹਰ' ਜਾਣ ਲਈ ਬਜ਼ਿੱਦ ਸੀ ਤੇ ਮਾਨ ਸਾਹਿਬ 'ਬਾਹਰ ਜਾਣ' ਦੇ ਹੀਜ ਪਿਆਜ਼ ਤੋਂ ਭਲੀ ਭਾਂਤ ਜਾਣੂੰ ਹੋਣ ਕਾਰਨ ਇਸਦੇ ਹੱਕ ਵਿਚ ਨਹੀਂ ਸਨ। ਜਿਵੇਂ ਆਮ ਹੋਇਆ ਹੀ ਕਰਦਾ ਹੈ, ਕਿ ਪਿਤਾ ਨੂੰ ਅੰਤ ਵਿਚ ਪੁੱਤ ਦੀ ਹੱਠੀ ਗੱਲ ਮੰਨਣੀ ਹੀ ਪੈਂਦੀ ਹੈ। ਮਾਨ ਸਾਹਿਬ ਹੋਰਾਂ ਉਹਦੀ ਮੂੰਹ-ਮੰਗਵੀਂ ਆਰਥਿਕ ਮਦਦ ਕਰਨ ਦੇ ਨਾਲ ਇਹ ਤਾਕੀਦ ਵੀ ਕਰ ਦਿੱਤੀ ਕਿ ਹੁਣ ਮੈਦਾਨ ਛੱਡਕੇ ਨਾ ਮੁੜੀਂ, ਕੁਝ ਕਰ ਕੇ ਹੀ ਆਈਂ।

ਰਿੱਕੀ ਬਾਹਰ ਚਲਾ ਗਿਆ। ਉਹਨੇ ਵਰ੍ਹਾ-ਖੰਡ ਈਰਾਨ ਦੇ ਹਵਾਈ ਸੈਨਿਕਾਂ ਨੂੰ ਅੰਗਰੇਜ਼ੀ ਪੜ੍ਹਾਈ ਤੇ ਛੇਤੀ ਮਗਰੋਂ ਹੀ ਇਸ ਕੰਮ ਦੇ ਬੰਧੇਜ ਤੋਂ ਉਕਤਾ ਗਿਆ। ਛੋਟੇ ਮਾਨ ਦੀ ਵੱਡੇ ਮਾਨ ਸਾਹਿਬ ਵਾਂਗ ਮੈਦਾਨ ਸਰ ਕਰ ਕੇ ਮੁੜਨ ਜਾਂ ਮੈਦਾਨ-ਇ-ਜੰਗ ਵਿਚ ਹੀ ਸ਼ਹੀਦੀ ਪ੍ਰਾਪਤ ਕਰਨ ਦੀ ਕੋਈ ਮਜਬੂਰੀ ਨਹੀਂ ਸੀ। ਪਿੱਛੇ ਸੁੱਖੀਂ ਵਸਦਾ ਘਰ ਪਰਿਵਾਰ ਸੀ। ਫੌਜਾਂ ਨੇ ਵਾਪਸੀ ਦਾ ਫੈਸਲਾ ਕਰ ਲਿਆ। ਈਰਾਨ ਤੋਂ ਵਾਪਸੀ ਦੇ ਸਫਰ ਦੌਰਾਨ ਹੀ ਰਿੱਕੀ ਦਾ ਕਾਬਲ ਪਹੁੰਚ ਕੇ ਰਾਸ਼ਨ ਮੁੱਕ ਗਿਆ। ਮਾਨ ਹੋਰਾਂ ਨੂੰ 'ਰਸਦ ਪਾਣੀ' ਪੁੱਜਦਾ ਕਰਨ ਦਾ ਹੰਗਾਮੀ ਸੁਨੇਹਾ ਮਿਲ ਗਿਆ।

ਉਨ੍ਹਾਂ ਵੇਲ਼ਿਆਂ ਵਿਚ ਪੁਰਾਣੀ ਜੀ.ਟੀ.ਰੋਡ 'ਤੇ ਕੰਪਨੀ ਬਾਗ਼ ਦੇ ਸਾਹਮਣੇ ਗ੍ਰੀਨ ਹੋਟਲ ਕੋਲ਼ ਇਕ ਖੁਲ੍ਹੇ ਹਾਤੇ ਵਾਲੀ ਬੀਅਰ ਬਾਰ ਹੁੰਦੀ ਸੀ। ਉੱਥੇ ਮਿੱਤਰ-ਮੰਡਲ ਦੇ ਜੁੜ ਬੈਠਣ ਦਾ ਕੋਈ ਨਾ ਕੋਈ ਸਬੱਬ ਬਣਿਆ ਹੀ ਰਹਿੰਦਾ। ਉਸ ਦਿਨ ਮਾਨ ਸਾਹਿਬ ਹੋਰਾਂ ਨਾਲ ਸਬੱਬੀਂ ਮੈਂ ਇਕੱਲਾ ਹੀ ਸਾਂ। ਥੋੜ੍ਹੀ ਦੇਰ ਬਾਅਦ ਜ਼ਰਾ ਤਰਾਰੇ ਵਿਚ ਆ ਕੇ ਮਾਨ ਸਾਹਿਬ ਹੋਰਾਂ ਰਿੱਕੀ ਦੇ 'ਮੰਗ-ਪੱਤਰ' ਦਾ ਖੁਲਾਸਾ ਕੀਤਾ। "ਫੇਰ ਪੈਸੇ ਭੇਜ ਦਿਉ", ਮੈਂ ਸਹਿਜ ਸੁਭਾਵਕ ਹੀ ਕਿਹਾ।

ਪਰ ਮਾਨ ਸਾਹਿਬ ਉਹਨੂੰ ਜ਼ਰਾ ਸਬਕ ਸਿਖਾਉਣ ਲਈ ਬਜ਼ਿੱਦ ਸਨ। ਇਸ ਮਾਮਲੇ ਵਿਚ ਫੁਰਤੀ ਦਿਖਾਉਣ ਨਾਲ ਉਨ੍ਹਾਂ ਨੂੰ ਆਪਣੇ ਪੁੱਤਰ ਦੇ ਕੱਚਾ-ਪਿੱਲਾ ਰਹਿ ਜਾਣ ਦਾ ਡਰ ਸੀ। ਉਹ

ਆਪਣੇ ਭਾਂਡੇ ਨੂੰ ਰਤਾ ਹੋਰ ਆਵੇ ਵਿਚ ਰੱਖਕੇ ਪਕਾਉਣ ਦੀ ਠਾਣੀ ਬੈਠੇ ਸਨ।

"ਨਹੀਂ ਜ਼ਰਾ ਠਹਿਰ ਕੇ। ਤੈਨੂੰ ਪਤਾ ਭਾਂਡੇ ਨੂੰ ਪਕਾ ਕੇ ਘੁਮਿਆਰੀ ਵੀ ਉਹਨੂੰ ਟੁਣਕਾ ਕੇ ਦੇਖਦੀ ਹੈ।"

ਰਿੱਕੀ ਕਾਬਲ ਵਿਚ ਪੈਸੇ ਮੁਕਾਈ ਬੈਠਾ ਸੀ ਤੇ ਇੱਥੇ ਪਿਤਾ ਸ੍ਰੀ ਉਹਨੂੰ ਟੁਣਕਾਅ ਕੇ ਵੇਖਣ ਦੀ ਠਾਣੀ ਬੈਠੇ ਸਨ।

"ਮਾਨ ਸਾਹਿਬ ਘੁਮਿਆਰੀ ਭਾਂਡੇ ਨੂੰ ਟੁਣਕਾਉਣ ਲਈ ਉਂਗਲ਼ੀ ਦਾ ਠੋਲ੍ਹਾ ਮਾਰਦੀ ਹੈ, ਘੜਿਆਲ ਵਜਾਉਣ ਵਾਲਾ ਠੋਲ੍ਹ ਨਹੀਂ। ਜੇ ਪਕਿਆਈ ਪਰਖਦੇ ਪਰਖਦੇ ਭਾਂਡਾ ਹੀ ਤਿੜਕ ਗਿਆ ਤਾਂ ਫੇਰ।" ਮੇਰੀ ਆਵਾਜ਼ ਵਿਚ ਤਲਖੀ ਭਿੱਜੇ ਡਰ ਦਾ ਸੁਰ ਸੀ।

ਪਰ ਮਾਨ ਸਾਹਿਬ ਛੇਤੀ ਹਥਿਆਰ ਸੁੱਟ ਪਾਉਣ ਵਾਲੇ ਨਹੀਂ ਸਨ: "ਤੈਨੂੰ ਪਤਾ ਬਈ ਜੰਮਣ ਸਾਰ ਹੀ ਸਾਰੀਆਂ ਮਾਵਾਂ ਆਪਣੇ ਬੱਚਿਆਂ ਨੂੰ ਹਿੱਕ ਨਾਲ ਲਾਉਂਦੀਆਂ ਹਨ। ਸ਼ੇਰਨੀ ਪਹਿਲਾਂ ਬੱਚੇ ਨੂੰ ਪਰੇ ਰੱਖਦੀ ਹੈ ਤੇ ਥੋੜ੍ਹੀ ਦੇਰ ਠਹਿਰ ਕੇ ਦੁੱਧ ਚੁੰਘਾਉਂਦੀ ਹੈ-ਜ਼ਰਾ ਕੁ ਭੁੱਖਾ ਰੱਖ ਕੇ।"

ਮਾਨ ਸਾਹਿਬ ਹੋਰਾਂ ਦੀ ਦਲੀਲ ਵਿਚ ਪੁਖਤਗੀ ਤਾਂ ਹੋਊ ਪਰ ਮੈਨੂੰ ਤਾਂ ਭੁੱਖੇ ਬੱਚੇ ਦੀ ਚੀਕ ਸੁਣ ਰਹੀ ਸੀ। ਮੈਂ ਕਿਹਾ: "ਆਪਣਾ ਹੱਠ ਪੁਗਾਉਣ ਲਈ ਹੁਣ ਜੰਗਲ਼ੀ ਜਾਨਵਰਾਂ ਰਵੱਈਏ ਦਾ ਆਸਰਾ ਤਾਂ ਨਾ ਲਓ।" ਸ਼ਾਇਦ ਮੇਰੇ ਜਵਾਬ ਵਿਚ ਕੋਈ ਲੁਕਵੀਂ ਜੇਹੀ ਬਦਤਮੀਜ਼ੀ ਵੀ ਸੀ। ਪਰ ਮਾਨ ਸਾਹਿਬ ਨੇ ਮੇਰੀ ਗੱਲ ਦਾ ਬੁਰਾ ਨਹੀਂ ਸੀ ਮਨਾਇਆ। ਉਹ ਥੋੜ੍ਹੀ ਦੇਰ ਚੁੱਪ ਰਹੇ। ਉਨ੍ਹਾਂ ਬੀਅਰ ਦਾ ਬਚਦਾ ਗਲਾਸ ਖਾਲੀ ਕਰ ਕੇ ਵਿਚਾਲ਼ੇ ਪਏ ਮੇਜ਼ 'ਤੇ ਰੱਖਿਆ। ਲੰਮਾ ਸਾਹ ਲੈਣ ਮਗਰੋਂ ਉਹਨਾਂ ਦੇ ਚਿਹਰੇ 'ਤੇ ਮੁਸਕਰਾਹਟ ਫੈਲ ਗਈ। "ਚੰਗਾ ਪੈਸੇ ਭੇਜ ਦਿਆਂਗੇ ਤਾਰ ਮਨੀ ਆਰਡਰ ਰਾਹੀਂ ਕਲ੍ਹ ਨੂੰ।" ਤੇ ਦੋ ਚਾਰ ਦਿਨਾਂ ਬਾਅਦ ਹੀ ਰਿੱਕੀ ਘਰ ਵਾਪਸ ਆ ਗਿਆ।

ਖੇਤੀ ਦੇ ਕੰਮਾਂ ਦੇ ਨਾਲ਼ੋ ਨਾਲ਼, ਮਾਨ ਸਾਹਿਬ ਦੀ ਨਿਗਰਾਨੀ ਹੇਠ, ਜਲੰਧਰ ਸ਼ਹਿਰ ਦੀ ਧੁੰਨੀ ਵਿਚ ਵਸੀ ਤਿੰਨ-ਮੰਜ਼ਿਲਾ ਦੁਕਾਨਾਂ ਵਾਲੀ ਦਿਲਕੁਸ਼ਾ ਮਾਰਕੀਟ ਦੀ ਉਸਾਰੀ ਦਾ ਕੰਮ ਵੀ ਚੱਲ ਰਿਹਾ ਸੀ। ਇਸ ਕੰਮ ਵਿਚ ਉਨ੍ਹਾਂ ਦੇ ਹੋਰ ਵੀ ਸਹਿਯੋਗੀ ਸਨ, ਪਰ ਇਸ ਟੀਮ ਦੀ ਕਪਤਾਨੀ ਮਾਮਾ ਜੀ ਮਾਨ ਹੋਰਾਂ ਕੋਲ਼ ਹੀ ਸੀ। ਉਹ ਆਪਣੇ ਕੰਮ-ਕਾਜੀ ਦਫਤਰ ਵਿਚ ਪੂਰੀ ਬਾਕਾਇਦਗੀ ਨਾਲ ਆਇਆ ਕਰਦੇ ਸਨ। ਦਿਲਕੁਸ਼ਾ ਮਾਰਕੀਟ ਦੀ ਉਸਾਰੀ ਤੇ ਵਿੱਕਰੀ ਦੌਰਾਨ ਮਾਨ ਸਾਹਿਬ ਕੋਲ਼ ਮਹਿੰਦੀ ਰੰਗੀ ਨਵੀਂ ਅੰਬੈਸਡਰ ਕਾਰ ਹੁੰਦੀ ਸੀ। ਪਰ ਉਨ੍ਹਾਂ ਨੇ ਆਮ ਕਾਰ ਵਾਲਿਆਂ ਦੇ ਵਿਪਰੀਤ ਟਾਇਰਾਂ 'ਤੇ ਨਿਰਭਰ ਹੋ ਕੇ ਆਪਣੇ ਪੈਰਾਂ ਨੂੰ ਅੱਝੇ-ਆਰੇ ਤੇ ਨਕਾਰੇ ਨਹੀਂ ਸੀ ਹੋਣ ਦਿੱਤਾ। ਉਨ੍ਹਾਂ ਦਾ ਫੌਜੀ ਡਰਾਈਵਰ ਸਵੇਰੇ ਖਾਲੀ ਕਾਰ ਲਿਆ ਕੇ ਦਫਤਰ ਮੂਹਰੇ ਖੜ੍ਹੀ ਕਰ ਦਿੰਦਾ ਤੇ ਪੈਦਲ ਤੁਰਨ ਦੇ ਸ਼ੌਕੀਨ ਮਾਨ ਸਾਹਿਬ ਤਿੰਨ-ਚਾਰ ਮੀਲ ਦਾ ਪੈਰੀਂ ਪੈਂਡਾ ਕਰ ਕੇ ਦਫਤਰ ਪਹੁੰਚ ਜਾਂਦੇ ਤੇ ਕਾਰ ਦੀ ਵਰਤੋਂ ਕੰਮਾਂ-ਕਾਰਾਂ ਦੀ ਸਥਾਨਕ ਨੱਠ-ਭੱਜ ਵੇਲ਼ੇ ਹੀ ਕਰਦੇ।

ਮਾਨ ਸਾਹਿਬ ਹੋਰਾਂ ਦਾ ਦਿਲਕੁਸ਼ਾ ਮਾਰਕੀਟ ਵਾਲਾ ਦਫਤਰ ਜਲੰਧਰ ਦੇ ਨੇੜੇ ਤੇੜੇ ਤੇ ਕਈ ਵਾਰ ਦੂਰ-ਦੁਰਾਡਿਉਂ ਆਏ ਦੋਸਤਾਂ ਦੀ ਮਿਲਾਪਗਾਹ ਹੁੰਦਾ ਸੀ। ਇੱਥੇ ਚਾਹ ਪਾਣੀ ਦਾ ਸਦਾਵਰਤ ਚਾਲੂ ਹੀ ਰਿਹਾ ਕਰਦਾ ਸੀ।

ਮਾਨ ਸਾਹਿਬ ਹੋਰਾਂ ਸੂਰਾਨੂਸੀ ਵਾਲੀ ਜ਼ਮੀਨ ਲਈ ਤਾਂ ਇਸ ਇਰਾਦੇ ਨਾਲ ਸੀ ਕਿ ਸ਼ਹਿਰ ਤੇ ਜੀ.ਟੀ.ਰੋਡ ਦੇ ਨੇੜੇ ਹੋਣ ਕਾਰਨ ਇਹ ਥਾਂ ਨਿਕਟ-ਭਵਿੱਖ ਵਿਚ ਹੀ ਉਸਾਰੀ ਵਾਲੇ ਪਲਾਟਾਂ ਦੇ ਤੌਰ 'ਤੇ ਵੇਚੀ ਜਾ ਸਕਦੀ ਸੀ। ਪਰ ਸ਼ਹਿਰ ਦੀ ਨਿਕਟਤਾ ਹੀ ਇਸਦੀ ਜਾਨ ਦਾ ਖਉ ਬਣ ਗਈ ਸੀ। ਉਸ ਵਕਤ ਪੰਜਾਬ ਬੁੱਕ ਸੈਂਟਰ 'ਤੇ ਕੰਮ ਕਰਦੇ ਬੜੇ ਮਖੌਲੀਆ ਸੁਭਾਅ ਵਾਲੇ ਉਜਾਗਰ ਸਿੰਘ ਬੀਰ ਕਿਹਾ ਕਰਦੇ ਸੀ ਕਿ ਮਾਨ ਹੋਰਾਂ ਦੀ ਇਸ ਜ਼ਮੀਨ ਦੀ ਹਾਲਤ ਤਾਂ 'ਡਾਇਣ ਕੁੱਛੜ ਮੁੰਡੇ' ਵਾਲੀ ਸੀ, ਪਤਾ ਨਹੀਂ ਸ਼ਹਿਰ ਕਦ ਇਸਨੂੰ ਨਿਗਲ਼ ਜਾਏ। ਇਸ ਜ਼ਮੀਨ ਨੂੰ ਜਨਤਕ ਮਕਸਦ ਵਾਸਤੇ ਹਾਸਿਲ ਕਰਨ ਲਈ ਨਗਰ ਸੁਧਾਰ ਟ੍ਰਸਟ ਜਾਂ ਕਿਸੇ ਹੋਰ ਸੰਸਥਾ ਵੱਲੋਂ ਦੂਜੇ ਚੌਥੇ ਦਿਨ ਕੋਈ ਨਾ ਕੋਈ ਨੋਟਿਸ ਆਇਆ ਹੀ ਰਹਿੰਦਾ ਸੀ। ਮਾਨ ਸਾਹਿਬ ਦੀ ਹਾਲਤ ਸੱਚਮੁੱਚ ਹੀ

ਬੱਕਰੇ ਦੀ ਮਾਂ ਵਾਲੀ ਸੀ ਜਿਸਨੇ ਕਿਸੇ ਨਾ ਕਿਸੇ ਦਿਨ ਝਟਕਾਇਆ ਹੀ ਜਾਣਾ ਹੁੰਦਾ ਹੈ। ਇਸ ਥਾਂ ਨੂੰ ਸਰਕਾਰੀ ਮਾਰ ਤੋਂ ਬਚਾਉਣ ਲਈ ਲਗਪਗ ਸਾਰੇ ਹੀ ਉਪਾਉ ਕੀਤੇ ਜਾ ਚੁੱਕੇ ਸਨ ਤੇ ਹੁਣ ਕੋਈ ਚਾਰਾ ਰਹਿ ਨਹੀਂ ਸੀ ਗਿਆ।

ਮਾਨ ਸਾਹਿਬ ਇਕ ਦਿਨ ਗੜ੍ਹੇ ਆਏ ਤੇ ਹਾਸੇ-ਰਲ਼ੀ ਚਿੰਤਾ ਵਿਚ ਨੌਨਿਹਾਲ ਨੂੰ ਕਹਿ ਬੈਠੇ, "ਯਾਰ ਆਪਣੇ ਪੰਡਿਤ ਨੂੰ ਕਹਿ ਕੇ ਦੇਖਲਾ ਕਿ ਕੋਈ ਰੇਖ ਵਿਚ ਮੇਖ ਮਾਰੇ।" ਪੰਡਿਤ ਤੋਂ ਉਨ੍ਹਾਂ ਦੀ ਮੁਰਾਦ ਡਾ. ਗੁਲਸ਼ਨ ਕੁਮਾਰ ਸ਼ਰਮਾ ਸੀ ਜੋ ਉਨ੍ਹੀਂ ਦਿਨੀਂ ਹਰਿਦੁਆਰ ਦੇ ਸਥਾਨਕ ਕਾਲਿਜ ਦੇ ਪ੍ਰਿੰਸੀਪਲ ਹੋਣ ਤੋਂ ਬਿਨਾਂ 'ਜਯੋਤਿਸ਼ ਸਮਰਾਟ' ਦੇ ਤੌਰ 'ਤੇ ਜਾਣੇ ਜਾਂਦੇ ਸਨ ਤੇ ਜੜ੍ਹੀਆਂ ਬੂਟੀਆਂ ਦੇ ਹਿਕਮਤੀ ਗੁਣਾਂ ਦੇ ਵੀ ਬੜੇ ਗੂੜ੍ਹ ਗਿਆਤਾ ਸਨ। ਸ਼ਰਮਾ ਸਾਹਿਬ ਨੌਨਿਹਾਲ ਦੇ ਹੁਸ਼ਿਆਰਪੁਰ ਦੇ ਗਵਰਨਮੈਂਟ ਕਾਲਿਜ ਵਿਚ ਹਮਜਮਾਤੀ ਹੁੰਦੇ ਸਨ। ਗੜ੍ਹੇ ਉਨ੍ਹਾਂ ਦਾ ਕਾਫੀ ਆਉਣ ਜਾਣ ਸੀ। ਪਰਿਵਾਰ ਤੇ ਦੋਸਤਾਂ ਦੇ ਹਲਕੇ ਵਿਚ, ਖੁਸ਼ ਤਬੀਅਤ ਹੋਣ ਕਾਰਨ ਕਾਫੀ ਲੋਕ ਪ੍ਰਿਯ ਸਨ। ਸ਼ਰਮਾ ਸਾਹਿਬ ਵਾਣਪ੍ਰਸਥ ਆਸ਼੍ਰਮ ਧਾਰਨ ਕਰਨ ਵੇਲ਼ੇ ਸੁਆਮੀ ਅਸ਼ੇਤਾਨੰਦ ਤੇ ਹੁਣ ਸੰਨਿਆਸ ਆਸ਼੍ਰਮ ਵਿਚ ਪ੍ਰਵਿਸ਼ਟ ਹੋਣ ਕਾਰਨ ਸੁਆਮੀ ਅਖੰਡਾਨੰਦ ਦੇ ਨਾਂ ਨਾਲ ਪ੍ਰਸਿੱਧ ਸਨ।

ਨੌਨਿਹਾਲ ਨੇ ਪੰਡਿਤ ਜੀ ਹੋਰਾਂ ਤਕ ਮਾਨ ਸਾਹਿਬ ਦਾ ਸੁਨੇਹਾ ਪੁੱਜਦਾ ਕਰ ਦਿੱਤਾ। ਤੇ ਅੱਗੋਂ ਅੰਨ੍ਹਾ ਕੀ ਭਾਲ਼ੇ ਦੋ ਅੱਖਾਂ? ਪੰਡਿਤ ਹੋਰੀਂ ਅਗਲੇ ਹੀ ਦਿਨ ਲਾਲ ਕਪੜੇ ਵਿਚ ਲਪੇਟਕੇ ਮੌਲੀ ਨਾਲ ਬੰਨ੍ਹ ਸੁਆਰ ਤੇ ਮਣਸ ਕੇ 'ਤੰਤਰ' ਨੌਨਿਹਾਲ ਦੇ ਘਰ ਆਪਣੇ ਕਿਸੇ ਸੇਵਕ ਦੇ ਹੱਥ ਪੁੱਜਦਾ ਕਰ ਦਿੱਤਾ। ਸੇਵਕ ਨੇ ਨੌਨਿਹਾਲ ਨੂੰ ਪੰਡਿਤ ਦਾ ਇਹ ਸੁਨੇਹਾ ਵੀ ਦੇ ਦਿੱਤਾ ਕਿ ਇਹ ਤੰਤਰ ਸ਼ਾਮ ਤੋਂ ਪਹਿਲਾਂ ਉਸ ਥਾਂ ਪਹੁੰਚਾ ਦਿੱਤਾ ਜਾਏ ਜੋ ਵੇਚਣਾ ਹੈ, ਤੇ ਜੇ ਇਹ ਰਾਤ ਨੂੰ ਆਪਣੇ ਘਰ ਰੱਖਿਆ ਤਾਂ ਅਗਲਾ ਦਿਨ ਛਿਪਣ ਤੋਂ ਪਹਿਲਾਂ ਘਰ ਦੀ ਡੁਗਡੁਗੀ ਵੱਜ ਜਾਏਗੀ।

ਨੌਨਿਹਾਲ ਨੇ ਸਕੂਟਰ 'ਤੇ ਕਿੱਕ ਮਾਰੀ, ਸੇਵਕ ਨੂੰ ਆਪਣੇ ਪਿੱਛੇ ਬਿਠਾਇਆ ਤੇ 'ਤੰਤਰ' ਮਾਨ ਸਾਹਿਬ ਦੇ ਘਰ ਪੁੱਜਦਾ ਕਰ ਦਿੱਤਾ। ਸੇਵਕ ਨੇ ਮਾਨ ਸਾਹਿਬ ਨੂੰ ਪੰਡਿਤ ਜੀ ਦੀਆਂ ਹਦਾਇਤਾਂ ਸੁਣਾਉਂਦਿਆਂ ਕਿਹਾ ਕਿ ਜਿਹੜੀ ਜ਼ਮੀਨ ਵੇਚਣੀ ਹੈ, ਉਸ ਵਿਚ ਸਵਾ ਫੁੱਟ ਡੂੰਘਾ ਟੋਆ ਪੁੱਟ ਕੇ ਘਰ ਦਾ ਮਾਲਕ, ਸੂਰਜ ਜਦ ਅੱਧਾ ਲੋਪ ਤੇ ਅੱਧਾ ਦ੍ਰਿਸ਼ਮਾਨ ਹੋਵੇ, ਖੁਦ ਆਪ ਦੱਬਕੇ ਆਵੇ ਤੇ ਉਸ ਥਾਂ ਜਾਂਦੇ ਹੋਏ ਨੂੰ ਅੱਵਲ ਤਾਂ ਕੋਈ ਪਿੱਛਿਉਂ ਵਾਜ ਨਾ ਮਾਰੇ ਤੇ ਗ਼ਲਤੀ ਨਾਲ ਕੋਈ ਹਾਕ ਮਾਰ ਹੀ ਬੈਠੇ ਤਾਂ ਉਹ ਪਿਛਾਂਹ ਮੁੜਕੇ ਨਾ ਦੇਖੇ ਤੇ ਨਾ ਹੀ ਉਸਦੀ ਗੱਲ ਦਾ ਕੋਈ ਹੁੰਗਾਰਾ ਦੇਵੇ, ਸਗੋਂ ਪੂਰਬ ਦਿਸ਼ਾ ਵਿਚ ਆਪਣੇ ਟਿਕਾਣੇ ਵੱਲ ਤੁਰਿਆ ਹੀ ਜਾਵੇ।

ਮਾਨ ਸਾਹਿਬ ਨੂੰ ਖੁਦ ਕਹੀ ਚੁੱਕਿਆਂ ਮੁੱਦਤਾਂ ਹੋ ਗਈਆਂ ਸਨ। ਪਰ ਤੰਤਰ ਨੂੰ ਹਦਾਇਤਾਂ ਅਨੁਸਾਰ ਦਬਾਉਣ ਦਾ ਸਵਾਲ ਸੀ। ਉਨ੍ਹਾਂ ਕਹੀ ਮੋਢੇ 'ਤੇ ਰੱਖੀ, ਕਾਹਲ਼ੇ ਕਾਹਲ਼ੇ ਕਦਮੀਂ, ਤੰਤਰ ਹੱਥ ਵਿਚ ਸੰਭਾਲ਼ ਪੂਰਬ ਦਿਸ਼ਾ ਵਾਲੇ ਖੇਤ ਵੱਲ ਤੁਰ ਪਏ। ਵਿਚੋਂ ਡਰਨ ਕਿ ਹੰਸਰਾਜ ਨਾ ਪਿੱਛਿਉਂ ਹਾਕ ਮਾਰ ਦੇਵੇ। ਉਹਨੇ ਤਾਂ ਮਾਲਕ ਦੇ ਹੱਥੋਂ ਕਹੀ ਖੋਹਣ ਤਕ ਜਾਣਾ ਸੀ। ਉਹਦੇ ਜਿਉਂਦੇ ਜੀਅ ਮਾਨ ਸਾਹਿਬ ਕਹੀ ਨਾਲ ਖੁਦ ਕੋਈ ਕੰਮ ਕਰਨ, ਹੰਸਰਾਜ ਨੇ ਇੰਝ ਤਾਂ ਕਤਈ ਨਹੀਂ ਸੀ ਹੋਣ ਦੇਣਾ।ਬਾਜਰੇ ਦੇ ਖੇਤ ਦੇ ਗੱਭੇ ਜਾ ਕੇ ਮਾਨ ਸਾਹਿਬ ਹੋਰੀਂ ਸਵਾ ਫੁੱਟ ਡੂੰਘਾ ਟੋਆ ਪੱਟਿਆ ਤੇ ਤੰਤਰ ਦੱਬਕੇ ਸੁਰਖਰੂ ਹੋ ਗਏ। ਟਿਊਬਵੈੱਲ ਵੱਲ ਵਾਪਸ ਮੁੜਦਿਆਂ ਹੰਸਰਾਜ ਨੇ ਮਾਲਕ ਨੂੰ ਮੋਢੇ 'ਤੇ ਕਹੀ ਰੱਖੀ ਦੇਖਿਆ ਤਾਂ ਉਹ ਭੱਜਕੇ ਉਨ੍ਹਾਂ ਕੋਲ਼ ਆਇਆ, "ਸਾਹਿਬ ਮੈਨੂੰ ਦੱਸ ਦਿੰਦੇ।"

"ਓਹ ਬਈ ਕੁਝ ਕੰਮ ਆਪ ਪਰਦੇ ਨਾਲ ਵੀ ਕਰਨ ਵਾਲੇ ਹੁੰਦੇ ਨੇ। ਤੂੰ ਜਾ ਕੇ ਚਾਹ ਪਾਣੀ ਪੀ....।"

ਅੱਗੋਂ ਚਮਤਕਾਰ ਇਹ ਹੋਇਆ ਕਿ ਵਿਧੀਵਤ ਢੰਗ ਨਾਲ ਦੱਬਿਆ 'ਤੰਤਰ' ਤਾਂ ਕੁਝ ਦਿਨਾਂ ਵਿਚ ਹੀ ਆਪਣਾ ਰੰਗ ਦਿਖਾ ਗਿਆ। ਡੀ.ਏ.ਵੀ ਕਾਲਿਜ ਦੇ ਅਧਿਆਪਕ ਹੁਣ ਵਾਲੇ ਟੈਗੋਰ ਨਗਰ ਦੇ ਨਾਲ਼ ਹੀ ਇਕ ਸਹਿਕਾਰੀ ਕਾਲੋਨੀ ਬਣਾਉਣ ਲਈ ਲੰਮੇਂ ਸਮੇਂ ਤੋਂ ਯਤਨਸ਼ੀਲ ਸਨ। ਉਨ੍ਹਾਂ ਦੀ

ਕਾਲੋਨੀ ਨੂੰ ਮਨਜ਼ੂਰੀ ਮਿਲ ਗਈ ਤੇ ਉਹ ਮਾਨ ਸਾਹਿਬ ਦੀ ਜ਼ਮੀਨ ਦਾ ਬਿਆਨਾ ਦੇ ਗਏ। ਸੌਦਾ ਸਿਰੇ ਚੜ੍ਹ ਗਿਆ ਤੇ ਮਾਨ ਸਾਹਿਬ ਹੋਰੀਂ ਹੁਸ਼ਿਆਰਪੁਰ ਦੇ ਕਿਸੇ ਪਿੰਡ ਫਾਰਮ ਖਰੀਦ ਲਿਆ।

ਇਸ ਵਾਰਤਾ ਨੂੰ ਟਾਲ਼ਿਆ ਤਾਂ ਇਕ ਸਬੱਬੀ ਢੋਅ-ਮੇਲ ਕਹਿ ਕੇ ਵੀ ਜਾ ਸਕਦਾ ਸੀ। ਪਰ ਮਾਨ ਸਾਹਿਬ ਉਸ ਜੱਟ ਵਰਗੇ ਮਚਲੇ ਤਾਂ ਨਹੀਂ ਸਨ ਜੋ ਆਪਣੀ ਸੁੱਖ ਪੂਰੀ ਹੋਣ 'ਤੇ ਠਾਕਰਾਂ ਨੂੰ ਠੁੱਠ ਵਿਖਾ ਗਿਆ ਸੀ। ਬਚਨਾਂ ਦੇ ਪੂਰੇ ਮਾਨ ਸਾਹਿਬ ਹੋਰਾਂ ਸਾਡੇ ਹੱਥ ਪੰਡਿਤ ਜੀ ਨੂੰ ਉਨ੍ਹਾਂ ਦੀ 'ਦਕਸ਼ਣਾ' ਪੁੱਜਦੀ ਕਰ ਦਿੱਤੀ ਤੇ ਪੰਡਿਤ ਜੀ ਜਿਸ ਸੰਦੀਪਨ ਸਦਨ ਵਿਚ ਬਿਰਾਜਮਾਨ ਸਨ, ਉਸਦੇ ਸੌਦੇ ਲਈ ਘਟਦੀ ਰਕਮ ਪੂਰੀ ਹੋ ਜਾਣ ਨਾਲ ਉਹਦੀ ਰਜਿਸਟਰੀ ਆਪਣੇ ਨਾਂ ਕਰਵਾ ਲਈ ਸੀ। ਇੰਝ ਸਾਨੂੰ ਕਈ ਮਹਿਫਲਾਂ ਵਿਚ ਹਾਸਿਆਂ ਦੀ ਫੁੱਲਝੜੀ ਚਲਾਉਣ ਲਈ ਮਾਨ ਸਾਹਿਬ ਨੂੰ ਮਾਸੂਮ ਜੇਹੇ ਅੰਦਾਜ਼ ਵਿਚ ਠਿੱਠ ਕਰਨ ਦਾ ਦਿਲਚਸਪ ਮਸਾਲਾ ਮਿਲ ਗਿਆ ਸੀ।

ਇਸ ਵੇਲ਼ੇ ਤਕ ਰਿੱਕੀ ਦੀ ਅਵਾਰਾਗਰਦੀ ਨੂੰ ਠਲ੍ਹ ਪਾਉਣ ਲਈ ਉਸਦਾ ਵਿਆਹ ਰਚਾ ਦਿੱਤਾ ਗਿਆ ਸੀ। ਉਹ ਸਾਡੇ ਸਭਨਾਂ ਦੇ ਗੂੜ੍ਹੇ ਦੋਸਤ ਗੁਰਬਚਨ ਜਗਤ ਦਾ ਸਾਂਢੂ ਤੇ ਉਪਰੋਥਲੀ ਜਨਮੀਆਂ ਦੋਂਹ ਬੇਟੀਆਂ ਦਾ ਬਾਪ ਬਣ ਚੁੱਕਾ ਸੀ। ਕਿਸੇ ਚੱਜ-ਹਾਲ ਦੇ ਕੰਮ-ਕਾਰ ਵਿਚ ਉਸਦੇ ਪੈਰ ਜੰਮ ਨਹੀਂ ਸਨ ਰਹੇ। ਉਹ ਮਦਰਾਸ ਵਿਚ ਦਰਾਮਦ ਕਰਨ ਲਈ ਚਮੜੇ ਦੀਆਂ ਵਸਤਾਂ ਬਣਾਉਣ ਦੀ ਫੈਕਟਰੀ ਲਾਉਣ ਦੀ ਵਿਸਤ੍ਰਿਤ ਸਕੀਮ ਤਿਆਰ ਕਰ ਚੁੱਕਾ ਸੀ। ਮਾਨ ਸਾਹਿਬ ਸਮੇਤ ਸਭ ਦੀ ਇਹੀ ਸਾਂਝੀ ਰਾਇ ਸੀ ਕਿ ਚਲੋ ਊਠ ਕਿਸੇ ਕੜੇ ਤਾਂ ਬੈਠੇ।

ਪਿਤਾ ਨੇ ਫੈਕਟਰੀ ਦੀ ਸਥਾਪਤੀ ਲਈ ਲੋੜੀਂਦੇ ਆਰਥਿਕ ਵਸੀਲੇ ਤਾਂ ਮੁਹਈਆ ਕਰ ਦਿੱਤੇ ਪਰ ਰਿੱਕੀ ਤੇ ਉਹਦੀ ਉੱਚ-ਸਿੱਖਿਆ ਪ੍ਰਾਪਤ ਪਤਨੀ ਰਮਨ ਨੂੰ ਮਦਰਾਸ ਵੀ ਰਾਸ ਨਾ ਆਇਆ। ਸਫਲਤਾ ਇਕ ਵਾਰ ਫੇਰ ਉਨ੍ਹਾਂ ਨੂੰ ਝਕਾਨੀ ਦੇ ਗਈ। ਹੱਥ ਉਹੀ ਪੁਰਾਣੇ ਖੌਂਸੜੇ ਤੇ ਬਸੰਤੇ ਹੋਰੀਂ ਵਾਪਸ ਪੰਜਾਬ ਪਰਤ ਆਏ। ਦੂਜੀ ਤੀਜੀ ਵਾਰ ਹਾਰ ਕੇ ਮੁੜੇ ਬਾਲ-ਬੱਚੜਦਾਰ ਰਿੱਕੀ ਦਾ ਮਾਂ-ਬਾਪ ਦੇ ਮੱਥੇ ਲੱਗਣ ਨੂੰ ਹਿਆਂ ਨਹੀਂ ਸੀ ਪੈ ਰਿਹਾ। ਉਹਨੇ ਟੱਬਰ ਸਮੇਤ ਜਗਤ ਹੋਰਾਂ ਕੋਲ਼ ਚੰਡੀਗੜ੍ਹ ਆਣ ਡੇਰੇ ਜਮਾਏ।

ਇਕ ਦਿਨ ਦਫਤਰ ਬੈਠਾ ਕੁਝ ਕਾਗ਼ਜ਼ਾਂ ਦੀ ਫਰੋਲ਼ਾ- ਫਰਾਲ਼ੀ ਕਰ ਰਿਹਾ ਸਾਂ ਕਿ ਅਚਾਨਕ ਫੀਤੀਦਾਰ ਪੁਲਸ ਵਰਦੀ ਵਿਚ ਮਬਲੂਸ ਕੁੰਢੀਆਂ ਮੁੱਛਾਂ ਵਾਲੇ ਇਕ ਸਰਦਾਰ ਜੀ ਆ ਨਮੂਦਾਰ ਹੋਏ: "ਜੀ ਸਾਧੂ ਸਿੰਘ ਆਪਦਾ ਹੀ ਨਾਂ ਹੈ?"

"ਹਾਂ", ਮੈਂ ਰਤਾ ਕੁ ਘਬਰਾਹਟ ਜਿਹੀ ਨਾਲ ਉੱਤਰ ਦਿੱਤਾ।

"ਤੁਹਾਨੂੰ ਸਾਹਿਬ ਹੋਰਾਂ ਯਾਦ ਕੀਤਾ ਹੈ।"

"ਕਿਹੜੇ ਸਾਹਿਬ ਹੋਰਾਂ? ਕਿਉਂ?" ਮੇਰੇ ਪਿੜ-ਪੱਲੇ ਕੁਝ ਨਹੀਂ ਸੀ ਪੈ ਰਿਹਾ।

" ਜੀ ਜਗਤ ਸਾਹਿਬ ਹੋਰਾਂ" ਤੇ ਉਸਨੇ ਉਨ੍ਹਾਂ ਦੇ ਨਾਂ-ਪਤੇ ਵਾਲੀ ਸਲਿੱਪ ਮੇਰੇ ਸਾਹਮਣੇ ਰੱਖ ਦਿੱਤੀ, "ਉਨ੍ਹਾਂ ਸਾਡੇ ਦਫਤਰ ਵਿਚ ਵਾਇਰਲੈੱਸ ਰਾਹੀਂ ਮੈਸਿਜ ਭੇਜਿਆ ਹੈ।"

ਜਗਤ ਸਾਹਿਬ ਹੋਰਾਂ ਦਾ ਨਾਂ ਸੁਣਕੇ ਮੈਨੂੰ ਕੁਝ ਸੁਖ ਦਾ ਸਾਹ ਆਇਆ। ਜਗਤ ਹੋਰੀਂ ਤਾਂ ਬਾਰਸੂਖ ਪੁਲ਼ਸ ਅਫਸਰ ਹੋਣ ਨਾਤੇ ਸਾਡੇ ਸਾਰਿਆਂ ਦੀਆਂ ਫਸੀਆਂ ਛੁਡਾਉਣ ਵਾਲੇ ਸਨ। ਉਨ੍ਹਾਂ ਨੂੰ ਮੇਰੇ ਤਾਈਂ ਕਿਹੜਾ ਹੰਗਾਮੀ ਕੰਮ ਆਣ ਪਿਆ ਸੀ। ਮੈਨੂੰ ਕੁਝ ਸਮਝ ਨਹੀਂ ਸੀ ਆ ਰਿਹਾ। ਖ਼ੈਰ! ਮੈਂ ਘਰ ਸੁਨੇਹਾ ਪੁੱਜਦਾ ਕਰ ਦਿੱਤਾ ਕਿ ਮੈਨੂੰ ਕਿਸੇ ਅਚਾਨਕ ਕੰਮ ਕਾਰਨ ਚੰਡੀਗੜ੍ਹ ਜਾਣਾ ਪੈ ਗਿਆ ਸੀ- ਸ਼ਾਇਦ ਅੱਜ ਰਾਤ ਘਰ ਨਾ ਮੁੜ ਸਕਾਂ।

ਚੰਡੀਗੜ੍ਹ ਵਾਲੀ ਬੱਸ ਫੜੀ ਤੇ ਉਨ੍ਹਾਂ ਦੇ ਪੈਂਤੀ ਸੈਕਟਰ ਵਾਲੇ ਸਿਰਨਾਵੇਂ 'ਤੇ ਪੁੱਜਾ। ਉਹ ਦੁਪਹਿਰ ਦਾ ਖਾਣਾ ਖਾਣ ਆਏ ਘਰ ਹੀ ਮਿਲ ਪਏ। ਉਨ੍ਹਾਂ ਦੱਸਿਆ ਕਿ ਕੁਝ ਦਿਨਾਂ ਤੋਂ ਰਿੱਕੀ ਪਰਿਵਾਰ ਸਮੇਤ ਉਨ੍ਹਾਂ ਦੇ ਘਰ ਆ ਕੇ ਠਹਿਰਿਆ ਹੋਇਆ ਹੈ। ਆਪਣੇ ਘਰ ਵਾਪਸ ਜਾਣ ਦਾ ਹੀਆ ਨਹੀਂ ਕਰ ਰਿਹਾ। ਜਗਤ ਸਾਹਿਬ ਡੀ.ਆਈ.ਜੀ. ਬਣਕੇ ਥੋੜ੍ਹਾ ਸਮਾਂ ਪਹਿਲਾਂ ਹੀ ਚੰਡੀਗੜ੍ਹ ਆਏ ਸਨ। ਉਨ੍ਹਾਂ ਨੂੰ ਹਾਲੇ ਸਰਕਾਰੀ ਮਕਾਨ ਅਲਾਟ ਨਹੀਂ ਸੀ ਹੋਇਆ। ਫਿਲਹਾਲ ਕਿਰਾਏ ਦੇ

ਮਕਾਨ ਵਿਚ ਰਹਿ ਰਹੇ ਸਨ। ਮਕਾਨ ਵਿਚ ਤਿੰਨ ਕਮਰੇ ਸਨ। ਇਕ ਵਿਚ ਰਿੱਕੀ ਤੇ ਉਹਦੀ ਪਤਨੀ, ਦੂਜੇ ਵਿਚ ਜਗਤ ਦੰਪਤੀ ਅਤੇ ਤੀਜੇ ਵਿਚ ਦੋਹਾਂ ਦੇ ਬੱਚੇ। ਘਰ ਵਿਚ ਕੋਈ ਹੋਰ ਮਹਿਮਾਨ ਆ ਜਾਏ ਤਾਂ ਉਹਦੇ ਟਿਕਾਣੇ ਲਈ ਕੋਈ ਥਾਂ ਨਹੀਂ ਸੀ। ਉਹ ਚਾਹੁੰਦੇ ਸਨ ਕਿ ਜਿਵੇਂ ਕਿਵੇਂ ਵੀ ਰਿੱਕੀ ਹੋਰਾਂ ਨੂੰ ਉਨ੍ਹਾਂ ਦੇ ਜਲੰਧਰ ਵਾਲੇ ਫਾਰਮ ਹਾਊਸ ਪੁੱਜਦਾ ਕੀਤਾ ਜਾਵੇ।

ਉਨ੍ਹੀਂ ਪੈਰੀਂ ਮੈਂ ਗੜ੍ਹੇ ਪੁੱਜਕੇ ਨੌਨਿਹਾਲ ਹੋਰਾਂ ਨੂੰ ਜਗਤ ਹੋਰਾਂ ਦਾ ਪੈਗ਼ਾਮ ਪੁੱਜਦਾ ਕਰ ਦਿੱਤਾ। ਸਬੱਬੀਂ ਬਸੋਮੀ ਤੇ ਬੀਰ ਕਲਾਂ ਵਾਲੇ ਮਹਿੰਦਰ ਬਾਈ ਜੀ ਹੋਰੀਂ ਵੀ ਆਏ ਹੋਏ ਸਨ। ਜਗਤ ਹੋਰਾਂ ਨੂੰ ਉਦੋਂ ਹੀ ਫੋਨ ਕਰਕੇ ਗੜ੍ਹੇ ਪੁੱਜਣ ਦੀ ਤਾਕੀਦ ਕਰ ਦਿੱਤੀ ਤੇ ਅਗਲੇ ਦਿਨ ਲੌਢੇ ਪਹਿਰ ਸਾਡੀ ਪੰਜਾਂ ਦੀ ਪੰਚਾਇਤ ਮਾਨ ਸਾਹਿਬ ਹੋਰਾਂ ਸਾਹਮਣੇ ਜਾ ਹਾਜ਼ਿਰ ਹੋਈ। ਸੱਚੀ ਗੱਲ ਤਾਂ ਇਹ ਹੈ ਕਿ ਜੇ ਰਿੱਕੀ ਵੀ ਬਾਲ-ਬੱਚੇ ਸਮੇਤ ਘਰ ਪਹੁੰਚ ਜਾਂਦਾ ਤਾ ਮਾਨ ਸਾਹਿਬ ਕਿਹੜਾ ਉਹਨੂੰ ਮਨ੍ਹਾ ਕਰਨ ਵਾਲੇ ਸਨ। ਸਾਡੇ ਸਾਰਿਆਂ ਨਾਲ ਵੀ ਉਨ੍ਹਾਂ ਦਾ ਏਨਾ ਸਨੇਹ ਸੀ ਕਿ ਉਨ੍ਹਾਂ ਸਾਡੇ ਵਿਚੋਂ ਹਰ ਕੱਲੇ-ਦੁਕੱਲੇ ਦੀ ਗੱਲ ਵੀ ਮੋੜਨੀ ਨਹੀਂ ਸੀ। ਤੇ ਹੁਣ ਤਾਂ ਏਨੇ ਮੁਹੱਬਤੀ ਮਿਹਰਬਾਨਾਂ ਦੀ ਪੰਚਾਇਤ ਪਧਾਰੀ ਹੋਈ ਸੀ। ਮਾਨ ਸਾਹਿਬ ਖਿੜੇ ਮੱਥੇ ਹੱਸਦਿਆਂ ਹੱਸਦਿਆਂ ਸਾਡੀ ਬੇਨਤੀ ਪ੍ਰਵਾਨ ਕਰ ਲਈ। ਦੇਰ ਰਾਤ ਤਕ ਮਾਨ ਸਾਹਿਬ ਦੇ ਘਰ ਰੌਣਕ ਵਾਲਾ ਮਾਹੌਲ ਬਣਿਆ ਰਿਹਾ।

ਕੁਝ ਦਿਨਾਂ ਬਾਅਦ ਹੀ ਸਾਰਾ ਮਾਨ ਪਰਿਵਾਰ ਖੁਸ਼ੀ ਖੁਸ਼ੀ ਇਕੋ ਛੱਤ ਹੇਠ ਰਹਿਣ ਲੱਗ ਪਿਆ। ਮਗਰੋਂ ਹਾਸੇ ਹਾਸੇ ਵਿਚ ਹੀ ਮਾਨ ਸਾਹਿਬ ਆਪਣੀ ਨੂੰਹ ਦੇ ਪੇਕਿਆਂ ਦੇ ਤੇ ਆਪਣੇ ਪਰਿਵਾਰ ਬਾਰੇ ਕਿਹਾ ਕਰਦੇ ਸਨ ਕਿ ਸਾਡੇ ਦੋਹਾਂ ਦੇ ਘਰਾਂ ਵਿਚ ਦੋ ਖੋਟੇ ਸਿੱਕੇ ਸਨ; ਇਕ ਉਨ੍ਹਾਂ ਕੋਲ਼ ਤੇ ਇਕ ਸਾਡੇ ਕੋਲ਼। ਨੇੜੇ ਨੇੜੇ ਵਿਚ ਅਸੀਂ ਆਪਣਾ ਖੋਟਾ ਸਿੱਕਾ ਚਲਾ ਦਿੱਤਾ ਤੇ ਉਨ੍ਹੀਂ ਆਪਣਾ। ਉਨ੍ਹਾਂ ਕੋਲ ਇਕ ਵੀ ਨਾ ਰਿਹਾ ਤੇ ਸਾਡੇ ਘਰ ਦੋ ਹੋ ਗਏ।

ਅਗਲੇ ਕੁਝ ਵਰ੍ਹੇ ਪੰਜਾਬ ਵਿਚ ਦਹਿਸ਼ਤਗਰਦੀ ਦੀ ਕੁਝ ਅਜਿਹੀ ਹਨੇਰੀ ਝੁੱਲੀ ਕਿ ਸਭ ਕੁਝ ਦਰੂਮ ਬਰੂਮ ਹੋ ਗਿਆ। ਮੈਨੂੰ ਮਜਬੂਰੀ ਵਿਚ ਹੀ ਕਨੇਡਾ ਆਉਣਾ ਪਿਆ।

ਕਈ ਸਾਲਾ ਦੀ ਖੱਜਲ਼-ਖੁਆਰੀ ਤੋਂ ਬਾਅਦ ਮੈਂ ਵਾਪਸ ਪੰਜਾਬ ਗਿਆ। ਸਭ ਦੋਸਤਾਂ ਨੂੰ ਮਿਲਿਆ। ਮਾਨ ਸਾਹਿਬ ਤਦੋਂ ਤੀਕ ਸਾਡੇ ਵਿਚਕਾਰ ਨਹੀਂ ਸਨ ਰਹੇ। ਆਪਣੇ ਅੰਤਲੇ ਦਿਨਾਂ ਵਿਚ ਉਹ ਆਪਣੀ ਯਾਦਦਾਸ਼ਤ ਖੋਹ ਚੁੱਕੇ ਸਨ। ਸਦਾ ਸਾਫ-ਸੁਥਰੇ ਤੇ ਸਜ ਧਜ ਨਾਲ ਰਹਿਣ ਵਾਲੇ ਸਾਡੇ ਮਾਮਾ ਜੀ ਮਾਨ ਹੋਰਾਂ ਨੂੰ ਨ੍ਹਾਉਣ-ਧੋਣ ਦੀ ਵੀ ਸੁਧ-ਬੁਧ ਨਹੀਂ ਸੀ ਰਹੀ। ਉਨ੍ਹਾਂ ਨੂੰ ਨਹਾਉਣ ਲਈ ਕਿਹਾ ਜਾਂਦਾ ਤਾਂ ਉਹ ਆਖ ਦਿੰਦੇ 'ਨ੍ਹਾ ਤਾਂ ਮੈਂ ਆਪਣੇ ਪਿੰਡ ਵਾਲੀ ਨਹਿਰ ਵਿਚ ਤੜਕੇ ਹੀ ਆਇਆ ਸਾਂ। ਉਨ੍ਹਾਂ ਦੀ ਸੁਰਤੀ ਦੂਰ ਪਿੱਛੇ ਰਹਿ ਗਏ ਆਪਣੇ ਬਚਪਨ ਵਿਚ ਪਰਤ ਗਈ ਸੀ। ਸਭ ਕੁਝ ਸੁਣਿਆ, ਮਨ ਮਸੋਸ ਕੇ ਰਹਿ ਗਿਆ। ਨੌਨਿਹਾਲ ਤੋਂ ਰਿੱਕੀ ਦਾ ਅਤਾ-ਪਤਾ ਪੁੱਛਿਆ। ਉਹਨੂੰ ਮਿਲਕੇ ਮਨ ਅਤੀ ਪ੍ਰਸੰਨ ਹੋਇਆ।

ਅੱਜ ਕੱਲ ਰਿੱਕੀ ਮਨੀ ਮਾਜਰੇ ਇਕ ਖੁਲ੍ਹੇ-ਡੁਲ੍ਹੇ ਸ਼ਾਨਦਾਰ ਘਰ ਵਿਚ ਰਹਿ ਰਿਹਾ ਹੈ। ਕੁਰਾਲ਼ੀ ਦੇ ਲਾਗੇ ਉਸ ਕੋਲ਼ ਇਕ ਫਾਰਮ ਹੈ। ਘਰੇ ਬਣੇ ਦਫਤਰ 'ਚੋਂ ਹੀ ਕੰਪਿਊਟਰ 'ਤੇ ਉਹ ਆਪਣਾ ਵਧੀਆ ਕਾਰੋਬਾਰ ਚਲਾ ਰਿਹਾ ਹੈ। ਰਮਨ, ਆਪਣੇ ਕਰਨਲ ਪਿਤਾ ਦੇ ਦੇਹਾਂਤ ਤੋਂ ਬਾਅਦ ਵਿਰਸੇ ਵਿਚ ਮਿਲੀ ਇਕ ਸਕਿਉਰਟੀ ਏਜੰਸੀ ਚਲਾ ਰਹੀ। ਉਨ੍ਹਾਂ ਦੀ ਇਕ ਬੱਚੀ ਆਈ.ਆਈ.ਟੀ ਤੇ ਇਕ ਇੰਗਲੈਂਡ ਵਿਚ ਉੱਚ ਸਿੱਖਿਆ ਪ੍ਰਾਪਤ ਕਰ ਰਹੀ ਹੈ। ਮਾਨ ਸਾਹਿਬ ਦੇ ਦੋਨੋਂ ਸਿੱਕੇ ਸੋਨੇ ਦੇ ਸਾਬਤ ਹੋ ਚੁੱਕੇ ਹਨ ਤੇ ਉਨ੍ਹਾਂ ਦੀ ਟੁਣਕਾਰ ਨੂੰ ਪਰਖਕੇ ਪ੍ਰਮਾਣਤ ਕਰਨ ਵਾਲੇ ਪਾਰਖੂ ਜੌਹਰੀ ਸਾਡੇ ਮਾਮਾ ਜੀ ਮਾਨ ਹੋਰੀਂ ਆਪਣੇ ਪਿੱਛੇ ਬਹੁਤ ਸਾਰੀਆਂ ਬਾਬਾਣੀਆਂ-ਕਹਾਣੀਆਂ ਦੇ ਭੰਡਾਰ ਛੱਡ ਗਏ ਹਨ। ਜਦ ਕਦੇ ਵੀ ਮਿਲ ਬਹਿੰਦੇ ਹਾਂ, ਇਸ ਸਦਾ-ਬਹਾਰ ਇਨਸਾਨ ਦੀਆਂ ਯਾਦਾਂ ਦੀ ਖੁਸ਼ਬੂ ਹਮੇਸ਼ਾ ਸਾਡੇ ਅੰਙ-ਸੰਗ ਹੁੰਦੀ ਹੈ। 000

***(14745 - 69 Avenue, Surrey BC V3S 2C5 CANADA)***

*2021 ਜਗਜੀਤ ਸਿੰਘ ਆਨੰਦ ਦਾ ਜਨਮ ਸ਼ਤਾਬਦੀ ਵਰ੍ਹਾ ਹੈ। ਇਹ ਅਸਾਧਾਰਨ ਮਨੁੱਖ ਨੌਂ ਦਹਾਕਿਆਂ ਦੀ ਭਰਪੂਰ ਉਮਰ ਭੋਗ ਕੇ 19 ਜੂਨ 2015 ਨੂੰ ਸੰਸਾਰ ਨੂੰ ਅਲਵਿਦਾ ਆਖ ਗਿਆ ਸੀ। ਪਿਛਲੀ ਸਦੀ ਦੇ ਚਾਲ੍ਹੀਵਿਆਂ ਤੋਂ ਸ਼ੁਰੂ ਕਰ ਕੇ ਏਸ ਸਦੀ ਦੇ ਪਹਿਲੇ ਦਹਾਕੇ ਤਕ ਜਗਜੀਤ ਸਿੰਘ ਆਨੰਦ ਨੇ ਸਿੱਕੇਬੰਦ ਕਮਿਊਨਿਸਟ ਕਾਰਕੁਨ ਵਾਲੀ ਮੁਸ਼ੱਕਤਾਂ ਭਰੀ ਰੁੱਖੀ ਸੁੱਕੀ ਜ਼ਿੰਦਗੀ ਬਤੀਤ ਕੀਤੀ। ਸਿਆਸੀ ਪਿੜ ਅਤੇ ਪੱਤਰਕਾਰੀ ਦੇ ਖੇਤਰ ਵਿਚ ਉਹ ਵੱਡਾ ਨਾਉਂ ਸੀ। ਪਰ ਉਹ ਪੰਜਾਬੀ ਬੋਲੀ 'ਤੇ ਮੁਹਾਰਤ ਰੱਖਣ ਵਾਲਾ, ਅਨੁਪਮ ਸ਼ੈਲੀਕਾਰ ਵਾਰਤਕ ਲੇਖਕ ਵੀ ਸੀ। ਰਾਜਸੀ ਆਗੂ ਹੋਣ ਦੇ ਓਹਲੇ ਵਿਚ ਲੇਖਕ ਵਜੋਂ ਆਪਣੀ ਇਸ ਵਾਜਬ ਪਛਾਣ ਤੋਂ ਉਹ ਬਹੁਤ ਹੱਦ ਤਕ ਵਿਰਵਾ ਹੀ ਰਿਹਾ। ਕਾਮਰੇਡ ਆਨੰਦ ਦੀ ਜਨਮ ਸ਼ਤਾਬਦੀ 'ਤੇ ਉਸਦੀ ਆਪਣੀ ਇਕ ਲਿਖਤ ਅਤੇ ਉਸਦੀ ਸ਼ਖ਼ਸੀਅਤ ਬਾਰੇ ਦੋ ਲੇਖ ਏਥੇ ਛਾਪਦੇ ਹੋਏ ਅਸੀਂ ਇਸ ਅਦੁਤੀ ਸ਼ਖ਼ਸੀਅਤ ਵੱਲ ਆਪਣੀ ਅਕੀਦਤ ਦਾ ਇਜ਼ਹਾਰ ਕਰ ਰਹੇ ਹਾਂ। -ਸੰਪਾਦਕ*

# ਪੰਜਾਬ ਦੀ ਜਥੇਬੰਦ ਲੇਖਕ ਲਹਿਰ ਉੱਤੇ ਇਕ ਝਾਤ

## ਜਗਜੀਤ ਸਿੰਘ ਆਨੰਦ

ਗੱਲ ਕਿੱਥੋਂ ਛੇੜਾਂ?

ਲਾਹੌਰ ਵਾਲੀ 'ਪ੍ਰੋਗਰੈਸਿਵ ਰਾਈਟਰਜ਼ ਐਸੋਸੀਏਸ਼ਨ' (P.W.A.) ਤੋਂ ਜਿਹੜੀ 1936 ਵਿਚ ਲਖਨਊ ਅੰਦਰ ਜੁੜੀ ਸਾਹਿਤਕਾਰਾਂ ਦੀ ਪਹਿਲੀ ਕਾਨਫ਼ਰੰਸ ਦੇ ਪ੍ਰਭਾਵ ਹੇਠ 1937-38 ਵਿਚ ਹੀ ਹੋਂਦ ਵਿਚ ਆ ਗਈ?

ਉਸ ਬਾਰੇ ਤਾਂ ਏਨਾ ਆਖਣਾ ਹੀ ਬਣਦਾ ਹੈ ਕਿ ਇਹ ਅੰਗਰੇਜ਼ੀ, ਉਰਦੂ ਤੇ ਪੰਜਾਬੀ ਦੇ ਸਾਹਿਤਕਾਰਾਂ ਦੀ ਸਾਂਝੀ ਜਥੇਬੰਦੀ ਸੀ ਅਤੇ ਪੰਜਾਬੀ ਵਿਚੋਂ ਜਾਣਿਆ ਜਾਂਦਾ ਬੰਦਾ ਉਸ ਵਿਚ ਸੰਤ ਸਿੰਘ ਸੇਖੋਂ ਹੀ ਸੀ, ਤੇ ਉਹ ਵੀ ਇਸ ਲਈ ਕਿ ਕਦੇ-ਕਦਾਈਂ P.E.N (ਪੋਇਟਰੀ-ਐੱਸੇ-ਨਾਵਲ) ਨਾਮੀ ਹਿੰਦੁਸਤਾਨ ਦੇ ਲੇਖਕਾਂ ਦੀ ਅੰਗਰੇਜ਼ੀ ਪੱਤ੍ਰਿਕਾ ਵਿਚ ਉਸ ਦਾ ਕੁਝ ਨਾ ਕੁਝ ਛਪ ਜਾਂਦਾ; ਇਕ ਪੰਜਾਬੀ ਲੇਖਕ ਵਜੋਂ ਉਹ ਅਜੇ ਨਹੀਂ ਸੀ ਉੱਭਰਿਆ। ਅਤੇ ਮੁੱਢ ਵਿਚ ਮੇਰਾ ਉਸ ਜਥੇਬੰਦੀ ਨਾਲ ਵਾਹ ਏਨਾ ਕੁ ਹੀ ਸੀ ਕਿ ਸਾਡੀ 'ਲਾਹੌਰ ਸਟੂਡੈਂਟਸ ਯੂਨੀਅਨ' (ਜਿਸ ਦਾ ਮੈਂ 1937-40 ਵਿਚ ਜਨਰਲ ਸਕੱਤਰ ਸਾਂ) ਦਾ ਦਫ਼ਤਰ ਤੇ 'ਪੀ ਡਬਲਯੂ ਏ' ਦਾ ਦਫ਼ਤਰ ਪੁਰਾਣੀ ਅਨਾਰਕਲੀ ਦੇ ਮਾਲ ਰੋਡ ਨਾਲ ਲੱਗਦੇ ਇਮਾਰਤਾਂ ਦੇ ਲੜੇ ਦੀ ਪਹਿਲੀ ਛੱਤ ਉੱਤੇ ਬਣੇ ਕਮਰਿਆਂ ਵਿਚ ਕੋਲ਼ੇ-ਕੋਲ਼ ਸਨ। ਹਾਂ, ਈਸ਼ਵਰ ਚਿੱਤਰਕਾਰ ਦਾ ਉਸਤਾਦ ਤੇ ਸ਼ਾਹਕਾਰ ਪੇਂਟਰ ਅਬਦੁੱਲ ਰਹਿਮਾਨ ਚੁਗਤਾਈ ਕਿਉਂਕਿ 'ਪੀ ਡਬਲਯੂ ਏ' ਦੇ ਸਰਗਰਮ ਮੈਂਬਰਾਂ ਵਿਚੋਂ ਸੀ ਤੇ 'ਅਦਬੇ ਲਤੀਫ਼' ਦੇ ਐਡੀਟਰ ਦਾ ਨਿੱਘਾ ਯਾਰ ਸੀ, ਈਸ਼ਵਰ ਦੀ ਸੰਗਤ ਵਿਚ ਮੈਂ ਵੀ ਉਸ ਦੀਆਂ ਮੀਟਿੰਗਾਂ ਵਿਚ ਜਾ ਬੈਠਦਾ। ਫਿਰ ਸਤੰਬਰ 1939 ਵਿਚ ਜਦੋਂ ਦੂਜੀ ਸੰਸਾਰ ਜੰਗ ਛਿੜ ਪਈ ਤਾਂ 'ਪੀ ਡਬਲਯੂ ਏ' ਦੀ ਸਰਗਰਮੀ ਘਟਦੀ-ਘਟਦੀ ਘਟ ਗਈ।

ਜੂਨ 1940 ਵਿਚ ਕਮਿਊਨਿਸਟਾਂ 'ਤੇ ਪਏ ਵੱਡੇ ਛਾਪੇ ਵਿਚ 72 ਕਮਿਊਨਿਸਟ ਲੀਡਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਉਪਰੰਤ ਉਸ ਸਾਲ ਦੇ ਪਿਛਲੇ ਅੱਧ ਵਿਚ ਮੈਨੂੰ ਅਰਧ-ਗੁਪਤ ਅਵਸਥਾ ਵਿਚ ਰਹਿਣਾ ਪਿਆ ਅਤੇ ਦਸੰਬਰ ਵਿਚ ਸਾਡੇ ਦੋ ਸਰਗਰਮ ਸਾਥੀਆਂ ਮਹਿਮੂਦ

ਤੇ ਮਜ਼ਹਰ ਦੀ ਗ੍ਰਿਫ਼ਤਾਰੀ ਉਪਰੰਤ ਪੂਰੀ ਤਰ੍ਹਾਂ ਰੂਪੋਸ਼ ਹੋਣਾ ਪਿਆ। ਉਹ ਦੋਵੇਂ ਪੰਜਾਬ ਦੇ ਵੇਲ਼ੇ ਦੇ ਪ੍ਰਧਾਨ ਮੰਤਰੀ (ਮੁੱਖ ਮੰਤਰੀ ਓਦੋਂ ਕੋਈ ਹੁੰਦਾ ਹੀ ਨਹੀਂ ਸੀ) ਦੇ ਭਤੀਜੇ ਸਨ ਤੇ ਉਨ੍ਹਾਂ ਦੀ ਗ੍ਰਿਫ਼ਤਾਰੀ ਵਿਦਿਆਰਥੀ ਲਹਿਰ ਦੇ ਪਹਿਲੀ ਪਾਲ਼ ਦੇ ਹੋਰ ਸਾਥੀਆਂ ਲਈ ਰੂਪੋਸ਼ ਹੋ ਜਾਣ ਦਾ ਪਹਿਲਾਂ ਤੋਂ ਹੀ ਮਿਥਿਆ ਹੋਇਆ ਸਿਗਨਲ ਸੀ।

1941 ਦਾ ਸਾਰਾ ਸਾਲ ਤੇ 1942 ਦਾ ਪਹਿਲਾ ਅੱਧ ਗੁਪਤਵਾਸ ਹੰਢਾਉਣ ਉਪਰੰਤ ਜਦੋਂ ਜੁਲਾਈ 1942 ਵਿਚ ਮੈਂ ਸਿਰੀ ਆਣ ਕੱਢੀ ਪੰਜਾਬ ਦੀ ਕਮਿਊਨਿਸਟ ਪਾਰਟੀ ਦੇ ਸੂਬਾ ਹੈੱਡਕੁਆਰਟਰ, ਲੇਡੀ ਫ਼ਜ਼ਲ ਹੁਸੈਨ ਬਿਲਡਿੰਗ ਵਿਚ। ਪੰਜਾਬੀ ਲੇਖਕ, ਖ਼ਾਸ ਕਰ ਕਵੀ, ਉਦੋਂ ਤਕ ਦੋ ਧਾਰਾਵਾਂ ਵਿਚ ਵੰਡੇ ਜਾ ਚੁੱਕੇ ਸਨ। ਇਕ ਧਾਰਾ ਸੀ ਮੋਹਨ ਸਿੰਘ-ਅੰਮ੍ਰਿਤਾ ਪ੍ਰੀਤਮ ਵਾਲੀ ਤੇ ਦੂਜੀ ਸੀ ਸਫ਼ੀਰ-ਬਾਵਾ ਬਲਵੰਤ ਵਾਲੀ। ਇਕ ਦੇ ਮੋਢੀ, ਮੋਹਨ ਸਿੰਘ ਦਾ ਮੈਂ ਯਾਰ ਸਾਂ ਤੇ ਦੂਜੀ ਦੇ ਮੋਢੀ ਦਾ ਭਰਾ। ਇਸ ਲਈ ਜਦੋਂ 1943 ਵਿਚ ਲੇਖਕ ਸਭਾ ਮੁੜ ਸੁਰਜੀਤ ਕਰਨ ਦਾ ਉੱਦਮ ਆਰੰਭ ਹੋਇਆ, ਹੋਰਨਾਂ ਬਹੁਤ ਸਾਰਿਆਂ ਤੋਂ ਛੋਟਾ ਹੋਣ ਦੇ ਬਾਵਜੂਦ ਸਕੱਤਰ ਵਜੋਂ ਮੈਨੂੰ ਹੀ ਅੱਗੇ ਲਿਆਂਦਾ ਗਿਆ; ਕਿਉਂਕਿ ਇਕ ਤਾਂ ਮੈਂ ਸਾਂਝਾ-ਮੀਝਾ ਸਾਂ, ਦੂਜੇ ਪੰਜਾਬੀ ਲੇਖਕਾਂ ਉੱਤੇ ਕਮਿਊਨਿਸਟ ਲਹਿਰ ਦਾ ਪ੍ਰਭਾਵ ਚੰਗਾ-ਚੋਖਾ ਸੀ ਅਤੇ ਹਰ ਕੋਈ ਆਪਣੇ ਆਪ ਨੂੰ ਅੱਗੇ-ਵਧੂ ਅਖਵਾ ਕੇ ਹੀ ਰਾਜ਼ੀ ਸੀ।

ਹਾਂ, ਇਸ ਲੇਖਕ ਸਭਾ ਦਾ ਪਹਿਲਾਂ ਵਾਲੀ ਨਾਲੋਂ ਇਕ ਫ਼ਰਕ ਜ਼ਰੂਰ ਸੀ। 1937-39 ਵਾਲੀ 'ਪੀ.ਡਬਲਯੂ.ਏ.' ਹੁੰਦੀ ਸੀ ਸਭਨਾਂ ਜ਼ੁਬਾਨਾਂ ਦੇ ਅਦੀਬਾਂ ਦੀ ਸਾਂਝੀ, ਜਦੋਂ ਕਿ 1943-47 ਵਾਲੀ ਲੇਖਕ ਸਭਾ ਸਿਰਫ਼ ਪੰਜਾਬੀ ਸਾਹਿਤਕਾਰਾਂ ਤਕ ਸੀਮਤ ਸੀ। ਹਰ ਖ਼ਿਆਲ ਦੇ ਲੇਖਕ ਇਸ ਦੇ ਮੈਂਬਰ ਸਨ, ਪਰ ਦੋ ਕੁ ਸਾਲਾਂ ਪਿੱਛੋਂ ਜਦੋਂ ਅਹੁਦੇਦਾਰਾਂ ਦੀ ਮੁੜ ਚੋਣ ਹੋਈ, ਮੇਰੀ ਥਾਂ ਡਾਕਟਰ ਭਾਗ ਸਿੰਘ ਜੀ ਨੂੰ ਚੁਣਿਆ ਗਿਆ ਜਿਹੜੇ ਕਿ ਉਨ੍ਹੀਂ ਦਿਨੀਂ 'ਜੰਗਿ-ਆਜ਼ਾਦੀ' ਵਿਚ ਹੀ ਮੇਰੇ ਨਾਲ ਕੰਮ ਕਰਦੇ ਸਨ ਅਤੇ ਕਮਿਊਨਿਸਟ ਪਾਰਟੀ ਦੇ ਉੱਘੇ ਆਗੂ ਸਨ।

ਇਸ ਸਭਾ ਦਾ ਭੋਗ ਦੇਸ ਦੀ ਵੰਡ ਨਾਲ ਹੀ ਪਿਆ, ਪਰ ਜਿੰਨਾ ਸਮਾਂ ਇਹ ਚੱਲੀ, ਕਿਸੇ ਇਕ ਮੈਂਬਰ ਨੇ ਵੀ ਸਾਡੇ ਦੋਵਾਂ ਦੇ ਕਮਿਊਨਿਸਟ ਹੋਣ ਉੱਤੇ ਇਤਰਾਜ਼ ਨਾ ਕੀਤਾ, ਹਾਲਾਂਕਿ ਨਿਰੋਲ ਸਾਹਿਤਕ ਖੇਤਰ ਵਿਚ ਸਾਡੀ ਕੋਈ ਨਾਮਣੇ ਵਾਲੀ ਹੈਸੀਅਤ ਨਾ ਹੋਣ ਦੇ ਬਾਵਜੂਦ ਅਸੀਂ ਜਥੇਬੰਦਕ ਢਾਂਚੇ ਦੇ ਸੰਚਾਲਕ ਬਣੇ ਬੈਠੇ ਸਾਂ।

×××

ਵੰਡ ਤੋਂ ਪਿੱਛੋਂ ਤਿੰਨ-ਚਾਰ ਸਾਲ ਤਕ ਤਾਂ ਪੰਜਾਬ ਦਾ ਸਮੁੱਚਾ ਢਾਂਚਾ ਹੀ ਏਨਾ ਹਿੱਲਿਆ ਰਿਹਾ ਕਿ ਕਿਸੇ ਜਥੇਬੰਦ ਸਾਹਿਤਕ ਸਰਗਰਮੀ ਦਾ ਸਵਾਲ ਹੀ ਪੈਦਾ ਨਾ ਹੋਇਆ। ਲਾਹੌਰ ਵਾਲੀ ਲੇਖਕ ਸਭਾ ਦੇ ਮੈਂਬਰ ਖਿੰਡ-ਪੁੰਡ ਗਏ ਸਨ। ਸਫ਼ੀਰ, ਈਸ਼ਵਰ ਤੇ ਹੋਰ ਦਿੱਲੀ ਪਹੁੰਚ ਚੁੱਕੇ ਸਨ ਅਤੇ ਪ੍ਰੋ. ਮੋਹਨ ਸਿੰਘ ਨੇ ਆਪਣਾ ਅੱਡਾ-ਗੱਡਾ ਅੰਮ੍ਰਿਤਸਰ ਆਣ ਜਮਾਇਆ ਸੀ।

ਫ਼ਰਵਰੀ 1951 ਵਿਚ ਚੌਂਤੀ ਮਹੀਨਿਆਂ ਦੀ ਜੇਲ੍ਹ-ਬੰਦੀ ਉਪਰੰਤ ਮੇਰਾ ਪਹਿਲਾ ਮੇਲ ਵੀ ਪ੍ਰੋ. ਮੋਹਨ ਸਿੰਘ ਨਾਲ ਹੀ ਹੋਇਆ। ਰਿਹਾਈ ਮੇਰੀ ਸੁਪਰੀਮ ਕੋਰਟ ਦੇ ਹੁਕਮ ਨਾਲ ਹੋਈ ਕਾਂਗੜਾ ਜ਼ਿਲ੍ਹੇ ਦੀ ਯੋਲ ਕੈਂਪ ਜੇਲ੍ਹ ਤੋਂ ਅਤੇ ਉੱਥੋਂ ਮੁੜਨ ਦਾ ਰਾਹ ਹੀ ਪਠਾਨਕੋਟ-ਅੰਮ੍ਰਿਤਸਰ ਵਾਲਾ ਸੀ, ਕਿਉਂਕਿ ਪਠਾਨਕੋਟ ਤੋਂ ਮੁਕੇਰੀਆਂ-ਜਲੰਧਰ ਵਾਲੀ ਰੇਲਵੇ ਲਾਈਨ ਅਜੇ ਬਣੀ ਹੀ ਨਹੀਂ ਸੀ। ਮੇਰੇ ਪਿਤਾ ਜੀ (ਹੈੱਡਮਾਸਟਰ ਮਹਿਤਾਬ ਸਿੰਘ) ਨੇ ਉਮਰ ਦਾ ਵੱਡਾ ਹਿੱਸਾ ਭਾਵੇਂ ਮਾਝੇ ਦੀ ਧੁੰਨੀ ਤਰਨ ਤਾਰਨ ਵਿਚ ਬਿਤਾਇਆ ਸੀ, ਪਰ ਹੈਸਨ ਪੋਠੋਹਾਰੀ ਪਿੱਛੇ ਵਾਲੇ। ਕੁਦਰਤੀ ਹੀ ਸੀ ਕਿ ਰੈਣ ਬਸੇਰਾ ਅੰਮ੍ਰਿਤਸਰ ਪਹੁੰਚ ਕੇ ਪ੍ਰੋਫ਼ੈਸਰ ਮੋਹਨ ਸਿੰਘ ਦੇ ਘਰ ਹੀ ਹੁੰਦਾ, ਜਿਸ ਦੇ ਪਿਤਾ ਡਾਕਟਰ ਜੋਧ ਸਿੰਘ ਨਾਲ ਹੈੱਡਮਾਸਟਰ ਸਾਹਿਬ ਦੀ ਪੁਰਾਣੀ ਮਿੱਤਰਤਾ ਸੀ। ਜਦੋਂ ਉੱਥੇ ਬਿਤਾਏ ਦੋ ਕੁ ਦਿਨਾਂ ਵਿਚ ਲਾਹੌਰ ਵਾਲੀਆਂ ਸਾਹਿਤਕ ਸਰਗਰਮੀਆਂ ਦੀਆਂ ਗੱਲਾਂ ਛਿੜੀਆਂ, ਲੇਖਕ ਸਭਾ ਦਾ ਜ਼ਿਕਰ ਆਉਣਾ ਕੁਦਰਤੀ ਹੀ ਸੀ। ਪਰ ਇਸ ਗੱਲਬਾਤ ਨੂੰ ਅੰਮ੍ਰਿਤਸਰ ਦੀ 'ਲੋਕ ਲਿਖਾਰੀ

ਸਭਾ' ਦਾ ਮੁੱਢ ਆਖਣਾ ਵਾਜਬ ਨਹੀਂ ਹੋਵੇਗਾ,ਹਾਂ ਪੁਰਾਣੀਆਂ ਯਾਦਾਂ ਜ਼ਰੂਰ ਤਾਜ਼ੀਆਂ ਹੋ ਗਈਆਂ।

ਉਸ ਤੋਂ ਕੋਈ ਡੇਢ-ਦੋ ਸਾਲ ਉਪਰੰਤ ਆਜ਼ਾਦ ਭਾਰਤ ਦੇ ਪੰਜਾਬੀ ਲੇਖਕਾਂ ਦੀ ਪਹਿਲੀ ਸਭਾ ਹੋਂਦ ਵਿਚ ਆਈ 'ਲੋਕ ਲਿਖਾਰੀ ਸਭਾ ਅੰਮ੍ਰਿਤਸਰ' ਦੇ ਝੰਡੇ ਹੇਠ। ਸਾਡੀ ਲਾਹੌਰ ਵਾਲੀ ਲੇਖਕ ਸਭਾ ਨਾਲੋਂ ਇਹ ਇਸ ਗੱਲੋਂ ਵੱਖਰੀ ਸੀ ਕਿ ਇਸ ਦੇ ਮੈਂਬਰ ਨਿਰੇ ਪੰਜਾਬੀ ਦੇ ਲੇਖਕ ਨਹੀਂ ਸਨ, ਸਗੋਂ ਉਰਦੂ ਤੇ ਹਿੰਦੀ ਵਾਲੇ ਵੀ ਇਕੋ ਸਭਾ ਅੰਦਰ ਇਕੱਠੇ ਸਨ। ਪੰਜਾਬੀ ਦੇ ਪ੍ਰੋ. ਮੋਹਨ ਸਿੰਘ, (ਓਦੋਂ ਮਾਸਟਰ ਤੇ ਪਿੱਛੋਂ ਪ੍ਰਿੰਸੀਪਲ) ਸੁਜਾਨ ਸਿੰਘ, ਅਮਰ ਸਿੰਘ ਕਬਰਪੁੱਟ, ਕਿਰਪਾਲ ਸਿੰਘ ਆਜ਼ਾਦ, ਉਰਦੂ ਦੇ ਪੂਰਨ ਸਿੰਘ ਹੁਨਰ ਤੇ ਸਰਵਣ ਕੁਮਾਰ ਵਰਮਾ ਅਤੇ ਹਿੰਦੀ ਦੇ ਸਤਯਾ ਦੱਤ ਸ਼ਮ੍ਰਾ ਤੇ ਦਵਾਰਕਾ ਦਾਸ ਉਤਸੁਕ ਆਦਿ ਸੱਜਣ। ਇਸੇ ਵਿਚ ਬਾਵਾ ਘਨਸ਼ਿਆਮ, ਪ੍ਰੋ. ਪ੍ਰੀਤਮ ਸਿੰਘ ਪਰਵਾਨਾ ਤੇ ਹੋਰ ਲੇਖਕ ਵੀ ਕੁਝ ਸਮਾਂ ਪਾ ਕੇ ਆਣ ਜੁੜੇ।

'ਲੋਕ ਲਿਖਾਰੀ ਸਭਾ' ਦੇ ਨਾਂਅ ਨਾਲ ਸ਼ਬਦ 'ਲੋਕ' ਜੁੜਨ ਦਾ ਕਾਰਨ ਸੀ ਕੁਝ ਸਾਲ ਪਹਿਲਾਂ ਹੋਏ ਚੀਨ ਦੇ 'ਲੋਕ ਇਨਕਲਾਬ' ਦੀ ਪੰਜਾਬੀ ਸਾਹਿਤਕਾਰਾਂ ਵਿਚ ਹਰਮਨ-ਪਿਆਰਤਾ। ਇਹ ਸਭਾ 'ਕੇਂਦਰੀ ਪੰਜਾਬੀ ਲੇਖਕ ਸਭਾ' ਦੇ 1956 ਵਿਚ ਹੋਂਦ ਵਿਚ ਆਉਣ ਤੋਂ ਤਿੰਨ-ਚਾਰ ਸਾਲ ਪਹਿਲਾਂ ਹੋਂਦ ਵਿਚ ਆ ਗਈ ਸੀ ਅਤੇ ਇਕ ਵਾਰ ਜਦੋਂ ਮੈਂ ਪ੍ਰੋ. ਮੋਹਨ ਸਿੰਘ ਤੇ ਪ੍ਰਿੰਸੀਪਲ ਸੁਜਾਨ ਸਿੰਘ ਨਾਲ ਇਹ ਚਰਚਾ ਛੇੜੀ ਕਿ ਸ਼ਬਦ 'ਲੋਕ' ਸਭਾ ਨੂੰ ਇਕ ਖ਼ਾਸ ਰੰਗਤ ਦੇ ਕੇ ਇਸ ਦੀ ਵਿਸ਼ਾਲਤਾ ਨੂੰ ਸੀਮਤ ਕਰਦਾ ਹੈ, ਉਨ੍ਹਾਂ ਸੱਜਣਾਂ ਦੀ ਮੇਰੀ ਗੱਲ ਦੀ ਭਾਵਨਾ ਨਾਲ ਤਾਂ ਸਹਿਮਤੀ ਸੀ ਪਰ ਉਨ੍ਹਾਂ ਦਾ ਆਖਣਾ ਸੀ ਕਿ 'ਹੁਣ ਤਾਂ ਜੋ ਨਾਂਅ ਪੈ ਗਿਆ, ਸੋ ਪੈ ਗਿਆ।'

ਕੇਂਦਰੀ ਸਭਾ ਤੋਂ ਪਹਿਲਾਂ ਦੋ ਸਭਾਵਾਂ ਹੋਰ ਹੋਂਦ ਵਿਚ ਆਈਆਂ, ਇਕ 'ਲਿਖਾਰੀ ਸਭਾ ਰਾਮਪੁਰ', ਜਿਸ ਦੇ ਮੋਢੀ ਸਨ ਗੁਰਚਰਨ ਤੇ ਸੁਰਜੀਤ ਰਾਮਪੁਰੀ; ਤੇ ਦੂਜੀ 'ਸਾਹਿਤ ਸਭਾ ਬਰਨਾਲਾ' ਜਿਸ ਦੇ ਪਹਿਲ-ਪਲੱਕੜੇ ਸਰਗਰਮ ਕਾਰਜ-ਕਰਤਾ ਸਨ ਜਗੀਰ ਸਿੰਘ ਜਗਤਾਰ ਤੇ ਪ੍ਰੀਤਮ ਸਿੰਘ ਰਾਹੀ। ਰਾਮਪੁਰ ਤਾਂ ਹੈ ਹੀ ਦੋਰਾਹੇ ਕੋਲ਼ ਦਾ ਇਕ ਪਿੰਡ, ਪਰ ਬਰਨਾਲਾ ਸ਼ਹਿਰ ਓਦੋਂ ਪੇਂਡੂ ਸੁਭਾਅ ਵਾਲਾ ਇਕ ਤਕੜਾ ਕਸਬਾ ਬਣ ਚੁੱਕਾ ਸੀ। ਦੋਵੇਂ ਸਭਾਵਾਂ ਉਹਨੀਂ ਦਿਨੀਂ ਵੱਡੀਆਂ ਸਰਗਰਮ ਸਨ ਅਤੇ ਹੋਰਨਾਂ ਪੇਂਡੂ ਸਭਾਵਾਂ ਦੀਆਂ ਪ੍ਰੇਰਨਾ ਸਰੋਤ।

'ਕੇਂਦਰੀ ਲੇਖਕ ਸਭਾ' ਦਾ ਜੇ ਕੋਈ ਸਹੀ ਅਰਥਾਂ ਵਿਚ ਸਿਰਜਣਹਾਰ ਸੀ ਤਾਂ ਉਹ ਸੀ ਗਿਆਨੀ ਹੀਰਾ ਸਿੰਘ ਦਰਦ, ਮਾਂ-ਬੋਲੀ ਦਾ ਅਣਮੋਲ ਹੀਰਾ। ਮਾਸਟਰ ਸੁੰਦਰ ਸਿੰਘ ਲਾਇਲਪੁਰੀ ਦੇ ਮੋਢੇ ਨਾਲ ਮੋਢਾ ਜੋੜ ਕੇ ਦਰਦ ਅਕਾਲੀ ਲਹਿਰ ਦੇ ਚੜ੍ਹਾਅ ਦੇ 1920-22 ਵਾਲੇ ਉਹਨੀਂ ਦਿਨੀਂ ਅਖ਼ਬਾਰ 'ਅਕਾਲੀ' ਦਾ ਐਡੀਟਰ ਰਿਹਾ ਸੀ, ਜਿੰਨ੍ਹੀਂ ਦਿਨੀਂ ਇਹ ਹਰ ਰੋਜ਼ ਬਾਈ ਹਜ਼ਾਰ ਛਪਦਾ ਸੀ। 'ਪ੍ਰੀਤ ਲੜੀ' ਨੂੰ ਛੱਡ ਕੇ ਜਿਹੜੀ 1934 ਵਿਚ ਸਰਦਾਰ ਗੁਰਬਖਸ਼ ਸਿੰਘ ਨੇ ਨੌਸ਼ਹਿਰੇ ਅਕਾਲੀ ਫੂਲਾ ਸਿੰਘ ਦੀ ਸਮਾਧ ਤੋਂ ਜਾਰੀ ਕੀਤੀ ਸੀ ਅਤੇ ਚੰਦ ਸਾਲਾਂ ਵਿਚ ਹੀ ਤੇਈ-ਚੌਵੀ ਹਜ਼ਾਰ ਦੀ ਛਪਣ-ਗਿਣਤੀ ਨੂੰ ਪਹੁੰਚ ਗਈ ਸੀ, 1960 ਤਕ ਪੰਜਾਬੀ ਦੇ ਸਾਰੇ ਰੋਜ਼ਾਨਾ ਅਖ਼ਬਾਰ ਰਲਾ ਕੇ ਵੀ ਪਹਿਲੇ ਸਾਲਾਂ ਦੀ 'ਅਕਾਲੀ' ਅਖ਼ਬਾਰ ਦੀ ਛਪਣ-ਗਿਣਤੀ ਨੂੰ ਨਹੀਂ ਸਨ ਪਹੁੰਚ ਸਕੇ।

ਉਪਰੰਤ ਗਿਆਨੀ ਹੀਰਾ ਸਿੰਘ ਦਰਦ ਨੇ ਸਾਹਿਤਕ ਪੱਤਰ ਮਾਸਿਕ 'ਫੁਲਵਾੜੀ' ਜਾਰੀ ਕੀਤਾ ਅਤੇ ਸਿੱਖ ਗੁਰੂ ਸਾਹਿਬਾਨ ਸੰਬੰਧੀ ਏਨਾ ਸਜਿਆ-ਫਬਿਆ ''ਫੁਲਵਾੜੀ ਚਿਤਰਾਵਲੀ'' ਅੰਕ ਜਾਰੀ ਕੀਤਾ ਕਿ ਲੋਕ ਅਸ਼-ਅਸ਼ ਕਰ ਉੱਠੇ। ਦੇਸ਼ ਦੀ ਵੰਡ ਤਕ ਗਿਆਨੀ ਜੀ ਵੱਡੀ ਔਖ ਨਾਲ 'ਫੁਲਵਾੜੀ' ਨੂੰ ਲਾਹੌਰ ਦੇ ਧਰਮਪੁਰਾ ਇਲਾਕੇ ਤੋਂ ਲਗਾਤਾਰ ਚਲਾਉਂਦੇ ਰਹੇ ਅਤੇ ਪੰਜਾਬੀ ਸਾਹਿਤ ਦੇ ਰਚਨਕਾਰਾਂ ਦੀਆਂ ਪੀੜ੍ਹੀਆਂ ਦੀਆਂ ਪੀੜ੍ਹੀਆਂ ਨੂੰ ਉਤਸ਼ਾਹਤ ਕਰਦੇ ਰਹੇ।

ਪੰਜਾਬੀ ਲੇਖਕਾਂ ਦੀ ਸਭਾ ਮੁੜ ਕਾਇਮ ਕਰਨ ਦਾ ਉਪਰਾਲਾ ਗਿਆਨੀ ਜੀ ਨੇ ਇਸ ਲਈ ਕੀਤਾ ਕਿ ਦੇਸ਼ ਦੀ ਵੰਡ ਤੋਂ ਪਹਿਲਾਂ 1925-26 ਵਿਚ ਪੰਜਾਬੀ ਲੇਖਕਾਂ ਦੀ ਜਿਹੜੀ ਪਹਿਲੀ

ਜਥੇਬੰਦੀ ਹੋਂਦ ਵਿੱਚ ਆਈ ਸੀ, ਅਤੇ ਜਿਸ ਨੂੰ ਸਰ ਸ਼ਹਾਬ-ਉਦ-ਦੀਨ ਵਰਗੇ ਮਾਂ-ਬੋਲੀ ਦੇ ਨਾਮਵਰ ਸਪੂਤਾਂ ਦੀ ਸਰਪ੍ਰਸਤੀ ਹਾਸਲ ਸੀ, ਉਹ ਲਾਲਾ ਧਨੀ ਰਾਮ ਚਾਤ੍ਰਿਕ, ਐੱਸ ਐੱਸ ਚਰਨ ਸਿੰਘ ਸ਼ਹੀਦ ਤੇ ਹੋਰਨਾਂ ਨਾਲ ਰਲ ਕੇ ਉਸ ਵਿਚ ਵੀ ਕੰਮ ਕਰਦੇ ਰਹੇ ਸਨ।

'ਕੇਂਦਰੀ ਪੰਜਾਬੀ ਲੇਖਕ ਸਭਾ' ਦੀ ਮੋਹੜੀ-ਗੱਡ ਕਾਨਫ਼ਰੰਸ ਜਲੰਧਰ ਦੇ ਕੰਪਨੀ ਬਾਗ਼ ਵਿਚ ਕੈਰੋਂ ਵਜ਼ਾਰਤ ਦੇ ਨਾਮਵਰ ਸਿੱਖਿਆ ਮੰਤਰੀ ਪੰਡਤ ਅਮਰ ਨਾਥ ਵਿਦਿਆਲੰਕਾਰ ਦੀ ਪ੍ਰਧਾਨਗੀ ਹੇਠ ਅਕਤੂਬਰ 1958 ਵਿਚ ਹੋਈ। ਉਸ ਸਮਾਗਮ ਵਿਚ ਸ੍ਰ. ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਸਭਾ ਦੇ ਪ੍ਰਧਾਨ ਅਤੇ ਗਿਆਨੀ ਹੀਰਾ ਸਿੰਘ ਜੀ ਦਰਦ ਜਨਰਲ ਸਕੱਤਰ ਚੁਣੇ ਗਏ। ਗਿਆਨੀ ਜੀ ਦੀ ਉਮਰ ਭਾਵੇਂ ਓਦੋਂ ਸੱਠਾਂ ਨੂੰ ਢੁਕ ਚੁੱਕੀ ਸੀ, ਸਭਾ ਨੂੰ ਪੈਰਾਂ ਉੱਤੇ ਖੜ੍ਹਾ ਕਰਨ ਵਿਚ ਸਭ ਤੋਂ ਵੱਧ ਭੱਜ-ਨੱਠ ਗਿਆਨੀ ਜੀ ਨੇ ਹੀ ਕੀਤੀ ਅਤੇ ਉਹ 1965 ਵਿਚ ਆਪਣੇ ਅੰਤਲੇ ਸਵਾਸ ਲੈਣ ਤਕ ਇਸ ਦੇ ਰੂਹੇ-ਰਵਾਂ ਰਹੇ।

ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਸਭਾ ਦੀ ਦੇਖ-ਰੇਖ ਕਰਨ ਵਾਲੀ ਕਮੇਟੀ ਦੀ ਜ਼ਿੰਮੇਵਾਰੀ ਮੁੱਢ ਤੋਂ ਹੀ ਇਨ੍ਹਾਂ ਸਤਰਾਂ ਦੇ ਲੇਖਕ ਦੀ ਰਹੀ ਅਤੇ ਅਖ਼ਬਾਰ 'ਨਵਾਂ ਜ਼ਮਾਨਾ' ਦੇ ਕੰਮ ਨੂੰ ਘਾਟਾ ਪਾ ਕੇ ਵੀ ਮੈਂ ਪਾਰਟੀ ਨੂੰ ਮਨਾ ਲਿਆ ਕਿ ਦਫ਼ਤਰ ਚਲਾਉਣ ਲਈ ਕਾਮਰੇਡ ਤੇਰਾ ਸਿੰਘ ਚੰਨ ਦੀਆਂ ਸੇਵਾਵਾਂ ਕੇਂਦਰੀ ਸਭਾ ਨੂੰ ਪੇਸ਼ ਕਰ ਦਿੱਤੀਆਂ ਜਾਣ। ਉਸ ਦਿਨ ਤੋਂ ਲੈ ਕੇ ਚੰਨ ਜੀ ਕੇਂਦਰੀ ਸਭਾ ਨਾਲ ਉਮਰ ਭਰ ਜੁੜੇ ਰਹੇ, ਸਿਵਾਏ ਉਨ੍ਹਾਂ ਸਾਲਾਂ ਦੇ ਜਿਨ੍ਹਾਂ ਵਿਚ ਚੀਨ ਦੇ ਹਮਲੇ ਉਪਰੰਤ ਸਭਾ ਦੇ ਕੰਮ ਵਿਚ ਖੜੋਤ ਆ ਗਈ ਅਤੇ ਚੰਨ ਜੀ ਨੂੰ ਉਦਰ-ਪੂਰਨਾ ਖਾਤਰ ਦਿੱਲੀ ਜਾ ਕੇ ਸੋਵੀਅਤ ਸਫ਼ਾਰਤਖਾਨੇ ਦੇ ਪਰਚੇ 'ਸੋਵੀਅਤ ਦੇਸ਼' ਵਿਚ ਕੰਮ ਕਰਨਾ ਪਿਆ। ਨੌਕਰੀ ਤੋਂ ਰੀਟਾਇਰ ਹੋ ਕੇ ਚੰਨ ਜੀ ਨੇ ਫੇਰ ਕੇਂਦਰੀ ਸਭਾ ਵੱਲ ਸਭ ਤੋਂ ਵੱਧ ਧਿਆਨ ਦਿੱਤਾ ਅਤੇ ਕਈ ਸਾਲ ਉਹ ਸਭਾ ਦੇ ਜਨਰਲ ਸਕੱਤਰ ਦੇ ਅਹੁਦੇ ਉੱਤੇ ਵੀ ਸਥਾਪਤ ਰਹੇ।

ਹੱਥਲੇ ਲੇਖ ਦਾ ਵਿਸ਼ਾ ਕੇਂਦਰੀ ਸਭਾ ਦਾ ਇਤਿਹਾਸ ਨਹੀਂ, ਸਭਾ ਦੀਆਂ ਬੁਨਿਆਦੀ ਧਾਰਨਾਵਾਂ ਤੇ ਇਸ ਦੀ ਵਿਲੱਖਣਤਾ ਵੱਲ ਧਿਆਨ ਦਿਵਾਉਣਾ ਹੈ। ਅੱਗੇ-ਵਧੂ ਲਹਿਰ ਦਾ ਪੂਰਾ ਚੜ੍ਹਾਅ ਹੋਣ ਕਾਰਨ ਭਾਵੇਂ ਇਸ ਦਾ ਸਭਾ ਉੱਤੇ ਭਾਰੂ ਪ੍ਰਭਾਵ ਸੀ, ਪਰ ਇਸ ਦੀ ਮੈਂਬਰਸ਼ਿਪ ਸਭ ਵਿਚਾਰਾਂ ਦੇ ਲੇਖਕਾਂ, ਸਗੋਂ ਲੇਖਕਾਂ ਦੇ ਕਦਰਦਾਨਾਂ ਵੀ ਲਈ ਖੁੱਲ੍ਹੀ ਰਹੀ। ਜੇ ਪ੍ਰੋ. ਸੰਤ ਸਿੰਘ ਸੇਖੋਂ, ਪ੍ਰੋ. ਮੋਹਨ ਸਿੰਘ, ਕਹਾਣੀਕਾਰ ਸੁਜਾਨ ਸਿੰਘ, ਨਾਵਲਸਿਟ ਜਸਵੰਤ ਸਿੰਘ ਕੰਵਲ ਇਸ ਦੇ ਮੁਖੀ ਅਹੁਦੇਦਾਰਾਂ ਵਿਚ ਸ਼ਾਮਲ ਸਨ ਤਾਂ ਡਾਕਟਰ ਮਹਿੰਦਰ ਸਿੰਘ ਰੰਧਾਵਾ ਤੇ ਸ੍ਰ. ਕੁਲਵੰਤ ਸਿੰਘ ਵਿਰਕ ਕਹਾਣੀਕਾਰ ਵਰਗੇ ਵੱਡੇ ਸਰਕਾਰੀ ਮੁਰਾਤਬਿਆਂ ਉੱਤੇ ਕੰਮ ਕਰਨ ਵਾਲੇ ਸਾਹਿਤ ਸੇਵੀ ਵੀ। ਅਤੇ ਗਿਆਨੀ ਗੁਰਮੁਖ ਸਿੰਘ ਮੁਸਾਫ਼ਰ ਪੰਜਾਬ ਦੀ ਕਾਂਗਰਸ ਦੀ ਪ੍ਰਧਾਨਗੀ ਦੀ ਜ਼ਿੰਮੇਵਾਰੀ, ਪਾਰਲੀਮੈਂਟ ਦੀ ਮੈਂਬਰੀ ਤੇ ਕੇਂਦਰੀ ਸਭਾ ਦੀ ਪ੍ਰਧਾਨਗੀ ਵਰਗੀਆਂ ਪਦਵੀਆਂ ਇਕੋ ਸਮੇਂ ਸੰਭਾਲ਼ਦੇ ਰਹੇ। ਸ੍ਰ. ਸਾਧੂ ਸਿੰਘ ਹਮਦਰਦ ਵਰਗੇ ਸਭ ਰਕਮਾਂ ਦੇ ਅਕਾਲੀ ਲੀਡਰਾਂ ਨੂੰ ਅਗਵਾਈ ਦੇਣ ਵਾਲੇ 'ਅਜੀਤ' ਅਖ਼ਬਾਰ ਦੇ ਮੁੱਖ ਸੰਪਾਦਕ ਅਤੇ ਉੱਘੇ ਗ਼ਜ਼ਲਗੋ ਵੀ ਕੇਂਦਰੀ ਸਭਾ ਦੇ ਪ੍ਰਮੁੱਖ ਰਹੇ।

ਸਭਾ ਦਾ ਮੰਚ ਨਾ ਸਿਰਫ਼ ਪ੍ਰੋਫ਼ੈਸਰ ਸੰਤ ਸਿੰਘ ਸੇਖੋਂ ਤੇ ਪ੍ਰੋਫ਼ੈਸਰ ਕਿਸ਼ਨ ਸਿੰਘ ਵਰਗੇ ਮਾਰਕਸਵਾਦੀ ਵਿਦਵਾਨਾਂ ਲਈ ਆਪਣੇ ਟਕਰਾਵੇਂ ਵਿਚਾਰ ਪੇਸ਼ ਕਰਨ ਲਈ ਸਦਾ ਖੁੱਲ੍ਹਾ ਰਿਹਾ, ਸਗੋਂ ਸਰਦਾਰ ਈਸ਼ਰ ਸਿੰਘ ਅਟਾਰੀ ਵਰਗੇ ਮਾਰਕਸਵਾਦ-ਵਿਰੋਧੀ ਸਾਹਿਤ ਸੇਵੀਆਂ ਨੂੰ ਵੀ ਸਭਾ ਦੀਆਂ ਅਹੁਦੇਦਾਰੀਆਂ ਲਈ ਲੜਨ, ਆਪਣੇ ਵਿਚਾਰ ਤੇ ਲਿਖਤੀ ਪੇਪਰ ਪੇਸ਼ ਕਰਨ, ਅਤੇ ਸਭਾ ਦੇ ਦਫ਼ਤਰ ਦੇ ਪ੍ਰਬੰਧ ਵਿਚ ਅਹਿਮ ਜ਼ਿੰਮੇਵਾਰੀਆਂ ਨਿਭਾਉਣ ਦੇ ਪੂਰੇ ਮੌਕੇ ਮਿਲਦੇ ਰਹੇ।

ਸਭਾ ਦੇ ਕੁਝ ਵੱਖਰੇ-ਨਿਆਰੇ ਤੇ ਮਹੱਤਵਪੂਰਨ ਖਾਸਿਆਂ ਵੱਲ ਧਿਆਨ ਦਿਵਾਉਣਾ ਵੀ ਅਤਿਅੰਤ ਜ਼ਰੂਰੀ ਹੈ। ਪਹਿਲਾ ਇਹ ਹੈ ਕਿ ਸਭਾ ਦੀ ਮੈਂਬਰਸ਼ਿਪ ਸਿਰਫ਼ ਲੇਖਕਾਂ ਜਾਂ ਸਾਹਿਤਕਾਰਾਂ ਲਈ ਹੀ ਨਹੀਂ, ਸਾਹਿਤ ਪ੍ਰੇਮੀਆਂ ਲਈ ਵੀ ਖੁੱਲ੍ਹੀ ਸੀ। ਤਕੜੀ ਬਹਿਸ ਚੱਲੀ ਸੀ ਮੈਂਬਰਸ਼ਿਪ ਨੂੰ

ਸਿਰਫ਼ ਲੇਖਕਾਂ ਤਕ ਸੀਮਤ ਕਰਨ ਬਾਰੇ ਪਰ ਸਭਾ ਦੇ ਆਸ਼ਿਆਂ ਉੱਤੇ ਪਹਿਰਾ ਦੇਣ ਵਾਲੇ ਸਾਡੇ ਵਰਗੇ ਲੋਕਾਂ ਦਾ ਦ੍ਰਿੜ ਸਟੈਂਡ ਸੀ ਕਿ ਸਭਾ ਨੇ ਪੇਂਡੂ ਸਭਾਵਾਂ ਦੀ ਕੇਂਦਰੀ ਜਥੇਬੰਦੀ ਵਜੋਂ ਫ਼ਰਜ਼ ਨਿਭਾਉਣਾ ਹੈ ਤਾਂ ਪਿੰਡਾਂ ਵਿਚ ਸਭਾਵਾਂ ਸਿਰਫ ਸਾਹਿਤਕਾਰਾਂ ਦੇ ਸਹਾਰੇ ਬਣ ਚਲ ਹੀ ਨਹੀਂ ਸਕਣਗੀਆਂ । ਕਿਉਂਕਿ ਤਕੜੀ ਬਹਿਸ ਪਿੱਛੋਂ ਸਾਡੀ ਗਲ ਪ੍ਰਵਾਨ ਕਰ ਲਈ ਗਈ, ਇਸੇ ਲਈ ਦੂਰ ਨੇੜੇ ਦੇ ਪਿੰਡਾਂ ਵਿਚ ਲੇਖਕ ਸਭਾਵਾਂ ਸਥਾਪਤ ਹੋ ਸਕੀਆਂ। ਨਹੀਂ ਤਾਂ ਪਿੰਡ ਵਿਚ ਤਾਂ ਸਭਾ ਬਣਾਉਣ ਜੋਗੇ ਮੈਂਬਰ ਹੀ ਨਹੀਂ ਸੀ ਜੁੜਨੇ ਉਹਨੀਂ ਦਿਨੀਂ।

ਅਤੇ ਇਹ ਤਜਰਬਾ ਕਾਮਯਾਬ ਰਿਹਾ ਕਿਉਂਕਿ ਜਿਹੜੇ ਲੋਕ ਪਹਿਲਾਂ ਸਰੋਤੇ ਮੈਂਬਰ ਵਜੋਂ ਪੇਂਡੂ ਸਭਾਵਾਂ ਵਿਚ ਭਾਗ ਲੈਣ ਲੱਗੇ, ਉਨ੍ਹਾਂ ਵਿਚੋਂ ਹੀ ਕਵੀਆਂ, ਕਹਾਣੀਕਾਰਾਂ, ਨਾਵਲਕਾਰਾਂ ਦੇ ਪੂਰਾਂ ਦੇ ਪੂਰ ਤਿਆਰ ਹੋਏ। ਬਾਅਦ ਵਿਚ ਜੋ ਵੀ ਹੋਇਆ ਅਤੇ ਅੱਜੋਕਾ ਵਿਧਾਨ ਜੋ ਵੀ ਆਖਦਾ ਹੋਵੇ, ਪੰਜਾਬੀ ਲੇਖਕ ਸਭਾਵਾਂ ਨੂੰ ਪਿੰਡ-ਪਿੰਡ ਕਾਇਮ ਕਰਨ ਲਈ ਉਪਰੋਕਤ ਫ਼ੈਸਲਾ ਲੈਣਾ ਜ਼ਰੂਰੀ ਸੀ।

ਦੂਜਾ ਇਹ ਕਿ ਕੇਂਦਰੀ ਸਭਾ ਬਣਾਉਣ ਵਾਲਿਆਂ ਨੇ ਸ਼ੁਰੂ ਤੋਂ ਹੀ ਇਸ ਗੱਲ ਦਾ ਵਿਰੋਧ ਕੀਤਾ ਕਿ ਸਭਾ ਨਾਲ ਜਾਂ ਇਸ ਦੀਆਂ ਬਰਾਂਚਾਂ ਨਾਲ 'ਪ੍ਰੋਗੈਸਿਵ' ਜਾਂ 'ਅੱਗੇ-ਵਧੂ' ਵਰਗਾ ਕੋਈ ਵਿਸ਼ੇਸ਼ਣ ਜੋੜਿਆ ਜਾਏ। ਹੋਰ ਤਾਂ ਹੋਰ, ਬਾਕਾਇਦਾ ਇਹ ਫੈਸਲਾ ਲਿਆ ਗਿਆ ਕਿ ਪੰਜਾਬ ਵਿਚ 'ਪੀ ਡਬਲਯੂ ਏ' ਨਾਂਅ ਦੀ ਕੋਈ ਜਥੇਬੰਦੀ ਵੀ ਕਾਇਮ ਨਹੀਂ ਕਰਨੀ ਕਿਉਂਕਿ ਅਸੀਂ ਪੰਜਾਬੀ ਲੇਖਕ ਵਿਸ਼ਾਲ ਅਰਥਾਂ ਵਿਚ ਆਪਣੇ ਸਾਰੇ ਲੇਖਕਾਂ ਨੂੰ ਹੀ ਅੱਗੇ-ਵਧੂ ਲਹਿਰ ਦਾ ਅੰਗ ਸਮਝਦੇ ਹਾਂ ਅਤੇ ਅੱਗੇ-ਵਧੂ ਹੋਣਾ ਸਾਨੂੰ ਮੁੱਢ ਤੋਂ ਹੀ ਵਿਰਸੇ ਵਿਚ ਮਿਲਿਆ ਹੈ। ਇਹ ਫੈਸਲਾ 'ਪ੍ਰੋਗਰੈਸਿਵ ਰਾਈਟਰਜ਼ ਐਸੋਸੀਏਸ਼ਨ' (P.W.A.) ਹਿੰਦ ਦੇ ਰੂਹੇ-ਰਵਾਂ ਕਾਮਰੇਡ ਸੱਜਾਦ ਜ਼ਹੀਰ ਦੀ ਹਾਜ਼ਰੀ ਵਿਚ ਪੱਟੀ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਏ ਸਮਾਗਮ ਵਿਚ ਦੁਹਰਾਇਆ ਗਿਆ ਅਤੇ ਪੰਜਾਬ ਦੇ ਪ੍ਰਸੰਗ ਵਿਚ ਇਸ ਦੀ ਸਾਰਥਕਤਾ ਦਾ ਨਿਹਚਾ ਕਾਮਰੇਡ ਜ਼ਹੀਰ ਜੀ ਨੂੰ ਕਰਵਾਇਆ ਗਿਆ।

ਤੀਜੀ ਗੱਲ, ਸਭ ਸਥਾਨਕ ਸਭਾਵਾਂ ਨੂੰ, ਜਿਨ੍ਹਾਂ ਵਿਚੋਂ ਬਹੁ-ਗਿਣਤੀ ਪੇਂਡੂ ਸਭਾਵਾਂ ਦੀ ਸੀ, ਇਕੋ ਝੰਡੇ ਹੇਠ ਜਥੇਬੰਦ ਰੱਖਣ ਵੱਲ ਪੂਰਾ ਧਿਆਨ ਦਿੱਤਾ ਗਿਆ ਅਤੇ ਕਮਿਊਨਿਸਟ ਪਾਰਟੀ ਦੇ ਪਹਿਲਾਂ ਦੋ ਤੇ ਫਿਰ ਤਿੰਨ ਚਾਰ ਹਿੱਸਿਆਂ ਵਿਚ ਵੰਡੇ ਜਾਣ ਦੇ ਬਾਵਜੂਦ ਸਿਧਾਂਤਕ ਆਧਾਰ ਉੱਤੇ ਕੇਂਦਰੀ ਸਭਾ ਜਾਂ ਸਥਾਨਕ ਸਭਾਵਾਂ ਨੂੰ ਦੁਫਾੜ ਨਾ ਹੋਣ ਦਿੱਤਾ ਗਿਆ। ਅੱਜ ਵੀ ਭਾਰਤੀ ਕਮਿਊਨਿਸਟ ਪਾਰਟੀ, ਮਾਰਕਸੀ ਪਾਰਟੀ ਅਤੇ ਨਕਸਲੀ ਸੋਚ ਨਾਲ ਜੁੜੇ ਸਾਥੀਆਂ ਨੂੰ ਬਹੁਤੀਆਂ ਥਾਂਵਾਂ ਵਿਚ ਇਕ ਸਭਾ ਅੰਦਰ ਕੰਮ ਕਰਦੇ ਵੇਖਿਆ ਜਾ ਸਕਦਾ ਹੈ। ਕੇਂਦਰੀ ਪੰਜਾਬੀ ਲੇਖਕ ਸਭਾ' (ਰਜਿਸਟਰਡ) ਤੇ ਕੇਂਦਰੀ ਸਭਾ (ਸੇਖੋਂ) ਵਿਚਲੀ ਵੰਡ ਦਾ ਆਧਾਰ ਵੀ ਸਾਡੀ ਜਾਚੇ ਸਿਧਾਂਤਕ ਨਹੀਂ ਅਤੇ ਅਸੀਂ ਸਮਝਦੇ ਹਾਂ ਕਿ ਪੰਜਾਬੀ ਸਾਹਿਤਕਾਰਾਂ ਨੂੰ ਦੋਵਾਂ ਸਭਾਵਾਂ ਨੂੰ ਇਕ ਕਰਨ ਵੱਲ ਉਚੇਚਾ ਧਿਆਨ ਦੇਣਾ ਚਾਹੀਦਾ ਹੈ। **(14.10.2001)**

## ਅਸਲ ਅਭਿਨੰਦਨ : ਦਰਸ਼ਨ ਸਿੰਘ

ਜਗਜੀਤ ਨੂੰ ਮੈਂ ਸਦਾ ਜਗਜੀਤ ਹੀ ਸੱਦਿਆ ਏ, ਭਾਵੇਂ ਮੇਰੇ ਨਾਲੋਂ ਉਹ ਛੇ-ਸੱਤ ਸਾਲ ਵੱਡਾ ਏ। ਸ਼ਾਇਦ ਇਸ ਕਰਕੇ ਕਿ ਉਹਦਾ ਸਾਲ਼ਾ ਤੇ ਮੇਰਾ ਮਰਹੂਮ ਦੋਸਤ ਨਵਤੇਜ ਵੀ ਉਹਨੂੰ ਇੰਝ ਹੀ ਸੱਦਦਾ ਸੀ। ਜਾਂ ਸ਼ਾਇਦ ਇਸ ਕਰਕੇ ਵੀ ਕਿ ਮੈਨੂੰ ਸਦਾ ਉਹਦੇ ਨਾਲ ਅਪਣੱਤ ਮਹਿਸੂਸ ਹੁੰਦੀ ਏ। ਵੈਸੇ ਪਾਰਟੀ 'ਚ ਉਹਨੂੰ ਆਨੰਦ ਕਹਿੰਦੇ ਸਨ। ਸਾਂਝੀ ਪਾਰਟੀ 'ਚ ਉਹਦੇ ਵਿਰੋਧੀ ਕਾਬਜ਼ ਧੜੇ ਵਾਲਿਆਂ ਨੇ ਉਹਦਾ ਨਾਂਅ ਡਾ: ਨੰਦਾਕਾਰੀ ਰੱਖਿਆ ਹੋਇਆ ਸੀ। ਉਹ ਪੇਂਡੂ ਪਿੱਛੇ ਵਾਲੇ ਸਨ। ਗੁੜ੍ਹੇ ਹੋਏ ਜ਼ਿਆਦਾ ਸਨ ਤੇ ਪੜ੍ਹੇ ਹੋਏ ਘੱਟ ਤੇ ਇਹ ਨਾਂਅ ਲੈ ਉਹ ਜਗਜੀਤ ਦੀ ਵਿਦਵਤਾ ਨੂੰ ਛੁਟਿਆਣ ਦੀ ਕੋਸ਼ਿਸ਼ ਕਰਦੇ ਸਨ। ਜਗਜੀਤ ਨੂੰ ਕੋਈ ਫਰਕ ਨਹੀਂ ਸੀ ਪੈਂਦਾ। ਇਸ ਨਾਂਅ ਦਾ ਕਾਫੀਆ ਪਾਰਟੀ ਦੇ ਪ੍ਰਮੁੱਖ ਸਿਧਾਂਤਕਾਰ ਡਾ: ਅਧਿਕਾਰੀ ਦੇ ਨਾਂਅ ਨਾਲ ਮਿਲਦਾ ਸੀ।

ਇਹਦੇ ਨਾਲ ਸਗੋਂ ਜਗਜੀਤ ਦੀ ਵਡਿਆਈ ਹੁੰਦੀ ਸੀ।

ਪਿਛਲੇ ਸਾਲ ਬੜੇ ਲੰਮੇ ਵਕਫੇ ਬਾਅਦ ਮੇਰਾ ਜਲੰਧਰ ਜਾਣਾ ਹੋਇਆ। ਆਪਣੇ ਨੇਮ ਅਨੁਸਾਰ ਮੈਂ ਜਗਜੀਤ ਤੇ ਮੀਲਾ ਨੂੰ ਮਿਲਣ ਗਿਆ। ਸੁਕੀਰਤ ਵੀ ਉੱਥੇ ਸੀ। ਮੈਂ ਸੁਣਿਆ ਹੋਇਆ ਸੀ ਕਿ ਕੁਝ ਸਾਲਾਂ ਤੋਂ ਜਗਜੀਤ ਠੀਕ ਨਹੀਂ ਸੀ। ਉਹਨੂੰ ਮਿੰਨੀ ਹਾਰਟ ਅਟੈਕ ਹੁੰਦੇ ਰਹੇ ਸਨ। ਹਰ ਅਜਿਹੇ ਅਟੈਕ ਪਿੱਛੋਂ ਦਿਮਾਗ਼ ਕੁਝ ਹੋਰ ਭੁਰ ਜਾਂਦਾ ਸੀ। ਉਹਦੇ ਪੇਸ-ਮੇਕਰ ਵੀ ਲੱਗਾ ਹੋਇਆ ਸੀ। ਸਰੀਰਕ ਤੇ ਮਾਨਸਿਕ ਯੋਗਤਾ ਪਹਿਲਾਂ ਵਰਗੀ ਨਹੀਂ ਸੀ ਰਹੀ। ਉਹਦੇ ਚੇਤੇ ਨੇ ਵੀ ਰਵਸ਼ ਬਦਲੀ ਹੋਈ ਸੀ। ਪੁਰਾਣੇ ਕੁਝ ਨੂੰ ਸਾਂਭ ਰੱਖਦਾ ਸੀ ਤੇ ਨਵੇਂ ਕੁਝ ਨੂੰ ਛਿਣਕਦਾ ਸੀ। ਸ਼ਾਇਦ ਇਸ ਕਰਕੇ ਹੀ ਜਗਜੀਤ ਨੇ ਮੈਨੂੰ ਪਛਾਣ ਲਿਆ। ਮੈਂ ਵੀ ਪੁਰਾਣੇ ਕੁਝ 'ਚੋਂ ਸਾਂ।

ਮੈਂ ਕਾਫੀ ਚਿਰ ਬੈਠਾ ਰਿਹਾ। ਚਾਹ ਪੀਤੀ। ਬੜੀਆਂ ਗੱਲਾਂ ਕੀਤੀਆਂ। ਜਗਜੀਤ ਸਾਹਮਣੇ ਬੈਠਾ ਸੁਣਦਾ ਰਿਹਾ। ਆਪ ਉਹ ਉਦੋਂ ਹੀ ਬੋਲਿਆ, ਜਦੋਂ ਉਹਨੂੰ ਕਿਸੇ ਬੋਲਣ ਲਈ ਕਿਹਾ, ਉਹ ਵੀ ਓਨਾ, ਜਿੰਨੇ ਨਾਲ ਝੱਟ ਲੰਘ ਜਾਏ। ਇਹ ਮੇਰੇ ਲਈ ਬੜਾ ਓਪਰਾ ਸੀ। ਚੰਗੇ ਵਕਤੀਂ ਜਗਜੀਤ ਬੋਲਣ 'ਚ ਕਿਸੇ ਨੂੰ ਅੱਗੇ ਨਹੀਂ ਸੀ ਲੰਘਣ ਦਿੰਦਾ। ਬੜੀ ਲੰਮੀ, ਮੁੱਕਣ 'ਚ ਨਾ ਆਉਂਦੀ, ਗੱਲ ਕਰਦਾ ਸੀ। ਅਸੀਂ ਮਜ਼ਾਕ ਨਾਲ ਕਿਹਾ ਕਰਦੇ ਸਾਂ ਕਿ ਜੇ ਕਿਸੇ ਨੇ ਕਿਤੇ ਨੀਅਤ ਸਮੇਂ ਪਹੁੰਚਣਾ ਹੋਵੇ, ਉਹਨੂੰ ਜਗਜੀਤ ਨਾਲ ਗੱਲੀਂ ਨਹੀਂ ਲੱਗਣਾ ਚਾਹੀਦਾ। ਏਸ ਮੂੰਹ-ਮੀਟੇ ਜਗਜੀਤ ਦੇ ਬੁੱਲ੍ਹਾਂ 'ਤੇ ਲਿੱਸੀ ਜਿਹੀ ਮੁਸਕਰਾਹਟ ਸੀ। ਉਹਦੇ 'ਚੋਂ ਉਹ ਪਹਿਲੀਆਂ ਵਾਲੀ ਚਮਕ ਤੇ ਚਿਲਕੋਰ ਗ਼ਾਇਬ ਸੀ। ਇਹ ਹੋਰ ਵੀ ਓਪਰੀ ਗੱਲ ਸੀ। ਜਗਜੀਤ ਦੀ ਮੁਸਕਰਾਹਟ ਕੋਈ ਅਲੋਕਾਰ ਚੀਜ਼ ਹੁੰਦੀ ਸੀ। ਜਦੋਂ ਉਹ ਮੁਸਕਰਾਉਂਦਾ ਸੀ, ਉਹਦਾ ਚਿਹਰਾ ਰੁਸ਼ਨਾ ਜਾਂਦਾ ਸੀ। ਗੱਲ੍ਹਾਂ ਦਗ ਰਹੀਆਂ ਹੁੰਦੀਆਂ, ਉਹ ਸਾਰਾ ਪੰਘਰ ਕੇ ਉਹਦੇ ਵਿਚ ਸਿਮਟ ਆਇਆ ਜਾਪਦਾ।

ਜਗਜੀਤ ਦੀ ਇਹ ਮੁਸਕਰਾਹਟ ਮੈਂ ਪਹਿਲੀ ਵਾਰੀ ਅੱਜ ਤੋਂ ਕੋਈ ਛੇ ਦਹਾਕੇ ਪਹਿਲਾਂ ਵੇਖੀ। ਓਦੋਂ ਮੈਂ ਉਹਨੂੰ ਪਹਿਲੀ ਵਾਰ ਮਿਲਿਆ ਸਾਂ। ਸੰਨ 1952 ਸੀ। ਕਮਿਊਨਿਸਟ ਪਾਰਟੀ ਤੋਂ ਪਾਬੰਦੀ ਹਟੀ ਸੀ। ਆਜ਼ਾਦ ਹਿੰਦੁਸਤਾਨ ਦੀਆਂ ਜੇਲ੍ਹਾਂ 'ਚੋਂ ਕਮਿਊਨਿਸਟਾਂ ਦੀਆਂ ਰਿਹਾਈਆਂ ਹੋਣ ਲੱਗੀਆਂ ਸਨ। ਜਗਜੀਤ ਯੋਲ ਕੈਂਪ ਤੋਂ ਛੁੱਟਿਆ ਸੀ। ਬਾਹਰ ਨਿਕਲਦਿਆਂ ਹੀ ਉਹ ਸਾਨੂੰ ਦਿੱਲੀ ਮਿਲਣ ਆਇਆ। ਅਸੀਂ ਤਿੰਨ ਜਣੇ ਸਾਂ। ਰਣਧੀਰ, ਜੋ ਕੈਂਪ ਕਾਲਿਜ 'ਚ ਪੋਲੀਟੀਕਲ ਸਾਇੰਸ ਪੜ੍ਹਾਉਂਦਾ ਸੀ। ਦੇਵ, ਜੋ ਦਿੱਲੀ ਯੂਨੀਵਰਸਿਟੀ 'ਚ ਸੰਸਕ੍ਰਿਤ ਦੀ ਸੰਥਾ ਦਿੰਦਾ ਸੀ। ਦੋਵੇਂ ਮੰਨੇ-ਪ੍ਰਮੰਨੇ ਮਾਰਕਸੀ ਵਿਦਵਾਨ ਸਨ। ਤੇ ਮੈਂ ਰੂਸੀ ਦੂਤਾਵਾਸ ਦੇ ਸੂਚਨਾ ਵਿਭਾਗ ਵਿਚ ਅੱਧਾ ਅਨੁਵਾਦਕ ਤੇ ਅੱਧਾ ਅਕਾਊਂਟੈਂਟ ਹੁੰਦਾ ਸਾਂ। ਅਸੀਂ ਆਪਣੇ ਆਮ ਕੰਮ ਦੇ ਨਾਲ-ਨਾਲ ਦਿੱਲੀਉਂ ਪੰਜਾਬ ਪਾਰਟੀ ਦਾ ਸਿਧਾਂਤਕ ਮਾਸਕ-ਪੱਤਰ 'ਸਾਡਾ ਜੁੱਗ' ਵੀ ਕਢਦੇ ਸਾਂ। ਮੁੱਖ ਕੰਮ ਰਣਧੀਰ ਤੇ ਦੇਵ ਹੀ ਕਰਦੇ ਸੀ। ਮੈਂ ਐਵੇਂ ਹੱਥ ਵਟਾਉਂਦਾ ਸਾਂ। ਰਣਧੀਰ ਤੇ ਮੈਂ ਕਰੋਲ ਬਾਗ ਰਹਿੰਦੇ ਸਾਂ। ਦੇਵ ਨੇੜੇ ਹੀ, ਅਜਮਲ ਖਾਂ ਰੋਡ ਦੇ ਪਾਰਲੇ ਸਿਰੇ, ਤਿੱਬੀਆ ਕਾਲਿਜ 'ਚ ਰਹਿੰਦਾ ਸੀ। ਉਹ ਜਗਜੀਤ ਨੂੰ ਨਾਲ ਲੈ ਸਾਡੇ ਕੋਲ ਆਇਆ।

ਜਗਜੀਤ ਦੇਵ ਨਾਲ ਗੱਲਾਂ ਕਰਦਾ ਆਇਆ ਸੀ। ਉਹਦਾ ਇਹ ਸਿਲਸਿਲਾ ਜਾਰੀ ਰਿਹਾ। ਜ਼ੁਬਾਨ ਰੁਕ ਨਹੀਂ ਸੀ ਰਹੀ। ਪੈਰ ਭੁੰਝੇ ਨਹੀਂ ਸਨ ਪੈ ਰਹੇ। ਅਸੀਂ ਵੇਖਦੇ ਰਹੇ ਤੇ ਸੁਣਦੇ ਰਹੇ। ਸਾਡੇ ਕਮਰੇ 'ਚ ਇਕ ਛੋਟਾ ਜਿਹਾ ਸ਼ੀਸ਼ਾ ਸੀ। ਉਹਦੇ ਵਿਚ ਵੇਖ ਉਹ ਆਪਣੀ ਪਗੜੀ ਠੀਕ ਕਰਨ ਲੱਗਾ। ਦਾਹੜੀ ਥਪਥਪਾਈ ਤੇ ਥਾਂ-ਸਿਰ ਬਿਠਾਈ। ਮੁੱਛਾਂ ਵੀ ਸੰਵਾਰੀਆਂ, ਪਰ ਉਹ ਮੁੜ-ਘਿੜ ਮੂੰਹ 'ਚ ਪੈਣੋਂ ਨਾ ਰਹੀਆਂ। ਹੱਸ ਕੇ ਕਹਿਣ ਲੱਗਾ, 'ਇਹਨਾਂ ਦਾ ਬੰਦੋਬਸਤ ਕਰਨਾ ਪਵੇਗਾ।'

ਜਗਜੀਤ ਦੀਆਂ ਜੇਲ੍ਹ 'ਚ ਖਾਧੀਆਂ ਰੋਟੀਆਂ ਦੀ ਤਾਸੀਰ ਚੰਗੀ ਲੱਗਦੀ ਸੀ। ਉਹ ਸਿਹਤਵਰ ਲੱਗਦਾ ਸੀ। ਮੂੰਹ ਉਹਦਾ ਭਰਿਆ ਹੋਇਆ ਸੀ। ਘੱਟ ਮਾਇਆ ਲੱਗੀ ਹੋਣ ਕਰਕੇ ਪਗੜੀ ਉਹਦੀ ਛੋਟੀ ਸੀ ਤੇ ਇਸ ਕਰਕੇ ਉਹਦਾ ਮੂੰਹ ਅਸਲ ਨਾਲੋਂ ਵੱਡਾ ਲੱਗਦਾ ਸੀ। ਅੱਖਾਂ 'ਚ

ਲਿਸ਼ਕ ਸੀ। ਐਨਕ ਕੁਝ-ਕੁਝ ਧੁੰਦਲਾਈ ਹੋਈ ਸੀ। ਉਹ ਡਾਢੀ ਉਤਾਵਲ ਤੇ ਫੁਰਤੀ ਦਾ ਪ੍ਰਭਾਵ ਦੇ ਰਿਹਾ ਸੀ। ਪ੍ਰਤੱਖ ਹੀ ਜਗਜੀਤ ਨੂੰ ਕੋਈ ਚਾਅ ਚੜ੍ਹਿਆ ਹੋਇਆ ਸੀ। ਇਹ ਚਾਅ ਸਿਰਫ ਰਿਹਾਈ ਦਾ ਨਹੀਂ ਸੀ ਹੋ ਸਕਦਾ।

ਛੇਤੀ ਹੀ ਉਹਦੀ ਪੂਰੀ ਵਜ੍ਹਾ ਵੀ ਸਮਝ ਆ ਗਈ।

ਵਸਲਾਂ ਦੀ ਘੜੀ ਨੇੜੇ ਆ ਰਹੀ ਸੀ। ਜਗਜੀਤ ਦਾ, ਕਾਫੀ ਸਹਿਕ ਤੋਂ ਬਾਅਦ ਆਪਣੀ ਦੋਸਤ ਉਰਮਿਲਾ ਨਾਲ ਛੇਤੀ ਹੀ ਵਿਆਹ ਹੋਣ ਵਾਲਾ ਸੀ। ਉਰਮਿਲਾ ਸ: ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਧੀ ਸੀ। ਉਹਦਾ ਜਗਜੀਤ ਨਾਲ ਪਿਆਰ ਸੀ। ਜੇਲ੍ਹ ਨੇ ਵਿਛੋੜ ਕੇ ਰਖਿਆ ਹੋਇਆ ਸੀ ਤੇ ਹੁਣ ਉਡੀਕਾਂ ਖਤਮ ਹੋ ਰਹੀਆਂ ਸਨ। ਛੇਤੀ ਹੀ ਉਹਨਾਂ ਦਾ ਵਿਆਹ ਹੋ ਰਿਹਾ ਸੀ। ਸਾਨੂੰ ਸਾਰਿਆਂ ਨੂੰ ਉਹਨੇ ਪ੍ਰੀਤਨਗਰ ਵਿਆਹ 'ਚ ਆਉਣ ਦਾ ਸੱਦਾ ਦਿੱਤਾ।

ਦਿੱਲੀਓਂ ਸਾਡੇ ਸਾਰਿਆਂ ਵਿਚੋਂ ਮੈਂ ਹੀ ਜਾ ਸਕਿਆ। ਮੈਨੂੰ ਪ੍ਰੀਤ ਨਗਰ ਵੇਖਣ ਦਾ ਸ਼ੌਕ ਵੀ ਸੀ। ਉਹਦੀਆਂ ਬੜੀਆਂ ਕਹਾਣੀਆਂ ਸੁਣੀਆਂ ਹੋਈਆਂ ਸਨ, ਪਰ ਮੈਂ ਪਹਿਲੋਂ ਕਦੀ ਉੱਥੇ ਗਿਆ ਨਹੀਂ ਸਾਂ ਹੋਇਆ। ਨਵਤੇਜ ਨਾਲ ਵੀ ਮੇਰੀ ਵਾਕਫੀ ਨਵੀਂ-ਨਵੀਂ ਸੀ। ਦਿੱਲੀ, ਮਹਿਰੌਲੀ ਹੋਈ ਸੀ ਜਿੱਥੇ ਦੇਸ਼ ਦੇ ਵੰਡਾਰੇ ਪਿੱਛੋਂ 'ਪ੍ਰੀਤ ਲੜੀ' ਨੇ ਕੁਝ ਚਿਰ ਸ਼ਰਨ ਲਈ ਸੀ। ਇਸ ਲਈ ਓਥੇ ਕਦੀ ਜਾਣ ਦਾ ਮੌਕਾ ਨਹੀਂ ਸੀ ਬਣਿਆ।

ਜਗਜੀਤ ਤੇ ਉਰਮਿਲਾ ਦਾ ਵਿਆਹ ਇਸ ਪ੍ਰੀਤਾਂ ਦੇ ਪਿੰਡ 'ਚ ਹੋਇਆ। ਮੈਨੂੰ ਸਿਆਲ਼ੇ ਦੀ ਉਹ ਸਵੇਰ ਯਾਦ ਏ। ਮਿੱਠੀ-ਮਿੱਠੀ ਠੰਢ ਸੀ। ਸਰਦਾਰ ਜੀ ਦੀ ਪੁਰਾਣੀ ਕੋਠੀ ਦੇ ਪਿਛਲੇ ਲਾਅਨ 'ਚ ਸਿੱਖ ਮਰਿਆਦਾ ਅਨੁਸਾਰ ਸਾਦਾ ਜਿਹੀ ਰਸਮ ਹੋਈ। ਕੋਈ ਕਨਾਤ ਨਹੀਂ ਸੀ। ਕੋਈ ਵਾਜਾ ਨਹੀਂ ਸੀ ਵਜਿਆ। ਕੋਈ ਭੱਜ-ਦੌੜ ਨਹੀਂ ਸੀ। ਥੋੜ੍ਹੇ ਜਿਹੇ ਸਾਕਾਂ-ਸਨੇਹੀਆਂ ਤੇ ਦੋਸਤ-ਮਿੱਤਰਾਂ ਦੀਆਂ ਢਾਣੀਆਂ ਸਨ ਤੇ ਖ਼ਿੜੇ ਗੁਲਾਬਾਂ ਦੀਆਂ ਕਿਆਰੀਆਂ। ਹਰਿਆਈ ਤੇ ਚੁਪਾਸੀ ਪਲਰੇ ਹੋਏ ਵਿਰਲੇ-ਵਿਰਲੇ ਰੁੱਖਾਂ ਦੀਆਂ ਪਾਲ਼ਾਂ। ਦੂਰ ਨਿੱਖਰੀਆਂ ਪੈਲ਼ੀਆਂ ਦੀਆਂ ਪਿੜੀਆਂ ਤੇ ਕੋਸੀ-ਕੋਸੀ ਧੁੱਪ। ਕਿਸੇ ਕਿੱਸੇ-ਕਹਾਣੀ ਦਾ ਦ੍ਰਿਸ਼ ਲੱਗਦਾ ਸੀ।

ਜਗਜੀਤ ਵੰਡਾਰਿਓਂ ਪਹਿਲਾਂ ਤੋਂ ਹੀ ਕਮਿਊਨਿਸਟ ਲਹਿਰ 'ਚ ਸਰਗਰਮ ਹੁੰਦਾ ਸੀ। ਪਾਰਟੀ ਦਾ ਕੁਲ-ਵਕਤੀ ਕਾਰਕੁਨ ਸੀ। ਪਾਰਟੀ ਦੇ ਹੈੱਡ-ਕਵਾਟਰ 'ਚ ਹੀ ਰਹਿੰਦਾ ਸੀ। ਵਿਦਿਆਰਥੀ ਲਹਿਰ 'ਚ ਪੇਸ਼-ਪੇਸ਼ ਸੀ ਤੇ ਪਾਰਟੀ ਦੇ ਅਖਬਾਰ 'ਜੰਗੇ-ਆਜ਼ਾਦੀ' ਦੇ ਸੰਪਾਦਕੀ ਸਟਾਫ 'ਚ ਹੁੰਦਾ ਸੀ। ਇਹ ਅਖਬਾਰ ਕਦੀ-ਕਦੀ ਮੈਂ ਵੀ ਪੜ੍ਹਦਾ ਸੀ। ਲਾਹੌਰ ਹੋਸਟਲ 'ਚ ਰਹਿੰਦਾ ਸਾਂ। ਮੇਰੀ ਪਾਰਟੀ ਨਾਲ ਛੋਹ ਪਿੱਛੇ ਆਪਣੇ ਜ਼ਿਲ੍ਹੇ 'ਚ ਸੀ, ਲਾਹੌਰ ਨਹੀਂ ਸੀ। ਇਸ ਲਈ ਮੈਂ ਓਦੋਂ ਜਗਜੀਤ ਨੂੰ ਵੇਖਿਆ ਨਹੀਂ ਸੀ ਹੋਇਆ।

ਪੰਜਾਬ ਦੀ ਕਮਿਊਨਿਸਟ ਪਾਰਟੀ 'ਚ ਬਹੁਤੇ ਸਿੱਖ ਤੇ ਹਿੰਦੂ ਹੀ ਹੁੰਦੇ ਸਨ। ਜੋ ਥੋੜ੍ਹੇ-ਬਹੁਤੇ ਮੁਸਲਮਾਨ ਕਮਿਊਨਿਸਟ ਸਨ, ਉਹ ਪਾਕਿਸਤਾਨ ਹੀ ਰਹਿ ਗਏ ਸਨ ਜਾਂ ਪਾਕਿਸਤਾਨ ਚਲੇ ਗਏ ਸਨ। ਮੈਨੂੰ ਯਾਦ ਏ, ਸਾਡੇ ਆਪਣੇ ਸਾਰੇ ਜ਼ਿਲ੍ਹੇ ਸ਼ੇਖ਼ੂਪੁਰੇ 'ਚ ਸਿਰਫ ਤਿੰਨ-ਚਾਰ ਮੁਸਲਮਾਨ ਕਾਰਕੁਨ ਹੀ ਹੁੰਦੇ ਸਨ ਤੇ ਉਹ ਵੀ ਲੀਗੀਆਂ ਦੇ ਅੱਗੇ-ਪਿੱਛੇ ਘੁੰਮਦੇ ਸਨ। ਉਹ ਸਾਰੇ ਪਾਕਿਸਤਾਨ ਦੀ ਛੋਟੀ ਜਿਹੀ ਕਮਿਊਨਿਸਟ ਪਾਰਟੀ 'ਚ ਸਮਾ ਗਏ। ਪਾਰਟੀ ਕੋਲ ਸਰਕਰਦਾ ਲੀਡਰ ਕੋਈ ਨਹੀਂ ਸੀ। ਇਸ ਲਈ ਉਹਦੀ ਸਕੱਤਰੀ ਲਈ ਕਾਮਰੇਡ ਸੱਜਾਦ ਜ਼ਹੀਰ ਨੂੰ ਹਿੰਦੁਸਤਾਨੋ ਬਰਾਮਦ ਕਰਨਾ ਪਿਆ।

ਪੰਜਾਬ ਦੀ ਕਮਿਊਨਿਸਟ ਪਾਰਟੀ ਨੇ ਏਧਰ ਆ ਆਪਣੇ ਡੇਰੇ ਜਲੰਧਰ ਲਾ ਲਏ, ਭਾਵੇਂ ਉਹ ਪੰਜਾਬ ਦੀ ਰਾਜਧਾਨੀ ਨਹੀਂ ਸੀ। ਪਾਰਟੀ ਨੇ ਆਪਣੇ ਟਿਕਾਣੇ ਤੇ ਆਪਣੇ ਅਖਬਾਰ ਦੇ ਦਫਤਰ ਲਈ ਜਿਹੜੀ ਇਮਾਰਤ ਲਈ, ਉਹ ਪੰਜਾਬ ਦੀ ਉਸਾਰੀ-ਕਲਾ ਦਾ ਕਮਾਲ ਕਹੀ ਜਾ ਸਕਦੀ ਹੈ। ਉਹ ਊਠ-ਦੀ-ਊਠ ਲੱਗਦੀ ਸੀ। ਉਹਦੀ ਕੋਈ ਕਲ ਵੀ ਸਿੱਧੀ ਨਹੀਂ ਸੀ। ਵੇਖ ਕੇ ਲੱਗਦਾ ਸੀ

ਹਵਾ ਦੇ ਇੱਕੋ ਬੁੱਲੇ ਨਾਲ ਡੋਲ ਜਾਏਗੀ ਤੇ ਢਹਿ ਪਵੇਗੀ। ਉਹਦੀਆਂ ਕੰਧਾਂ ਭੁਰੀਆਂ ਹੋਈਆਂ ਸਨ। ਇੱਟਾਂ ਖੁਰੀਆਂ ਹੋਈਆਂ। ਪਲੱਸਤਰ ਗੁਪਤਵਾਸ ਸੀ। ਪੌੜੀਆਂ ਟੁੱਟੀਆਂ ਹੋਈਆਂ ਸਨ। ਮੱਥੇ 'ਚ ਕਈ ਵਿੰਗ-ਟੇਢ ਸਨ। ਹੇਠਲੀ ਮੰਜ਼ਲ 'ਤੇ ਛਾਪਾਖਾਨਾ ਵੀ ਲੱਗਾ ਹੋਇਆ ਸੀ। ਉਹਦੀਆਂ ਧਮਕਾਂ ਵੀ ਇਮਾਰਤ ਦੀਆਂ ਚੂਲ਼ਾਂ ਢਿੱਲੀਆਂ ਨਾ ਕਰ ਸਕੀਆਂ। ਇਸ ਇਮਾਰਤ ਨੂੰ ਉਸਾਰਨ ਵਾਲੇ ਨੇ ਉਸਾਰੀ ਦੇ ਵਜ਼ਨ ਦੀ ਕੋਈ ਅਜਿਹੀ ਵੰਡ ਕੀਤੀ ਹੋਈ ਸੀ ਉਹ ਕਿਸੇ ਤਰ੍ਹਾਂ ਦੀ ਹਿੱਲਜੁਲ ਨਾਲ ਡਾਵਾਂਡੋਲ ਨਹੀਂ ਸੀ ਹੁੰਦੀ। ਇਹਦੀ ਪਾਏਦਾਰੀ ਨੂੰ ਕੁਤਬ ਮੀਨਾਰ ਦੀ ਲੋਹੇ ਦੀ ਲੱਠ ਦੇ ਤੁਲ ਰੱਖਿਆ ਜਾ ਸਕਦਾ ਸੀ।

ਇਹ ਇਮਾਰਤ, ਇਕ ਤਰ੍ਹਾਂ ਨਾਲ ਪੰਜਾਬ ਪਾਰਟੀ ਨੂੰ ਵੀ ਰੂਪਮਾਨ ਕਰਦੀ ਸੀ। ਪਾਰਟੀ ਭਾਵੇਂ ਕਿੰਨੀ ਹੀ ਨਿਤਾਣੀ ਲੱਗੇ, ਉਹ ਆਪਣੀ ਥਾਂ ਮਜ਼ਬੂਤ ਰਹੀ। ਕਈ ਝੱਖੜ ਝੁੱਲੇ, ਕਈ ਭੁਚਾਲ ਆਏ, ਕਈ ਕਾਂਗਾਂ ਚੜ੍ਹੀਆਂ, ਪਰ ਪਾਰਟੀ ਦੀ ਬੇੜੀ ਲਹਿਰਾਂ ਦੀਆਂ ਪੀਂਘਾਂ ਝੂਟਦੀ ਰਹੀ। ਬੜੇ ਥਪੇੜੇ ਖਾਧੇ, ਪਰ ਰਹੀ ਪਾਣੀਓਂ ਉੱਪਰ।

ਮੈਨੂੰ ਲੱਗਦਾ ਏ, ਇਹ ਇਮਾਰਤ ਜਗਜੀਤ ਨੂੰ ਵੀ ਫਲ਼ੀ। ਉਸਨੇ ਕਈ ਵਰ੍ਹੇ ਇਸ ਇਮਾਰਤ 'ਚ ਗੁਜ਼ਾਰੇ। ਉਹ ਉੱਥੇ ਆਉਂਦਾ-ਜਾਂਦਾ, ਬਹਿੰਦਾ ਤੇ ਰਹਿੰਦਾ ਰਿਹਾ। ਲੱਗਦਾ ਏ, ਇਮਾਰਤ ਨੇ ਕਿਸੇ ਦਿਨ, ਮਿਹਰ 'ਚ ਆ, ਜਗਜੀਤ ਨੂੰ ਆਪਣੀ ਪਾਇਦਾਰੀ ਦਾ ਭੇਤ ਦੱਸ ਦਿੱਤਾ ਤੇ ਇਹ ਭੇਤ ਜਗਜੀਤ ਨੇ, ਡਾਢੀ ਜੁਗਤ ਨਾਲ ਆਪਣੀ ਜ਼ਾਤੀ ਤੇ ਸਿਆਸੀ ਜ਼ਿੰਦਗੀ ਨੂੰ ਅਡੋਲ ਰੱਖਣ ਲਈ ਵਰਤਿਆ। ਜੇ ਜਗਜੀਤ ਕੋਲ਼ ਇਸ ਇਤਿਹਾਸਕ ਉਸਾਰੀ ਦਾ ਦਿੱਤਾ ਭੇਤ ਨਾ ਹੁੰਦਾ, ਉਹ ਆਪਣੇ ਤੋਂ ਉਪਰਲੇ, ਸਦਾ ਬਹੁ-ਗਿਣਤੀ 'ਚ ਹੋਣ ਵਾਲੇ, ਮੁੱਖ ਲੀਡਰਾਂ ਹੱਥੋਂ ਏਨੇ ਧੱਕੇ ਖਾਣ ਤੇ ਠਿੱਬੀਆਂ ਦਿੱਤੇ ਜਾਣ ਦੇ ਬਾਵਜੂਦ ਵੀ ਸਿੱਧਾ ਤੇ ਸਾਵਾਂ ਖੜ੍ਹਾ ਨਾ ਰਹਿ ਸਕਦਾ। ਜਗਜੀਤ ਜਿਵੇਂ ਕੋਈ ਪੱਕੀਆਂ ਜੜ੍ਹਾਂ ਵਾਲਾ, ਸਦਾ-ਹਰਿਆ, ਪਿੱਪਲ ਸੀ, ਜਿਹਦੀਆਂ ਡਾਹਣਾਂ 'ਚੋਂ ਸਦਾ ਪਉਣ ਰੁਮਕਦੀ ਰਹਿੰਦੀ ਤੇ ਜਿਹਦੇ ਲਿਸ਼ਕਵੇਂ, ਮੋਮੀ ਪੱਤੇ ਹਰ ਪਲ ਖੜ-ਖੜ ਲਾਈ ਰੱਖਦੇ।

ਪੰਜਾਬ ਪਾਰਟੀ ਹਮੇਸ਼ਾ ਇਕ ਦੋਹਰੇ ਘੋਲ਼ 'ਚ ਜੁਟੀ ਰਹਿੰਦੀ ਸੀ। ਉਹ ਬਾਹਰ ਵੀ ਘੋਲ਼ ਕਰਦਾ ਸੀ ਤੇ ਅੰਦਰ ਵੀ। ਇਸ ਘੋਲ਼ ਦੀ ਬੇ-ਤਰਸੀ ਤੇ ਬੇਕਿਰਕੀ, ਹਥਿਆਰਬੰਦ ਘੋਲ਼ ਦੇ ਸਮੇਂ ਨੂੰ ਛੱਡ ਕੇ, ਬਾਹਰ ਨਾਲੋਂ ਅੰਦਰ ਜ਼ਿਆਦਾ ਹੁੰਦੀ ਸੀ। ਸਾਡੀ ਪਾਰਟੀ ਨੂੰ ਮਨੁੱਖ ਦੀ ਪਾਰਟੀ ਕਿਹਾ ਜਾਂਦਾ ਰਿਹੈ, ਪਰ ਪਾਰਟੀ ਅੰਦਰਲੇ ਵਿਰੋਧੀਆਂ ਨਾਲ ਮਨੁੱਖੀ ਤੌਰ-ਤਰੀਕੇ ਨਹੀਂ ਵਰਤੇ ਜਾਂਦੇ। ਇਹ ਭੁਲਾ ਦਿੱਤਾ ਜਾਂਦੈ ਕਿ ਵਿਰੋਧੀ ਵੀ ਆਪਣੇ ਸਾਥੀ ਨੇ। ਉਹ ਵੀ ਲੋਕ-ਭਲੇ ਨੂੰ ਸਮਰਪਤ ਨੇ। ਕੁਰਬਾਨੀਆਂ ਉਹਨਾਂ ਵੀ ਕੀਤੀਆਂ ਨੇ। ਅੱਜ ਵੀ ਜਦੋਂ ਕਮਿਊਨਿਸਟ ਲਹਿਰ ਦਾ ਪਸਾਰ ਓਨਾ ਨਹੀਂ ਰਿਹਾ, ਇਹ ਵਰਤਾਰਾ ਕਾਇਮ ਹੈ।

ਜਗਜੀਤ ਨੂੰ ਇਹ ਬੇ-ਤਰਸੀ ਤੇ ਬੇ-ਕਿਰਕੀ ਏਸ ਗੱਲੋਂ ਹੋਰ ਵੀ ਸਹਿਣੀ ਪਈ ਕਿ ਉਹ ਸਾਂਝੀ ਪਾਰਟੀ ਵੇਲ਼ੇ ਕਦੀ ਵੀ ਮੁੱਖ ਧੜੇ ਨਾਲ ਨਹੀਂ ਸੀ ਰਿਹਾ। ਇਹ ਉਸ ਦਾ ਸੁਭਾਅ ਸੀ। ਉਹ ਹਮੇਸ਼ਾ ਵਿਰੋਧ 'ਚ ਰਹਿਣਾ ਚਾਹੁੰਦਾ ਸੀ। ਪਾਰਟੀ ਦੇ ਸ਼ਾਮਿਆਨੇ ਤੋਂ ਬਾਹਰ ਉਹਦਾ ਆਪਣਾ ਤੰਬੂ ਜ਼ਰੂਰ ਲੱਗਾ ਰਹਿੰਦਾ। ਵੱਡੇ ਧੜੇ ਵਾਲੇ ਉਹਦੀ ਇਹ ਵਿਸ਼ੇਸ਼ਤਾ ਸਮਝਦੇ ਸਨ ਤੇ ਉਹਦੇ ਨਾਲ ਨਿਬੜਨ ਵੇਲੇ ਇਹਨੂੰ ਮੁੱਖ ਰੱਖਦੇ ਸਨ।

ਉਹ ਉਹਨੂੰ ਹਮੇਸ਼ਾ ਪੜ੍ਹਿਆਂ-ਲਿਖਿਆਂ ਵਾਲਾ ਕੰਮ ਦਿੰਦੇ। ਇਹ ਕੰਮ ਵੇਖਣ ਨੂੰ ਤਾਂ ਅਹਿਮ ਹੁੰਦਾ, ਪਰ ਉਹਦੇ ਨਾਲ ਪਾਰਟੀ 'ਚ ਸੱਤਾ 'ਤੇ ਕੋਈ ਖਾਸ ਅਸਰ ਨਾ ਪੈਂਦਾ। ਇਹ ਸਾਹਿਤ ਸਭਾਵਾਂ, ਅਮਨ-ਲਹਿਰ, ਸੋਵੀਅਤ ਯੂਨੀਅਨ ਨਾਲ ਮਿੱਤਰਤਾ ਦੀ ਸੰਸਥਾ ਤੇ ਦਿੱਲੀ 'ਚ ਰੂਸੀ ਤੇ ਹੋਰ ਭਰਾਤਰੀ ਦੂਤਾਵਾਸਾਂ ਨਾਲ ਛੋਹ ਰੱਖਣ ਦਾ ਕੰਮ ਸੀ। ਏਸੇ ਕੰਮ ਸਦਕਾ ਜਗਜੀਤ ਦਿੱਲੀ ਆਉਂਦਾ ਰਹਿੰਦਾ ਤੇ ਸਾਡੇ ਨਾਲ ਉਹਦੀਆਂ ਮੁਲਾਕਾਤਾਂ ਹੁੰਦੀਆਂ ਰਹਿੰਦੀਆਂ। ਸਾਨੂੰ ਉਹਦੀ ਸੰਗਤ ਮਾਨਣ ਦਾ ਮੌਕਾ ਮਿਲਦਾ ਰਹਿੰਦਾ।

ਜਦੋਂ ਸੰਨ 1964 'ਚ ਪਾਰਟੀ ਦੁਫਾੜ ਹੋਈ ਤੇ ਪੰਜਾਬ ਦੀ ਮੂਲ ਪਾਰਟੀ ਛੋਟੇ ਧੜੇ ਦੇ ਹੱਥ ਆ ਗਈ। ਜਗਜੀਤ ਨੂੰ ਕੁਝ ਬੇ-ਆਰਾਮੀ ਮਹਿਸੂਸ ਹੁੰਦੀ ਰਹੀ। ਉਹਨੂੰ ਆਪਣਾ ਤੰਬੂ ਛੱਡ ਸ਼ਾਮਿਆਨੇ 'ਚ ਆਉਣਾ ਪਿਆ। ਉਹਨੂੰ ਏਡੀ ਖੁੱਲ੍ਹੀ ਥਾਂ ਸੁਖਾਉਂਦੀ ਨਹੀਂ ਸੀ। ਹੌਲ਼ੀ-ਹੌਲ਼ੀ ਉਹ ਆਪਣੀ ਵੱਖਰੀ, ਸਿਧਾਂਤਕ ਥਾਂ ਬਣਾਉਣ ਲੱਗ ਪਿਆ ਤੇ ਪਾਰਟੀ ਦੀ ਪੈਲ਼ੀ 'ਚੋਂ ਆਪਣਾ ਵੱਖਰਾ ਕਿਆਰਾ ਕੱਢਣ ਲੱਗਾ। ਉਹਨੇ ਆਪਣੇ ਜ਼ਿੰਮੇ ਪਹਿਲਾਂ ਵਾਲੇ ਕੰਮ ਹੀ ਰੱਖੇ। ਨਾਲੇ 'ਨਵਾਂ ਜ਼ਮਾਨਾ' ਚਲਾਉਣ ਦਾ ਔਖਾ ਉੱਦਮ ਵੀ ਪੂਰੀ ਤਰ੍ਹਾਂ ਸਹੇੜ ਲਿਆ।

ਅੰਤਰ-ਪਾਰਟੀ ਘੋਲ਼ ਕਰ ਕੇ ਉਹਦੇ ਉੱਤੇ ਕਈ ਹੋਰ ਵਾਰ ਵੀ ਹੁੰਦੇ ਰਹੇ। ਉਨ੍ਹਾਂ ਦੀ ਜ਼ਮੀਨ ਜਗਜੀਤ ਦੀਆਂ ਆਪਣੀ ਕੁਝ ਰੁਚੀਆਂ ਤੇ ਵਿਸ਼ੇਸ਼ਤਾਵਾਂ ਨਾਲ ਬਣੀ।

ਜਗਜੀਤ ਬੜਾ ਮਿਲਾਪੜਾ ਬੰਦਾ ਏ। ਬੋਲ ਦਾ ਮਿੱਠਾ ਏ। ਜਿਸ ਕਿਸੇ ਨੂੰ ਮਿਲਦਾ ਏ, ਚਾਅ ਨਾਲ ਮਿਲਦਾ ਏ। ਉਹਨੂੰ ਅੱਧੀ ਜਾਂ ਪੂਰੀ ਜੱਫ਼ੀ ਪਾ ਲੈਂਦਾ ਏ। ਬੁੱਲ੍ਹਾਂ 'ਤੇ ਆਪਣੀ ਉਹ ਖ਼ਾਸ ਮੁਸਕਰਾਹਟ ਲੈ ਆਉਂਦਾ ਏ। ਉਹਦੀ ਕੋਈ ਅਜਿਹੀ ਸਿਫ਼ਤ ਵੀ ਕਰ ਦੇਂਦਾ ਏ, ਜਿਹਦਾ, ਕਈ ਵਾਰੀ, ਉਹ ਨੂੰ ਆਪ ਵੀ ਪਤਾ ਨਹੀਂ ਹੁੰਦਾ। ਇਹ ਸਭ ਕੁਝ ਆਪ-ਮੁਹਾਰਾ ਹੁੰਦਾ ਏ। ਖੁਸ਼ਨੂਦੀ ਦੀ ਗ਼ਰਜ਼ ਨਾਲ ਨਹੀਂ ਕੀਤਾ ਹੁੰਦਾ। ਮਿਲਣ ਵਾਲਾ ਉਹਦਾ ਗਰਵੇਦਾ ਹੋ ਜਾਂਦਾ ਏ। ਜਗਜੀਤ ਛੇਤੀ ਕੀਤੇ ਉਹਨੂੰ ਭੁੱਲਦਾ ਨਹੀਂ।

ਏਨਾ ਹੀ ਨਹੀਂ, ਲੰਮਾ ਚਿਰ ਲੋਕਾਂ 'ਚ ਕੰਮ ਕਰਦੇ ਰਹਿਣ ਕਰ ਕੇ ਉਹਦੇ ਸੰਪਰਕ-ਹੁਨਰ ਬਹੁਤ ਹੀ ਵਿਕਸਤ ਨੇ। ਇਹਨਾਂ ਦੋਵਾਂ ਗੱਲਾਂ ਸਦਕਾ ਉਹਦੇ ਥਾਂ-ਥਾਂ ਸੰਬੰਧ ਬਣ ਜਾਂਦੇ ਨੇ। ਇਹ ਸੰਬੰਧ ਉਹਦੇ ਦੂਜੀਆਂ ਸਿਆਸੀ ਪਾਰਟੀਆਂ 'ਚ ਵੀ ਰਹੇ ਨੇ। ਖ਼ਾਸ ਕਰ ਕੇ ਕਾਂਗਰਸ ਪਾਰਟੀ 'ਚ। ਪੰਜਾਬ ਦੇ ਦੋ ਮੁੱਖ ਮੰਤਰੀਆਂ, ਗਿਆਨੀ ਜ਼ੈਲ ਸਿੰਘ ਤੇ ਦਰਬਾਰਾ ਸਿੰਘ, ਨਾਲ ਉਹਦਾ ਚੰਗਾ ਮੇਲ-ਜੋਲ ਰਿਹਾ। ਦਰਬਾਰਾ ਸਿੰਘ ਨੂੰ ਜਗਜੀਤ ਛੋਟਾ ਗਿਆਨੀ ਸੱਦਦਾ ਹੁੰਦਾ ਸੀ। ਏਸ ਕਾਰਨ ਸਾਂਝੀ ਪਾਰਟੀ ਵਾਲਾ ਪ੍ਰਧਾਨ ਧੜਾ ਉਹਨੂੰ ਕਾਂਗਰਸ ਦਾ ਬੰਦਾ ਕਹਿ ਕੇ ਭੰਡਦਾ ਰਿਹਾ। ਮਜ਼ੇ ਦੀ ਗੱਲ ਇਹ ਹੈ ਕਿ ਏਸ ਧੜੇ ਦੀ ਅਕਾਲੀਆਂ ਨਾਲ ਸਦਾ ਹੀ ਇੱਟ-ਸਿੱਟ ਰਹੀ। ਅੰਦਰਖਾਨੇ ਜੋੜ-ਤੋੜ ਹੁੰਦੇ ਰਹੇ। ਕਾਮਰੇਡ ਸੁਰਜੀਤ ਤੇ ਜਥੇਦਾਰ ਟੌਹੜੇ ਦੀ ਨੇੜਤਾ ਕਿਸੇ ਤੋਂ ਵੀ ਗੁੱਝੀ ਨਹੀਂ। ਮੈਂ ਆਪਣੇ ਨਾਵਲ 'ਭਾਊ' 'ਚ ਵੀ ਦਰਸਾਈ ਏ।

ਮਾਡਲ ਟਾਊਨ ਵਾਲੇ ਜਿਸ ਘਰ 'ਚ ਜਗਜੀਤ ਤੇ ਉਹਦਾ ਪਰਿਵਾਰ ਅੱਜਕੱਲ ਰਹਿ ਰਿਹਾ ਏ, ਇਹ ਵੀ ਕਈ ਸਾਲ ਏਸ ਅੰਤਰ-ਪਾਰਟੀ ਭੰਡੀ ਦਾ ਵਿਸ਼ਾ ਬਣਿਆ ਰਿਹਾ। ਪਹਿਲੇ ਵਕਤੀਂ, ਮੈਂ ਜਦੋਂ ਜਲੰਧਰ ਜਾਂਦਾ ਸਾਂ, ਏਸ ਘਰ 'ਚ ਰਿਹਾ ਕਰਦਾ ਸਾਂ। ਓਦੋਂ ਪਰਿਵਾਰ ਪਹਿਲੀ ਮੰਜ਼ਿਲ 'ਤੇ ਰਹਿੰਦਾ ਸੀ। ਜਗਜੀਤ ਬਾਰੇ ਇਹਦੇ ਕਰ ਕੇ ਬੜੀਆਂ ਗੱਲਾਂ ਬਣੀਆਂ ਤੇ ਉਹਨੂੰ ਬੜੀਆਂ ਸਫਾਈਆਂ ਦੇਣੀਆਂ ਪਈਆਂ। ਪ੍ਰਧਾਨ ਧੜੇ ਦੇ ਆਗੂਆਂ ਕੋਲ ਆਪਣੇ ਪਿੰਡਾਂ ਵਿਚ ਜ਼ਮੀਨਾਂ ਜਾਇਦਾਦਾਂ ਸਨ। ਸਾਰੀਆਂ ਜੱਦੀ ਨਹੀਂ ਸਨ। ਪਰ ਉਹ ਉਨ੍ਹਾਂ ਦੀ ਕਹਾਣੀ ਨਹੀਂ ਸੀ ਪਾਉਂਦਾ।

ਜਗਜੀਤ ਦਾ ਸੁਭਾਅ ਰੰਜਸ਼ਾਂ ਪਾਲਣ ਦਾ ਨਹੀਂ। ਉਹਨੇ ਆਪਣੇ ਲਹੂ 'ਚ ਇਸ ਤਰ੍ਹਾਂ ਦਾ ਕੋਈ ਵਿੱਸ ਨਹੀਂ ਘੁਲਣ ਦਿੱਤਾ। ਏਸੇ ਲਈ ਉਹਨੇ ਓਸ ਵੇਲ਼ੇ ਦੇ ਪ੍ਰਧਾਨ ਧੜੇ ਦੇ ਆਗੂਆਂ ਦੀ, ਨਾ ਓਦੋਂ, ਨਾ ਹੁਣ, ਕਦੀ ਕੋਈ ਕੁਸਿਫ਼ਤ ਨਹੀਂ ਕੀਤੀ। ਮੈਨੂੰ ਯਾਦ ਏ, ਜਦੋਂ ਮੈਂ ਆਪਣਾ ਨਾਵਲ 'ਭਾਊ' ਲਿਖ ਰਿਹਾ ਸਾਂ, ਮੈਂ ਜਗਜੀਤ ਤੋਂ ਸੁਰਜੀਤ ਤੇ ਹੋਰਨਾਂ ਮਾਰਕਸੀਆਂ ਬਾਰੇ ਕੁਝ ਚੋਂਦਾ-ਚੋਂਦਾ ਕਢਵਾਉਣ ਦੀ ਬੜੀ ਕੋਸ਼ਿਸ਼ ਕੀਤੀ। ਪਰ ਮੈਂ ਸਫਲ ਨਾ ਹੋਇਆ। ਉਹ ਮੇਰੇ ਸਵਾਲਾਂ ਦੇ ਜਵਾਬ 'ਚ ਉਨ੍ਹਾਂ ਦੀਆਂ ਸਿਫਤਾਂ ਹੀ ਕਰਦਾ ਰਿਹਾ।

ਜਗਜੀਤ ਨੂੰ ਪੰਜਾਬੀ ਜ਼ੁਬਾਨ ਉੱਤੇ ਕਮਾਲ ਹਾਸਲ ਏ। ਪੰਜਾਬੀ 'ਚ ਸ਼ੈਲੀਕਾਰ ਬਹੁਤੇ ਨਹੀਂ ਹਨ। ਜਿਹੜੇ ਥੋੜ੍ਹੇ ਜਿਹੇ ਹਨ, ਉਨ੍ਹਾਂ ਵਿਚ ਉਹਦਾ ਨਾਂਅ ਵੀ ਆਉਂਦਾ ਏ। ਉਹਦੀ ਬੋਲੀ ਠੇਠ, ਸਰਲ ਤੇ ਰਸੀ ਹੋਈ ਹੁੰਦੀ ਏ। ਉਹਦੇ ਵਾਕ ਲੰਮੇ ਤੇ ਬਹੁ-ਲੜੇ ਹੁੰਦੇ ਨੇ। ਵਲ਼-ਖਾਂਦੇ ਨਿਕਲਦੇ

ਨੇ। ਪਰ ਬੜੇ ਪ੍ਰਗਟਾਵੇਂ ਹੁੰਦੇ ਨੇ ਤੇ ਤਸਵੀਰ ਖਿੱਚਦੇ ਜਾਂਦੇ ਨੇ। ਉਹਦਾ ਲਿਖਿਆ ਬੜੇ ਸੁਆਦ ਨਾਲ ਪੜ੍ਹਿਆ ਜਾਂਦਾ ਏ। ਉਹਦੇ ਸਮਝਾਏ ਸਿਆਸੀ ਮਸਲੇ ਬੜੀ ਸੁਖੱਲ ਨਾਲ ਸਮਝ ਆਉਂਦੇ ਨੇ। ਮੈਨੂੰ ਯਾਦ ਏ ਕਿ ਇਕ ਵੇਲ਼ੇ ਜਗਜੀਤ 'ਨਵਾਂ ਜ਼ਮਾਨਾ' 'ਚ ਹਫ਼ਤੇ ਦੀਆਂ ਕੌਮਾਂਤਰੀ ਘਟਨਾਵਾਂ 'ਤੇ 'ਇਕ ਝਾਤ ਸਾਰੇ ਆਲਮ ਉੱਤੇ' ਨਾਂ ਦਾ ਕਾਲਮ ਲਿਖਦਾ ਹੁੰਦਾ ਸੀ। ਭਾਵੇਂ ਮੈਨੂੰ ਦਿੱਲੀ ਬੈਠੇ ਤੇ ਅਖ਼ਬਾਰੀ ਕੰਮ ਕਰਦੇ ਹੋਏ ਨੂੰ ਇਹਨਾਂ ਘਟਨਾਵਾਂ ਦੀ ਪੂਰੀ ਸੋਝੀ ਹੁੰਦੀ ਸੀ, ਮੈਂ ਵੀ ਇਹ ਕਾਲਮ ਪੜ੍ਹਨੋਂ ਕਦੀ ਨਹੀਂ ਸਾਂ ਉੱਕਦਾ। ਮੈਨੂੰ ਉਹਦੀ ਬੋਲੀ ਦਾ ਰਸ ਮਾਨਣ ਦੀ ਤ੍ਰਿਸ਼ਨਾ ਰਹਿੰਦੀ ਸੀ।

ਪੰਜਾਬੀ ਜ਼ੁਬਾਨ ਦੀ ਇਹ ਮਿਲਖ ਅੰਗਰੇਜ਼ੀ ਤੋਂ ਪੰਜਾਬੀ ਅਨੁਵਾਦ 'ਚ ਉਹਦੇ ਬੜੇ ਕੰਮ ਆਈ। ਪਹਿਲਾਂ ਪਹਿਲਾਂ ਕਾਫ਼ੀ ਸਾਰਾ ਅਨੁਵਾਦ ਉਹਨੇ ਨਵਤੇਜ ਨਾਲ ਰਲ਼ ਕੇ ਕੀਤਾ। ਇਹ ਅਨੁਵਾਦ ਆਪਣੇ ਵੇਲ਼ੇ ਬੜੇ ਸ਼ੌਕ ਨਾਲ ਪੜ੍ਹੇ ਗਏ। ਤਿੰਨ ਰਚਨਾਵਾਂ ਮੈਨੂੰ ਅਜੇ ਵੀ ਚੇਤੇ ਨੇ। ਇਕ ਸੀ ਚੈੱਕ ਕਮਿਊਨਿਸਟ ਆਗੂ, ਜੂਲੀਅਸ ਫੂਚਿਕ ਦੀ 'ਫ਼ਾਂਸੀ ਦੇ ਤਖ਼ਤੇ ਤੋਂ', ਦੂਜੀ ਸੋਵੀਅਤ ਲੇਖਕ ਸ਼ੋਲੋਖੋਵ ਦੀ 'ਧਰਤੀ ਪਾਸਾ ਪਰਤਿਆ' ਤੇ ਤੀਜੀ ਪੋਲਿਸ਼ ਨਾਵਲਕਾਰ ਵਾਂਦਾ ਵਾਸੀਲਿਊਸਕਾ ਦੀ 'ਸਤਰੰਗੀ ਪੀਂਘ'।

ਜਗਜੀਤ ਦੀ ਕਲਮ ਨਾਲੋਂ ਉਹਦੀ ਜ਼ੁਬਾਨ ਤੇਜ਼ ਚਲਦੀ ਸੀ। ਉਹ ਲਿਖਦਾ ਨਹੀਂ, ਲਿਖਵਾਂਦਾ ਰਿਹੈ। ਉਹ ਬੁਲਾਰਾ ਬਹੁਤ ਚੰਗਾ ਸੀ, ਏਸ ਲਈ ਉਹਨੂੰ ਇੰਝ ਕਰਨਾ ਸੌਖਾ ਤੇ ਸੁਭਾਵਕ ਲੱਗਦਾ ਸੀ।

ਕਵੀ, ਵਕੀਲ, ਜੱਜ, ਪ੍ਰੀਤਮ ਸਿੰਘ ਸਫ਼ੀਰ ਜਗਜੀਤ ਦਾ ਵੱਡਾ ਭਰਾ ਸੀ। ਉਹ ਆਪਣੇ ਨਾਂ ਨਾਲ ਆਨੰਦ ਨਹੀਂ ਸੀ ਲਾਉਂਦਾ। ਤਖ਼ੱਲਸ ਸਫ਼ੀਰ ਲਾਉਂਦਾ ਸੀ। ਸ਼ਾਇਦ ਏਸ ਕਰ ਕੇ, ਬੜੇ ਹੋਰਨਾਂ ਵਾਂਗ, ਮੈਥੋਂ ਵੀ ਉਹਦਾ ਤੇ ਜਗਜੀਤ ਦਾ ਜੋੜ ਨਾ ਜੁੜਿਆ। ਸਫ਼ੀਰ ਨੇ ਬੜਾ ਵਧੀਆ ਕੈਰੀਅਰ ਬਣਾਇਆ, ਪਰ ਉਹਦਾ ਛੋਟਾ ਭਰਾ ਉਹਦੇ ਪਾਏ ਪੂਰਨਿਆਂ 'ਤੇ ਨਾ ਚੱਲਿਆ। ਜਗਜੀਤ ਨੇ ਆਪਣੀ ਜ਼ਿੰਦਗੀ ਲੋਕ-ਸੇਵਾ ਦੇ ਲੇਖੇ ਲਾਈ ਰੱਖੀ। ਸਾਰੀ ਉਮਰ ਉਹਨੇ ਕਮਿਊਨਿਸਟ ਪਾਰਟੀ ਦਾ ਕੰਮ ਕੀਤਾ। ਇਹ ਕੰਮ ਕੋਈ ਫੁੱਲਾਂ ਦੀ ਸੇਜ ਨਹੀਂ ਸੀ। ਪੈਰੋਂ ਵਾਹੁਣੇ ਹੋ ਕੰਡਿਆਂ ਤੇ ਕਿੱਲਾਂ ਉੱਤੇ ਟੁਰਨਾ ਸੀ। ਨੰਗੇ ਪਿੰਡੇ ਛੁਰੀਆਂ ਤੇ ਕਟਾਰਾਂ ਉੱਤੇ ਪੈਣਾ ਸੀ। ਜਗਜੀਤ ਨੇ ਇਹ ਸਭ ਕੁਝ ਕੀਤਾ। ਖਿੜੇ ਮੱਥੇ। ਸਗੋਂ ਹੋਰਨਾਂ ਨੂੰ ਵੀ ਇੰਝ ਕਰਨ ਲਈ ਪ੍ਰੇਰਿਆ। ਪਾਰਟੀ ਲੋਕਾਂ ਤੇ ਦੇਸ਼ ਨੂੰ ਜਿਸ ਮੰਜ਼ਿਲ ਵੱਲ ਲਿਜਾ ਰਹੀ ਸੀ, ਉਹ ਦਹਾਕਿਆਂ ਦੇ ਪੈਂਡੇ ਤੋਂ ਬਾਅਦ ਵੀ ਨਾ ਲੱਭੀ। ਪਾਰਟੀ ਦੇ ਮਾਰਕਸੀ ਅੰਗ ਨੂੰ ਕੁਝ ਵਰ੍ਹੇ ਏਸ ਮੰਜ਼ਿਲ ਦਾ ਭੁਲਾਵਾ ਜ਼ਰੂਰ ਪਿਆ। ਪਾਰਟੀ ਦੇ ਮੂਲ ਅੰਗ ਨੂੰ ਤਾਂ ਇਹ ਵੀ ਨਾ ਜੁੜਿਆ। ਜਦੋਂ ਪਿਛਲੀ ਸਦੀ ਦੇ ਸ਼ੁਰੂ ਨੱਬੇਵਿਆਂ 'ਚ ਸੋਵੀਅਤ ਯੂਨੀਅਨ ਵੀ ਢਹਿ-ਢੇਰੀ ਹੋ ਗਿਆ, ਇਸ ਮੰਜ਼ਿਲ ਦੇ ਕਦੀ ਦਿਸ ਪੈਣ ਦੇ ਭੁਲਾਵੇ ਦੀ ਵੀ ਗੁੰਜਾਇਸ਼ ਨਾ ਰਹੀ। ਬੜੇ ਕਮਿਊਨਿਸਟ ਉਦਾਸੀ ਤੇ ਮਾਯੂਸੀ ਦੇ ਵਹਿਣਾਂ 'ਚ ਵਹਿ ਗਏ।

ਜਗਜੀਤ ਨੇ ਵੀ ਇਹ ਸਭ ਕੁਝ ਵੇਖਿਆ ਤੇ ਮਹਿਸੂਸ ਕੀਤਾ, ਪਰ ਉਹ ਦੂਜਿਆਂ ਵਾਂਗ ਬੁਝ ਨਾ ਗਿਆ। ਉਹਦੀ ਲਾਟ ਬੁਝਣ ਵਾਲੀ ਨਹੀਂ ਸੀ। ਢਹਿੰਦੀ ਕਲਾ ਉਹਦੀ ਫ਼ਿਤਰਤ ਵਿਚ ਹੈ ਹੀ ਨਹੀਂ ਸੀ। ਮੈਂ ਉਹਨੂੰ, ਏਨੇ ਝੱਖੜ-ਝੋਲੇ ਖਾਣ ਦੇ ਬਾਵਜੂਦ ਵੀ, ਕਦੀ ਬੇ-ਹੌਸਲਾ ਹੋਇਆ ਨਹੀਂ ਵੇਖਿਆ। ਜੋ ਹੋਇਆ ਬੀਤਿਆ, ਉਹਦਾ ਉਹਨੇ ਨਿਰਣਾ ਕਰਨ ਦੀ ਕੋਸ਼ਿਸ਼ ਕੀਤੀ। ਬੜਾ ਕੁਝ ਹੰਗਾਲ਼ਿਆ ਤੇ ਰਿੜਕਿਆ। ਅਖ਼ੀਰ ਪੁਣ-ਛਾਣ ਕੇ ਜੋ ਨਿਕਲਿਆ, ਉਹਦੇ ਨਾਲ ਚਾਰ ਸੌ ਸਫ਼ਿਆਂ ਦੀ ਕਿਤਾਬ ਬਣੀ, ਜਿਹਦਾ ਨਾਂ 'ਕਮਿਊਨਿਸਟ ਲਹਿਰ ਦੇ ਅੰਗ-ਸੰਗ' ਏ। ਇਸ ਨਿਤਾਰੇ ਪਿੱਛੋਂ ਜਗਜੀਤ ਦੀ ਤ੍ਰਿਪਤੀ ਹੋ ਗਈ।

ਮੈਨੂੰ ਤਾਂ ਕਈ ਵਾਰੀ ਇੰਝ ਲੱਗਦੈ ਕਿ ਜਗਜੀਤ ਉਨ੍ਹਾਂ ਮੁਸਾਫ਼ਰਾਂ 'ਚ ਰਿਹੈ, ਜਿਨ੍ਹਾਂ ਨੂੰ ਸਫ਼ਰ ਕਰ ਕੇ ਹੀ ਸੁਆਦ ਆ ਜਾਂਦੈ। ਜਿਨ੍ਹਾਂ ਨੂੰ ਮੰਜ਼ਿਲ 'ਤੇ ਨਾ ਪਹੁੰਚਣ ਦਾ ਗ਼ਮ ਨਹੀਂ ਹੁੰਦਾ। ਉਹ ਏਨੇ

'ਚ ਹੀ ਖੁਸ਼ ਰਹਿੰਦੇ ਨੇ ਕਿ ਕੋਈ ਉਨ੍ਹਾਂ ਨੂੰ ਇਹ ਮਿਹਣਾ ਨਹੀ ਮਾਰ ਸਕਦਾ ਕਿ ਤੁਸੀਂ ਟੁਰੇ ਹੀ ਨਹੀਂ। ਜਾਂ ਇਹ ਕਿ ਤੁਹਾਡੀਆਂ ਲੱਤਾਂ 'ਚ ਹੀ ਜ਼ੋਰ ਨਹੀਂ ਸੀ। ਜਗਜੀਤ ਚੰਗੇ ਰਾਹਾਂ ਦੇ ਰਾਹੀ ਹੋਣ ਦੇ ਕਰਮ ਨਾਲ ਹੀ ਪਸੀਜਿਆ ਰਿਹਾ। ਉਹਨੇ ਕਦੀ ਇਹ ਨਜਿੱਠਣ ਦਾ ਯਤਨ ਨਾ ਕੀਤਾ ਕਿ ਮੰਜ਼ਿਲ ਕਿੰਨੀ ਕੁ ਨੇੜੇ ਜਾਂ ਕਿੰਨੀ ਕੁ ਦੂਰ ਏ।

ਏਸ ਮੁਕਾਮ 'ਤੇ ਪਹੁੰਚ ਕੇ ਉਹਨੇ ਰਾਹ ਤਾਂ ਨਾ ਬਦਲਿਆ ਪਰ ਆਪਣੇ ਲਈ ਦੋ ਮੀਲ-ਪੱਥਰ ਚੁਣ ਲਏ। ਇਕ ਇਹ ਕਿ ਵੱਸ-ਲੱਗਦੇ ਪੰਜਾਬ ਨੂੰ ਖ਼ਾਲਿਸਤਾਨੀਆਂ ਦੇ ਢਹੇ ਨਹੀਂ ਚੜ੍ਹਨ ਦੇਣਾ ਤੇ ਦੂਜਾ ਇਹ ਕਿ 'ਨਵਾਂ ਜ਼ਮਾਨਾ' ਨੂੰ ਇਕ ਅਸਰਦਾਰ ਸੈਕੂਲਰ ਅਖਬਾਰ ਦੇ ਤੌਰ 'ਤੇ ਖੜ੍ਹਾ ਕਰਨਾ ਏ। ਜਦੋਂ ਤਕ ਉਹਦੀ ਸਰੀਰਕ ਤੇ ਮਾਨਸਿਕ ਯੋਗਤਾ ਰਹੀ, ਉਹ ਇਹਨਾਂ ਮੀਲ-ਪੱਥਰਾਂ ਵੱਲ ਟੁਰਦਾ ਰਿਹਾ।

'ਨਵਾਂ ਜ਼ਮਾਨਾ' ਹੁਣ ਆਪਣੇ ਪੈਰਾਂ 'ਤੇ ਖੜ੍ਹਾ ਏ। ਉਹ ਦੇ ਕੋਲ਼ ਸੁਯੋਗ ਸਟਾਫ਼ ਏ। ਆਪਣਾ ਨਵਾਂ ਦਫ਼ਤਰ ਏ। ਰੋਜ਼ ਬਾਕਾਇਦਾ, ਚੰਗੀ ਸ਼ਕਲ 'ਚ, ਛਪਦਾ ਏ। ਪਰ ਹੁਣ ਉਹਨੂੰ ਜਗਜੀਤ ਦੀ ਹੋਂਦ ਤੇ ਘਾਲਣਾ ਦਾ ਸਹਾਰਾ ਨਹੀਂ ਰਿਹਾ। ਹੁਣ ਉਹਨੇ ਜਿੰਨੀ ਵੀ ਉਡਾਣ ਭਰਨੀ ਏ, ਆਪਣੇ ਖੰਭਾਂ ਨਾਲ ਭਰਨੀ ਏ। **(2012)**

## ਇਕ ਲੰਮੇ ਪੈਂਡੇ ਦਾ ਸਫ਼ਰ: ਉਰਮਿਲਾ ਆਨੰਦ

ਆਪਣੀ ਵਿਆਹੁਤਾ ਜ਼ਿੰਦਗੀ ਤੋਂ ਪਹਿਲਾਂ ਵੀ, ਅਤੇ ਫਿਰ ਉਸ ਤੋਂ ਬਾਅਦ, ਇਕ ਲੰਮਾ ਪੰਧ ਮੈਂ ਜਗਜੀਤ ਜੀ ਨਾਲ ਤੈਅ ਕੀਤਾ ਹੈ। ਬੜਾ ਕੁਝ ਪ੍ਰਾਪਤ ਕੀਤਾ, ਸਿਖਿਆ, ਨਵੀਆਂ ਦੋਸਤੀਆਂ ਦਾ ਨਿੱਘ ਮਾਣਿਆ ਅਤੇ ਦੇਸ-ਪਰਦੇਸ ਘੁੰਮੇ ਹਾਂ। ਇਸ ਲੰਮੀ ਕਹਾਣੀ ਦੀ ਸ਼ੁਰੂਆਤ ਕਿੱਥੋਂ ਕਰਾਂ, ਮੈਨੂੰ ਪਤਾ ਨਹੀਂ ਲੱਗ ਰਿਹਾ। ਜਗਜੀਤ ਜੀ ਮੈਨੂੰ ਕਿੱਥੇ ਅਤੇ ਕਦੋਂ ਮਿਲੇ, ਇਸਦੀ ਇਕ ਆਪਣੀ ਲੰਮੀ ਕਹਾਣੀ ਹੈ:

*ਇਕ ਰਾਹ ਤੇ ਬੇਪਛਾਣਿਆ, ਕੁਝ ਧੁੰਦਲਾ ਤੇ ਅਣਜਾਣਿਆ*
*ਇਕ ਪਰਛਾਇਆ, ਮੇਰੀਆਂ ਅਖੀਆਂ ਸਾਹਵੇਂ ਆਇਆ*
*ਉਹ ਚੁੱਪ ਚੁੱਪ, ਤੇ ਹੌਲ਼ੇ ਹੌਲ਼ੇ, ਦੱਬੇ ਦੱਬੇ ਤੇ ਪੋਲੇ ਪੋਲੇ*
*ਬਿਨ ਦੱਸੇ ਬਿਨ ਬੋਲੇ ਆਇਆ*
*ਜਿਉਂ ਬੱਦਲ਼ੀ ਪਲ ਲਈ ਛਾਏ, ਅਸਮਾਨ ਵਿਚ ਗੁੰਮ ਜਾਏ*
*ਇਉਂ ਲੰਘਿਆ ਉਹ ਪਰਛਾਂਵਾਂ*
*ਜਿਵੇਂ ਪਿਆਸਾ ਕੋਈ, ਬਿਨ ਪਾਣੀ ਹੀ ਤੁਰ ਜਾਏ*
*ਮੈਂ ਰਾਹ 'ਤੇ ਰਹੀ ਖੜੋਈ, ਚੁੱਪ ਚੁੱਪ ਤੇ ਖੋਈ ਖੋਈ*
*ਹੋਇਆ ਸੁੰਨਾ ਦਿਲ ਮਤਵਾਲਾ*
*ਜਿਵੇਂ ਮੰਗਤੇ ਕਿਸੇ ਦਾ ਖਾਲੀ, ਹੋਵੇ ਮੰਗਣ ਵਾਲਾ ਪਿਆਲਾ*

ਹੌਲ਼ੀ ਹੌਲ਼ੀ ਇਹ ਪਰਛਾਇਆ ਮੇਰੇ ਆਲ਼ੇ ਦੁਆਲ਼ੇ ਵਿਚ ਇੰਨਾ ਸਿਮਟ ਗਿਆ, ਤੇ ਮੈਂ ਇਸਨੂੰ ਆਪਣੇ ਕਲਾਵੇ ਵਿਚ ਲੈ ਕੇ ਆਪਣੇ ਨਾਲ ਘੁੱਟ ਲਿਆ।

ਜਗਜੀਤ ਜੀ ਬੜੇ ਪਿਆਰੇ ਮਨੁੱਖ ਹਨ। ਇਨ੍ਹਾਂ ਦੇ ਹੱਥਾਂ ਦੀ ਪਕੜ ਵਿਚ ਇਤਨਾ ਨਿੱਘ ਹੈ ਤੇ ਮੂੰਹ ਉੱਤੇ ਇਕ ਸਦਾ ਬਹਾਰ ਮੁਸਕਣੀ ਜਿਹੜੀ ਦੂਜੇ ਨੂੰ ਝੱਟ ਮੋਹ ਲੈਂਦੀ ਹੈ। ਇਹ ਭਾਵੁਕ ਵੀ ਬਹੁਤ ਹਨ। ਕਈ ਵੇਰ ਕਿਸੇ ਨਾਲ ਗੱਲ ਕਰਦੇ ਕਰਦੇ, ਜਾਂ ਸਟੇਜ ਤੋਂ ਬੋਲਦੇ ਸਮੇਂ ਵੀ ਏਨੇ ਭਾਵੁਕ ਹੋ ਜਾਂਦੇ ਹਨ ਕਿ ਇਨ੍ਹਾਂ ਦਾ ਗੱਚ ਭਰ ਆਉਂਦਾ ਹੈ। ਦਸੰਬਰ ਦੇ ਮਹੀਨੇ ਵਿਚ ਜੰਮੀ ਸਾਡੀ ਪਲੇਠੀ ਬੱਚੀ ਆਪਣੇ ਜੰਮਣ ਤੋਂ ਦਸ ਦਿਨ ਬਾਅਦ ਹੀ ਠੰਡ ਲੱਗਣ ਨਾਲ ਮਰ ਗਈ ਸੀ। ਜਗਜੀਤ ਜੀ ਉਸ ਸਮੇਂ ਮਾਲਵੇ ਦੇ ਪਿੰਡਾਂ ਵਿਚ ਸਨ। ਜਦੋਂ ਤਕ ਇਨ੍ਹਾਂ ਤੋੜ ਖਬਰ ਪਹੁੰਚੀ ਬਾਲੜੀ ਪੂਰੀ ਹੋ

ਚੁੱਕੀ ਸੀ ਅਤੇ ਉਸ ਨਿੱਕੀ ਜਿਹੀ ਜਿੰਦ ਨੂੰ ਦਫ਼ਨਾਇਆ ਜਾ ਚੁੱਕਾ ਸੀ। ਜਦੋਂ ਇਹ ਪ੍ਰੀਤਨਗਰ ਪਹੁੰਚੇ ਤਾਂ ਉਸ ਥਾਂ ਜਾ ਕੇ, ਉੱਥੇ ਮਿੱਟੀ ਫਰੋਲ ਫਰੋਲ ਕੇ ਉਸਦੇ ਗੁਆਚੇ ਸਾਹਾਂ ਦਾ ਅਹਿਸਾਸ ਢੂੰਡਦੇ ਰਹੇ। ਉਸਤੋਂ ਪੰਦਰਾਂ ਮਹੀਨੇ ਬਾਅਦ ਜਦੋਂ ਸਾਡੇ ਘਰ ਬੇਟਾ ਪੈਦਾ ਹੋਇਆ ਤਾਂ ਇਹ ਫੇਰ ਮੇਰੇ ਕੋਲ਼ ਨਹੀਂ ਸਨ। 23 ਮਾਰਚ ਦਾ ਦਿਨ ਸੀ ਅਤੇ ਇਹ ਭਗਤ ਸਿੰਘ ਦੇ ਸ਼ਹੀਦੀ ਦਿਨ ਦੇ ਸਮਾਗਮ ਲਈ ਖਟਕੜ-ਕਲਾਂ ਗਏ ਹੋਏ ਸਨ। ਜਦੋਂ ਇਨ੍ਹਾਂ ਨੂੰ ਤਾਰ ਮਿਲੀ ਤਾਂ ਇਹ ਸਟੇਜ ਉੱਤੇ ਬੈਠੇ ਹੋਏ ਸਨ। ਉੱਥੇ ਬੈਠੇ ਬੈਠੇ ਹੀ ਤਾਰ ਨੂੰ ਚੁੰਮੀ ਜਾਣ। ਇਨ੍ਹਾਂ ਨੂੰ ਕੋਈ ਪਰਵਾਹ ਨਹੀਂ ਸੀ ਕਿ ਸਰੋਤੇ ਜਾਂ ਸਟੇਜ 'ਤੇ ਬੈਠੇ ਹੋਰ ਲੋਕ ਕੀ ਸੋਚਦੇ ਹੋਣਗੇ।

ਜਗਜੀਤ ਜੀ ਨੇ ਆਪਣੀ ਜ਼ਿੰਦਗੀ ਵਿਚ ਬਹੁਤ ਦੋਸਤ ਬਣਾਏ ਹਨ, ਅਤੇ ਇਨ੍ਹਾਂ ਦੀ ਦੋਸਤੀ ਦਾ ਘੇਰਾ ਬਹੁਤ ਵਸੀਹ ਹੈ। ਹਰ ਪਾਰਟੀ ਦਾ ਵੱਡੇ ਤੋਂ ਵੱਡਾ ਲੀਡਰ, ਜਗਜੀਤ ਜੀ ਦੀ ਆਪਣੀ ਸਿਆਸਤ ਨੂੰ ਲਾਂਭੇ ਰੱਖ ਕੇ ਉਨ੍ਹਾਂ ਦਾ ਸਤਿਕਾਰ ਕਰਦਾ ਸੀ, ਅਤੇ ਇਹੋ ਸਤਿਕਾਰ ਜਗਜੀਤ ਜੀ ਵੀ ਦੇਂਦੇ ਸਨ। ਜੱਥੇਦਾਰ ਟੌਹੜਾ ਨੇ ਆਪਣੇ ਹੱਥੀਂ ਇਨ੍ਹਾਂ ਨੂੰ ਕੜਾ ਪੁਆਇਆ, ਇਹ ਕਹਿ ਕੇ ਕਿ ਉਨ੍ਹਾਂ ਦਾ, ਤੇ ਆਪਣੇ ਪਿਤਾ ਹੈੱਡਮਾਸਟਰ ਮਹਿਤਾਬ ਸਿੰਘ ਜੀ ਦਾ ਮਾਣ ਰੱਖਣ ਲਈ ਉਹ ਇਸ ਕੜੇ ਨੂੰ ਲਾਹੁਣ ਨਾ। ਉਹ ਕੜਾ ਅਜ ਵੀ ਜਗਜੀਤ ਜੀ ਦੀ ਕਮਜ਼ੋਰ ਹੋ ਚੁੱਕੀ ਬਾਂਹ ਉੱਤੇ ਸਜਿਆ ਹੋਇਆ ਹੈ। ਇਨ੍ਹਾਂ ਦੀ ਦੋਸਤੀ ਦੇ ਦਾਇਰੇ ਵਿਚ ਹਰ ਕਿਸਮ ਦੇ ਲੋਕ ਆਉਂਦੇ ਹਨ, ਸਿਆਸੀ ਵੀ, ਸਾਹਿਤਕਾਰ ਵੀ, ਜਾਣੇ ਜਾਂਦੇ ਲੋਕ ਵੀ ਅਤੇ ਅਣਜਾਣੇ ਨਾਂਅ ਵੀ। ਬੜੇ ਸਾਰੇ ਲੋਕਾਂ ਨਾਲ ਇਨ੍ਹਾਂ ਦੀ ਨਿਵੇਕਲੀ ਸਾਂਝ ਰਹੀ ਹੈ।

ਪਰ ਇਹ ਵੀ ਠੀਕ ਹੈ ਕਿ ਜਗਜੀਤ ਜੀ ਹਰ ਕਿਸੇ ਨੂੰ ਆਪਣੇ ਮਨ ਵਿਚ ਜਲਦੀ ਹੀ ਥਾਂ ਦੇ ਲੈਂਦੇ ਹਨ ਤੇ ਕਈ ਵਾਰ ਲੋਕਾਂ ਨੂੰ ਸਹੀ ਪਛਾਣਨ ਵਿਚ ਗ਼ਲਤੀ ਕਰ ਜਾਂਦੇ ਹਨ। ਕਈ ਲੋਕ ਮਤਲਬੀ ਹੁੰਦੇ ਹਨ, ਜਦੋਂ ਉਨ੍ਹਾਂ ਦਾ ਮਤਲਬ ਪੂਰਾ ਹੋ ਜਾਵੇ ਤਾਂ ਮੂੰਹ ਫੇਰ ਲੈਂਦੇ ਹਨ, ਸਗੋਂ ਕਈ ਤਾਂ ਆਪਣੇ ਮਤਲਬ ਖਾਤਰ ਨਿਰੋਲ ਅਹਿਸਾਨ-ਫ਼ਰਾਮੋਸ਼ੀ ਦੇ ਗੁਨਾਹ ਤੋਂ ਵੀ ਅਗਾਂਹ ਵਧ ਜਾਂਦੇ ਹਨ। ਇਹੋ ਜਿਹੇ ਕਈ ਲੋਕ ਇਨ੍ਹਾਂ ਦੀ ਜ਼ਿੰਦਗੀ ਵਿਚ ਆਏ, ਅਤੇ ਹੁਣ ਜਦੋਂ ਇਹ ਕਿਸੇ ਦਾ ਮਤਲਬ ਪੂਰਾ ਕਰਨ ਜੋਗੇ ਹੀ ਨਹੀਂ ਰਹੇ, ਇਹੋ ਜਿਹੇ ਬੜੇ ਚਿਹਰੇ ਖੁਲ੍ਹ ਕੇ ਸਾਹਮਣੇ ਆਏ ਹਨ। ਪਰ ਜਗਜੀਤ ਜੀ ਨੇ ਕਦੇ ਕਿਸੇ ਨੂੰ ਬੁਰਾ-ਭਲਾ ਨਹੀਂ ਕਿਹਾ, ਅਤੇ ਨਾ ਹੀ ਕਦੇ ਆਪਣੀ ਕੀਤੀ ਕਿਸੇ ਮਦਦ ਨੂੰ ਚਿਤਾਰਿਆ। ਬਸ ਚੁੱਪ ਕਰਕੇ ਆਪਣਾ ਮੂੰਹ ਉਨ੍ਹਾਂ ਵੱਲੋਂ ਫੇਰ ਲੈਂਦੇ ਰਹੇ ਹਨ। ਨਾ ਇਨ੍ਹਾਂ ਕਦੇ ਆਪਣੀ ਕਿਸੇ ਕਾਬਲੀਅਤ 'ਤੇ ਬੇਲੋੜਾ ਮਾਣ ਕੀਤਾ ਤੇ ਨਾ ਹੀ ਕਦੇ ਕਿਸੇ ਦਾ ਹੱਕ ਖੋਹਣ ਦਾ ਯਤਨ ਕੀਤਾ। ਇਨ੍ਹਾਂ ਦੇ ਕਿਸੇ ਨਾਲ ਕਿੰਨੇ ਵੀ ਸਿਆਸੀ ਮਤਭੇਦ ਕਿਉਂ ਨਾ ਰਹੇ ਹੋਣ, ਕੋਈ ਵੀ ਇਹ ਨਹੀਂ ਕਹਿ ਸਕਦਾ ਕਿ ਜਗਜੀਤ ਜੀ ਨੇ ਸਾਡੇ ਨਾਲ ਦੁਸ਼ਮਣੀ ਕੀਤੀ ਹੈ। ਜੇ ਕੋਈ ਸਵਾਲੀ ਇਹਨਾਂ ਕੋਲ਼ ਆਪਣੇ ਕੰਮ ਕਰਾਣ ਆਇਆ ਤਾਂ ਇਨ੍ਹਾ ਨੇ ਬਿਨਾਂ ਕਿਸੇ ਭੇਦ ਭਾਵ ਦੇ ਉਸਦਾ ਕੰਮ ਕਰਾਇਆ। ਜੇਕਰ ਇਨ੍ਹਾਂ ਨੂੰ ਉਸ ਸਵਾਲੀ ਦਾ ਕੰਮ ਜਾਇਜ਼ ਜਾਪਿਆ ਤਾਂ ਇਨ੍ਹਾਂ ਕਦੇ ਨਾ ਜਾਣਿਆ ਕਿ ਉਹ ਸਾਡੀ ਪਾਰਟੀ ਦਾ ਹੈ ਜਾਂ ਮਾਰਕਸੀ ਪਾਰਟੀ ਦਾ, ਅਕਾਲੀ ਹੈ ਜਾਂ ਕਾਂਗਰਸੀ। ਹਮੇਸ਼ਾ ਕਹਿੰਦੇ ਰਹੇ ਕਿ ਜੇ ਮੇਰੇ ਆਖਿਆਂ ਕਿਸੇ ਦਾ ਕੋਈ ਕੰਮ ਸੌਰ ਸਕਦਾ ਹੋਵੇ ਤਾਂ ਮੈਂ ਜ਼ਰੂਰ ਕਰਾਵਾਂਗਾ। ਅੱਜ ਵੀ ਕਿੰਨੇ ਲੋਕ ਅਜਿਹੇ ਹਨ ਜਿਨ੍ਹਾਂ ਦੇ ਬੱਚਿਆਂ ਨੂੰ ਜਗਜੀਤ ਜੀ ਨੇ ਨੌਕਰੀਆਂ ਦਵਾਈਆਂ, ਪਰ ਆਪਣੇ ਬੱਚਿਆਂ ਨੂੰ ਕਿਤੇ ਫ਼ਿਟ ਕਰਾਉਣ ਲਈ ਇਨ੍ਹਾਂ ਆਪਣਾ ਰਸੂਖ ਕਦੇ ਨਾ ਵਰਤਿਆ। ਮਾਸਕੋ ਤੋਂ ਮੁੜਨ ਤੋਂ ਬਾਅਦ ਸੁਕੀਰਤ ਦੋ ਸਾਲ ਤੋਂ ਵੀ ਵੱਧ ਸਮਾਂ ਨੌਕਰੀ ਲਈ ਭਟਕਦਾ ਰਿਹਾ, ਜਦਕਿ ਇਹ ਉਸ ਸਮੇਂ ਨਵੇਂ ਨਵੇਂ ਪਾਰਲੀਮੈਂਟ ਤੋਂ ਰਿਟਾਇਰ ਹੋਏ ਸਨ ਅਤੇ ਕਿਸੇ ਨੂੰ ਵੀ ਕਹਿ ਸਕਦੇ ਸਨ। ਪਰ ਆਪਣੇ ਬੇਟੇ ਲਈ ਕਿਸੇ ਕੋਲ਼ ਸਿਫ਼ਾਰਿਸ਼ ਕਰਨਾ ਇਨ੍ਹਾਂ ਨੂੰ ਆਪਣੇ ਅਸੂਲਾਂ ਦੇ ਖਿਲਾਫ਼ ਵੀ ਜਾਪਦਾ ਸੀ, ਤੇ ਆਪਣੀ ਹੇਠੀ ਵੀ। ਮੈਂ ਕਈ ਵੇਰ ਔਖੀ ਵੀ ਹੋਈ ਪਰ ਇਨ੍ਹਾਂ ਦਾ ਮੰਨਣਾ ਸੀ ਕਿ ਉਹ ਆਪਣੀ ਲਿਆਕਤ ਨਾਲ ਦੇਰ-ਸਵੇਰ ਆਪਣੇ ਲਈ ਯੋਗ ਥਾਂ ਆਪੇ ਲੱਭਣ ਦੇ ਕਾਬਲ ਹੈ।

ਜਗਜੀਤ ਜੀ ਨੇ ਜ਼ਿੰਦਗੀ ਵਿਚ ਬੜੀਆਂ ਸਿਆਸੀ ਜਿਹਲਾਂ ਕੱਟੀਆਂ ਅਤੇ ਦੋ ਵਾਰ ਲੰਮੇ ਸਮੇਂ ਲਈ ਰੂਪੋਸ਼ ਵੀ ਹੋਏ। ਜਦੋਂ ਜਿਹਲ ਵਿਚ ਹੁੰਦੇ ਸਨ ਤਾਂ ਕਾਪੀ ਦੇ ਸਫ਼ੇ ਪਾੜ ਕੇ ਮੈਨੂੰ ਲੰਮੀਆਂ-ਲੰਮੀਆਂ ਚਿੱਠੀਆਂ ਲਿਖਦੇ ਰਹਿੰਦੇ ਸਨ, ਅਤੇ ਕਈ ਵਾਰੀ ਭਾਈਬੰਦੀ ਨਾਲ ਚਿੱਠੀ ਨੂੰ ਚੋਰੀ ਬਾਹਰ ਪੁਚਾ ਕੇ ਸਿੱਧਾ ਡਾਕ ਵਿਚ ਵੀ ਪੁਆ ਲੈਂਦੇ ਸਨ। ਪਰ ਮੇਰੀਆਂ ਲੰਮੀਆਂ ਚਿੱਠੀਆਂ ਦੀ ਉਡੀਕ ਇਨ੍ਹਾਂ ਨੂੰ ਬੜੀ ਬੜੀ ਦੇਰ ਕਰਨੀ ਪੈਂਦੀ ਸੀ ਕਿਉਂਕਿ ਉਨ੍ਹਾਂ ਨੇ ਤਾਂ ਜਿਹਲ ਦੇ ਦਰਵਾਜ਼ੇ ਸਿਸਟਮ ਮੁਤਾਬਕ ਹੀ ਪਾਰ ਕਰਨੇ ਹੁੰਦੇ ਸਨ ਅਤੇ ਉਹ ਕਈ ਚਿਰ ਸੈਂਸਰ ਖੁਣੋਂ ਰੁਲ਼ਦੀਆਂ ਰਹਿੰਦੀਆਂ ਸਨ। ਇਕ ਦੂਜੇ ਨੂੰ ਲਿਖੀਆਂ ਇਨ੍ਹਾਂ ਚਿੱਠੀਆਂ, ਜਿਨ੍ਹਾਂ ਨੂੰ ਇਹ ਪਿਆਰ-ਪਾਤੀਆਂ ਕਹਿੰਦੇ ਸਨ, ਇਹ ਆਪਣੇ ਜਿਹਲ ਬੈਠੇ ਯਾਰ ਬੇਲੀਆਂ ਨਾਲ ਵੀ ਸਾਂਝੀਆਂ ਕਰਦੇ ਰਹਿੰਦੇ ਸਨ। ਆਪਣੇ ਨਿਜੀ ਖਤਾਂ ਨੂੰ ਨਸ਼ਰ ਕਰਨ ਦਾ ਇਹ ਕੰਮ ਮੈਂ ਕਦੇ ਵੀ ਨਾ ਕਰ ਸਕਾਂ। ਇਨ੍ਹਾਂ ਦੇ ਉਹ ਸਾਥੀ ਜਦੋਂ ਮੈਨੂੰ ਮਿਲਦੇ ਤਾਂ ਮੇਰੇ ਨਾਲ ਮੇਰੀਆਂ ਹੀ ਚਿੱਠੀਆਂ ਦਾ ਜ਼ਿਕਰ ਕਰ ਕਰ ਬੜਾ ਹੱਸਦੇ ਸਨ ਅਤੇ ਕਹਿੰਦੇ ਸਨ ਕਿ ਜਿਹਲ ਅੰਦਰ ਬੈਠਾ ਜਗਜੀਤ ਇਨ੍ਹਾਂ ਖਤਾਂ ਨੂੰ ਆਪਣੀ ਸਭ ਤੋਂ ਵੱਡੀ ਮਲਕੀਅਤ ਸਮਝਕੇ ਸਾਂਭਦਾ ਰਹਿੰਦਾ ਸੀ।

ਰੂਪੋਸ਼ੀ ਨੇ ਵੀ ਸਾਨੂੰ ਲੰਮਾ ਸਮਾਂ ਵਿਛੋੜੀ ਰੱਖਿਆ। ਦੇਸ ਦੀ ਵੰਡ ਤੋਂ ਬਾਅਦ, ਜਦੋਂ ਅਸੀਂ ਕੁਝ ਸਾਲ ਲਈ ਮਹਿਰੌਲੀ ਵਿਚ ਡੇਰੇ ਲਾਈ ਰੱਖੇ, ਇਹ ਕੁਝ ਸਮਾਂ ਪ੍ਰੀਤਨਗਰ ਪਏ ਸਾਡੇ ਖਾਲੀ ਘਰ ਵਿਚ ਇਕ ਪੁਰਾਣੇ ਸੇਵਾਦਾਰ ਕੋਲ਼ ਵੀ ਰੂਪੋਸ਼ ਹੋ ਕੇ ਰਹਿੰਦੇ ਰਹੇ। ਇਨ੍ਹਾਂ ਸਭ ਗੱਲਾਂ ਕਾਰਨ ਸਾਡਾ ਵਿਆਹ ਆਪਸੀ ਪਿਆਰ ਪਲਣ ਦੇ ਸੱਤ ਸਾਲ ਬਾਅਦ 1951 ਵਿਚ ਹੀ ਹੋ ਸਕਿਆ। ਪਰ ਜਿਹਲਾਂ ਅਤੇ ਗੁਪਤਵਾਸ ਇਨ੍ਹਾਂ ਲਈ ਸਾਡੇ ਬੱਚਿਆਂ ਦੇ ਪੈਦਾ ਹੋਣ ਤੋਂ ਬਾਅਦ ਵੀ ਜਾਰੀ ਰਹੇ। ਗੁਪਤਵਾਸ ਦੌਰਾਨ ਜਦੋਂ ਇਹ ਬੱਚਿਆਂ ਲਈ ਡਾਹਡੇ ਹੀ ਓਦਰ ਜਾਂਦੇ ਸਨ ਤਾਂ ਮੈਂ ਕਿਸੇ ਨਾ ਕਿਸੇ ਲੁਕਵੀਂ ਥਾਂ ਬੱਚਿਆਂ ਨੂੰ ਇਨ੍ਹਾਂ ਨਾਲ ਮਿਲਾਉਣ ਲੈ ਕੇ ਜਾਣਾ। ਉਸ ਸਮੇਂ ਬੱਚਿਆਂ ਲਈ ਤਰਸਦੇ ਬਾਪ ਦਾ ਉਨ੍ਹਾਂ ਨਾਲ ਮੇਲ ਦੇਖਣ ਵਾਲਾ ਹੁੰਦਾ ਸੀ। ਸਾਡੀ ਬੇਟੀ ਅੰਗੋ ਜਦੋਂ ਨਿੱਕੀ ਸੀ ਤਾਂ ਇਨ੍ਹਾਂ ਦੀ ਜਿੰਦ ਉਸੇ ਵਿਚ ਵਸਦੀ ਸੀ। ਸੁਕੀਰਤ ਦੀ ਕੋਈ ਗੱਲ ਭਾਵੇਂ ਨਾ ਵੀ ਮੰਨਣ, ਸੁਅੰਗਨਾ ਇਨ੍ਹਾਂ ਕੋਲ਼ੋਂ ਆਪਣੀ ਹਰ ਗੱਲ ਮਨਵਾ ਲੈਂਦੀ ਸੀ।

ਜ਼ਿੰਦਗੀ ਵਿਚ ਇਨ੍ਹਾਂ ਪੜ੍ਹਿਆ ਬਹੁਤ ਹੈ ਤਾਂ ਲਿਖਿਆ ਵੀ ਬਹੁਤ ਹੈ। ਪਰ ਬਹੁਤਾ ਲਿਖਿਆ ਅਖਬਾਰ ਵਾਸਤੇ ਹੀ। ਇਨ੍ਹਾਂ ਦੇ ਬੜੇ ਸਨੇਹੀ ਆਖਦੇ ਸਨ, "ਜਗਜੀਤ, ਜੇ ਨਿਰੀ ਸਿਆਸਤ ਨਾਲੋਂ ਤੂੰ ਸਿਰਫ਼ ਲਿਖਣ ਵੱਲ ਧਿਆਨ ਦੇਂਦਾ ਤਾਂ ਸਾਹਿਤ ਵਿਚ ਬੜਾ ਨਾਮਣਾ ਖੱਟਦਾ"। ਪਰ ਸਿਆਸਤ ਇਨ੍ਹਾਂ ਦੀ ਰੂਹ ਦੀ ਖੁਰਾਕ ਸੀ ਅਤੇ ਇਨ੍ਹਾਂ ਤੋਂ ਛੁੱਟ ਨਹੀਂ ਸੀ ਸਕਦੀ। ਇਹ ਹਮੇਸ਼ਾ ਖੜ੍ਹੇ ਪੈਰੀਂ ਜਾਂ ਭੱਜਦੇ-ਭੱਜਦੇ ਅਖਬਾਰ ਲਈ ਲਿਖਦੇ ਸਨ। ਆਪਣੀਆਂ ਰਚਨਾਵਾਂ ਨੂੰ ਕਿਤਾਬੀ ਸ਼ਕਲ ਦੇਣ ਦੀ ਇਨ੍ਹਾਂ ਨੂੰ ਕਦੇ ਅੱਚਵੀ ਨਹੀਂ ਸੀ ਹੋਈ। ਸਗੋਂ ਆਪਣੀਆਂ ਅਨੁਵਾਦਤ ਕਿਰਤਾਂ ਨੂੰ ਕਿਤਾਬੀ ਸ਼ਕਲ ਦੇ ਕੇ ਜ਼ਰੂਰ ਖੁਸ਼ ਹੁੰਦੇ ਸਨ। ਇਨ੍ਹਾਂ ਦੀ 'ਚੇਤੇ ਦੀ ਚੰਗੇਰ' 'ਚੋਂ' ਭਾਪਾ ਪ੍ਰੀਤਮ ਸਿੰਘ ਦੇ ਇਸਰਾਰ ਕਰਨ 'ਤੇ ਹੀ ਛਪ ਸਕੀ। ਹੁਣ ਛਪੀਆਂ 'ਕਮਿਊਨਿਸਟ ਲਹਿਰ ਦੇ ਅੰਗ-ਸੰਗ' ਅਤੇ 'ਚੇਤਾ ਚੋਗ ਚੁਗੇ' ਵੀ ਡਾ.ਸਾਧੂ ਸਿੰਘ ਅਤੇ ਸੁਕੀਰਤ ਦੇ ਸਿਰੜ ਨਾਲ ਹੀ ਛਪੀਆਂ ਹਨ ਜਿਨ੍ਹਾਂ ਨੇ ਇਨ੍ਹਾਂ ਦੀਆਂ ਸਮੇਂ ਸਮੇਂ ਲਿਖੀਆਂ ਰਚਨਾਵਾਂ ਨੂੰ ਤਰਤੀਬ ਦਿੱਤੀ। ਨਹੀਂ ਤਾਂ ਇਨ੍ਹਾਂ ਰਚਨਾਵਾਂ ਨੇ ਵੀ ਫ਼ਾਈਲਾਂ ਵਿਚ ਹੀ ਪਏ ਰਹਿ ਜਾਣਾ ਸੀ।

ਮਿਲਾਪੜੇ ਵੀ ਬਹੁਤ ਹਨ। ਜਦੋਂ ਤਕ ਸਿਹਤ ਨੇ ਸਾਥ ਦਿੱਤਾ ਹਰ ਦੁਖ-ਸੁਖ, ਜਲਸੇ ਸਮਾਗਮ ਵਿਚ ਪਹੁੰਚਦੇ ਰਹੇ। ਹਰ ਮਸਰੂਫ਼ੀਅਤ ਦੇ ਬਾਵਜੂਦ ਕਿਸੇ ਪਿਆਰੇ ਦੇ ਭੇਜੇ ਖੁਸ਼ੀ-ਗ਼ਮੀ ਦੇ ਸੱਦੇ ਉੱਤੇ ਜ਼ਰੂਰ ਅਪੜਦੇ। ਏਨੇ ਲੋਕਾਂ ਨੂੰ ਨਿੱਤ ਮਿਲਦੇ-ਜਾਣਦੇ ਸਨ, ਪਰ ਹਰ ਇਕ ਦਾ ਨਾਂਅ ਹੀ ਨਹੀਂ, ਉਸਦੇ ਪਿੰਡ ਤੇ ਪਿਛੋਕੜ ਦਾ ਵੀ ਇਨ੍ਹਾਂ ਨੂੰ ਚੇਤਾ ਰਹਿੰਦਾ ਸੀ। ਉਹੀ ਲਾਮਿਸਾਲ ਚੇਤਾ, ਹੁਣ ਉਮਰ ਦੇ ਇਸ ਪੜਾਅ ਉੱਤੇ ਆਣ ਕੇ ਭੁਰ ਗਿਆ ਹੈ।

ਗ਼ੁੱਸੇ ਵਾਲੇ ਜ਼ਰੂਰ ਹਨ, ਤੇ ਗ਼ੁੱਸਾ ਇਨ੍ਹਾਂ ਨੂੰ ਆ ਵੀ ਜਲਦੀ ਹੀ ਜਾਂਦਾ ਹੈ। ਪਰ ਜਦ ਇਹਨਾਂ ਨੂੰ ਅਹਿਸਾਸ ਹੋ ਜਾਵੇ ਕਿ ਇਹ ਗ਼ਲਤ ਹਨ ਤਾਂ ਆਪਣੇ ਤੋਂ ਛੋਟੇ ਕੋਲੋਂ ਵੀ ਝੱਟ ਮਾਫ਼ੀ ਮੰਗ ਲੈਂਦੇ ਹਨ। ਮੇਰੇ ਵਿਚ ਪਹਿਲਾਂ ਗ਼ੁੱਸਾ ਨਹੀਂ ਸੀ ਹੁੰਦਾ, ਪਰ ਇਨ੍ਹਾਂ ਦੇ ਸਾਥ ਵਿਚ ਮੈਂ ਵੀ ਗ਼ੁੱਸਾਖੋਰ ਹੋ ਗਈ ਹਾਂ। ਪਰ ਜੇ ਇਨ੍ਹਾਂ ਜੇਡੀ ਛੇਤੀ ਮੈਨੂੰ ਗੁੱਸਾ ਆਉਂਦਾ ਨਹੀਂ, ਤਾਂ ਇਨ੍ਹਾਂ ਵਾਂਗ ਛੇਤੀ ਲਹਿੰਦਾ ਵੀ ਨਹੀਂ। ਸਾਡੇ ਇਖਤਲਾਫ਼ ਬਹੁਤ ਹੁੰਦੇ ਸਨ (ਹੁਣ ਇਸ ਉਮਰ ਵਿਚ ਆ ਕੇ ਹੀ, ਜਦੋਂ ਇਹ ਅਟੰਕ ਹੋ ਗਏ ਹਨ, ਸਾਡੇ ਰੋਸੇ-ਝਗੜੇ ਬੰਦ ਹੋਏ ਹਨ), ਇਹ ਗ਼ੁੱਸੇ ਵਿਚ ਵੀ ਆਉਂਦੇ ਪਰ ਹਮੇਸ਼ਾ ਮੈਨੂੰ ਮਨਾ ਲੈਂਦੇ ਸਨ। ਸਾਡੀ ਰਾਤ ਕਦੇ ਗ਼ੁੱਸੇ ਉੱਤੇ ਇਨ੍ਹਾਂ ਨਾ ਖੜੋਣ ਦਿੱਤੀ।

ਮੈਂ ਇਨ੍ਹਾਂ ਨੂੰ ਡਰਪੋਕ ਕਹਿੰਦੀ ਹਾਂ। ਛੋਟੀ ਮੋਟੀ ਬੀਮਾਰੀ ਸਮੇਂ ਵੀ ਬਹੁਤ ਹਾਲ-ਪਾਹਰਿਆ ਪਾਉਂਦੇ ਹਨ। ਸੂਈ ਲੁਆਉਣ ਤੋਂ ਇੰਝ ਤ੍ਰਹਿੰਦੇ ਹਨ, ਜਿਵੇਂ ਕੋਈ ਸਕੂਲੀ ਬੱਚਾ। ਸਗੋਂ ਸਾਡੇ ਬੱਚਿਆਂ ਨੂੰ ਵੀ ਡਾਕਟਰ ਕੋਲ਼ ਲਿਜਾਉਣੋਂ ਘਬਰਾਂਦੇ ਸਨ, ਤੇ ਇਹ ਕੰਮ ਹਮੇਸ਼ਾ ਮੈਨੂੰ ਹੀ ਕਰਨਾ ਪੈਂਦਾ ਸੀ। ਅਖੇ, ਬੱਚਿਆਂ ਨੂੰ ਟੀਕਾ ਲੱਗਦਾ ਦੇਖਿਆ ਨਹੀਂ ਜਾਂਦਾ। ਟੀਕਾ ਲੁਆਉਣ ਸਮੇਂ ਮੂੰਹ ਦੂਜੇ ਪਾਸੇ ਭੁਆ ਕੇ ਆਪਣੇ ਹੱਥ ਨੂੰ ਇੰਝ ਦੰਦੀ ਵੱਢਣ ਲਗ ਪੈਂਦੇ ਹਨ ਜਿਵੇਂ ਕੋਈ ਆਰੀ ਨਾਲ ਇਨ੍ਹਾਂ ਦੀ ਲੱਤ ਵੱਢ ਰਿਹਾ ਹੋਵੇ। ਪਰ ਸਿਆਸੀ ਸਟੈਂਡ ਲੈਣ ਵਿਚ ਇਹ ਹਮੇਸ਼ਾ ਨਿਧੜਕ ਰਹੇ। ਜਦੋਂ ਪੰਜਾਬ ਵਿਚ ਖਾਲਸਤਾਨੀਆਂ ਦੀ ਹਨੇਰੀ ਝੁੱਲੀ ਸੀ ਤਾਂ ਸਭ ਤੋਂ ਪਹਿਲਾਂ ਇਨ੍ਹਾਂ ਉਨ੍ਹਾਂ ਦੇ ਖਿਲਾਫ਼ ਆਵਾਜ਼ ਚੁੱਕੀ ਤੇ ਥਾਂ ਥਾਂ ਸਟੇਜਾਂ ਤੇ ਮੀਟਿੰਗਾਂ ਵਿਚ ਉਨ੍ਹਾਂ ਦੇ ਖਿਲਾਫ਼ ਬੋਲਦੇ ਸਨ। ਇਨ੍ਹਾਂ ਨੂੰ ਧਮਕੀਆਂ ਆਉਣੀਆਂ ਸ਼ੁਰੂ ਹੋ ਗਈਆਂ। ਉਨ੍ਹਾਂ ਸਾਲਾਂ ਵਿਚ ਇਨ੍ਹਾਂ ਉੱਤੇ ਕਈ ਵਾਰ ਹਮਲਿਆਂ ਦੀ ਕੋਸ਼ਿਸ਼ ਹੋਈ, ਪਰ ਨੇਪਰੇ ਨਾ ਚੜ੍ਹ ਸਕੀ। ਇਸ ਸਾਰੇ ਲਾਣੇ-ਬਾਣੇ ਕਾਰਨ ਸਾਡੀ ਆਪਣੀ ਜ਼ਿੰਦਗੀ ਬੜੀ ਸੰਕੋਚਵੀਂ ਹੋ ਗਈ ਜੋ ਇਨ੍ਹਾਂ ਦੇ ਮਿਲਾਪੜੇ ਸੁਭਾਅ ਨਾਲ ਮੇਲ ਨਹੀਂ ਖਾਂਦੀ। ਹੁਣ ਉਹ ਵੇਲੇ ਨਹੀਂ ਰਹੇ, ਤੇ ਨਾ ਹੀ ਬਹੁਤੇ ਲਾਣੇ-ਬਾਣੇ ਦੀ ਲੋੜ। ਅੱਜਕਲ ਜਦੋਂ ਇਹ ਕੋਈ ਬਾਹਰ-ਅੰਦਰ ਨਹੀਂ ਜਾਂਦੇ, ਆਪਣੇ ਗੇਣਵੇਂ ਸੇਵਾਦਾਰਾਂ ਨਾਲ ਗੱਪ-ਗਿਆਨ ਕਰਦੇ ਰਹਿੰਦੇ ਹਨ।

ਜਿਹੜੇ ਅੱਗੇ ਸਾਨੂੰ ਆਪਣੇ ਤੋਂ ਪਹਿਲਾਂ ਅਖ਼ਬਾਰਾਂ ਪੜ੍ਹਨ ਹੀ ਨਹੀਂ ਸਨ ਦੇਂਦੇ, ਅੱਜਕਲ ਕਈ ਵਾਰ ਹੱਥ ਤੀਕ ਨਹੀਂ ਲਾਂਦੇ। ਹੁਣ ਕਿਤਾਬ ਵੀ ਕੋਈ ਕੋਈ ਹੀ ਪੜ੍ਹਦੇ ਹਨ, ਪਰ ਜਿਹੜੀ ਪਸੰਦ ਆ ਜਾਵੇ ਉਸਨੂੰ ਬਾਰ ਬਾਰ ਵੀ ਪੜ੍ਹ ਲੈਂਦੇ ਹਨ। ਪਹਿਲਾਂ ਕਿਸੇ ਨੂੰ ਬੋਲਣ ਨਹੀਂ ਸਨ ਦੇਂਦੇ, ਪਰ ਹੁਣ ਗੱਲਾਂ ਕਰਨ ਲਈ ਕਹੋ ਤਾਂ ਕਹਿਣਗੇ, " ਮੈਂ ਆਪਣੇ ਵੰਡੇ ਦਾ ਸਭ ਕੁਝ ਕਹਿ ਬੋਲ ਲਿਆ ਹੈ। ਹੁਣ ਤੁਸੀ ਬੋਲੋ"।

ਪਿਛਲੀ ਯਾਦਦਾਸ਼ਤ ਭਾਵੇਂ ਅਜੇ ਬਚੀ ਹੋਈ ਹੈ ਪਰ ਉਹ ਵੀ ਹੌਲ਼ੀ ਹੌਲ਼ੀ ਖੁਰਦੀ ਜਾ ਰਹੀ ਹੈ; ਨਵੀਂ ਬਣਦੀ ਹੀ ਨਹੀਂ। ਡਾਕਟਰ ਦੱਸਦੇ ਹਨ ਇਸ ਬਿਮਾਰੀ ਦਾ ਕੋਈ ਇਲਾਜ ਨਹੀਂ। ਸਾਰੀ ਉਮਰ ਭਾਜੜਾਂ ਵਿਚ ਪਏ ਰਹਿਣ ਵਾਲੇ ਮਨੁੱਖ ਦੀ ਦੁਨੀਆ ਹੁਣ ਪਰਿਵਾਰ ਤਕ ਸੀਮਤ ਹੋ ਗਈ ਹੈ। ਪਰ ਨਾ ਤਾਂ ਇਨ੍ਹਾਂ ਦੀ ਮਜ਼ਾਕ ਕਰਨ ਦੀ ਆਦਤ ਗਈ ਹੈ, ਤੇ ਨਾ ਹੀ ਬੋਲਣ ਵਾਲਿਆਂ ਦੀ ਗ਼ਲਤੀਆਂ ਸੁਧਾਰਦੇ ਰਹਿਣ ਦੀ। ਆਪ ਭਾਵੇਂ ਚੁਪ ਬੈਠੇ ਰਹਿਣ, ਪਰ ਮਜਾਲ ਹੈ ਕਿਸੇ ਦੀ ਗ਼ਲਤ ਸ਼ਬਦ ਵਰਤੋਂ, ਜਾਂ ਵਿਆਕਰਣ ਦੀ ਗ਼ਲਤੀ ਨੂੰ ਇਹ ਨਜ਼ਰ-ਅੰਦਾਜ਼ ਕਰ ਦੇਣ।

ਕਈ ਵਾਰ ਘੰਟਿਆਂ ਬੱਧੀ ਮੇਰੇ ਕੋਲ਼ ਬੈਠੇ ਕੋਈ ਗੱਲ ਨਹੀਂ ਕਰਨਗੇ, ਪਰ ਫੇਰ ਅਚਾਨਕ ਮੇਰਾ ਹੱਥ ਘੁੱਟ ਕੇ ਫੜ ਲੈਣਗੇ ਤੇ ਆਖਣਗੇ , 'ਤੇਰਾ ਹੱਥ ਬਹੁਤ ਨਿੱਘਾ ਹੈ'। ਜੇ ਰਾਤੀਂ ਦੇਰ ਤਕ ਟੀ ਵੀ ਦੇਖ ਰਹੀ ਹੋਵਾਂ, ਤਾਂ ਆਪ ਤਾਂ ਥੱਕ ਕੇ ਮੰਜੇ ‘ਤੇ ਚਲੇ ਜਾਣਗੇ ਪਰ ਘੜੀ ਘੜੀ ਆਵਾਜ਼ਾਂ ਮਾਰਦੇ ਰਹਿਣਗੇ, ਤੇ ਸੌਣਗੇ ਉਦੋਂ ਹੀ ਜਦੋਂ ਮੈਂ ਇਨ੍ਹਾਂ ਦੇ ਕਮਰੇ ਵਿਚ ਪਹੁੰਚ ਜਾਵਾਂ। ਕਈ ਵਾਰੀ ਰਾਤ ਨੂੰ ਅਭੜਵਾਹੇ ਉਠਣਗੇ, "ਤੂੰ ਠੀਕ ਏਂ ਨਾ? ਮੈਂ ਵੀ ਠੀਕ ਹਾਂ"। ਤੇ ਇਹ ਕਹਿ ਕੇ ਸੌਂ ਜਾਣਗੇ।

ਹੁਣ ਤੁਰੋ-ਤੁਰੀ ਦਾ ਵੇਲਾ ਆ ਗਿਆ ਹੈ, ਤੇ ਮੈਨੂੰ ਲੱਗਦਾ ਹੈ ਕਿ ਸਾਡੇ ਵਿਚੋਂ ਜਿਹੜਾ ਵੀ ਪਹਿਲਾਂ ਟੁਰ ਗਿਆ, ਦੂਜੇ ਨੇ ਵੀ ਪਿੱਛੋਂ ਬਹੁਤਾ ਚਿਰ ਨਹੀਂ ਜਿਊਣਾ।000 **(2012)**

## ਪਰੀ ਸੁਲਤਾਨਾ (ਨਾਵਲ) ਗੁਲਜ਼ਾਰ ਸਿੰਘ ਸੰਧੂ

ਗੁਲਜ਼ਾਰ ਸਿੰਘ ਸੰਧੂ ਇਕ ਸਥਾਪਤ ਕਹਾਣੀਕਾਰ ਹੈ। ਉਹ ਕਿਸੇ ਰਸਮੀ ਜਾਣ-ਪਛਾਣ ਦਾ ਮੁਥਾਜ ਨਹੀਂ। ਉਸ ਦੀਆਂ ਹੁਣ ਤਕ ਛਪੀਆਂ ਪੁਸਤਕਾਂ ਦੀ ਬੜੀ ਲੰਮੀ-ਚੌੜੀ ਸੂਚੀ ਹੈ। ਗੁਲਜ਼ਾਰ ਸਿੰਘ ਬਹੁ ਵਿਧਾਵੀ ਲੇਖਕ ਹੈ। ਉਸ ਨੇ 9 ਕਹਾਣੀ ਸੰਗ੍ਰਹਿ, 3 ਨਾਵਲ, 6 ਵਾਰਤਕ ਪੁਸਤਕਾਂ ਅਤੇ ਉਰਦੂ, ਹਿੰਦੀ ਤੇ ਅੰਗਰੇਜ਼ੀ ਵਿਚੋਂ ਕਈ ਪੁਸਤਕਾਂ ਅਨੁਵਾਦ ਕੀਤੀਆਂ ਹਨ। ਗੁਲਜ਼ਾਰ ਸਿੰਘ ਸੰਧੂ 'ਅਮਰ ਕਥਾ' ਕਹਾਣੀ ਸੰਗ੍ਰਹਿ 'ਤੇ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਵੀ ਪ੍ਰਾਪਤ ਕਰ ਚੁੱਕਿਆ ਹੈ। ਉਹ 'ਪਰੀ ਸੁਲਤਾਨਾ' ਦੇ ਰੂਪ ਵਿਚ ਆਪਣਾ ਚੌਥਾ ਨਾਵਲ ਲੈ ਕੇ ਪਾਠਕਾਂ ਸਾਹਵੇਂ ਪੇਸ਼ ਹੋਇਆ ਹੈ। ਇਹ ਨਾਵਲ (ਪੰਨੇ 184, ਮੁੱਲ 250 ਰੁਪਏ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ) ਸੁਲਤਾਨਾ ਨਾਂ ਦੀ ਲੜਕੀ ਦੇ ਜੀਵਨ ਦੁਆਲੇ ਬੁਣਿਆ ਗਿਆ ਹੈ।

ਨਾਵਲ ਵਿਚ ਜਗਤ ਸਿੰਘ ਇਕ ਬਹਾਈ ਵਿਚਾਰਧਾਰਾ ਨੂੰ ਪਰਨਾਇਆ ਹੋਇਆ ਇਤਿਹਾਸ ਦਾ ਅਧਿਆਪਕ ਹੈ, ਜਿਸ ਦੇ ਆਪਣੇ ਮਾਪੇ ਸਿੱਖ ਧਰਮ ਨਾਲ ਜੁੜੇ ਹੋਏ ਸਨ। ਜਗਤ ਸਿੰਘ ਆਪਣੇ ਮਾਪਿਆਂ ਤੋਂ ਵੱਖਰੇ ਖਿਆਲਾਂ ਦਾ ਧਾਰਨੀ ਹੁੰਦਾ ਹੈ। ਇਸ ਲਈ ਉਹ ਸਿੱਖ ਮੱਤ ਨੂੰ ਛੱਡ ਕੇ ਬਹਾਈ ਮੱਤ ਨੂੰ ਧਾਰਨ ਕਰਦਾ ਹੈ। ਉਹ ਇਤਿਹਾਸ ਦੇ ਨਾਲ-ਨਾਲ ਫ਼ਾਰਸੀ ਵੀ ਜਾਣਦਾ ਹੈ ਅਤੇ ਆਪਣੇ ਸਾਥੀ ਅਧਿਆਪਕ ਦੀ ਥਾਂ ਫ਼ਾਰਸੀ ਪੜ੍ਹਾਉਣ ਦੀ ਜ਼ਿੰਮੇਵਾਰੀ ਵੀ ਨਿਭਾਉਂਦਾ ਹੈ। ਉਹ ਆਪਣੇ ਅਧਿਆਪਕ ਸਾਥੀ ਦੀ ਬੀਵੀ, ਜੋ ਇਸਲਾਮਕ ਅਕੀਦੇ ਦੀ ਧਾਰਨੀ ਹੈ ਤੇ ਈਰਾਨੀ ਪਿਛੋਕੜ ਤੋਂ ਹੈ, ਤੋਂ ਪ੍ਰਭਾਵਤ ਹੁੰਦਾ ਹੈ। ਜਗਤ ਸਿੰਘ ਬੇਔਲਾਦ ਹੈ ਅਤੇ ਉਹ ਤੇ ਉਸਦੀ ਪਤਨੀ ਪੁਸ਼ਪਾ ਬਹਾਈ ਮੱਤ ਦੇ ਪ੍ਰਭਾਵ ਹੇਠ ਇਕ ਅਮਰੀਕਨ ਔਰਤ ਐਲਿਜ਼ਬੈੱਥ ਦੀ ਸਹਾਇਤਾ ਨਾਲ ਬੱਚੀ ਗੋਦ ਲੈਂਦੇ ਹਨ। ਬੱਚੀ ਗੋਦ ਲੈਣ ਵੇਲੇ ਉਹ ਆਪਣੇ ਅਧਿਆਪਕ ਸਾਥੀ ਦੀ ਪਤਨੀ ਦੀ ਲਿਆਕਤ ਤੇ ਤਹਿਜ਼ੀਬ ਦੇ ਪ੍ਰਭਾਵ ਸਦਕਾ ਈਰਾਨੀ ਪਿਛੋਕੜ ਵਾਲੀ ਬੱਚੀ ਨੂੰ ਤਰਜੀਹ ਦਿੰਦੇ ਹਨ ਜਿਸ ਦਾ ਨਾਮ ਸੁਲਤਾਨਾ ਹੈ।

ਸੁਲਤਾਨਾ ਦੇ ਘਰ ਵਿਚ ਆਉਣ ਨਾਲ, ਜਗਤ ਸਿੰਘ ਤੇ ਪੁਸ਼ਪਾ ਦੇ ਜੀਵਨ ਵਿਚ ਰੌਣਕ ਆ ਜਾਂਦੀ ਹੈ। ਉਹ ਦੰਪਤੀ ਜੋੜਾ ਆਪਣੀ ਪੁੱਤਰੀ ਸੁਲਤਾਨਾ ਸਾਹਮਣੇ ਈਰਾਨੀ ਪਿਛੋਕੜ ਵਾਲੀ ਜਹਾਂਗੀਰ ਦੀ ਪਤਨੀ ਨੂਰ ਜਹਾਂ ਨੂੰ ਉਸ ਦਾ ਆਦਰਸ਼ ਬਣਾ ਕੇ ਪੇਸ਼ ਕਰਦੇ ਹਨ। ਜਗਤ ਸਿੰਘ ਆਪਣੇ ਵਿਦਿਆਰਥੀਆਂ ਦਾ ਚਹੇਤਾ ਅਧਿਆਪਕ ਹੁੰਦਾ ਹੈ ਤੇ ਵਿਦਿਆਰਥੀ ਵਕਤ-ਬੇਵਕਤ ਉਸ ਕੋਲ਼ ਆਉਂਦੇ ਰਹਿੰਦੇ ਹਨ। ਇਸ ਕਾਰਨ ਉਹ ਆਪਣੇ ਪਰਿਵਾਰ ਨੂੰ ਪੂਰਾ ਸਮਾਂ ਨਹੀਂ ਦੇ ਪਾਉਂਦਾ ਅਤੇ ਹੌਲ਼ੀ-ਹੌਲ਼ੀ ਜਗਤ ਤੇ ਪੁਸ਼ਪਾ ਵਿਚ ਵਿੱਥ ਪੈਣੀ ਸ਼ੁਰੂ ਹੋ ਜਾਂਦੀ ਹੈ। ਸਮਾਂ ਪਾ ਕੇ ਉਹਨਾਂ ਦੇ ਆਦਰਸ਼ ਨੂਰ ਜਹਾਂ ਪ੍ਰਤੀ ਉਹਨਾਂ ਦੀ ਪਹੁੰਚ ਵੀ ਵੱਖਰੀ-ਵੱਖਰੀ ਹੋ ਜਾਂਦੀ ਹੈ ਅਤੇ ਦੋਨੋਂ ਆਪਣੇ-ਆਪਣੇ ਤਰੀਕੇ ਨਾਲ ਨੂਰ ਜਹਾਂ ਦੇ ਕਿਰਦਾਰ ਨੂੰ ਸੁਲਤਾਨਾ ਦੇ ਸਨਮੁੱਖ ਪੇਸ਼ ਕਰਦੇ ਹਨ।

ਮਾਪਿਆਂ ਦੀਆਂ ਭਰਪੂਰ ਕੋਸ਼ਿਸ਼ਾਂ ਦੇ ਬਾਵਜੂਦ ਸੁਲਤਾਨਾ ਦੀ ਆਦਰਸ਼ ਨੂਰ ਜਹਾਂ ਨਹੀਂ ਬਣ ਪਾਉਂਦੀ। ਉਹ ਆਪਣੇ ਵਰਤਮਾਨ ਦੀਆਂ ਸਮਾਜਕ, ਭੂਗੋਲਕ, ਰਾਜਨੀਤਕ ਤੇ ਸਭਿਆਚਾਰਕ ਹਾਲਤਾਂ ਤੋਂ ਪ੍ਰਭਾਵਤ ਹੁੰਦੀ ਹੈ। ਪਹਿਲਾਂ ਉਸ ਦਾ ਆਦਰਸ਼ ਪੰਡਤ ਜਵਾਹਰ ਲਾਲ ਨਹਿਰੂ ਬਣਦਾ ਹੈ ਅਤੇ ਫਿਰ ਉਹਦਾ ਝੁਕਾਅ ਅਰੁਨਾ ਆਸਿਫ਼ ਵੱਲ ਹੋ ਜਾਂਦਾ ਹੈ। ਉਸ ਦੇ ਦੋਨਾਂ ਆਦਰਸ਼ਾਂ ਵਿਚ ਮੁੱਢਲੀ ਸਾਂਝ ਮਾਨਵਵਾਦੀ ਪਹੁੰਚ ਸੀ। ਪਰ ਜਦ ਦੇਸ਼-ਵੰਡ ਤੋਂ ਬਾਅਦ ਨਹਿਰੂ ਅਤੇ ਕਾਂਗਰਸ

ਪਾਰਟੀ ਪੂੰਜੀਪਤੀਆਂ ਨਾਲ ਹੱਥ ਮਿਲਾਉਂਦੇ ਹਨ ਤਾਂ ਅਰੁਨਾ ਆਸਿਫ਼ ਅਲੀ ਕਾਂਗਰਸ ਛੱਡ ਕੇ, ਸਮਾਜਵਾਦੀਆਂ ਨਾਲ ਜੁੜ ਜਾਂਦੀ ਹੈ। ਇਸ ਤਰ੍ਹਾਂ ਸੁਲਤਾਨਾ ਵੀ ਸਮਾਜਵਾਦੀ ਵਿਚਾਰਧਾਰਾ ਦੇ ਅੰਤਰਗਤ ਆਪਣਾ ਜੀਵਨ ਗੁਜ਼ਾਰਦੀ ਹੋਈ ਲੋੜਵੰਦਾਂ ਤੇ ਗ਼ਰੀਬਾਂ ਦੀ ਸਹਾਇਤਾ ਕਰਦੀ ਹੈ।

ਸੁਲਤਾਨਾ ਨਰਸਿੰਗ ਦੀ ਪੜ੍ਹਾਈ ਲਈ ਦਿੱਲੀ ਦੇ ਲੇਡੀ ਹਾਰਡਿੰਗ ਹਸਪਤਾਲ ਵਿਚ ਜਾਂਦੀ ਹੈ ਅਤੇ ਉੱਥੇ ਆਪਣੀ ਮਿਹਨਤ, ਸੁਭਾਅ ਤੇ ਵਿਚਾਰਾਂ ਕਰਕੇ ਸਭ ਦੀ ਚਹੇਤੀ ਬਣ ਜਾਂਦੀ ਹੈ। ਉਸਤਾਨੀ ਕੈਥਰੀਨ ਦੀ ਸਹਾਇਤਾ ਨਾਲ ਉਹ ਤੇ ਉਸ ਦੀ ਕਰੀਬੀ ਸਹੇਲੀ ਬਾਨੋ ਦਿੱਲੀ ਕਿੰਗਜ਼ਵੇ ਹਸਪਤਾਲ, ਜੋ ਖ਼ਾਸ ਤੌਰ 'ਤੇ ਤਪਦਿਕ ਦੇ ਮਰੀਜ਼ਾਂ ਲਈ ਹੈ, ਵਿਚ ਨਰਸ ਦੀ ਨੌਕਰੀ ਪ੍ਰਾਪਤ ਕਰਦੀਆਂ ਹਨ। ਹਾਲਾਂਕਿ ਜਗਤ ਸਿੰਘ ਆਪਣੀ ਬੇਟੀ ਦੇ ਪਹਿਲਾਂ ਦਿੱਲੀ ਜਾਣ ਅਤੇ ਫਿਰ ਉੱਥੇ ਨੌਕਰੀ ਕਰਨ, ਖ਼ਾਸ ਤੌਰ 'ਤੇ ਕਿੰਗਜ਼ਵੇ ਹਸਪਤਾਲ ਵਿਚ, ਸੁਲਤਾਨਾ ਨਾਲ ਨਾਰਾਜ਼ ਹੁੰਦਾ ਹੈ। ਪਰ ਉਸ ਸਮੇਂ ਤਕ ਬਾਪ ਬੇਟੀ ਦੇ ਵਿਚਾਰਾਂ ਵਿਚ ਫਾਸਲਾ ਪੈ ਚੁੱਕਿਆ ਸੀ।

ਸੁਲਤਾਨਾ ਆਪਣੇ ਬਾਪ ਦੇ ਮਾਪਿਆਂ ਦੇ ਸਿੱਖ ਧਰਮ ਬਾਰੇ ਕਾਫ਼ੀ ਜਾਣਕਾਰੀ ਇਕੱਠੀ ਕਰਦੀ ਹੈ। ਵਾਸਤਵ ਵਿਚ ਉਹ ਜਾਣਨਾ ਚਾਹੁੰਦੀ ਹੈ ਕਿ ਸਿੱਖ ਧਰਮ ਤੇ ਬਹਾਈ ਮੱਤ ਵਿਚ ਵਖਰੇਵਾਂ ਕੀ ਹੈ? ਸਿੱਖ ਧਰਮ ਜਿੱਥੇ ਹੱਥੀਂ ਕਿਰਤ ਕਰਨ ਤੇ ਵੰਡ ਛਕਣ 'ਤੇ ਜ਼ੋਰ ਦਿੰਦਾ ਹੈ, ਉੱਥੇ ਬਹਾਈ ਮੱਤ ਸਿਰਫ਼ ਵਾਧੂ ਪੂੰਜੀ ਨੂੰ ਵੰਡਣ ਦਾ ਸੰਦੇਸ਼ ਦਿੰਦਾ ਹੈ ਤੇ ਉਹ ਵੀ ਉਹਨਾਂ ਲੋਕਾਂ ਦੀ ਮਦਦ ਲਈ ਜੋ ਬਹਾਈ ਮੱਤ ਨੂੰ ਪ੍ਰਵਾਨ ਕਰ ਚੁੱਕੇ ਹਨ। ਸੁਲਤਾਨਾ ਬਹਾਈ ਮੱਤ ਨੂੰ ਸੁੱਖ-ਰਹਿਣਾ ਮੱਤ ਕਹਿ ਕੇ ਛੁਟਿਆਉਂਦੀ ਹੈ। ਸੁਲਤਾਨਾ ਪਹਿਲਾਂ ਗ੍ਰਹਿਸਥ ਜੀਵਨ ਵਿਚ ਪ੍ਰਵੇਸ਼ ਨਹੀਂ ਕਰਨਾ ਚਾਹੁੰਦੀ ਪਰ ਬਾਅਦ ਵਿਚ ਆਪਣੇ ਇਕ ਰੋਗੀ ਦੇ ਭਰਾ ਗਿਆਨ ਨਾਲ ਆਪਣੀਆਂ ਸ਼ਰਤਾਂ 'ਤੇ ਵਿਆਹ ਕਰਵਾਉਂਦੀ ਹੈ ਅਤੇ ਬੇਦੀ ਪਰਿਵਾਰ ਦੀ ਨੂੰਹ ਬਣ ਜਾਂਦੀ ਹੈ। ਸੁਲਤਾਨਾ ਦੀ ਕੁੱਖੋਂ ਇਕ ਲੜਕੀ ਜਨਮ ਲੈਂਦੀ ਹੈ। ਸੁਲਤਾਨਾ ਬੇਦੀ ਪਰਿਵਾਰ ਦੀ ਖੇਤੀ ਸੰਭਾਲ਼ਦੀ ਹੈ ਅਤੇ ਕਾਮਿਆਂ ਨਾਲ ਸਮਾਜਵਾਦੀ ਖਿਆਲਾਂ ਦੀ ਰੌਸ਼ਨੀ ਵਿਚ ਵਿਚਰਦੀ ਹੈ। ਉਹ ਕਾਮਿਆਂ, ਸ਼ਰਨਾਰਥੀਆਂ ਤੇ ਪਰਵਾਸੀ ਮਜ਼ਦੂਰਾਂ ਦੀ ਸਿਰਫ਼ ਮਦਦ ਹੀ ਨਹੀਂ ਕਰਦੀ ਬਲਕਿ ਉਹਨਾਂ ਨੂੰ ਉਹਨਾਂ ਦੇ ਹੱਕਾਂ ਪ੍ਰਤੀ ਜਾਗਰੂਕ ਵੀ ਕਰਦੀ ਹੈ। ਸੁਲਤਾਨਾ ਸ਼ਰਨਾਰਥੀਆਂ ਦੇ ਗ੍ਰਹਿਸਥ ਜੀਵਨ ਨੂੰ ਬਿਹਤਰ ਬਣਾਉਣ ਲਈ ਮਨੋਵਿਗਿਆਨਕ ਡਾਕਟਰ ਦਾ ਪ੍ਰਬੰਧ ਕਰਦੀ ਹੈ। ਉਹ ਆਪਣੇ ਬਾਪ ਜਗਤ ਸਿੰਘ ਦੀ ਮੌਤ ਬਾਅਦ ਉਸਦਾ ਲਾਹੌਰ ਵਾਲਾ ਘਰ ਬਾਨੋ ਦੇ ਹਵਾਲੇ ਕਰ ਦਿੰਦੀ ਹੈ।

ਨਾਵਲ ਵਿਚ ਇਤਿਹਾਸਕ ਤੇ ਮਿਥਿਹਾਸਕ ਵੇਰਵੇ ਮਿਲਦੇ ਹਨ ਜਿਹਨਾਂ ਬਾਰੇ ਲੇਖਕ ਦਾ ਕਹਿਣਾ ਹੈ ਕਿ ਉਹ ਸਿਰਫ਼ ਸੇਧ ਦੇਣ ਲਈ ਦਿੱਤੇ ਗਏ ਹਨ। ਇਹ ਇਤਿਹਾਸਕ ਤੇ ਮਿਥਿਹਾਸਕ ਵੇਰਵੇ ਨਾਵਲ ਨੂੰ ਹੋਰ ਵਧੇਰੇ ਰੌਚਿਕ ਬਣਾਉਂਦੇ ਹਨ ਤੇ ਨਾਵਲ ਨੂੰ ਬਹੁਪਰਤੀ ਤੇ ਬਹੁਦਿਸ਼ਾਵੀ ਮੁਹਾਂਦਰਾ ਪ੍ਰਦਾਨ ਕਰਦੇ ਹਨ। ਇਸਲਾਮ, ਸਿੱਖ ਤੇ ਬਹਾਈ ਮੱਤ ਨੂੰ ਸਮਵਿੱਥ ਰੱਖ ਕੇ ਪੇਸ਼ ਕੀਤਾ ਗਿਆ ਹੈ ਤਾਂ ਕਿ ਪਾਠਕ ਇਹਨਾਂ ਪ੍ਰਤੀ ਨਿਰਪੱਖ ਤੇ ਸੁਤੰਤਰ ਪਹੁੰਚ ਅਪਣਾ ਸਕੇ। ਨਾਵਲ ਦਾ ਕਥਾਨਕ ਦੇਸ਼-ਵੰਡ ਦੇ ਆਰ-ਪਾਰ ਫੈਲਿਆ ਹੋਇਆ ਹੈ। ਨਾਵਲ ਔਰਤ ਦੀ ਆਜ਼ਾਦ ਹਸਤੀ, ਸਵੈ-ਨਿਰਭਰਤਾ, ਆਜ਼ਾਦ ਖਿਆਲੀ ਤੇ ਖੁਦਮੁਖਤਿਆਰੀ ਦੀ ਹਾਮੀ ਭਰਦਾ ਹੈ। ਜਿੱਥੇ ਨਾਵਲ ਵਿਚ ਭਾਰਤ ਪਾਕਿਸਤਾਨ ਦੀ ਵੰਡ, ਅੰਗਰੇਜ਼ਾਂ ਦੀ ਹਕੂਮਤ, ਆਜ਼ਾਦੀ ਦੇ ਘੋਲ਼, ਮਹਾਤਮਾ ਗਾਂਧੀ ਦੇ ਸੁਤੰਤਰਤਾ ਸੰਗਰਾਮ ਦੀ ਬਾਤ ਪਾਈ ਗਈ ਹੈ, ਉੱਥੇ ਧਾਰਮਿਕ ਇਸਲਾਮ, ਸਿੱਖ, ਬਹਾਈ, ਆਰੀਆ ਸਮਾਜ ਦੇ ਧਾਰਮਿਕ ਅਕੀਦਿਆਂ ਦੇ ਮੁਹਾਂਦਰੇ ਤੇ ਪਹੁੰਚ ਨੂੰ ਉਘਾੜਿਆ ਹੈ। ਨਾਲ ਹੀ ਸਾਮਰਾਜੀ ਅਤੇ ਸਮਾਜਵਾਦੀ ਵਿਚਾਰਧਾਰਾਵਾਂ ਤੇ ਉਹਨਾਂ ਦੀ ਰਾਜਨੀਤਕ ਪਹੁੰਚ ਨੂੰ ਵੀ ਪੇਸ਼ ਕੀਤਾ ਗਿਆ ਹੈ। ਨਾਵਲ ਕਥਾ ਰਸ ਨਾਲ ਭਰਪੂਰ ਹੈ। ਨਾਵਲੀ ਕਥਾ ਨੂੰ ਛੋਟੇ-ਛੋਟੇ ਕਾਂਡਾਂ ਵਿਚ ਵੰਡਿਆ ਗਿਆ ਹੈ,ਜਿਸ ਕਾਰਨ ਪਾਠਕ ਦੇ ਮਨ ਵਿਚ ਉਤਸੁਕਤਾ ਬਣੀ ਰਹਿੰਦੀ ਹੈ ਤੇ ਉਹ

ਕਹਾਣੀ ਦੇ ਨਾਲ-ਨਾਲ ਤੁਰਦਾ ਹੈ। ਬਿਰਤਾਂਤ ਅਤੇ ਸੰਵਾਦ ਦੀ ਭਾਸ਼ਾ ਇਕ ਸਮਾਨ ਹੈ, ਜੋ ਟਕਸਾਲੀ ਦੇ ਨੇੜੇ ਹੈ। ਐਪਰ, ਪਾਤਰਾਂ ਦੀ ਭਾਸ਼ਾ ਉਹਨਾਂ ਦੇ ਭੂਗੋਲਕ ਧਰਾਤਲ ਨਾਲ ਇਕਸੁਰ ਨਹੀਂ ਜਾਪਦੀ, ਜੋ ਕਥਾ ਵਿਚ ਰੜਕਦੀ ਹੈ। ਸਮੁੱਚੇ ਰੂਪ ਵਿਚ ਇਤਿਹਾਸਕ, ਮਿਥਿਹਾਸਕ ਤੇ ਰਾਜਨੀਤਕ ਜਾਣਕਾਰੀ ਨਾਲ ਭਰਪੂਰ ਗੁਲਜ਼ਾਰ ਸਿੰਘ ਸੰਧੂ ਦੇ ਇਸ ਨਾਵਲ 'ਪਰੀ ਸੁਲਤਾਨਾ' ਦਾ ਪੰਜਾਬੀ ਸਾਹਿਤ ਜਗਤ ਵਿਚ ਸਵਾਗਤ ਕਰਨਾ ਬਣਦਾ ਹੈ। **-ਪਰਗਟ ਸਿੰਘ ਬਰਾੜ**

## ਇਕ ਕੁੜੀ ਦੀ ਗੁਪਤ ਡਾਇਰੀ (ਡਾਇਰੀ) ਸ਼ਸ਼ੀ ਸਮੁੰਦਰਾ

'ਇਕ ਕੁੜੀ ਦੀ ਗੁਪਤ ਡਾਇਰੀ' (ਸੂਰਜਾਂ ਦੇ ਵਾਰਿਸ ਪ੍ਰਕਾਸ਼ਨ, ਭੂੰਦੜ, ਬਠਿੰਡਾ) ਮਾਲਵੇ ਦੇ ਪਿੰਡ, ਭੈਣੀ ਜੱਸੇ ਦੀ ਇਕ ਅਣਭੋਲ ਜਿਹੀ ਬਾਲੜੀ ਦੇ, ਬਚਪਨ ਤੋਂ ਜਵਾਨੀ ਵਿਚ ਪ੍ਰਵੇਸ਼ ਕਰਨ ਦੀ ਕਹਾਣੀ ਹੈ, ਜੋ ਬਕੌਲ ਸ਼ਸ਼ੀ ਸਮੁੰਦਰਾ, ਉਸਦੀ ਆਪਣੀ ਸਵੈ-ਜੀਵਨੀ ਦਾ ਹੀ ਸ਼ੁਰੂਆਤੀ ਬਿਰਤਾਂਤ ਹੈ। ਇਸਨੂੰ ਪੜ੍ਹਨ ਤੋਂ ਬਾਅਦ ਮਨ ਇਸ ਕਦਰ ਸੁੰਨ ਹੋ ਜਾਂਦਾ ਹੈ ਕਿ ਇਸ ਬਾਰੇ ਕੁਝ ਵੀ ਲਿਖਣ ਲਈ ਕਈ ਦਿਨਾਂ ਬਾਅਦ ਇਹ ਸੋਚ ਕੇ ਹਿੰਮਤ ਜੁਟਾਉਣੀ ਪੈਂਦੀ ਹੈ ਕਿ ਜੇ ਇਸ ਵਿਚਲੇ ਅਸਹਿ ਸਦਮਿਆਂ ਨੂੰ, ਬਿਨਾਂ ਕਿਸੇ ਹੀਲ-ਹੁੱਜਤ ਕਰਨ ਦੇ ਹੱਕ ਤੋਂ ਵਿਰਵੀ ਰਹਿ ਕੇ, ਆਪਣੇ ਤਨ ਮਨ 'ਤੇ ਹੰਢਾਉਣ ਵਾਲੀ ਸ਼ਸ਼ੀ, ਇਸਨੂੰ ਲਿਖ ਕੇ ਜਨਤਕ ਤੌਰ 'ਤੇ ਨਸ਼ਰ ਕਰਨ ਦਾ ਜੁਰਅਤੀ ਜ਼ੋਖਮ ਉਠਾ ਸਕਦੀ ਹੈ, ਤਾਂ ਸਾਡਾ ਉਸਦੇ ਦਾਇਰੇ / ਭਾਈਚਾਰੇ ਦੇ ਬਸ਼ਰ ਹੋਣ ਦੇ ਨਾਤੇ, ਘੱਟੋ ਘੱਟ ਕੁਝ ਲਫਜ਼ਾਂ ਦੀ ਸਾਂਝ ਪਾ ਕੇ ਹਾਅ-ਦਾ-ਨਾਅਰਾ ਮਾਰਨ ਦਾ ਨਿਗੂਣਾ ਜਿਹਾ ਫਰਜ਼ ਤਾਂ ਬਣਦਾ ਹੀ ਹੈ।

ਇਸ ਪੁਸਤਕ ਦੇ ਹਰ ਪੰਨੇ 'ਤੇ ਪਸਰੀ ਸੰਘਣੀ ਪੀੜ ਵਿਚੀਂ ਗੁਜ਼ਰਦਿਆਂ ਮੇਰੇ ਮਨ ਵਿਚ ਵਾਰ ਵਾਰ ਇਹੋ ਸੁਆਲ ਆਉਂਦਾ ਰਿਹਾ ਹੈ ਕਿ ਕੀ ਮਾਪੇ ਇਸ ਕਦ ਕੁਮਾਪੇ ਵੀ ਹੋ ਸਕਦੇ ਹਨ, ਕਿ ਕੋਈ ਭੈਣ ਇਸ ਤਰ੍ਹਾਂ ਦੀ ਡੈਣ ਵੀ ਸਕਦੀ ਹੈ?

ਸਭ ਤੋਂ ਵੱਧ ਸਿਤਮ-ਜ਼ਰੀਫੀ ਤਾਂ ਇਹ ਹੈ ਕਿ ਸ਼ਸ਼ੀ ਦੇ ਦੁੱਖਾਂ ਦਾ ਆਰੰਭ ਉਸਦੇ ਕੁਝ ਵੀ 'ਚੰਗਾ ਮਾੜਾ' ਕਰਨ ਤੋਂ ਪਹਿਲਾਂ, ਉਹਦੇ ਕੁਝ 'ਹੋਣ' ਮਾਤਰ ਤੋਂ ਹੀ ਸ਼ੁਰੂ ਹੋ ਜਾਂਦਾ ਹੈ। ਉਸਨੂੰ ਇਸ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿ ਉਹ ਆਪਣੇ ਕੁੜੀ ਹੋਣ ਦੇ ਤੱਥ ਦੇ ਨਾਲ਼ੋ ਨਾਲ਼ ਆਪਣੇ ਮਨ ਦੇ ਧੁਰ ਅੰਦਰ ਤੇ ਆਪਣੀ ਦੇਹ ਦੇ ਬਾਹਰ ਆਪਣੇ ਮੁਟਿਆਰ ਹੋਣ ਦੇ ਅਮਲ ਦੇ ਜ਼ਾਹਿਰਾ ਨਿਸ਼ਾਨਾਂ ਦੇ ਪ੍ਰਗਟ ਹੋਣ ਨੂੰ ਕਿਵੇਂ ਰੋਕੇ? ਉਸਦੀ ਇਸੇ ਨਾਕਾਮੀ ਦੇ 'ਗੁਨਾਹ-ਇ-ਅਜ਼ੀਮ' ਕਰਕੇ ਹੀ ਉਹਨੂੰ ਆਪਣੇ ਮਾਂ-ਪਿਉ ਤੇ ਆਪਣੀ ਵੱਡੀ ਭੈਣ ਦੇ ਨਿਰੇ ਬੋਲ ਕੁਬੋਲ ਹੀ ਨਹੀਂ ਸੁਣਨੇ ਪੈਂਦੇ ਸਗੋਂ ਉਹਨਾਂ ਹੱਥੋਂ ਹੋਈ ਵਹਿਸ਼ੀਆਨਾ ਕੁੱਟ-ਮਾਰ ਵੀ ਝੱਲਣੀ ਪੈਂਦੀ ਹੈ। ਉਸਦੇ ਆਪਣੇ ਮੂੰਹੋਂ ਕੁਝ ਵੀ ਉਭਾਸਰਨ, ਕਿਸੇ ਮੁੰਡੇ ਵੱਲ ਭੁੱਲ ਕੇ ਵੀ ਅੱਖ ਉੱਚੀ ਕਰ ਕੇ ਝਾਕਣ, ਘਰੋਂ ਬਾਹਰ-ਅੰਦਰ ਜਾਣ-ਆਉਣ, ਆਪਣੀਆਂ ਹਾਨਣਾਂ ਤਕ ਨਾਲ ਖੇਲ੍ਹਣ ਮੱਲ੍ਹਣ, ਗਲ਼ੀ-ਗੁਆਂਢ ਵਿਚ ਵਿਆਹ-ਸ਼ਾਦੀ ਦੇ ਮੌਕੇ ਗਾਉਣ ਵਿਚ ਸ਼ਾਮਲ ਹੋਣ, ਨੱਚਣ-ਕੁੱਦਣ, ਮਨ ਮਰਜ਼ੀ ਦਾ ਖਾਣ-ਪੀਣ, ਪਹਿਨਣ-ਪੱਚਰਨ ਤੇ ਚਿੱਤ-ਚਾਹਿਆ ਪੜ੍ਹਨ-ਲਿਖਣ, ਉਪਰ ਵੀ ਬੰਦਿਸ਼ਾਂ ਹੀ ਬੰਦਿਸ਼ਾਂ ਹਨ। ਇਹੋ ਜਿਹੀ ਕਿਸੇ ਵੀ 'ਹਿਮਾਕਤ' ਤੋਂ ਬਾਅਦ ਉਸਨੂੰ ਕਸਾਈਆਂ ਵਾਂਗ ਕੋਹਿਆ ਮਾਰਿਆ ਹੀ ਨਹੀਂ ਜਾਂਦਾ ਸਗੋਂ ਭੁੱਖੀ-ਤ੍ਰਿਹਾਈ ਰੱਖ ਕੇ ਘੁੱਪ-ਹਨੇਰੀ ਕਾਲ਼-ਕੋਠੜੀ ਅੰਦਰ ਤਾੜ ਦਿੱਤਾ ਜਾਂਦਾ ਹੈ।

ਮੈਨੂੰ ਇਹ ਭੇਤ ਨਸ਼ਰ ਕਰਨ ਲੱਗਿਆਂ ਵੀ ਸ਼ਰਮ ਮਹਿਸੂਸ ਹੋ ਰਹੀ ਹੈ ਕਿ ਇਹ ਸਭ ਕੁਝ ਕਰਨ ਵਿਚ ਮੋਹਰੀ ਕੁੜੀ ਦਾ ਪਿਉ ਹੈ, ਜੋ ਪੜ੍ਹਿਆ-ਲਿਖਿਆ ਹੈ ਤੇ ਕਿੱਤੇ ਵਜੋਂ ਅਧਿਆਪਕ ਹੋਣ ਦੇ ਨਾਤੇ ਕੁੜੀ ਦਾ ਪਹਿਲਾ 'ਉਸਤਾਦ' ਵੀ ਹੈ। ਜਿਵੇਂ ਇਹੋ ਜਿਹਾ ਪਿਉ ਹੋਣਾ ਹੀ ਡੁੱਬ ਕੇ

ਮਰਨ ਲਈ ਕਾਫੀ ਨਾ ਹੋਵੇ ਸਗੋਂ ਇਸ ਲਈ 'ਉਸਤਾਦੀ' ਦੀ ਕਲਗ਼ੀ ਲਾਉਣੀ ਵੀ ਜ਼ਰੂਰੀ ਹੋਵੇ।

ਅਗਾਂਹ....!!! ਸਿਆਣੀ-ਬਿਆਣੀ ਤੇ ਦਾਨੀ-ਪ੍ਰਧਾਨੀ ਮਾਂ ਰਾਤ ਵੇਲ਼ੇ ਆਪਣੇ ਨਾਲ ਸੁੱਤੀ ਇਸ ਬਾਲੜੀ ਨੂੰ ਨਿਰਵਸਤਰ ਕਰ ਕੇ ਉਹਦੇ ਅੰਗਾਂ ਨਾਲ ਆਪਣੇ ਨੰਗੇਜ ਦੀ ਘਸਰ-ਘੋਟ ਨਾਲ ਆਪਣੀ ਕੁਆਰ-ਗੰਦਲ਼ ਧੀ ਦੇ ਤਨ ਮਨ ਵਿਚ ਸਮੇਂ ਤੋਂ ਅਗੇਤਰੀ ਹੀ ਕਾਮਨਾ ਉਤੇਜਿਤ ਕਰਨ ਦਾ ਕੁਕਰਮ ਕਰਦੀ ਹੈ।

ਪਿੰਡ ਤੇ ਆਲ਼ੇ-ਦੁਆਲ਼ੇ ਦੇ ਗਲ਼ੀ-ਗੁਆਂਢ ਦੇ ਪਰਿਵਾਰਕ ਰਿਸ਼ਤਿਆਂ ਅੰਦਰ ਜਿਹੜੀ ਕੜ੍ਹੀ ਘੁਲ਼ਦੀ ਰਹਿੰਦੀ ਹੈ, ਉਸਨੂੰ ਫਿਲਹਾਲ ਢਕੀ ਰਿੱਝਦੇ ਰਹਿਣ ਦੇਣ ਵਿਚ ਹੀ ਬਿਹਤਰੀ ਹੈ।

ਅਜਿਹੇ ਦੱਬੇ-ਘੁੱਟੇ, ਕੁੰਠਿਤ, ਕੁਲਹਿਣੇ ਤੇ ਪੋਟਾ ਪੋਟਾ ਜ਼ਹਿਰੀਲੇ ਮਾਹੌਲ ਵਿਚ ਸਾਹ ਲੈ ਰਹੀ ਕਮਸਿਨ ਕੁੜੀ ਦੇ ਮਾਨਸਿਕ ਧਰਾਤਲ 'ਤੇ ਬਿਛ-ਬੂਟੀਆਂ ਜੇਹੀਆਂ ਜ਼ਹਿਰਲੀਆਂ ਵਿਕ੍ਰਿਤੀਆਂ ਨਾ ਪੁੰਗਰਨ ਤਾਂ ਹੋਰ ਕੀ ਹੋਵੇ?

ਘਰ ਦੇ ਸਭਨਾਂ ਜੀਆਂ ਵੱਲੋਂ ਮੁੱਢੋਂ-ਸੁੱਢੋਂ ਹੀ ਦੁਰਕਾਰੀ ਜਾਂਦੀ ਇਕ ਮਾਸੂਮ ਕੁੜੀ ਨੂੰ, ਜੇ ਕਿੱਧਰੋਂ ਰੱਤੀ ਭਰ ਵੀ ਮੋਹ ਦੀ ਸੰਕੇਤਕ ਸੂਹ ਦੀ ਜਾਅਲੀ ਜਿਹੀ ਭਿਣਕ ਤਕ ਵੀ ਪੈਂਦੀ ਹੈ ਤਾਂ ਉਹ ਉਸ ਦੇ ਬਹਿਕਾਵੇ ਵਿਚ ਆ ਕੇ ਆਪਣਾ ਤਨ ਮਨ ਦਾਅ 'ਤੇ ਲਾ ਕੇ ਸ਼ਰ੍ਹੇ ਆਮ ਲੁੱਟੇ-ਪੁੱਟੇ ਜਾਣ ਦੇ ਕੁਰਾਹੇ ਪੈ ਜਾਂਦੀ ਹੈ।

ਇਸ ਵੇਰਵੇ ਨੂੰ ਅਣਕਿਹਾ ਹੀ ਛੱਡਕੇ ਮੇਰੇ ਮੇਰੇ ਮਨ ਵਿਚ ਇਸ ਹੈਰਾਨਕੁਨ ਮੁਅਜਜ਼ੇ ਦੇ ਰਾਜ਼ ਨੂੰ ਜਾਨਣ ਦੀ ਬੜੀ ਤੀਬਰ ਉਤਸੁਕਤਾ ਹੈ ਕਿ ਏਨੀ ਦਰਦਨਾਕ ਜ਼ਿੱਲਤ ਤੇ ਕਹਿਰਾਂ ਦੀ ਕਿੱਲਤ ਵਾਲੇ ਮਾਹੌਲ ਵਿਚੋਂ ਉੱਭਰਕੇ ਇਕ ਆਤਮ-ਨਿਰਭਰ, ਸਵੈ-ਅਵਿਲੰਬੀ ਤੇ ਸਿਰਜਣਾਤਮਕ ਪ੍ਰਤਿਭਾ ਵਾਲੀ ਸਮਰੱਥ ਸ਼ਾਇਰਾ ਸ਼ਸ਼ੀ ਸਮੁੰਦਰਾ ਦਾ ਪੁਨਰ-ਜਨਮ ਕਿਵੇਂ ਸੰਭਵ ਹੋ ਸਕਿਆ। ਆਸ ਹੈ ਕਿ ਸ਼ਸ਼ੀ ਸਾਡੇ ਇਸ ਸੁਆਲ ਦੇ ਸਨਮੁਖ ਹੋਣ ਦਾ ਆਹਰ ਜ਼ਰੂਰ ਕਰੇਗੀ। **–ਸਾਧੂ ਸਿੰਘ**

## ਜੋ ਬੋਲੇ ਸੋ ਗੱਦਾਰ (ਯਾਦਾਂ) ਨ੍ਰਿਪਇੰਦਰ ਰਤਨ

ਹੱਥਲੀ ਕਿਤਾਬ ਸਥਾਪਤ ਕਹਾਣੀਕਾਰ ਨ੍ਰਿਪਇੰਦਰ ਰਤਨ ਦੀਆਂ ਕਤਰਨ ਕਤਰਨ ਯਾਦਾਂ ਵਿਚੋਂ ਨਿਕਲੀ ਵਾਰਤਕ ਦੀ ਚੌਥੀ ਕਿਤਾਬ ਹੈ। ਇਸ ਕਿਤਾਬ ਵਿਚ ਰਤਨ ਦੁਆਰਾ ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ ਵਿਚ ਨੌਕਰੀ ਦੌਰਾਨ ਨਿਕਲੇ ਕੌੜੇ-ਮਿੱਠੇ ਤਜਰਬੇ, ਨਿੱਜੀ ਦੁੱਖ-ਪੀੜਾ, ਮਨੋਭਾਵ ਆਦਿ ਨੂੰ ਸਾਂਝਾ ਕੀਤਾ ਹੈ। ਕਿਤਾਬ ਪੜ੍ਹਦਿਆਂ ਜਿੱਥੇ ਸਰਕਾਰੀ ਅਫਸਰਾਂ ਦੇ ਕੰਮ ਢੰਗ ਦੀ ਜਾਣਕਾਰੀ ਮਿਲਦੀ ਹੈ ਉੱਥੇ ਸਰਕਾਰੀ ਅਦਾਰਿਆਂ ਵਿਚ ਭ੍ਰਿਸ਼ਟਾਚਾਰ, ਵੈਰ-ਵਿਰੋਧ, ਇਮਾਨਦਾਰ ਬੰਦੇ ਦੀ ਬੇਕਦਰੀ ਬਾਰੇ ਅਹਿਮ ਪੱਖਾਂ ਤੋਂ ਜਾਣਕਾਰੀ ਮਿਲਦੀ ਹੈ। ਲੇਖਕ ਵੱਖ-ਵੱਖ ਅਹੁਦਿਆਂ ਜਿਨ੍ਹਾਂ ਵਿਚ ਪ੍ਰਮੁੱਖ ਤੌਰ 'ਤੇ ਯੂਨੀਵਰਸਿਟੀ ਦਾ ਕੁਲਪਤੀ, ਪੰਜਾਬ ਬ੍ਰਿਊਰੀਜ਼ ਦਾ ਮੈਨੇਜਿੰਗ ਡਾਇਰੈਕਟਰ, ਕਮਿਸ਼ਨਰ ਵਿੱਤ ਵਿਭਾਗ, ਮੈਨੇਜਿੰਗ ਡਾਇਰੈਕਟਰ ਪਨਸਪ, ਲਾਈਜ਼ਾਂ ਅਫਸਰ ਆਦਿ ਹਨ। ਇਹਨਾਂ ਅਹੁਦਿਆਂ 'ਤੇ ਕੰਮ ਕਰਦਿਆਂ ਲੇਖਕ ਨੇ ਇਹਨਾਂ ਵਿਭਾਗਾਂ ਵਿਚ ਹੁੰਦੀਆਂ ਚੋਰ ਬਾਜ਼ਾਰੀਆਂ ਨੂੰ ਬੰਦ ਕਰਨ ਦੇ ਯਤਨ ਕੀਤੇ, ਰਿਸ਼ਵਤਖੋਰੀ ਨੂੰ ਬੰਦ ਕਰਨ, ਸਿੱਖਿਆ ਦੀ ਗੁਣਵੱਤਾ ਵਧਾਉਣ, ਕੋਲਾ ਅਲਾਟਮੈਂਟ ਵਿਚ ਹੁੰਦੀਆਂ ਧਾਂਦਲੀਆਂ ਰੋਕਣ ਤੇ ਘਾਟੇ ਵਿਚ ਜਾ ਰਹੀਆਂ ਵੱਖ-ਵੱਖ ਸਰਕਾਰੀ ਕਾਰਪੋਰੇਸ਼ਨਾਂ ਨੂੰ ਆਪਣੀ ਕੁਸ਼ਲਤਾ ਨਾਲ ਮੁੜ ਪੈਰਾਂ ਸਿਰ ਕੀਤਾ। ਦੂਜੇ ਪਾਸੇ ਦੇਖਦਿਆਂ ਸਪੱਸ਼ਟ ਹੁੰਦਾ ਹੈ ਕਿ ਇੱਕਾ ਦੁੱਕਾ ਅਫਸਰਾਂ ਦੀ ਇਮਾਨਦਾਰੀ ਦੇਸ਼ ਦੇ ਜ਼ਰਜ਼ਰ ਹੋ ਚੁੱਕੇ ਪ੍ਰਬੰਧ ਨੂੰ ਟਾਕੀਆਂ ਲਾਉਣ ਦੇ ਤੁਲ ਹੈ। ਸਰਕਾਰ ਨੂੰ ਸਭ ਜਾਣਕਾਰੀ ਹੋਣ ਦੇ ਬਾਵਜੂਦ ਇਸ ਪ੍ਰਤੀ ਸੁਹਿਰਦਤਾ ਨਾਲ ਕੋਈ ਯਤਨ ਨਹੀਂ ਕੀਤੇ ਜਾ ਰਹੇ।

ਇੱਥੋਂ ਤਕ ਕਿ ਆਰਥਿਕ ਮਸਲਿਆਂ ਤੋਂ ਇਲਾਵਾ ਧਾਰਮਿਕ ਮਸਲਿਆਂ ਪ੍ਰਤੀ ਵੀ ਸਰਕਾਰ ਦੀ ਲਾਪਰਵਾਹੀ ਦੇਖਣ ਨੂੰ ਮਿਲਦੀ ਹੈ। 'ਅਣਗੌਲੀ ਵਿਰਾਸਤ' ਲੇਖ ਵਿਚ ਇਸ ਲਾਪਰਵਾਹੀ ਨੂੰ ਸਪਸ਼ਟ ਕੀਤਾ ਹੈ। ਉੜੀਸਾ ਦੇ ਪ੍ਰਸਿੱਧ ਜਗਨਨਾਥ ਪੁਰੀ ਮੰਦਰ ਗੁਰੂ ਨਾਨਕ ਦੇਵ ਜੀ ਦਾ ਜਾਣਾ ਤੇ ਆਰਤੀ ਦੀ ਰਚਨਾ ਕਰਨਾ ਇਤਿਹਾਸਕ ਕਾਰਜ ਹੈ। ਗੁਰੂ ਨਾਨਕ ਦੇਵ ਜੀ ਦੀ ਯਾਦਗਾਰ ਬਣਾ ਕੇ ਇਸ ਨੂੰ ਚਿਰ-ਸਥਾਈ ਬਣਾਉਣ ਲਈ ਉੜੀਸਾ ਸਰਕਾਰ ਮੁਫ਼ਤ ਵਿਚ ਪੰਜ ਸੌ ਵਰਗ ਗਜ਼ ਦਾ ਪਲਾਟ ਦੇ ਦਿੰਦੀ ਹੈ ਪਰ ਪੰਜਾਬ ਸਰਕਾਰ ਆਪਣੇ ਖਰਚੇ 'ਤੇ ਅਜਿਹੀ ਕੋਈ ਯਾਦਗਾਰ ਨਹੀਂ ਬਣਾ ਸਕੀ। ਇਸੇ ਤਰ੍ਹਾਂ ਦਸਮ ਗ੍ਰੰਥ ਦੀ ਪ੍ਰਮਾਣਕਿਤਾ ਬਾਰੇ ਮਸਲਾ ਉਲਝਣ ਭਰਿਆ ਹੈ। ਕੋਈ ਵੀ ਵਿਦਵਾਨ ਤੇ ਧਾਰਮਿਕ ਜਥੇਬੰਦੀਆਂ ਇਸ ਮਸਲੇ ਨੂੰ ਸੁਲਝਾ ਨਹੀਂ ਸਕੀਆਂ। ਲੇਖਕ ਨੇ ਹਵਾਲੇ ਦੇ ਕੇ ਇਸਦੀ ਪ੍ਰਮਾਣਿਕਤਾ ਸਿੱਧ ਕੀਤੀ ਹੈ।

ਆਮ ਤੌਰ 'ਤੇ ਇਕ ਸਾਧਾਰਨ ਵਿਅਕਤੀ ਲਈ ਭ੍ਰਿਸ਼ਟਾਚਾਰ ਅਤੇ ਰਿਸ਼ਵਤਖੋਰੀ ਉਸ ਨਾਲ ਜੁੜੇ ਛੋਟੇ ਤੋਂ ਛੋਟੇ ਵਰਤਾਰੇ ਵਿਚ ਹੁੰਦੇ ਅਨਿਆਂ ਨਾਲ ਸੰਬੰਧਤ ਹੈ। ਆਪਣਾ ਕੋਈ ਵੀ ਸਰਕਾਰੀ ਜਾਂ ਗੈਰ ਸਰਕਾਰੀ ਕੰਮ ਕਰਾਉਣ ਬਦਲੇ ਉਸਨੂੰ ਧਨ ਰਾਸ਼ੀ ਦੇ ਰੂਪ ਵਿਚ ਕੁਝ ਨਾ ਕੁਝ ਦੇਣਾ ਪੈਂਦਾ ਹੈ। ਇਹ ਛੋਟੇ ਪੱਧਰ ਦੀ ਭ੍ਰਿਸ਼ਟਾਚਾਰੀ ਵੀ ਉਸਨੂੰ ਚੁਭਦੀ ਹੈ। ਪਰ ਕਿਤਾਬ ਪੜ੍ਹ ਕੇ ਪਤਾ ਲੱਗਦਾ ਹੈ ਕਿ ਭ੍ਰਿਸ਼ਟਾਚਾਰ ਦੇ ਵਡੇਰੇ ਰੂਪ ਬਾਰੇ ਆਮ ਲੋਕਾਂ ਨੂੰ ਤਾਂ, ਬਹੁਤ ਹਾਲਤਾਂ ਵਿਚ ਚੇਤੰਨ ਬੁੱਧੀਜੀਵੀ ਵਰਗ ਵੀ ਉਸ ਬਾਰੇ ਸੋਚ ਨਹੀਂ ਸਕਦਾ। 'ਕਲਾ ਦੇ ਕੋਠੇ' ਲੇਖ ਵਿਚ ਚਿਤਰਕਾਰੀ ਤੇ ਕਲਾ ਦੇ ਖੇਤਰ ਵਿਚ ਛੋਟੇ ਕਲਾਕਾਰਾਂ ਦੀ ਹੁੰਦੀ ਲੁੱਟ ਬਾਰੇ ਦੱਸਿਆ ਗਿਆ ਹੈ। ਲੇਖਕ ਨੇ ਆਰਟ ਗੈਲਰੀਆਂ ਨੂੰ ਵੇਸਵਾਵਾਂ ਦੇ ਕੋਠਿਆਂ ਨਾਲ ਤੁਲਨਾਇਆ ਹੈ ਜਿਨ੍ਹਾਂ ਵਿਚ ਚਿਤਰਕਾਰ ਵੇਸਵਾਵਾਂ ਵਾਂਗ ਮਜਬੂਰ ਹੁੰਦੇ ਹਨ। 'ਕਿਸੇ ਨੇ ਕਿਹੈ ਇਮਾਨਦਾਰ ਰਹੋ?', 'ਝੂਠਾ ਕਾਮਰੇਡ', 'ਕੋਲੇ ਦੀ ਦਲਾਲੀ', 'ਇਕ ਅਣਖੀਲਾ ਸਫਰ', 'ਇੱਜ਼ਤਦਾਰ ਰਿਸ਼ਵਤ' ਆਦਿ ਲੇਖਾਂ ਵਿਚੋਂ ਸਪਸ਼ਟ ਹੁੰਦਾ ਹੈ ਕਿ ਭ੍ਰਿਸ਼ਟ ਸਰਕਾਰੀ ਤੰਤਰ ਵਿਚ ਇਮਾਨਦਾਰ ਅਫਸਰ ਹਮੇਸ਼ਾ ਤ੍ਰਿਸਕਾਰਿਆ ਰਹਿੰਦਾ ਹੈ। ਇਹੀ ਕਾਰਨ ਹੈ ਕਿ ਜ਼ਿਆਦਾਤਰ ਅਫਸਰ ਇਸ ਤਰ੍ਹਾਂ ਦੀ ਖੱਜਲ਼ ਖੁਆਰੀ ਤੋਂ ਬਚਣ ਲਈ ਪ੍ਰਬੰਧ ਦੇ ਪਿਆਦੇ ਬਣੇ ਰਹਿੰਦੇ ਹਨ। ਪਰੰਤੂ ਲੇਖਕ ਆਪਣੇ ਦ੍ਰਿੜ ਇਰਾਦਿਆਂ ਤੇ ਵਿਚਾਰਧਾਰਕ ਚੇਤਨਾ ਕਾਰਨ ਇਸ ਪ੍ਰਬੰਧ ਦਾ ਪਿਆਦਾ ਬਣਨ ਤੋਂ ਇਨਕਾਰੀ ਹੋ ਜਾਂਦਾ ਹੈ। ਇਸ ਲਈ ਬੇਸ਼ੱਕ ਉਸਨੂੰ ਸੀਨੀਅਰ ਅਫਸਰਸ਼ਾਹੀ ਦੀ ਨਾਰਾਜ਼ਗੀ ਵੀ ਝੱਲਣੀ ਪੈਂਦੀ ਹੈ। ਔਖੇ ਕਾਰਜਾਂ ਲਈ ਉਸਦੀ ਨਾਮਜ਼ਾਦਗੀ ਹੁੰਦੀ ਹੈ ਪਰ ਉਹ ਆਪਣੇ ਫੈਸਲੇ ਲੈ ਸਕਣ ਦੀ ਯੋਗਤਾ ਕਾਰਨ ਇਹਨਾਂ ਮੁਸ਼ਕਲ ਹਾਲਤਾਂ ਦਾ ਸਾਹਮਣਾ ਵੀ ਕਰ ਲੈਂਦਾ ਹੈ।

'ਜੋ ਬੋਲੇ ਸੋ ਗੱਦਾਰ' ਲੇਖ ਵਿਚ ਰਾਸ਼ਟਰਵਾਦ ਦੇ ਨਾਂਅ ਹੇਠ ਬੁੱਧੀਜੀਵੀਆਂ ਤੇ ਹੋਰ ਚੇਤਨ ਵਿਅਕਤੀਆਂ ਦੇ ਲਿਖਣ, ਬੋਲਣ 'ਤੇ ਪਾਬੰਦੀ ਲਾਉਣ ਦੀ ਗੱਲ ਇਤਿਹਾਸਕ ਹਵਾਲਿਆਂ ਨਾਲ ਕੀਤੀ ਹੈ। ਸਮਕਾਲੀ ਪੂੰਜੀਵਾਦੀ ਪ੍ਰਬੰਧ ਮਨੁੱਖ ਨੂੰ ਆਪਣੀ ਕਠਪੁਤਲੀ ਬਣਾ ਕੇ ਰੱਖਣਾ ਚਾਹੁੰਦਾ ਹੈ। ਇਸ ਅਨੁਸਾਰ ਦੇਸ਼ ਵਿਚ ਵਾਪਰਦੇ ਹਰ ਗ਼ਲਤ ਵਰਤਾਰੇ ਵਿਰੁੱਧ ਬੋਲਣ ਵਾਲਾ ਵਿਅਕਤੀ 'ਦੇਸ਼ ਧਰੋਹੀ' ਹੁੰਦਾ ਹੈ। ਇਸ ਤਰ੍ਹਾਂ ਲੇਖਕ ਦੇ ਕਹਿਣ ਮੁਤਾਬਕ ਉਸਦੀਆਂ ਕਾਵਿ ਟਿੱਪਣੀਆਂ ਵੀ ਉਸਨੂੰ 'ਦੇਸ਼ ਧਰੋਹੀ' ਸਿੱਧ ਕਰਦੀਆਂ ਹਨ। ਕਿਤਾਬ ਪੜ੍ਹਦਿਆਂ ਸਪੱਸ਼ਟ ਹੁੰਦਾ ਹੈ ਕਿ ਨ੍ਰਿਪਇੰਦਰ ਰਤਨ ਕੁਸ਼ਲ ਪ੍ਰਬੰਧਕ ਦੇ ਨਾਲ-ਨਾਲ ਭਾਵੁਕ ਇਨਸਾਨ ਹੈ। 'ਬਲਿਊ ਸਟਾਰ ਤੋਂ ਅਗਲੇ ਦਿਨ', 'ਜਜ਼ਬਾਤ ਦੀਆਂ ਘੁੰਮਣਘੇਰੀਆਂ', 'ਜ਼ਮੀਰ ਦੀਆਂ ਜ਼ੰਜੀਰਾਂ', 'ਪੁਸ਼ਤੈਨੀ ਧਰਤੀ ਲਈ ਤੜਪ', ਆਦਿ ਲੇਖਾਂ ਵਿਚ ਇਹ ਭਾਵੁਕਤਾ ਦੇਖਣ ਨੂੰ ਮਿਲਦੀ ਹੈ।

ਯੂਨੀਵਰਸਿਟੀਆਂ ਦੇ ਕੁਲਪਤੀ ਲੱਗਣ ਨਾਲ ਸੰਬੰਧਤ ਲੇਖਾਂ ਵਿਚ ਜਿੱਥੇ ਯੂਨੀਵਰਸਿਟੀਆਂ ਦੇ ਪ੍ਰਬੰਧਕੀ ਢਾਂਚੇ ਦੀ, ਅਮਲੇ-ਫੈਲੇ ਵਿਚ ਆਪਸੀ ਜਮਾਤੀ ਵਖਰੇਵੇਂ ਦੀ, ਪ੍ਰੋਫੈਸਰਾਂ ਤੇ

ਵਿਦਿਆਰਥੀਆਂ ਦੇ ਆਪਸੀ ਤਾਲਮੇਲ ਦੀ ਵਿਸਤ੍ਰਿਤ ਜਾਣਕਾਰੀ ਮਿਲਦੀ ਹੈ ਉੱਥੇ ਨਾਲ ਹੀ ਸਿੱਖਿਆ ਨੀਤੀ ਵਿਚ ਫੈਲੇ ਭ੍ਰਿਸ਼ਟਾਚਾਰ ਦੇ ਵੇਰਵੇ ਵੀ ਮਿਲਦੇ ਹਨ। ਕਾਰਪੋਰੇਟ ਜਗਤ ਵੱਲੋਂ ਸਿੱਖਿਆ ਨੀਤੀ ਨੂੰ ਕੈਪਚਰ ਕੀਤੇ ਜਾਣ ਨਾਲ ਟਿਊਸ਼ਨ ਕਲਚਰ ਦਾ ਬੋਲਬਾਲਾ ਹੋਣ ਲੱਗ ਪਿਆ ਹੈ। ਮੁਨਾਫ਼ੇ ਅਧੀਨ ਉਸਰੇ ਇਸ ਪ੍ਰਬੰਧ ਨੂੰ ਜੇਕਰ ਕੋਈ ਅਫਸਰ ਰੋਕਣ ਦਾ ਯਤਨ ਕਰਦਾ ਹੈ ਤਾਂ ਉਸਦੀਆਂ ਕੋਸ਼ਿਸ਼ਾਂ ਨੂੰ ਰਾਜਨੀਤਕ ਦਬਾਅ ਕਾਰਨ ਕਾਮਯਾਬ ਨਹੀਂ ਹੋਣ ਦਿੱਤਾ ਜਾਂਦਾ। ਇਸੇ ਕਾਰਨ ਯੂਨੀਵਰਸਿਟੀਆਂ ਦੇ ਕੁਲਪਤੀ ਵੀ ਅਜਿਹੇ ਵਿਅਕਤੀ ਲਗਾਏ ਜਾਂਦੇ ਹਨ ਜਿਹੜੇ ਖੁਦ ਇਸ ਲੋਟੂ ਪ੍ਰਬੰਧ ਦਾ ਹਿੱਸਾ ਹੋਣ। 'ਕੈਸੇ ਕੈਸੇ ਕੁਲਪਤੀ' ਲੇਖ ਵਿਚ ਲੇਖਕ ਨੇ ਆਪਣੇ ਕਾਰਜਕਾਲ ਦੌਰਾਨ ਵੱਖ-ਵੱਖ ਯੂਨੀਵਰਸਿਟੀਆਂ ਦੇ ਕੁਲਪਤੀਆਂ ਨਾਲ ਮਿਲਣੀ ਦੌਰਾਨ ਉਹਨਾਂ ਦੀ ਸ਼ਖਸੀਅਤ ਨੂੰ ਉਹਨਾਂ ਦੇ ਅਹੁਦੇ ਨਾਲ ਤੁਲਨਾ ਕੇ ਇਹ ਸਿੱਟਾ ਕੱਢਿਆ ਹੈ ਕਿ ਜ਼ਿਆਦਾਤਰ ਕੁਲਪਤੀ ਆਪਣੇ ਅਹੁਦੇ ਦੀ ਮਰਿਆਦਾ ਕਾਇਮ ਨਹੀਂ ਰੱਖ ਪਾਉਂਦੇ। ਦੇਸ਼ ਦੀ ਗ਼ਲਤ ਸਿੱਖਿਆ ਨੀਤੀ ਬਾਰੇ 'ਫੁੱਲਾਂ ਦੇ ਬੁੱਚੜਖਾਨੇ' ਲੇਖ ਵਿਚ ਛੋਟੇ ਬੱਚਿਆਂ ਦੇ ਹਵਾਲੇ ਨਾਲ ਗੱਲ ਕੀਤੀ ਹੈ। ਇਸ ਸਿੱਖਿਆ ਨੀਤੀ ਦੇ ਤਹਿਤ ਮੁਨਾਫ਼ੇ ਲਈ ਬੱਚਿਆਂ ਦਾ ਬਚਪਨ ਦਾਅ 'ਤੇ ਲਗਾ ਦਿੱਤਾ ਜਾਂਦਾ ਹੈ।

ਹਰ ਇਕ ਅਹੁਦੇ ਦਾ ਆਪਣਾ ਪ੍ਰਭਾਵ ਤੇ ਮਾਣ ਮਰਿਆਦਾ ਹੁੰਦੀ ਹੈ। ਅਹੁਦਾ ਜਿੰਨਾ ਵੱਡਾ ਹੁੰਦਾ ਹੈ ਉਸ ਉੱਤੇ ਕੰਮ ਕਰਦੇ ਵਿਅਕਤੀ ਦੇ ਨਿੱਜੀ ਮਨੋਭਾਵ ਉਨੇ ਹੀ ਉਸ ਅਹੁਦੇ ਦੇ ਬੋਝ ਹੇਠ ਦੱਬੇ ਰਹਿੰਦੇ ਹਨ। ਕਈ ਵਾਰ ਇਹ ਸਥਿਤੀ ਬਹੁਤ ਦੁਖਾਂਤਕ ਹੋ ਜਾਂਦੀ ਹੈ। ਨ੍ਰਿਪਇੰਦਰ ਰਤਨ ਦੇ ਬੇਟੇ ਦੀ ਬੇਵਕਤੀ ਮੌਤ ਤੋਂ ਬਾਅਦ ਇਸ ਦੁਖਾਂਤ ਵਿਚੋਂ ਨਿਕਲਣਾ ਅਤੇ ਨਾਲ ਹੀ ਨਾਲ ਆਪਣੇ ਅਫਸਰਸ਼ਾਹੀ ਦੇ ਕੰਮ-ਕਾਰ ਦੇਖਣਾ ਬੜਾ ਭਾਵੁਕ ਅਤੇ ਉਤਸ਼ਾਹਜਨਕ ਹੈ। ਲੇਖਕ ਨੇ ਇਸ ਤਰ੍ਹਾਂ ਦੇ ਦੁਖਾਂਤ ਵਿਚੋਂ ਨਿਕਲਣ ਦਾ ਸਹੀ ਰਾਹ ਸਾਹਿਤ-ਸਿਰਜਣਾ ਅਤੇ ਕਿਤਾਬਾਂ ਨਾਲ ਜੁੜਨਾ ਦੱਸਿਆ ਹੈ।

ਇਸ ਕਿਤਾਬ ਵਿਚ ਕੁੱਲ ਛ'ਬੀ ਲੇਖ ਹਨ। ਭਾਵੇਂ ਬਹੁਤੇ ਲੇਖ ਸਰਕਾਰੀ ਅਹੁਦਿਆਂ ਦੇ ਤਕਨੀਕੀ ਤੇ ਗੈਰ ਤਕਨੀਕੀ ਕੰਮ-ਢੰਗ ਨਾਲ ਜੁੜੇ ਹੋਏ ਹਨ ਪਰੰਤੂ ਇਸਦੇ ਬਾਵਜੂਦ ਇਹਨਾਂ ਵਿਚ ਰੌਚਿਕਤਾ ਹੈ। ਕਿਤਾਬ ਪੜ੍ਹਦਿਆਂ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਜਿਵੇਂ ਇਸ ਸਾਰੀ ਵਾਰਤਾ ਦੇ ਚਸ਼ਮਦੀਦ ਗਵਾਹ ਹੋਈਏ। ਸਾਰਿਆਂ ਲੇਖਾਂ ਨੂੰ ਪੜ੍ਹਕੇ ਲੇਖਕ ਦੀ ਲੋਕ-ਪੱਖੀ ਵਿਚਾਰਧਾਰਾ ਚੰਗੀ ਤਰ੍ਹਾਂ ਸਪਸ਼ਟ ਹੁੰਦੀ ਹੈ। ਸਰਕਾਰ ਵਿਚ ਵੱਡੇ ਅਹੁਦਿਆਂ 'ਤੇ ਕੰਮ ਕਰਦੇ ਅਫਸਰਾਂ ਦੇ ਇਸ ਤਰ੍ਹਾਂ ਲੋਕ-ਪੱਖੀ ਵਿਚਾਰਧਾਰਾ ਦੇ ਝੰਡਾ ਬਰਦਾਰ ਹੋਣ ਨਾਲ ਪ੍ਰਬੰਧ ਤੇ ਆਮ ਲੋਕਾਂ ਦੀਆਂ ਮੁਸ਼ਕਲਾਂ ਵਿਚ ਸੁਧਾਰ ਹੋ ਸਕਦਾ ਹੈ। ਸਿਸਟਮ ਦਾ ਅੰਗ ਹੁੰਦੇ ਹੋਏ ਉਸਦੀਆਂ ਖਾਮੀਆਂ 'ਤੇ ਕਿੰਤੂ ਪਰੰਤੂ ਕਰਨਾ ਹਰ ਇਕ ਦੇ ਵੱਸ ਦੀ ਗੱਲ ਨਹੀਂ, ਪਰ ਲੇਖਕ ਨੇ ਇਹ ਗੱਲ ਕਰ ਦਿਖਾਈ ਹੈ। ਇਸ ਤਰ੍ਹਾਂ ਦੇ ਸਾਰਥਿਕ ਵਿਚਾਰਾਂ ਦੀ ਵਾਹਕ ਇਹ ਪੜ੍ਹਨਯੋਗ ਕਿਤਾਬ ਹੈ। **-ਡਾ. ਹਰਿੰਦਰ ਸਿੰਘ**

## ਮੈਲੀ ਮਿੱਟੀ (ਨਾਵਲ) ਹਰਵਿੰਦਰ ਭੰਡਾਲ

ਹਰਵਿੰਦਰ ਭੰਡਾਲ ਸਮਕਾਲੀ ਕਵਿਤਾ ਅਤੇ ਆਲੋਚਨਾ ਦੇ ਖੇਤਰ ਵਿਚ ਚਰਚਿਤ ਨਾਂ ਹੈ। ਉਹ ਭਾਰਤੀ ਸੁਤੰਤਰਤਾ ਸੰਗਰਾਮ ਦੀਆਂ ਕ੍ਰਾਂਤੀਕਾਰੀ ਲਹਿਰਾਂ ਦੀ ਇਤਿਹਾਸਕਾਰੀ ਦੇ ਖੋਜ ਕਾਰਜ ਨਾਲ ਵੀ ਜੁੜਿਆ ਹੈ। ਹੁਣ ਉਸਨੇ 'ਮੈਲੀ ਮਿੱਟੀ' (ਪੰਨੇ 160 ਮੁੱਲ 160, ਪੰਜ ਆਬ ਪ੍ਰਕਾਸ਼ਨ, ਜਲੰਧਰ) ਨਾਂ ਦੇ ਆਪਣੇ ਪਲੇਠੇ ਨਾਵਲ ਰਾਹੀਂ ਪੰਜਾਬੀ ਗਲਪ ਖੇਤਰ ਵਿਚ ਪ੍ਰਵੇਸ਼ ਕੀਤਾ ਹੈ।

ਵਿਚਾਰਅਧੀਨ ਨਾਵਲ ਵਿਚ ਹਰਵਿੰਦਰ ਭੰਡਾਲ ਪੰਜਾਬ ਦੇ ਪਿਛਲੇ ਕਰੀਬ ਚਾਰ ਦਹਾਕਿਆਂ ਦੀ ਸਮਾਜਕ-ਸਭਿਆਚਾਰਕ ਤੋਰ ਨੂੰ ਚਿਤਰਨ ਦਾ ਉੱਦਮ ਕਰਦਾ ਹੈ। ਇਨ੍ਹਾਂ ਦਹਾਕਿਆਂ ਵਿਚ ਦੇਸ਼ ਅੰਦਰ ਖੇਤਰੀ ਰਾਜਸੀ ਪਾਰਟੀਆਂ ਦੇ ਉਭਾਰ, ਧਾਰਮਿਕ ਧਰੁਵੀਕਰਨ, ਹਰੀ ਕ੍ਰਾਂਤੀ ਤੋਂ

ਬਾਅਦ ਦੀ 'ਖੁਸ਼ਹਾਲੀ', ਪੰਜਾਬ ਸੰਕਟ ਅਤੇ ਵਿਸ਼ਵੀਕਰਨ ਦੇ ਵੱਖ ਵੱਖ ਪੜਾਵਾਂ ਤਹਿਤ ਵਰਤਮਾਨ ਦੇ ਕਾਰਪੋਰੇਟ ਤੇ ਧਾਰਮਿਕ ਮੂਲਵਾਦ ਵਾਲੀ ਸੱਤਾ ਦੇ ਦਬਦਬੇ ਤਕ ਦੇ ਸਰੋਕਾਰ ਪ੍ਰਧਾਨ ਰਹੇ ਹਨ। ਲੇਖਕ ਇਨ੍ਹਾਂ ਵਰਤਾਰਿਆਂ ਪ੍ਰਤੀ ਆਪਣੀ ਕ੍ਰਿਟੀਕ ਨੂੰ ਨਾਵਲੀ ਬਿਰਤਾਂਤ 'ਤੇ ਹਾਵੀ ਰੱਖ ਕੇ ਪੇਸ਼ ਕਰਦਾ ਹੈ। ਉਹ ਨਾਵਲੀ ਬਿਰਤਾਂਤ ਨੂੰ ਘਟਨਾਵੀ ਪ੍ਰਬੰਧ ਚਿ ਵਾਪਰਦਾ ਹੋਇਆ ਪ੍ਰਗਟਾਉਣ ਜਾਂ ਦਿਖਾਉਣ ਦੀ ਥਾਂ ਬਿਰਤਾਂਤ ਨੂੰ ਸਮਝਾਉਣ ਦੇ ਕਥਾ ਪੈਟਰਨ ਵਿਚ ਪੇਸ਼ ਕਰਦਾ ਹੈ। ਸਮਝਾਉਣ ਦੀ ਇਹ ਕਥਾ ਜੁਗਤ ਇਸ ਟੈਕਸਟ ਦੀ ਵੱਡੀ ਕਮਜ਼ੋਰੀ ਸਾਬਤ ਹੋ ਕੇ ਪਾਠਕ ਨੂੰ ਰਚਨਾ ਵਿਚ ਕ੍ਰਿਆਸ਼ੀਲ ਨਹੀਂ ਹੋ ਦਿੰਦੀ ਅਤੇ ਸਾਰਾ ਬਿਰਤਾਂਤ ਲੇਖਕ ਦੇ ਸਰਬੱਗਤਾ ਵਰਨਣ ਦੀ ਭੇਟ ਚੜ੍ਹਦਾ ਹੈ। ਫਿਰ ਵੀ ਇਹ ਨਾਵਲ ਪਿਛਲੇ ਚਾਰ ਦਹਾਕਿਆਂ ਵਿਚ ਪਿੰਡ ਦੀ ਜਗੀਰੂ ਸੰਸਕ੍ਰਿਤੀ ਵਿਚ ਪ੍ਰਵਾਨ ਚੜ੍ਹੀ ਉਸ ਪੰਜਾਬੀ ਮਾਨਸਿਕਤਾ ਦਾ ਯਥਾਰਥਕ ਪ੍ਰਗਟਾਵਾ ਕਰਦਾ ਹੈ ਜਿਹੜੀ ਵਰਤਮਾਨ ਦੇ ਕਾਰਪੋਰੇਟ ਵਿਕਾਸ ਮਾਡਲ ਵਿਚ ਖੰਡਿਤ ਅਤੇ ਬੇਗਾਨਗੀ ਭਰੀ ਸਥਿਤੀ ਹੰਢਾ ਰਹੀ ਹੈ। ਇਹ ਮਾਨਸਿਕਤਾ ਪਿੰਡ ਤੋਂ ਸ਼ਹਿਰੀ ਜੀਵਨ ਵੱਲ ਪਲਾਇਨ ਕਰਨ ਤੋਂ ਬਾਅਦ ਵੱਖਰੀ ਤਰ੍ਹਾਂ ਦੇ ਸੰਕਟਾਂ ਅਤੇ ਦਵੰਦਾਂ ਦੀ ਸ਼ਿਕਾਰ ਹੁੰਦੀ ਹੈ। ਇਸਨੂੰ ਪੇਸ਼ ਕਰਦਿਆਂ ਲੇਖਕ ਵਰਤਮਾਨ ਪ੍ਰਤੀ ਤ੍ਰਿਸਕਾਰ ਅਤੇ ਭੂਤਕਾਲ ਪ੍ਰਤੀ ਨਮਸਕਾਰ ਵਾਲੀ ਨਾਵਲੀ ਦ੍ਰਿਸ਼ਟੀ ਦਾ ਨਿਰਮਾਣ ਕਰਦਾ ਹੈ। ਨਾਵਲ ਦਾ ਕੇਂਦਰੀ ਪਾਤਰ ਪ੍ਰੋ. ਖੁਸ਼ਵੰਤ ਸਮਾਜ ਦੇ ਅਖੌਤੀ ਪਛੜੇ ਵਰਗ ਦਾ ਪ੍ਰਤੀਨਿਧ ਪਾਤਰ ਹੈ ਜਿਹੜਾ ਪਿੰਡ ਦੀ ਰਵਾਇਤੀ ਸਭਿਆਚਾਰਕ ਘੇਰਾਬੰਦ ਸਥਿਤੀ ਵਿਚੋਂ ਨਿੱਕਲ ਕੇ ਸ਼ਹਿਰੀ ਜੀਵਨ ਦੀ ਪੂੰਜੀ ਪ੍ਰਧਾਨ ਜੀਵਨ ਸ਼ੈਲੀ ਦੀ ਘਿਸ ਘਿਸ ਵਿਚ ਵਿਚਰਦਾ ਹੈ। ਇਹ ਪਾਤਰ ਇਕ ਪਾਸੇ ਮੱਧਵਰਗ ਦੇ ਰਵਾਇਤੀ ਦਵੰਦ ਭਰੇ ਚਰਿੱਤਰ ਵਾਲਾ ਹੈ ਉੱਥੇ ਹੀ ਸਮਕਾਲ ਦੇ ਲਹਿਰਾਂ ਵਿਹੂਣੇ ਸਮਿਆਂ ਵਿਚਲੀ ਦੱਬੂ ਮਾਨਸਿਕਤਾ ਨੂੰ ਸਪਲੀਮੈਂਟ ਕਰਨ ਵਾਲਾ ਹੈ। ਇਹ ਦੱਬੂ ਮਾਨਸਿਕਤਾ ਸੁਜਾਨ ਸਿੰਘ ਦੀ ਕਹਾਣੀ 'ਕੁਲਫੀ' ਦੇ ਮੱਧਵਰਗੀ ਪ੍ਰੋਫੈਸਰ ਪਾਤਰ ਵਰਗੀ ਹੈ ਜਿਸਦੇ ਅਵਚੇਤਨ ਵਿਚਲੀ ਨਾਬਰੀ ਉਸਦੇ ਪੁੱਤਰ ਦੇ ਕੰਮਾਂ ਦੁਆਰਾ ਪ੍ਰਵਾਨ ਚੜ੍ਹਦੀ ਦਿਖਾਈ ਜਾਂਦੀ ਹੈ। ਇਸ ਨਾਵਲ ਵਿੱਚ ਪ੍ਰੋ ਖੁਸ਼ਵੰਤ ਦੀ ਧੀ ਨੌਜਵਾਨਾਂ ਦੇ ਹੱਕਾਂ ਲਈ ਵਿਹਾਰਕ ਸੰਘਰਸ਼ ਕਰਦੀ ਆਪਣੇ ਉਸ ਪਿਤਾ ਲਈ ਪ੍ਰੇਰਨਾ ਦੀ ਸਰੋਤ ਬਣਦੀ ਹੈ ਜਿਹੜਾ ਜਗੀਰੂ ਸੰਸਕਾਰਾਂ ਦੇ ਅਵੇਸ਼ਸ਼ਾਂ ਵਾਲੀ ਮਾਨਸਿਕ ਪੁਜ਼ੀਸ਼ਨ 'ਤੇ ਵਿਚਰਦਾ ਹੋਇਆ ਅਕਾਦਮਿਕ ਸੰਵਾਦ ਦੀ ਚੁੰਝ ਚਰਚਾ ਤਕ ਸੀਮਤ ਰਹਿ ਕੇ ਹਰ ਤਰ੍ਹਾਂ ਦੇ ਜਨਤਕ ਸੰਘਰਸ਼ ਤੋਂ ਉਦਾਸੀਨ ਰਹਿੰਦਾ ਹੈ।

ਨਾਵਲ ਦੀ ਕੋਲਾਜ਼ਕਾਰੀ ਵਿਚ ਕੇਂਦਰੀ ਪਾਤਰ ਦੇ ਪਿੰਡ ਵਿਚ ਬਿਤਾਏ ਹੰਢਾਏ ਜੀਵਨ ਦੇ ਸਮਵਿੱਥ ਉਸਦਾ ਸਮਕਾਲੀ ਸ਼ਹਿਰੀ ਮਧਵਰਗੀ ਜੀਵਨ ਪੇਸ਼ ਕਰਦਿਆਂ ਬਿਰਤਾਂਤ ਦੀ ਤੁਲਨਾਮੁਖੀ ਸਿਰਜਣਾ ਕੀਤੀ ਗਈ ਹੈ। ਇਸ ਸਿਰਜਣਾ ਤਹਿਤ ਲੇਖਕ ਪਿੰਡ ਦੀਆਂ ਰਵਾਇਤੀ ਸੰਸਥਾਵਾਂ ਨੂੰ ਪੀਰ ਇਨਾਇਤ ਸ਼ਾਹ ਦੀ ਮਿਹਰ ਵਾਲੇ ਪਿੰਡ, ਨਾਨਕਸ਼ਾਹੀ ਇੱਟਾਂ ਵਾਲੇ ਅਤੇ ਜੀਉਂਦੀਆਂ ਚਿੜੀਆਂ ਵਾਲੇ ਘਰਾਂ ਦੇ ਮੈਟਾਫਰ ਵਜੋਂ ਤਸੱਵਰ ਕਰਦਾ ਹੈ। ਇਹ ਮੈਟਾਫਰ ਪਿੰਡ ਦੀ ਰਵਾਇਤੀ ਸਾਂਝ ਅਤੇ ਸਹਿਹੋਂਦ ਦੀ ਅਰਥ ਭਾਵਨਾ ਨੂੰ ਪ੍ਰਗਟ ਕਰਦੇ ਹਨ। ਪਿੰਡ ਵਰਗੀ ਸੰਸਥਾ ਦਾ ਰਵਾਇਤੀ ਸਰੂਪ ਅਤੇ ਇਸ ਵਿਚਲੀਆਂ ਜਗੀਰੂ ਵਰਜਨਾਵਾਂ ਨਾਵਲੀ ਬਿਰਤਾਂਤ ਵਿਚ ਬੜੀ ਭਾਵੁਕਤਾ ਨਾਲ ਰਜਿਸਟਰ ਕੀਤੀਆਂ ਗਈਆਂ ਹਨ, ਜਿਹੜੀਆਂ ਸੱਤਵੇ ਅੱਠਵੇਂ ਦਹਾਕੇ ਵਿਚ ਜਨਮੇ ਖੁਸ਼ਵੰਤ, ਸਤਪਾਲ ਅਤੇ ਰਾਮਾ ਵਰਗੇ ਪਾਤਰਾਂ ਦੇ ਅਵਚੇਤਨ ਦਾ ਵੱਡਾ ਹਿੱਸਾ ਮੱਲੀ ਬੈਠੀਆਂ ਹਨ। ਇਹ ਵਰਜਨਾਵਾਂ ਹਰੀ ਕ੍ਰਾਂਤੀ ਦੀ ਵਕਤੀ ਖੁਸ਼ਹਾਲੀ ਤੋਂ ਬਾਅਦ ਸਭਿਆਚਾਰਕ ਪੱਧਰ 'ਤੇ ਟੁੱਟਦੀਆਂ ਪੇਸ਼ ਹੋਈਆਂ ਹਨ। ਇਹ ਪ੍ਰਭਾਵ ਲੇਖਕ ਨੇ ਪਾਪੂਲਰ ਸਭਿਆਚਾਰ 'ਤੇ ਪੈਂਦੇ ਪ੍ਰਭਾਵਾਂ ਤਹਿਤ ਫੜਨ ਦਾ ਉੱਦਮ ਕੀਤਾ ਹੈ। ਅਖਾੜਾ ਗਾਇਕੀ ਦੀ ਥਾਂ ਕੈਸਿਟ ਕਲਚਰ ਦਾ ਪ੍ਰਭਾਵ ਅਤੇ ਇਡੀਅਟ ਬਾਕਸ (ਟੀਵੀ) ਦੇ ਜਨ ਜੀਵਨ ਵਿਚ ਪ੍ਰਵੇਸ਼ ਨਾਲ ਨਵੀਂ ਕਿਸਮ ਦੀਆਂ ਮਾਨਸਿਕ ਸਫਬੰਦੀਆਂ ਨਾਵਲੀ ਸੰਸਾਰ ਦਾ ਅਹਿਮ ਹਿੱਸਾ ਬਣੀਆਂ ਹਨ। ਨਾਵਲ ਦੇ ਮੁੱਖਧਾਰਾ ਬਿਰਤਾਂਤ ਦੇ ਨਾਲ-ਨਾਲ ਪਿੰਡ ਦੀਆਂ ਧੜੇਬੰਦੀਆਂ, ਸਾਮੰਤੀ ਟਕਰਾਅ, ਪਿੰਡ ਦੇ ਜਾਤੀ/ਜਮਾਤੀ

ਢਾਂਚੇ ਦਾ ਸਰੂਪ, ਅੱਤਵਾਦ ਤੇ ਸਰਕਾਰੀ ਆਤੰਕ ਦੀ ਮਾਰ ਹੇਠ ਪਿਸਦੀ ਲੋਕਾਈ, ਹਿੰਦੂ/ਸਿੱਖ ਧਰੁਵੀਕਰਣ, ਸ਼ਹਿਰੀ/ਪੇਂਡੂ ਵੰਡੀਆਂ, ਦਲਿਤ ਨੌਜਵਾਨਾਂ ਦਾ ਖਾੜੀ ਦੇਸ਼ਾਂ ਨੂੰ ਅਤੇ ਕਿਸਾਨੀ ਪਿਛੋਕੜ ਵਾਲੇ ਘਰਾਂ ਦਾ ਵਲੈਤ ਵੱਲ ਰੁਜ਼ਗਾਰ ਖਾਤਰ ਪਲਾਇਨ ਨਾਵਲ ਦੇ ਟੁੱਟਵੇਂ/ਡੋਲਦੇ ਘਟਨਾਵੀ ਸੰਗਠਨ ਦਾ ਹਿੱਸਾ ਬਣਿਆ ਹੈ। ਇਨ੍ਹਾਂ ਬਿਰਤਾਂਤਕ ਵੇਰਵਿਆਂ ਵਿਚ ਖੁਸ਼ਵੰਤ, ਹਰਪਾਲ ਅਤੇ ਕਾਮਰੇਡ ਜਗਦੀਸ਼ ਵਰਗੇ ਦੋਸਤਾਂ ਦਾ ਕਾਲਿਜ ਜੀਵਨ ਬੜੀ ਸਹਿਜਤਾ ਨਾਲ ਪੇਸ਼ ਹੁੰਦਾ ਹੈ। ਪਰ ਆਖਰੀ ਦਹਾਕੇ ਦੌਰਾਨ ਦੇਸ਼ ਵਿਚ ਵਿਸ਼ਵੀਕਰਨ, ਉਦਾਰੀਕਰਨ ਅਤੇ ਨਿੱਜੀਕਰਨ ਦੀਆਂ ਤਿੱਖੀਆਂ ਨੀਤੀਆਂ ਕਾਰਨ ਸਿੱਖਿਆ ਦਾ ਵੱਧਦਾ ਵਪਾਰੀਕਰਨ, ਰਵਾਇਤੀ ਸੰਸਥਾਵਾਂ ਦੇ ਟੁੱਟਦੇ ਸਰੂਪ, ਮੰਡੀਵਾਦੀ ਰੁਝਾਨਾਂ ਨਾਲ ਬਦਲਦੇ ਜੀਵਨ ਮੁੱਲ, 'ਬਾਜ਼ਾਰ' ਦੀ ਘਰ ਅੰਦਰ ਦਖਲ ਅੰਦਾਜ਼ੀ ਨਾਲ ਜੁੜੇ ਵੇਰਵੇ ਸੂਚਨਾਮੁੱਖ ਕਥਾ ਸ਼ੈਲੀ ਵਿਚ ਦਰਜ ਹੋਏ ਹਨ। ਇਸ ਨਾਲ ਸ਼ੇਅਰ ਬਾਜ਼ਾਰ ਦੇ ਪਲ ਪਲ ਦੀ ਖਬਰ ਰੱਖਣ ਵਾਲੇ ਕਾਲਿਜ ਪ੍ਰੋਫੈਸਰ, ਦਰਿਆਈ ਘੋੜੇ ਵਰਗੇ ਪ੍ਰਿੰ ਭਾਰਦਵਾਜ ਵਰਗੇ ਸਿੱਖਿਆ ਸ਼ਾਸਤਰੀ ਵਿੱਦਿਅਕ ਸੰਸਥਾਵਾਂ 'ਤੇ ਭਾਰੂ ਪੈਂਦੇ ਦਿਖਾਏ ਹਨ। ਨਾਵਲ ਵਿਚ ਵਿੱਦਿਆ ਦੇ ਨਿੱਜੀਕਰਨ ਅਤੇ ਵਪਾਰੀਕਰਨ ਤੋਂ ਬਾਅਦ ਪੰਜਾਬ ਵਿਚੋਂ ਆਈਲੈਟਸ ਸੈਂਟਰਾਂ ਦੇ ਅੰਨ੍ਹੇ ਮੁਨਾਫੇ, ਨੌਜਵਾਨਾਂ ਦੇ ਬਰੇਨ ਡਰੇਨ, ਦਿਸ਼ਾਹੀਣਤਾ ਅਤੇ ਮੋਬਾਇਲ (ਹੱਥ ਯੰਤਰ) ਵਿਚ ਖੁੱਭ ਕੇ ਮਾਇਆਵੀ ਦੁਨੀਆ ਦਾ ਹਿੱਸਾ ਬਣਨ ਤਕ ਦੇ ਬਿਰਤਾਂਤਕ ਵੇਰਵੇ ਸਮਕਾਲ ਦੀ ਅਸੁਰੱਖਿਆ ਅਤੇ ਆਪਾਧਾਪੀ ਵਾਲੇ ਰੁਝਾਨਾਂ ਨੂੰ ਪੇਸ਼ ਕਰਦੇ ਹਨ।

ਸੂਚਨਾ ਸੰਚਾਰ ਦੀ ਤਰੱਕੀ ਵਾਲੇ ਇਸ 'ਤਲਿੱਸਮੀ' ਯੁੱਗ ਵਿਚ ਲੜਕੀਆਂ ਪ੍ਰਤੀ ਮਰਦਾਵੀਂ ਸੋਚ ਆਪਣੇ ਦਮਨ ਦੇ ਤੌਰ ਤਰੀਕੇ ਬਦਲਦੀ ਹੈ, ਜਿਸ ਵਿਰੁੱਧ ਪ੍ਰੋ ਖੁਸ਼ਵੰਤ ਦੀ ਧੀ ਸਰਘੀ ਸੰਘਰਸ਼ ਕਰਦੀ ਯੂਨੀਵਰਸਿਟੀ ਵਿਚ ਰੋਸ ਧਰਨੇ ਕਰਦੀ ਹੈ। ਇਸ ਵਰਤਾਰੇ ਸੰਬੰਧੀ ਖੁਸ਼ਵੰਤ ਵਰਗੀ ਪੀੜ੍ਹੀ ਦਾ ਸੁੰਨ ਹੋ ਜਾਣਾ, ਸਿਧਾਂਤਕ ਧਾਰਨਾਵਾਂ ਨਾਲ ਲੈਸ ਹੋਣ ਦੇ ਬਾਵਜੂਦ ਕੋਈ ਵਿਹਾਰਕ ਉੱਦਮ ਦੀ ਪਹਿਲਕਦਮੀ ਤੋਂ ਕਿਨਾਰਾ ਕਰੀ ਰੱਖਣਾ ਕਈ ਸਵਾਲ ਖੜ੍ਹੇ ਕਰਦਾ ਹੈ। ਨਾਵਲ ਵਿਚ ਇਸ ਪੀੜ੍ਹੀ ਦੀ ਸੋਚ ਆਪਣੀ ਉਮਰ ਦੇ ਆਤੰਕੀ ਦਹਾਕਿਆਂ ਦੀ ਗ੍ਰਿਫਤ ਵਿਚ ਰਹਿ ਗਈ ਪੇਸ਼ ਕੀਤੀ ਗਈ ਹੈ, ਜਿਸਨੂੰ ਪੇਸ਼ ਕਰਦਿਆਂ ਭੰਡਾਲ ਆਪਣੇ ਨਾਵਲੀ ਪ੍ਰਵਚਨ ਨੂੰ ਕਿਸੇ ਪ੍ਰਤੀਨਿਧ ਨੁਕਤੇ 'ਤੇ ਕੇਂਦਰਤ ਕਰਨ ਤੋਂ ਖੁੰਝਿਆ ਹੈ। ਲੇਖਕ ਖੁਦ ਇਸ ਪੀੜ੍ਹੀ ਦਾ ਪ੍ਰਤੀਨਿਧ ਹੋਣ ਕਰਕੇ ਸਾਰੇ ਨਾਵਲ ਵਿਚ ਸਮਕਾਲ ਦੇ ਤਿੱਖੇ ਵਰਤਾਰਿਆਂ ਨਾਲ ਸੰਵਾਦ ਦੀ ਥਾਂ ਵਿਰੋਧ ਦੀ ਸਥਿਤੀ ਵਿਚ ਹੈ ਜਿਸ ਕਰਕੇ ਉਸਨੂੰ ਨਵੀਂ ਪੀੜ੍ਹੀ ਛਲਾਰੂ ਜਿਹੀ, ਸੂਲ਼ਾਂ ਵਰਗੇ ਵਾਲ਼ ਖੜ੍ਹੇ ਕਰਨ ਵਾਲੀ, ਸੜਕਾਂ 'ਤੇ ਲੜਨ ਭਿੜਨ ਵਾਲੀ, ਮੋਬਾਇਲਾਂ ਵਿਚ ਖੁੱਭੀ ਅਤੇ ਤਲਿਸਮੀ ਕਿਸਮ ਦੇ ਮਾਇਆਵੀ ਸੰਸਾਰ ਵਿਚ ਵਿਚਰਦੀ ਹੀ ਦਿਸਦੀ ਹੈ। ਉਹ ਆਪਣੀ ਧਰਤ ਦੀ ਮਿੱਟੀ ਨੂੰ ਮੈਲ਼ੀ ਸਿੱਧ ਕਰਦਾ ਇਸਦੇ ਇਤਿਹਾਸਕ ਕਾਰਨਾਂ ਦੀ ਪੜਚੋਲ ਕਰਦਾ ਹੈ। ਪਿੰਡਾਂ ਸ਼ਹਿਰਾਂ ਵਿਚ ਜਾਤੀ ਸੰਤਾਪ, ਸੰਪਰਦਾਇਕ ਮਾਨਸਿਕਤਾ, ਜਮਾਤੀ ਵਖਰੇਵੇਂ, ਅਮਲੀ ਇਨਕਲਾਬ ਦੀ ਘਾਟ ਅਤੇ ਪੂੰਜੀਵਾਦੀ ਕੀਮਤ ਪ੍ਰਬੰਧ ਦੀ ਪ੍ਰਧਾਨਤਾ ਵਰਗੇ ਵਰਤਾਰੇ ਲੇਖਕ ਨੂੰ ਪਿੰਡ ਦੀ ਚੀਕਣੀ ਮਿੱਟੀ ਦੇ ਮੈਲ਼ੀ ਮਿੱਟੀ ਵਿਚ ਵਟਦੇ ਜਾਂਦੇ ਵਰਤਾਰੇ ਲਗਦੇ ਹਨ।

ਹਰਵਿੰਦਰ ਭੰਡਾਲ ਦਾ ਇਹ ਨਾਵਲ ਬਿਰਤਾਂਤ ਸਿਰਜਣਾ ਦੇ ਅਨੇਕਾਂ ਦੋਸ਼ਾਂ ਵਾਲਾ ਹੈ। ਬਿਰਤਾਂਤ ਆਪਣੀ ਭਾਸ਼ਾਈ ਹਸਤੀ ਨਾਲ ਦੂਜੇ ਪ੍ਰਵਚਨਾਂ ਤੋਂ ਵੱਖਰਾ ਹੁੰਦਾ ਹੈ। ਲੇਖਕ ਬਿਰਤਾਂਤ ਦੀ ਭਾਸ਼ਾਈ ਰਮਜ਼ ਤੋਂ ਕੋਰਾ ਹੈ। ਉਹ ਸਿਰਜਕ ਵਾਲੇ ਕੋਣ ਤੋਂ ਰਮਜ਼ ਅਤੇ ਸੈਨਤਾਂ ਭਰੇ ਬਿਰਤਾਂਤ ਦੀ ਥਾਂ ਸਮੀਖਿਅਕ ਵਾਲੀ ਪੁਜੀਸ਼ਨ ਤੋਂ ਪਾਠਕ ਨੂੰ ਸਮਝਾਉਣ ਅਤੇ ਵਿਆਖਿਆਉਣ ਦੇ ਰਾਹ ਪੈ ਜਾਂਦਾ ਹੈ। ਇਹ ਵਰਤਾਰਾ ਨਾਵਲ ਦੇ ਸਿਰਲੇਖ ਤੋਂ ਸ਼ੁਰੂ ਹੋ ਕੇ ਅੰਤ ਤਕ ਚੱਲਦਾ ਹੈ। ਇੱਥੇ ਉਹ ਪਾਠਕਾਂ ਦਾ ਗਾਈਡ ਬਣ ਕੇ ਤੁਰਦਾ ਦਿਸਦਾ ਹੈ। ਲੇਖਕ ਵੱਲੋਂ ਕਦੇ ਆਪਣੇ ਲਿਖੇ ਵਾਕ ਨੂੰ ਬਰੈਕਟਾਂ ਵਿਚ ਦਿੱਤੀ ਵਿਆਖਿਆ ਨਾਲ ਸਮਝਾ ਕੇ, ਕਦੇ ਗਿਆਨ ਦੀ ਪ੍ਰਵਚਨਕਾਰੀ ਦੁਆਰਾ, ਕਦੇ ਵਾਧੂ ਟਿੱਪਣੀਆਂ ਨਾਲ ਅਤੇ ਕਦੇ ਸਮਝੌਤੀਆਂ ਦੇ ਕੇ ਬਿਰਤਾਂਤ ਦੀ ਕੀਤੀ ਉਸਾਰੀ ਪਾਠਕਾਂ

ਨੂੰ ਕਿਸੇ ਤਣ ਪੱਤਣ ਨਹੀਂ ਲੱਗਣ ਦਿੰਦੀ। ਨਾਵਲ ਵਿਚ ਵਰਤੀ ਕੁਮੈਂਟਰੀ ਨੁਮਾ ਸ਼ੈਲੀ ਅਤੇ ਗ਼ੈਰ ਬਿਰਤਾਂਤਕ ਭਾਸ਼ਾ ਨਾਵਲ ਦਾ ਸੁਹਜ ਵਿਗਾੜਦੀ ਹੈ।

ਕੁੱਲ ਮਿਲਾ ਕੇ ਭੰਡਾਲ ਦਾ ਇਹ ਨਾਵਲ ਬਿਰਤਾਂਤ ਦੀ ਕੱਚੀ ਸਮੱਗਰੀ ਨਾਲ ਭਰਪੂਰ ਹੈ। ਇਹ ਸਮੱਗਰੀ ਨਾਵਲੀ ਸ਼ਿਲਪ ਵਿਚ ਗੁੰਨ੍ਹ ਕੇ ਪੇਸ਼ ਹੋਣ ਤੋਂ ਖੁੰਝਦੀ ਰਹੀ ਹੈ। ਭੰਡਾਲ ਤੋਂ ਬਿਰਤਾਂਤ ਸਿਰਜਣਾ ਦੇ ਖੇਤਰ ਵਿਚ ਵੱਖਰੀਆਂ ਉਮੀਦਾਂ ਹਨ। **–ਜੇ.ਬੀ. ਸੇਖੋਂ**

## ਇਕ ਟੋਟਾ ਜਨਮ ਭੂਮੀ (ਨਾਵਲ) ਹਰਜੀਤ ਕੌਰ ਵਿਰਕ

ਹਰਜੀਤ ਕੌਰ ਵਿਰਕ ਪੰਜਾਬੀ ਸਾਹਿਤ ਦੇ ਖੇਤਰ ਵਿਚ ਨਵਾਂ ਉੱਭਰ ਰਿਹਾ ਨਾਂ ਹੈ, ਜੋ 'ਬੰਦ ਪਈ ਘੜੀ'ਅਤੇ 'ਉਨੀਂਦੀ ਅੱਖ ਦਾ ਸੁਪਨਾ' ਨਾਂ ਦੀਆਂ ਪੁਸਤਕਾਂ ਦੀ ਪ੍ਰਕਾਸ਼ਨਾ ਤੋਂ ਪਿੱਛੋਂ ਹੁਣ ਆਪਣੇ ਨਾਵਲ 'ਇਕ ਟੁਕੜਾ ਜਨਮ ਭੂਮੀ' (ਸੰਗਮ ਪਬਲੀਕੇਸ਼ਨਜ਼, ਸਮਾਣਾ, ਪੰਨੇ160, ਮੁੱਲ 250 ਰੁਪਏ) ਨਾਲ ਪਾਠਕਾਂ ਦੇ ਰੂਬਰੂ ਹੋਈ ਹੈ।

ਨਾਵਲ ਦੇ ਸ਼ੁਰੂਆਤੀ ਸ਼ਬਦ, " ਕਿੰਨੇ ਸਾਲਾਂ ਤੋਂ ਉਡੀਕ ਰਹੀ ਆਂ" ਧਿਆਨ ਕੇਂਦਰਤ ਕਰਦੇ ਹਨ ...ਪੜ੍ਹਦਿਆਂ ਇਹ ਤੰਦ ਲੱਭਦੀ ਹੈ,"ਤੂੰ ਹੱਥ ਛੁਡਾ ਕੇ ਦੂਰ ਚਲਾ ਗਿਆ।" ਸੋ ਇਹ ਨਾਵਲ ਜਨਮ-ਭੂਮੀ ਦੇ ਉਸ ਟੁਕੜੇ ਦੀ ਬਾਤ ਪਾਉਂਦਾ ਹੈ ਜਿੱਥੋਂ ਅੱਜ ਹਜ਼ਾਰਾਂ ਦੀ ਗਿਣਤੀ ਵਿਚ ਨੌਜਵਾਨ ਰੋਜ਼,ਬਿਹਤਰ ਜ਼ਿੰਦਗੀ ਦੇ ਸੁਪਨੇ ਲੈ ਕੇ ਪਰਦੇਸੀ ਧਰਤੀਆਂ 'ਤੇ ਜਾਇਜ਼, ਨਾਜਾਇਜ਼ ਢੰਗ ਨਾਲ ਜਾ ਰਹੇ ਹਨ। ਉਹਨਾਂ ਬੱਚਿਆ ਦੀਆ ਸਮੱਸਿਆਵਾਂ, ਸੰਘਰਸ਼, ਮਾਂ ਬਾਪ ਦੀ ਮਨੋਦਸ਼ਾ ਦੇ ਬਿਰਤਾਂਤ ਦੇ ਨਾਲ ਪਰਵਾਸੀ ਜੀਵਨ ਨਾਲ ਸੰਬੰਧਤ ਸਮਕਾਲੀ ਸਮੱਸਿਆਵਾਂ ਤੇ ਸਰੋਕਾਰਾਂ ਨੂੰ ਵੀ ਅਗਰਭੂਮੀ 'ਤੇ ਲਿਆਉਂਦਾ ਹੈ।

ਗੱਜਣ ਸਿੰਘ ਤੇ ਖੁਸ਼ਵੰਤ ਕੌਰ ਦਾ ਦੰਪਤੀ ਜੋੜਾ ਪੰਜਾਬ ਵਿਚ ਮਨੁੱਖੀ ਤਸ਼ੱਦਦ ਦੇ ਹਾਲਾਤ ਤੋਂ ਮਜਬੂਰ ਹੋ ਕੇ ਪਰਵਾਸ ਕਰਦੇ ਹਨ। ਬੇਗਾਨੀ ਧਰਤੀ ਉੱਤੇ ਉਹ ਆਪਣੇ ਬੇਟੇ ਗੁਣਤਾਸ ਸਮੇਤ ਦਿਲਦਾਰ ਭਾਊ ਨਾਲ ਰਹਿ ਰਹੇ ਹਨ 'ਜੋ ਕਿ ਰੱਬ ਵਰਗਾ ਬੰਦਾ' ਹੈ। ਹੋਰ ਉਤਸੁਕਤਾ ਜਾਗਦੀ ਹੈ ਕਿ ਇਸ ਰੱਬ ਵਰਗੇ ਵਰਗੇ ਬੰਦੇ ਦਾ ਆਪਣਾ ਘਰ ਕਿਉਂ ਨਹੀਂ? ਤੇ ਰੱਬ ਵਰਗਾ ਕਿਵੇਂ ਹੈ? ਹੌਲ਼ੀ ਹੌਲ਼ੀ ਪਰਤਾਂ ਖੁੱਲ੍ਹਦੀਆਂ ਹਨ ਕਿ ਨਾਵਲ ਦੇ ਸ਼ੁਰੂ ਵਿਚ ਇਸ ਪਾਤਰ ਦਿਲਦਾਰ ਦੀ ਰੂਹ ਨੂੰ ਹੀ ਉਸਦੀ ਜਨਮ ਭੂਮੀ ਪੁਕਾਰ ਰਹੀ ਹੈ।

ਦੇਸ਼-ਵੰਡ ਦਾ ਦੁਖਾਂਤ ਭੋਗ ਚੁੱਕੇ ਦਿਲਦਾਰ ਦੇ ਮਾਪੇ ਬਾਰਡਰ ਇਲਾਕੇ ਦੇ ਵਸਨੀਕ ਸਨ। ਬਾਪ ਉਸਦੇ ਖੇਤੀ ਵਿਚ ਹੱਥ ਵਟਾਉਣ ਦੇ ਸੁਪਨੇ ਲੈਂਦਾ ਸੀ ਤੇ ਮਾਂ ਪੁੱਤ ਨੂੰ ਮਿੱਟੀ ਨਾਲ ਮਿੱਟੀ ਨਹੀਂ ਸੀ ਹੋਣ ਦੇਣਾ ਚਾਹੁੰਦੀ ਤੇ ਅਫਸਰ ਬਣਿਆ ਦੇਖਣ ਦਾ ਸੁਪਨਾ ਪਾਲ਼ਦੀ ਸੀ। ਉਸਦਾ ਦਿਲਪ੍ਰੀਤ ਨਾਲ ਪਿਆਰ ਵਿਆਹ ਇਸ ਸ਼ਰਤ 'ਤੇ ਹੋਇਆ ਕਿ ਉਹ ਵਿਦੇਸ਼ ਜਾ ਕੇ ਸੈੱਟ ਹੋਣਗੇ। ਇਸ ਸ਼ਰਤ ਅਨੁਸਾਰ ਇੱਛਾ ਤੋਂ ਉਲਟ ਦਿਲਦਾਰ ਨੂੰ ਜਾਣਾ ਪਿਆ। ਪਰਾਏ ਦੇਸ਼ ਵਿਚ ਪੈਰ ਲਾਉਣ ਲਈ ਉਸਨੂੰ, ਆਪਣੀ ਪਤਨੀ ਤੇ ਪੁੱਤਰ ਦੇ ਭਾਰਤ ਵਿਚ ਹੁੰਦਿਆਂ, ਇਸਾਈ ਬਣੀ ਗੁਜਰਾਤੀ ਨਰਸ ਕੁੜੀ ਨਾਲ ਰਿਸ਼ਤਾ ਬਣਾਉਣਾ ਪਿਆ। ਉਸਦੀ ਪਤਨੀ ਦਿਲਪ੍ਰੀਤ ਇਕ ਬੇਟੇ ਸਮੇਤ ਉਸਦੇ ਮਾਂ ਬਾਪ ਦੀ ਸੇਵਾ ਕਰਦੀ ਰਹੀ। 18 ਸਾਲ ਬਾਅਦ ਹੀ ਉਹ ਆਪਣੇ ਪਰਿਵਾਰ ਨੂੰ ਕਨੇਡਾ ਬੁਲਾਉਣ ਦੇ ਸਮਰੱਥ ਹੋਇਆ।

ਦਿਲਪ੍ਰੀਤ ਤੇ ਦਿਲਦਾਰ ਕਨੇਡਾ ਵਿਚ ਖੁਸ਼ ਜ਼ਿੰਦਗੀ ਜਿਉਂਦੇ ਸਨ।ਦਿਲਦਾਰ ਤੇ ਉਸਦਾ ਪਰਿਵਾਰ ਨਵੀਂ ਪੀੜ੍ਹੀ ਦੇ ਬੱਚਿਆ ਦੀ ਬਹੁਤ ਮੱਦਦ ਕਰਦੇ, ਜਨਮ ਭੂਮੀ ਦਾ ਨਿੱਘ ਲੈਣ ਲਈ ਨਵੇਂ ਵਿਦਿਆਰਥੀਆਂ ਨੂੰ ਹਰ ਵੀਕ ਐਂਡ 'ਤੇ ਮਿਲਦੇ , ਕਿਸਾਨਾਂ ਦੇ ਫ਼ਾਰਮਾਂ 'ਤੇ ਜਾਂਦੇ। ਦਿਲਦਾਰ ਦੇ ਮਿਲਵਰਤਨੀ ਰਵੱਈਏ ਕਾਰਨ ਉਸਦੀ ਕਮਿਊਨਿਟੀ ਵਿਚ ਪੂਰੀ ਇੱਜ਼ਤ ਸੀ। ਉਸਨੂੰ ਢਾਹ ਲਾਉਣ ਲਈ ਗੋਰੇ ਸੁਪਰਵਾਈਜ਼ਰ ਨੇ ਫ਼ੈਕਟਰੀ ਵਿਚ ਪੇ ਇਨ ਹੈਂਡ ਰੱਖ ਕੇ ਲੜਾਈ ਕਰਾਈ। ਇਸਾਈ ਬਣੇ ਪੰਜਾਬੀ ਨੌਜਵਾਨ ਨੂੰ ਬਚਾਉਂਦਿਆਂ, ਬੁੱਢੇ ਗੋਰੇ ਦੇ ਨਸਲੀ ਵਾਰ ਕਾਰਨ

ਉਸਦੀ ਪਤਨੀ ਦੀ ਜਾਨ ਚਲੀ ਗਈ ਅਤੇ ਇੰਝ ਦਿਲਦਾਰ ਭਾਊ ਦਾ ਹੱਸਦਾ ਖੇਡਦਾ ਪਰਿਵਾਰ ਖਤਮ ਹੋ ਗਿਆ। ਦਿਲਦਾਰ ਭਰੀ ਦੁਨੀਆ ਵਿਚ ਇਕੱਲਾ ਰਹਿ ਗਿਆ, ਕਿਉਂਕਿ ਪੰਜਾਬ ਵਿਚ ਰਹਿੰਦੇ ਮਾਂ ਬਾਪ ਵੀ ਸੰਸਾਰ ਤੋਂ ਵਿਦਾ ਹੋ ਗਏ ਸਨ।ਦਿਲਦਾਰ ਨਾਲ ਵਾਪਰੇ ਦੁਖਾਂਤ ਮਗਰੋਂ ਗੱਜਣ ਸਿੰਘ ਤੇ ਉਸਦੀ ਪਤਨੀ ਉਸਨੂੰ ਆਪਣੇ ਘਰ ਰੱਖਦੇ ਹਨ ਕਿਉਂਕਿ ਪਰਵਾਸ ਦੇ ਸ਼ੁਰੂ ਵਿਚ ਫੈਕਟਰੀ ਵਿਚ ਕੰਮ ਕਰਨ ਸਮੇਂ ਭਾਊ ਦਿਲਦਾਰ ਨੇ ਉਸਦੀ ਬਹੁਤ ਮੱਦਦ ਕੀਤੀ ਸੀ।

ਨਾਵਲ ਵਿਚ ਦੋ ਕਹਾਣੀਆ ਸਮਾਨਾਂਤਰ ਚੱਲਦੀਆਂ ਹਨ, ਦਿਲਦਾਰ ਦੀ ਜ਼ਿੰਦਗੀ ਦੀ ਅਤੇ ਗੱਜਣ ਸਿੰਘ ਦੇ ਘਰ ਦੀ, ਜਿੱਥੇ ਉਸਦੀ ਪਤਨੀ ਖੁਸ਼ਵੰਤ ਨਵੀਂ ਪੀੜ੍ਹੀ ਦੀ ਸਹਿਜਪ੍ਰੀਤ ਨੂੰ ਆਪਣੇ ਨਾਲ ਲਿਆਉਂਦੀ ਹੈ। ਨਵੀਂ ਸਮਝਦਾਰ ਪੀੜ੍ਹੀ ਦੀ ਪ੍ਰਤੀਨਿਧਤਾ ਕਰਦੀ ਸਹਿਜਪ੍ਰੀਤ ਸੰਘਰਸ਼ਮਈ ਦੌਰ ਵਿਚੋਂ ਲੰਘ ਰਹੀ ਹੈ। ਬੇਸਮੈਂਟ ਬਦਲਣ ਕਾਰਨ ਗ਼ਲਤੀ ਨਾਲ ਹੋਰ ਸਟਾਪ ‘ਤੇ ਉਤਰਨ ਕਰਕੇ ਘਰ ਦੀ ਰਸਤਾ ਭੁੱਲ ਚੁੱਕੀ ਸਹਿਜਪ੍ਰੀਤ ਨੂੰ ਖੁਸ਼ਵੰਤ ਉਦੋਂ ਘਰ ਲਿਆਈ ਸੀ ਜਦੋਂ ਪੈ ਰਹੀ ਬਰਫ਼ ਉਸਦਾ ਚਿਹਰਾ ਨੀਲਾ ਹੋ ਰਿਹਾ ਸੀ। ਸਹਿਜਪ੍ਰੀਤ ਦੀ ਪੀੜ੍ਹੀ ਦੇ ਪਾਤਰਾਂ ਦੇ ਨਾਵਲ ਵਿਚ ਪ੍ਰਵੇਸ਼ ਨਾਲ ਪਰਵਾਸ ਧਾਰਨ ਦੀਆਂ ਮੁਸ਼ਕਲਾਂ ਅਤੇ ਨਵੇਂ ਪਰਵਾਸੀਆਂ ਦੀਆਂ ਸਮੱਸਿਆਵਾਂ ਸਾਹਮਣੇ ਆਉਂਦੀਆਂ ਹਨ। ਵਿਦੇਸ਼ ਜਾਣ ਦੀ ਹੋੜ,ਕਰਜ਼ੇ ਲੈ ਕੇ ਵਿਦੇਸ਼ ਜਾਣਾ, ਏਜੰਟਾਂ ਵੱਲੋਂ ਲੁੱਟ, ਨਵੇਂ ਪਰਵਾਸੀਆਂ ਵੱਲੋਂ ਘਟੀਆ ਬੇਸਮੈਂਟਾਂ ਵਿਚ ਰਹਿਣ ਦੀ ਮਜਬੂਰੀ ਤੇ ਦੇਸੀ ਲੈਂਡ-ਲਾਰਡਾਂ ਦਾ ਦੁਰਵਿਹਾਰ,ਵਿਦੇਸ਼ ਪਹੁੰਚ ਕੇ ਬੱਚਿਆ ਦੀ ਆਜ਼ਾਦੀ ਮਾਨਣ ਦੀ ਰੁਚੀ ਤੇ ਪੈਸੇ ਕਮਾਉਣ ਲਈ ਅਪਣਾਏ ਜਾਂਦੇ ਸ਼ਾਰਟ ਕੱਟ ਤੇ ਡਰੱਗ ਸਪਲਾਈ ਦੇ ਚੱਕਰਵਿਊ ਵਿਚ ਫਸਣ, ਸੰਜੀਦਾ ਬੱਚਿਆ ਦੀ ਸੰਘਰਸ਼ਮਈ ਜ਼ਿੰਦਗੀ ਕਿੰਨੇ ਹੀ ਵਿਸ਼ੇ ਹਨ ਜੋ ਨਾਵਲ ਵਿਚ ਚਰਚਾ ਦਾ ਵਿਸ਼ਾ ਬਣਦੇ ਹਨ। ਬਹੁਤ ਹਾਲਤਾਂ ਵਿਚ ਪਰਵਾਸ ਧਾਰਨ ਕਰਨ ਦੇ ਕਾਰਨ ਵਜੋਂ ਪਿਛੋਕੜ ਨੂੰ ਉਭਾਰਦਾ ਹੋਇਆ ਨਾਵਲ ਦਾ ਕਥਾਨਕ ਪੰਜਾਬ ਦੇ ਸਮਕਾਲ ਅਤੇ ਪਿਛਲੇ ਕੁਝ ਦਹਾਕਿਆਂ ਦੇ ਸਮਾਜਕ, ਆਰਥਿਕ ਹਾਲਾਤ ਅਤੇ ਇਤਿਹਾਸਕ ਘਟਨਾਵਾਂ ਨੂੰ ਵੀ ਸਾਹਮਣੇ ਲਿਆਉਂਦਾ ਹੈ।

ਨਾਵਲੀ ਕਥਾਨਕ ਦਾ ਸਮਾਂ, ਨਾਈਟ ਸ਼ਿਫ਼ਟ ਖਤਮ ਹੋਣ ਤੋਂ ਬਾਅਦ ਸਹਿਜਪ੍ਰੀਤ ਦੇ ਘਰ ਦਾ ਸਟਾਪ ਭੁੱਲਣ, ਇਕ ਰਾਤ ਖੁਸ਼ਵੰਤ ਦੇ ਘਰ ਰਹਿਣ ਤੇ ਅਗਲੀ ਸ਼ਾਮ ਤਕ ਦਾ ਹੈ ਜੋ ਸਾਡੀਆਂ ਅੱਖਾਂ ਸਾਹਮਣੇ ਹੈ। ਅਵਚੇਤਨ ਵਿਚ ਵਸਿਆ ਸਮਾਂ ਪਿੱਛਲ-ਝਾਤ ਵਿਧੀ ਰਾਹੀਂ ਪੇਸ਼ ਹੈ, ਜਿਸ ਵਿਚ ਦਿਲਦਾਰ ਸਿੰਘ, ਗੱਜਣ ਸਿੰਘ ਤੇ ਖੁਸ਼ਵੰਤ ਵਾਰ ਵਾਰ ਜਾਂਦੇ ਹਨ। ਜਨਮ ਭੂਮੀ-ਮੋਹ ਦੇ ਵਾਰ ਵਾਰ ਹਉਕੇ ਲੈਂਦੇ ਹਨ। ਹਰ ਨਵੇਂ ਪਾਤਰ ਦੀ ਸ਼ਮੂਲੀਅਤ ਨਾਲ ਨਵੇਂ ਵਿਸ਼ੇ ਦੀ ਤੰਦ ਛੋਹੀ ਜਾਂਦੀ ਹੈ। ਰੂਬਲ ਤੇ ਗੁਣਤਾਸ ਪੰਜਾਬੀ ਸੱਭਿਆਚਾਰ ਦੇ ਪ੍ਰੇਮੀ ਹਨ, ਜੋਤੀ, ਪ੍ਰਭਾਤ ਡੇਰਾਵਾਦ ਦਾ ਪਰਿਪੇਖ ਲੈ ਕੇ ਪੇਸ਼ ਹਨ, ਜੀਵਨਜੋਤ ਧਰਮ ਪਰਿਵਰਤਨ ਦੇ ਮਸਲੇ ਨੂੰ ਛੋਂਹਦਾ ਹੈ ਅਤੇ ਗੁਰਕੀਰਤ ਸਮਗਲਿੰਗ ਨੂ।ਇੰਝ ਕਿੰਨੇ ਹੀ ਮਿਸ਼ਰਤ ਵਿਸ਼ੇ ਗੱਜਣ ਸਿੰਘ ਦੇ ਘਰ ਆਏ ਪਾਤਰਾਂ ਦੇ ਸੰਵਾਦਾਂ ਰਾਹੀਂ ਪੇਸ਼ ਹੋਏ ਹਨ।

ਨਾਵਲ ਦੇ ਸਾਰੇ ਪਾਤਰ ਹੀ ਘਰ ਦਾ ਰਾਹ ਭੁੱਲਣ ਦਾ ਦੁਖਾਂਤ ਭੋਗਦੇ ਹਨ। ਦਿਲਦਾਰ ਦਾ ਦੁੱਖ ਸਭ ਤੋਂ ਡੂੰਘਾ ਹੈ, ਜਿਸਦਾ ਭਾਰਤ ਤੇ ਕਨੇਡਾ ਵਿਚਲਾ ਦੋਵੇਂ ਘਰ ਉਸ ਤੋਂ ਖੁੱਸ ਜਾਂਦੇ ਹਨ। ਗੱਜਣ ਸਿੰਘ ਤੇ ਖੁਸ਼ਵੰਤ ਜੋੜੇ ਦੀ ਇੱਛਾ ਹੈ ਕਿ ਕੋਈ ਘਰ ਦੀ ਰਾਹ ਨਾ ਭੁੱਲੇ ਤੇ ਭੁੱਲਿਆ ਦੀ ਮੱਦਦ ਕਰ ਕੇ ਉਹਨਾਂ ਦੇ ਰਾਹ ਦਸੇਰਾ ਬਣਦੇ ਹਨ।

ਹਰਜੀਤ ਕੌਰ ਦੀ ਕਲਪਨਾ ਸ਼ੈਲੀ ਦੀ ਦਾਦ ਦੇਣੀ ਬਣਦੀ ਹੈ ਕਿ ਬਿਨਾਂ ਪਰਵਾਸ ਦੀ ਯਾਤਰਾ ਬਦੇਸੀ ਧਰਤੀ ਦਾ ਪੂਰੀ ਮਾਹੌਲ ਸਿਰਜਿਆ ਹੈ। ਵਿਸ਼ੇ ਦਾ ਸੰਚਾਰ ਲਈ ਆਧੁਨਿਕ ਯੁਗ ਦੇ ਸੰਚਾਰ ਮਾਧਿਅਮਾਂ- ਮੈਸੇਜ, ਵੀਡੀਓ , ਮੀਡੀਆ ਦਾ ਸਹਾਰਾ ਲਿਆ ਹੈ। ਇਹ ਤਕਨੀਕਾਂ ਦਾ ਵਧੀਆ ਉਪਯੋਗ ਹੈ। ਨਾਵਲ ਵਿਚ ਕਈ ਵਾਰੀ ਵਾਧੂ ਵਿਸਥਾਰ ਵੀ ਲੱਗਦਾ ਹੈ, ਜਿਵੇਂ ਡੇਰਾਵਾਦ ਦਾ ਪ੍ਰਸੰਗ ਜੇ ਛੱਡ ਵੀ ਦਿੱਤਾ ਜਾਂਦਾ ਤਾਂ ਬਹੁਤਾ ਫਰਕ ਨਹੀਂ ਪੈਣਾ ਸੀ। ਜਨਮ ਭੂਮੀ

ਵਾਲਾ ਪੱਖ ਆਪਣੇ ਆਪ ਵਿਚ ਸੰਪੂਰਨ ਵਿਸ਼ਾ ਹੈ। ਭਾਵੇਂ ਇਤਿਹਾਸਕ ਗਵਾਹੀ ਵਜੋਂ ਮਹਾਰਾਜਾ ਦਲੀਪ ਸਿੰਘ ਅਤੇ ਸਮਕਾਲ ਵਿਚ ਹੋਮਲੈਂਡ ਦੀ ਮੰਗ ਵਰਗੇ ਰਾਜਨੀਤਕ ਵਾਦ ਵਿਵਾਦ ਵਾਲੇ ਮੁੱਦਿਆਂ ਨੂੰ ਵੀ ਲੇਖਿਕਾ ਨੇ ਕਥਾਨਕ ਵਿਚ ਗੁੰਦਣ ਦੀ ਬੇਲੋੜੀ ਕੋਸ਼ਿਸ਼ ਕੀਤੀ ਹੈ, ਤਦ ਵੀ ਜਨਮ ਭੂਮੀ ਦੀ ਖਿੱਚ ਦੇ ਵਿਸ਼ੇ ਦਾ ਨਿਭਾਅ ਨਾਵਲ ਵਿਚ ਵਧੀਆ ਹੋਇਆ ਹੈ।

ਨਾਨਕ ਸਿੰਘ ਦੇ ਕਈ ਨਾਵਲਾਂ ਵਾਂਗ, ਇਹ ਨਾਵਲ ਜਿੱਥੋਂ ਸ਼ੁਰੂ ਹੁੰਦਾ ਹੈ, ਉੱਥੇ ਹੀ ਜਾ ਕੇ ਖਤਮ ਹੁੰਦਾ ਹੈ। ਸੁਨੇਹਾ ਇਹੀ ਹੈ ਕਿ ਸਾਰੀ ਦੁਨੀਆ ਘਰ ਹੈ ਜਿੱਥੇ ਮਰਜ਼ੀ ਵਸੋ, ਪਰ ਇਕ ਟੋਟਾ ਜਨਮ ਭੂਮੀ ਦਾ ਮੋਹ ਪਹਿਲੀਆਂ ਪੀੜ੍ਹੀਆਂ ਨੂੰ ਅਕਸਰ ਆਵਾਜ਼ਾਂ ਮਾਰਦਾ ਹੈ।

ਹਰਜੀਤ ਕੌਰ ਦਾ ਕਹਿਣਾ ਹੈ ਕਿ ਮਹਿਜ਼ 'ਸਿੱਧੀ-ਸਾਦੀ ਪ੍ਰੇਮ ਕਥਾ ਜਾਂ ਟੁੱਟਦੇ ਜੁੜਦੇ ਰਿਸ਼ਤੇ ਉਸਦੀਆਂ ਲਿਖਤਾਂ ਦਾ ਹਿੱਸਾ ਨਹੀਂ ਬਣ ਸਕਦੇ।' ਉਸਦੇ ਇਸ ਕਥਨ ਉੱਤੇ ਨਾਵਲ ਪੂਰਾ ਉਤਰਦਾ ਹੈ। ਉਸਨੇ ਆਪਣੀ ਨਾਵਲ-ਕਲਾ ਨੂੰ ਹੋਰ ਨਿਖਾਰਨ ਲਈ 'ਵਚਨ ਬੱਧ' ਹੋਣ ਦੀ ਗੱਲ ਵੀ ਕੀਤੀ ਹੈ। ਉਸਦੀ ਕਲਮ ਦੀ ਮਜ਼ਬੂਤੀ ਲਈ ਸਾਡੀਆਂ ਵੀ ਦੁਆਵਾਂ। **-ਪੁਸ਼ਵਿੰਦਰ ਕੌਰ**

## ਸਿਲਸਿਲੇ (ਕਹਾਣੀ ਸੰਗ੍ਰਹਿ) ਕਿਰਪਾਲ ਕਜ਼ਾਕ

ਕਿਰਪਾਲ ਕਜ਼ਾਕ ਕਹਾਣੀ ਸਿਰਜਣਾ ਦੇ ਨਾਲ ਨਾਲ ਲੋਕਧਾਰਾ ਦੇ ਖੇਤਰ ਦਾ ਖੋਜੀ ਲੇਖਕ ਹੈ। ਛੇ ਕਹਾਣੀ ਸੰਗ੍ਰਿਹਾਂ ਦੀ ਰਚਨਾਕਾਰੀ ਨਾਲ ਉਸਨੇ ਪੰਜਾਬੀ ਕਹਾਣੀ ਦਾ ਦਾਇਰਾ ਵਿਸ਼ਾਲ ਕੀਤਾ ਹੈ। ਉਸਦੀਆਂ ਕਹਾਣੀਆਂ ਵਿਚ ਪੰਜਾਬੀ ਸਮਾਜ ਦੀ ਜਗੀਰੂ ਰਹਿੰਦ ਖੂੰਹਦ ਦੇ ਨਾਲ ਨਾਲ ਵਰਤਮਾਨ ਦੌਰ ਦੇ ਨਵ ਪੂੰਜੀਵਾਦੀ ਸਮਾਜ ਦੀਆਂ ਮਨੁੱਖ ਮਾਰੂ ਅਲਾਮਤਾਂ ਦਾ ਭਰਵਾਂ ਜ਼ਿਕਰ ਹੈ। ਇਨ੍ਹਾਂ ਅਲਾਮਤਾਂ ਦੇ ਜ਼ਿਕਰਯੋਗ ਅਤੇ ਵਿਕਲੋਤਰੇ ਪ੍ਰਸੰਗ ਛੇੜ ਕੇ ਉਹ ਪੰਜਾਬੀ ਸਭਿਆਚਾਰ ਦੇ ਮੂਲ ਧੁਰੇ ਵਾਲੀਆਂ ਉੱਦਾਤ ਕਦਰਾਂ-ਕੀਮਤਾਂ ਨੂੰ ਕਹਾਣੀ ਦੀ ਰਚਨਾ ਦ੍ਰਿਸ਼ਟੀ ਵਿਚ ਘੋਲਣ ਦਾ ਮਾਹਿਰ ਕਥਾ ਸ਼ਿਲਪੀ ਹੈ। ਕਜ਼ਾਕ ਪੰਜਾਬੀ ਸਮਾਜ ਦੀ ਮੁੱਖ ਧਾਰਾ ਤੋਂ ਹਾਸ਼ੀਏ ਵੱਲ ਧੱਕੇ ਜਾਂਦੇ ਰਹੇ ਵਰਗਾਂ ਅਤੇ ਸਦੀਆਂ ਤੋਂ ਮੌਨ ਹੋਈਆਂ ਧਿਰਾਂ ਦਾ ਪ੍ਰਤੀਨਿਧ ਲੇਖਕ ਹੈ। ਉਸਦਾ ਕਥਾ ਨਾਇਕ ਸੱਤਾ ਦੇ ਦਾਬੇ ਹੇਠ ਰਹਿੰਦਾ ਵੀ ਆਪਣੀ ਅਣਖ ਅਤੇ ਖੁੱਦਾਰੀ ਦਾ ਮਾਦਾ ਨਹੀਂ ਛੱਡਦਾ। ਪੇਂਡੂ ਸਮਾਜ ਵਿਚ ਨਿਮਨ ਕਿਸਾਨੀ ਦੇ ਸੰਕਟ, ਕਿਰਤੀ ਵਰਗਾਂ ਦੀ ਦੁਰਦਸ਼ਾ ਅਤੇ ਦਲਿਤ ਪਾਤਰਾਂ ਦੀ ਹੋਣੀ ਪੇਸ਼ ਕਰਦਿਆਂ ਕਜ਼ਾਕ ਆਪਣੇ ਕਥਾ ਬਿਰਤਾਂਤ ਦੀ ਭਾਸ਼ਾ ਨੂੰ ਰਮਜ਼ਭਰੀ ਅਤੇ ਸਫੋਟ ਭਰੀ ਰੱਖਦਾ ਹੈ। ਉਸਦੀ ਕਹਾਣੀ ਵਿੱਚ ਪੰਜਾਬ ਦੇ ਲੋਕਧਾਰਾਈ ਅਵਚੇਤਨ ਦਾ ਵੱਡਾ ਪਹਿਰਾ ਹੈ। ਉਹ ਪੰਜਾਬ ਦੇ ਲੋਕ ਧਰਮ ਨਾਲ ਜੁੜੇ ਅਨੇਕ ਪ੍ਰਸੰਗਾਂ, ਮਿਥ ਕਥਾਵਾਂ ਦੇ ਟੋਟਕਿਆਂ, ਲੋਕ ਸਿਆਣਪਾਂ, ਲੋਕ ਵਿਸ਼ਵਾਸਾਂ, ਜਾਤੀਗਤ ਰਵਾਇਤਾਂ ਆਦਿ ਦੇ ਬਹੁਪਾਸਾਰੇ ਵਿਚਾਰ ਪ੍ਰਬੰਧ ਨਾਲ ਆਪਣਾ ਕਥਾ ਬਿਰਤਾਂਤ ਉਸਾਰਦਾ ਹੈ। ਇਸ ਕਾਰਜਸਿੱਧੀ ਨਾਲ ਉਹ ਪੰਜਾਬ ਦੇ ਸਾਂਝੇ ਮਿੱਸੇ ਸਭਿਆਚਾਰ ਵਿਚਲੇ ਮਾਨਵੀ ਅੰਸ਼ਾਂ ਨੂੰ ਪੁਨਰ ਸੁਰਜੀਤ ਕਰਦਾ ਹੈ।

ਕਜ਼ਾਕ ਦੀ ਹੱਥਲੀ ਕਥਾ ਪੁਸਤਕ 'ਸਿਲਸਿਲੇ' (ਪੰਨੇ 126 ਮੁੱਲ 200 ਰੁਪਏ, ਚੇਤਨਾ ਪ੍ਰਕਾਸ਼ਨ, ਲੁਧਿਆਣਾ) ਵਿਚ ਕੁੱਲ ਛੇ ਕਹਾਣੀਆਂ ਸ਼ਾਮਲ ਹਨ। ਆਕਾਰ ਵਿਚ ਲੰਮੀਆਂ ਇਹ ਕਹਾਣੀਆਂ ਪਿੰਡ ਦੀ ਵਰਤਮਾਨ ਵਸਤੂ ਸਥਿਤੀ ਅੰਦਰ ਘਿਰੇ ਪੰਜਾਬੀ ਮਨੁੱਖ ਦੀ ਮਨੋ ਵੇਦਨਾ ਨੂੰ ਸੁਹਜਵੰਤ ਢੰਗ ਨਾਲ ਪੇਸ਼ ਕਰਦੀਆਂ ਹਨ। ਜਿਹੜਾ ਪੰਜਾਬੀ ਬੰਦਾ ਇਨ੍ਹਾਂ ਕਹਾਣੀਆਂ ਦਾ ਕੇਂਦਰ ਹੈ ਉਹ ਪੰਜਾਬ ਦੀ ਜਾਤੀ/ਜਮਾਤੀ ਵਿਵਸਥਾ ਦੇ ਵਿਤਕਰੇ ਦਾ ਝੰਬਿਆ ਜ਼ਰੂਰ ਹੈ ਪਰ ਹੰਭਿਆ ਹਾਰਿਆ ਬਿਲਕੁਲ ਨਹੀਂ। ਉਹ ਆਪਣੇ ਚਹੁੰ ਪਾਸੀਂ ਪਸਰੀ ਵਿਕਰਾਲ ਅਤੇ ਘਿਣਾਉਣੀ ਸਥਿਤੀ ਭੋਗਦਿਆਂ ਵੀ ਕਿਸੇ ਤਰ੍ਹਾਂ ਦੇ ਆਤਮ ਗਿਲਾਨੀ ਜਾਂ ਅਪਰਾਧ ਬੋਧ ਦਾ ਸ਼ਿਕਾਰ ਨਹੀਂ। ਪੰਜਾਬੀ ਕਹਾਣੀ ਵਿਚ ਚਿਤਰੇ ਗਏ ਆਮ ਦਮਿਤ ਪਾਤਰ ਵਾਂਗ ਉਹ ਆਤਮ ਪਛਾਣ ਦੇ ਬੋਧ ਨਾਲ ਜੁੜੀਆਂ ਮਾਨਸਿਕ ਗੰਢਾਂ ਅਤੇ ਮਨੋ-ਦਵੰਦਾਂ ਵਿਚ ਨਹੀਂ ਉਲਝਦਾ ਸਗੋਂ ਆਪਣੇ ਜਤ-ਸਤ-ਤਪ ਨੂੰ ਕਾਇਮ ਰੱਖਦਾ ਆਪਣਾ ਨਿਵੇਕਲਾ ਸਰੂਪ ਤੇ ਵੱਖਰੀ ਹਸਤੀ ਬਰਕਰਾਰ ਰੱਖਦਾ ਹੈ। ਜਿਵੇਂ

'ਇੱਛਾਧਾਰੀ' ਕਹਾਣੀ ਦਾ ਰੰਘਰੇਟਾ ਬੀਲ੍ਹਾ ਲੋਕਾਂ ਦੇ ਜਾਤੀ ਭੇਦਭਾਵ ਭਰੇ ਤ੍ਰਿਸਕਾਰ ਦੇ ਬਾਵਜੂਦ ਸਿੱਖ ਇਤਿਹਾਸ ਅੰਦਰ ਮਿਲੇ 'ਰੰਘਰੇਟੇ ਗੁਰੂ ਕੇ ਬੇਟੇ' ਵਾਲੇ ਇਤਿਹਾਸਕ ਥਾਪੜੇ 'ਤੇ ਮਾਣ ਮਹਿਸੂਸ ਕਰਦਾ ਸਿੱਖ ਧਰਮ ਅੰਦਰ ਜਾਤਾਂ/ਜਮਾਤਾਂ ਦੀਆਂ ਗੱਦੀਆਂ ਲਗਾਈ ਬੈਠੇ ਚੌਧਰੀਆਂ ਨਾਲ ਭਿੜਦਾ ਹੈ। ਉਹ ਧਰਮ ਦੇ ਅਖੌਤੀ ਅਲੰਬਰਦਾਰਾਂ, ਭ੍ਰਿਸ਼ਟ ਅਫ਼ਸਰਸ਼ਾਹੀ ਅਤੇ ਅਖੌਤੀ ਉੱਚ ਵਰਗੀ ਧੌਂਸ ਵਿਚ ਗੜੁੱਚ 'ਧਰਮੀ' ਮਾਨਸਿਕਤਾ ਵਾਲੇ ਲੋਕਾਂ ਨਾਲ ਟਕਰਾਅ ਵਿਚ ਰਹਿੰਦਾ ਹੈ। ਬੀਲ੍ਹਾ ਪਾਤਰ ਸਮਾਜਕ ਤੌਰ 'ਤੇ ਅਸਤ ਵਿਅਸਤ ਹੋ ਕੇ ਵੀ ਆਪਣੇ ਅਸਲੇ ਤੋਂ ਨਹੀਂ ਟੁੱਟਦਾ। ਸਿੱਖ ਇਤਿਹਾਸ ਦੀ ਰੰਘਰੇਟੀ ਪਰੰਪਰਾ ਨੂੰ ਸੁਰਜੀਤ ਰੱਖਦਿਆਂ ਉਹ ਦਲਿਤ ਪਛਾਣ ਦਾ ਸੁਤੰਤਰ ਬਿੰਬ ਉਸਾਰਨ ਵਾਲੇ ਪਾਤਰ ਵਜੋਂ ਪੇਸ਼ ਹੋਇਆ ਹੈ। ਆਪਣੇ ਅਸਲੇ ਨਾਲ ਜੁੜੇ ਰਹਿਣ ਅਤੇ ਇਸ ਸਰੂਪ ਨੂੰ ਕਾਇਮ ਰੱਖਣ ਲਈ ਬੀਲ੍ਹੇ ਨੂੰ ਵਰਤਮਾਨ ਵਰਗ ਸਮਾਜ ਅੰਦਰ ਇਕ ਮੂਕ ਕੁਰਬਾਨੀ ਵਿਚੋਂ ਗੁਜ਼ਰਨਾ ਪੈਂਦਾ ਹੈ। ਉਹ ਇਲਾਜ ਖੁਣੋਂ ਹਸਪਤਾਲ ਦੇ ਬੈੱਡ 'ਤੇ ਰੀਂਘਦਾ ਹੋਇਆ ਵੀ ਗੱਤਕੇ ਦੀ ਸਿਖਲਾਈ ਲਈ ਜਾ ਰਹੇ ਆਪਣੇ ਪੋਤੇ ਨੂੰ ਕਿਰਤ ਦੀ ਬਚਾਈ ਜਮ੍ਹਾਂ ਪੂੰਜੀ ਦੇ ਦਿੰਦਾਹੈ। ਕਹਾਣੀ ਦਾ ਇਹ ਵੇਰਵਾ ਬੀਲ੍ਹੇ ਦੇ ਆਪਣੀ ਗ਼ੈਰਤਮੰਦ ਵਿਰਾਸਤ ਨਾਲ ਜੁੜੇ ਅਵਚੇਤਨ ਨੂੰ ਪ੍ਰਗਟਾਉਂਦਾ ਹੈ। 'ਕੀੜੀਆਂ ਦਾ ਭੌਣ' ਕਹਾਣੀ ਦਾ ਵੀਰੂ ਨਾਈ (ਲਾਗੀ) ਅਤੇ ਉਸਦੀ ਸ਼ਰੀਕੇ ਹਯਾਤ 'ਨਾਈਆਂ ਨੇ ਲਾਗ ਲੈਣਾ ਭਾਵੇਂ ਜਾਂਦੀ ਰੰਡੀ ਹੋ ਜਾਵੇ' ਵਰਗੀਆਂ ਅਖੌਤੀ ਉੱਚ ਸਮਾਜਕ ਸਥਿਤੀ ਤੋਂ ਉਸਰੀਆਂ ਮਿਥਾਂ ਦਾ ਭੰਜਨ ਕਰਦੇ ਆਪਣੇ ਇਖਲਾਕ ਅਤੇ ਨੈਤਿਕ ਪ੍ਰਤਿਮਾਨਾਂ ਨਾਲ ਸਮਝੌਤਾ ਨਹੀਂ ਕਰਦੇ। ਉਹ ਆਪਣੇ ਜਜਮਾਨਾਂ ਦੇ ਵਫ਼ਾਦਾਰ ਅਤੇ ਵਚਨਾਂ ਦੇ ਪੱਕੇ ਬੰਦੇ ਸਿੱਧ ਹੁੰਦੇ ਹਨ ਜਦੋਂ ਇਕ ਵਿਆਹ ਮੌਕੇ ਵਿਆਂਦੜ ਲੜਕੀ ਘਰੋਂ ਦੌੜ ਜਾਂਦੀ ਹੈ ਤਾਂ ਅਪਰਾਧ ਬੋਧ ਵਿਚ ਘਿਰਿਆ ਵੀਰੂ ਆਪਣੇ ਆਪ ਨੂੰ ਸਜ਼ਾ ਦਾ ਭਾਗੀ ਗਿਣਦਾ ਦਰਬਦਰ ਹੋ ਜਾਂਦਾ ਹੈ। ਉਹ ਪਿੰਡ ਨੂੰ ਤਿਲਾਂਜਲੀ ਦੇ ਕੇ ਆਪਣੇ ਨੂੰਹ ਪੁੱਤ ਕੋਲ ਸ਼ਹਿਰ ਪੁੱਜਦਾ ਹੈ ਪਰ ਉੱਥੇ ਇਖਲਾਕੀ ਗਿਰਾਵਟ ਦੇ ਪਰਪੰਚ ਵੇਖ ਕੇ ਇਕ ਬੇਪਛਾਣ ਅਤੇ ਬੇਗਾਨਗੀ ਭਰੇ ਅਹਿਸਾਸ ਨਾਲ ਭਰ ਜਾਂਦਾ ਹੈ। 'ਰਣਖੇਤਰ' ਦਾ ਭੂਰਾ ਜ਼ਿੰਦਗੀ ਦੇ ਯੁੱਧ ਖੇਤਰ ਵਿਚਲੇ ਚੱਕਰਵਿਊ ਵਿਚ ਫਸਿਆ ਵੀ ਯੋਧਾ ਬਣ ਕੇ ਨਿੱਤਰਦਾ ਹੈ। ਉਹ ਕਿਸਾਨੀ ਦੇ ਸੇਪੀ ਸਭਿਆਚਾਰ ਤੋਂ ਹੁਣ ਤਕ ਦੀ ਮਸ਼ੀਨੀਕਰਨ ਵਾਲੀ ਖੇਤੀ ਨਾਲ ਜੁੜਿਆ ਲੱਕੜ ਦਾ ਕਾਰੀਗਰ ਸ਼ਿਲਪੀ ਹੈ। ਨੂੰਹ ਪੁੱਤਰ ਦੀਆਂ ਚਾਲਾਂ ਦਾ ਸ਼ਿਕਾਰ ਹੋ ਕੇ ਵੀ ਉਹ ਆਪਣੀ ਹੋਂਦ, ਆਪਣੀ ਜ਼ਮੀਨ ਅਤੇ ਆਪਣੇ ਕਸਬ ਦੀ ਸਲਾਮਤੀ ਲਈ ਸੰਘਰਸ਼ ਕਰਦਾ ਹੈ। ਭੂਰਾ ਔਰਤ ਦੇ ਸਾਥ ਤੋਂ ਵਿਰਵਾ ਰਹਿ ਕੇ ਬੇਸ਼ੱਕ ਮਾਰ ਖਾ ਜਾਂਦਾ ਹੈ ਪਰ ਆਪਣੀ ਕਿਰਤ ਅਤੇ ਚਰਿੱਤਰ ਦੇ ਬਲਬੂਤੇ ਜ਼ਿੰਦਗੀ ਦੇ ਮਹਾਂਭਾਰਤ ਦਾ ਯੋਧਾ ਬਣ ਕੇ ਨਿੱਤਰਦਾ ਹੈ।

'ਫਰਿਸ਼ਤੇ' ਕਹਾਣੀ ਦਾ ਨਿਮਨ ਕਿਸਾਨ ਪਾਤਰ ਕਿਰਪੀ ਕਰਜ਼ੇ ਦੀ ਮਾਰ ਹੇਠਾਂ ਆ ਕੇ ਖੁਦਕੁਸ਼ੀਆਂ ਦੇ ਵਰਤਾਰੇ ਦੀ ਲਪੇਟ ਵਿਚ ਆ ਜਾਂਦਾ ਹੈ ਪਰ ਉਸਦੀ ਪੜ੍ਹੀ ਲਿਖੀ ਤੇ ਚੇਤੰਨ ਧੀ ਪਾਸ਼ ਕਿਸਾਨੀ ਸੰਕਟ ਤੋਂ ਉੱਪਰ ਉਭਰਨ ਲਈ ਸਵੈ ਪੜਚੋਲ ਕਰਨ ਅਤੇ ਜ਼ਿੰਦਗੀ ਜੀਊਣ ਦਾ ਸਹਿਜ ਮਾਡਲ ਤਲਾਸ਼ਣ ਵੱਲ ਰੁਚਿਤ ਹੁੰਦੀ ਹੈ। ਹਰੀ ਕ੍ਰਾਂਤੀ ਦੀ ਫ਼ਸਲ ਦੀ ਹਾਨੀਕਾਰਕ ਪੈਦਾਵਾਰ ਇਸ ਕਹਾਣੀ ਦੀ ਵਸਤੂ ਬਣੀ ਹੈ, ਜਿਸ ਵਿਚ ਕਿਸਾਨੀ ਕਰਜ਼ਿਆਂ ਅਤੇ ਕੈਂਸਰ ਦੀ ਭਰਮਾਰ ਹੈ। ਨਾਲ ਹੀ ਮੋਟਰ ਸਾਈਕਲ ਅਤੇ ਟਰੈਕਟਰ ਇੰਡਸਟਰੀ ਦਾ ਦੈਂਤ ਸਹਿਜ ਸੁਭਾਅ ਨਾਲ ਤੁਰੀ ਆਉਂਦੇ ਕਿਸਾਨੀ ਸਮਾਜ ਦੀ ਤੋਰ ਵਿਗਾੜਦਾ ਹੈ। ਮੱਧਵਰਗ ਦੀ ਉਪਭੋਗੀ ਵਿਰਤੀ ਇਸ ਪ੍ਰਬੰਧ ਨੂੰ ਹਵਾ ਦੇ ਕੇ ਹੋਰ ਤਬਾਹੀ ਵੱਲ ਤੋਰਦੀ ਹੈ। ਇਸ ਚਿੰਤਨ ਪ੍ਰਧਾਨ ਕਹਾਣੀ ਵਿੱਚ ਪਾਸ਼ੀ ਆਪਣੇ ਤਰਕਸ਼ੀਲ ਅਤੇ ਬੌਧਿਕਤਾ ਭਰੇ ਵਜੂਦ ਨਾਲ ਨਵੀਂ ਪੀੜ੍ਹੀ ਲਈ ਪ੍ਰੇਰਨਾ ਸਰੋਤ ਵੀ ਬਣਦੀ ਹੈ ਅਤੇ ਖੇਤੀ ਸੈਕਟਰ ਦੇ ਸੰਕਟਾਂ ਨਾਲ ਭਿੜਨ ਲਈ ਕਿਰਤ ਸਭਿਆਚਾਰ ਦੀ ਹੋਂਦ ਬਚਾਉਣ ਦਾ ਸੰਕਲਪ ਬੀਜਦੀ ਹੈ।

'ਸਦਗਤੀ' ਕਹਾਣੀ ਪੰਜਾਬ ਸੰਕਟ ਅਤੇ ਇਸ ਤੋਂ ਬਾਅਦ ਇੱਥੋਂ ਦੀ ਫਿਜ਼ਾ ਵਿਚ ਤੈਰਦੀ ਰਹੀ ਦਹਿਸ਼ਤ ਦਾ ਬਿਰਤਾਂਤ ਹੈ, ਜਿਸ ਵਿਚ ਜਿੱਥੇ ਰਜਵਾੜੀ ਅਫਸਰਸ਼ਾਹੀ ਵਾਲੀ ਧੌਂਸਮੂਲਕ

ਮਾਨਸਿਕਤਾ ਭਾਰੂ ਹੈ ਉੱਥੇ ਹੀ ਕਿਰਤੀ ਲੋਕਾਂ ਦੇ ਦਮਨ ਤੋਂ ਉਪਜਦੇ ਸੰਤਾਪ ਦੇ ਵਸਤੂ ਵੇਰਵੇ ਸ਼ਾਮਲ ਹਨ। ਕਹਾਣੀ ਦੀ ਅੱਕੋ ਖਿਡਾਵੀ ਸਿੱਧੂ ਰੰਘੜ ਦੇ ਸੰਵੇਦਨਹੀਣ ਪਰਿਵਾਰ ਦੀ ਨੌਕਰ ਹੈ ਜਿਸਦੇ ਸਰਦਾਰ ਵੱਲੋਂ 1947 'ਚ ਰਤਨੀ ਨਾਂ ਦੀ ਔਰਤ ਨਾਲ ਜਬਰ ਜਨਾਹ ਕਰਕੇ ਰਤਨੀ ਨੂੰ ਮਾਰ ਦਿੱਤਾ ਗਿਆ ਸੀ, ਜਿਸਦੀ ਕੁੱਖੋਂ ਗੁਰਲਾਲ ਪੈਦਾ ਹੁੰਦਾ ਹੈ। ਗੁਰਲਾਲ ਘਰ ਦਾ ਵਾਰਿਸ ਹੈ ਜਿਸਦਾ ਅੜਬ ਅਤੇ ਆਡੰਬਰ ਭਰਿਆ ਰਜੜਾਵਾ ਵਿਹਾਰ ਇਹ ਭੇਦ ਖੁੱਲ੍ਹਣ 'ਤੇ ਢਹਿ ਢੇਰੀ ਹੋ ਜਾਂਦਾ ਹੈ। ਕਹਾਣੀ ਵਿਚ ਖੂਨ ਪਸੀਨੇ ਦੀ ਕਮਾਈ ਕਰਨ ਵਾਲੇ ਕਿਰਤੀ ਲੋਕਾਂ ਦੇ ਸਿਦਕ, ਸਮਰਪਣ ਅਤੇ ਸਦਗਤੀ ਨੂੰ ਭਾਵਪੂਰਤ ਢੰਗ ਨਾਲ ਪੇਸ਼ ਕੀਤਾ ਗਿਆ ਹੈ। 'ਤਲਾਕ' ਕਹਾਣੀ ਦਾ ਗੁਰੀਆ ਸਿੱਖ ਦੰਗਾ ਪੀੜਤਾਂ ਦਾ ਸੇਵਾਦਾਰ ਹੈ ਅਤੇ ਪੀੜਤ ਪਰਿਵਾਰ ਦੀ ਲੜਕੀ ਰਮੀ ਨਾਲ ਵਿਆਹ ਕਰਵਾਉਂਦਾ ਹੈ ਪਰ ਰਮੀ ਨੂੰ ਲੱਗੀ ਬੀਮਾਰੀ ਕਾਰਨ ਉਸਨੂੰ ਤਲਾਕ ਦੇ ਦਿੰਦਾ ਹੈ। ਗੁਰੀਆ ਦੇ ਵਿਹਾਰ ਵਿਚ ਉਦੋਂ ਬਦਲਾਅ ਆਉਂਦਾ ਹੈ ਜਦੋਂ ਉਸਦਾ ਵਾਸਤਾ ਮਾਲਤੀ ਨਾਮ ਦੀ ਸੈਕਸ ਵਰਕਰ ਨਾਲ ਪੈਂਦਾ ਹੈ ਜੋ ਆਪਣੇ ਪਤੀ ਦੀ ਦਵਾ ਦਾਰੂ ਲਈ ਇਹ ਧੰਦਾ ਕਰਨ ਲਈ ਮਜਬੂਰ ਹੁੰਦੀ ਹੈ। ਗੁਰੀਆ ਆਪਣੀ ਪ੍ਰੇਮਿਕਾ ਤ੍ਰਿਖਾ ਨੂੰ ਛੱਡ ਕੇ ਆਪਣੇ ਗ੍ਰਹਿਸਥ ਜੀਵਨ ਵੱਲ ਫਿਰ ਮੋੜਾ ਪਾ ਲੈਂਦਾ ਹੈ। ਰਿਸ਼ਤਿਆਂ ਪਿੱਛੇ ਡੋਲਦੀ ਝੂਲਦੀ ਮਾਨਸਿਕ ਸਥਿਤੀ ਨੂੰ ਇਸ ਕਹਾਣੀ ਵਿਚ ਭਰਪੂਰ ਥਾਂ ਮਿਲੀ ਹੈ।

ਕਜ਼ਾਕ ਦੀਆਂ ਕਹਾਣੀਆਂ ਦੇ ਬਿਰਤਾਂਤਕ ਸੰਗਠਨ ਨਿਵੇਕਲੇ ਹਨ। ਚਿੰਤਨ ਪ੍ਰਧਾਨ ਬਿਰਤਾਂਤਕਾਰੀ ਸਿਰਜਦਿਆਂ ਉਹ ਭਾਸ਼ਾ ਦੀ ਸੁਹਜਭਰੀ ਵਰਤੋਂ ਕਰਦਾ ਹੈ। ਪਾਤਰਾਂ ਦੇ ਸੁਚੇਤ/ਅਚੇਤ ਵਿਹਾਰ, ਬਿਰਤਾਂਤਕ ਉਹਲੇ ਅਤੇ ਗੁੱਝੇ ਸ਼ਬਦ ਬਾਣ ਉਸਦੇ ਕਥਾ ਸੰਸਾਰ ਦੀ ਆਭਾ ਬਣਦੇ ਹਨ। ਸੂਚਨਾਮੁਖੀ ਬਿਰਤਾਂਤਕਾਰੀ ਦੌਰਾਨ ਉਹ ਸੂਤਰਕ ਕਥਾ ਸ਼ੈਲੀ ਅਤੇ ਪਾਤਰਾਂ ਦੀ ਵਾਰਤਾਲਾਪ ਦੌਰਾਨ ਠੇਠ ਪੇਂਡੂ ਮੁਹਾਵਰੇ ਨੂੰ ਕਹਾਣੀ ਦੇ ਰਚਨਾਵੀ ਸੰਗਠਨ ਲਈ ਪ੍ਰਯੋਗ ਕਰਦਾ ਹੈ। ਇਸੇ ਲਈ ਉਸਦੇ ਪਾਤਰ ਆਪਣੇ ਸਮਾਜਕ, ਸਭਿਆਚਾਰਕ ਅਤੇ ਨਸਲੀ ਮਨੋਵਿਗਿਆਨ ਦੇ ਆਵੇਸ਼ ਵਿਚੋਂ ਬੋਲਦੇ ਸਹਿਜ ਸੁਭਾਵਕ ਜਾਪਦੇ ਹਨ। ਉਹ ਆਪਣੀ ਕਹਾਣੀ ਵਿਚ ਕਿਸੇ ਇਕ ਬੁਲਾਰਾ ਪਾਤਰ ਨੂੰ ਉਭਾਰਨ ਦੀ ਸਟੀਰੀਓਟਾਈਪ ਪ੍ਰਗਤੀਵਾਦੀ/ਦਲਿਤਵਾਦੀ ਰਚਨਾ ਦ੍ਰਿਸ਼ਟੀ ਤੋਂ ਦੂਰ ਰਹਿੰਦਾ ਹੈ। ਇਸਦੇ ਬਦਲੇ ਉਸਦੀ ਕਹਾਣੀ ਵਿਚਾਰਧਾਰਕ ਨਿਸ਼ਚੇਵਾਦ ਤੋਂ ਰਹਿਤ ਰਹਿੰਦੀ ਲੋਕਧਾਰਾਈ ਦਰਸ਼ਨ ਵਿੱਚੋਂ ਬੰਦੇ ਦੇ ਜੀਉਣ ਥੀਣ ਦੇ ਨਕਸ਼ ਉਘਾੜਦੀ ਹੈ।

ਕਜ਼ਾਕ ਦੀਆਂ ਕਹਾਣੀਆਂ ਵਿਚ ਅਨੇਕਾਂ ਗੈਰ ਵਿਸ਼ਵਾਸਯੋਗ ਕਥਾਨਕੀ ਵੇਰਵੇ ਵੀ ਪਏ ਮਿਲਦੇ ਹਨ ਅਤੇ ਕਈ ਵਾਰ ਉਸਦੀ ਕਹਾਣੀ ਦੇ ਅੰਤ ਬਾਲੀਵੁੱਡ ਸਿਨੇਮਾ ਦੇ ਪ੍ਰਭਾਵ ਅਧੀਨ ਜਾਪਦੇ ਹਨ। ਇਸਦੇ ਬਾਵਜੂਦ ਕਿਰਪਾਲ ਕਜ਼ਾਕ ਕੋਲ ਕਹਾਣੀ ਦੇ ਰਚਨਾ ਸੰਗਠਨ ਦੀ ਘਾੜਤ ਦਾ ਅਨੂਠਾ ਰਚਨਾ-ਅਨੁਭਵ ਹੈ। ਜਿਸਦੇ ਪ੍ਰਗਟਾਵੇ ਲਈ ਨਸ਼ਤਰੀ ਭਾਸ਼ਾ ਉਸਦਾ ਅਹਿਮ ਹਥਿਆਰ ਹੈ। ਲੰਮੇਂ ਬਿਰਤਾਂਤ ਦੀ ਮੁੱਖ ਧਾਰਾ ਨੂੰ ਉੱਪ ਬਿਰਤਾਂਤਕ ਵੇਰਵਿਆਂ ਦੀ ਲੜੀ ਨਾਲ ਬੰਨ੍ਹੀਂ ਰੱਖਣ ਦੀ ਕਲਾਤਮਿਕ ਯੋਗਤਾ ਉਸਦੀ ਕਹਾਣੀ ਨੂੰ ਸੰਵਾਦੀ ਬਣਾਉਂਦੀ ਹੈ। ਇਹ ਕਹਾਣੀ ਸੰਗ੍ਰਿਹ ਪੰਜਾਬੀ ਕਥਾ ਪਰੰਪਰਾ ਦਾ ਵਿਸ਼ੇਸ਼ ਹਾਸਲ ਹੈ। **-ਜੇ.ਬੀ. ਸੇਖੋਂ**


ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਸ਼ੋਅਰੂਮ ਨੰਬਰ 443, ਮਟੌਰ, ਸੈਕਟਰ 70, ਮੁਹਾਲੀ ਤੋਂ ਛਪਵਾ ਕੇ 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।

ਸੰਪਾਦਕ: **ਰਘਬੀਰ ਸਿੰਘ** ਪ੍ਰਕਾਸ਼ਨ ਮਿਤੀ: 1 ਜਨਵਰੀ, 2021

ਕਹਾਣੀ ਸੰਗ੍ਰਹਿ 'ਪ੍ਰਿਜ਼ਮ' ਉੱਤੇ ਸਾਲ 2018 ਦਾ ਮਾਣ-ਮੱਤਾ ਅੰਤਰਰਾਸ਼ਟਰੀ
ਢਾਹਾਂ ਇਨਾਮ ਜਿੱਤਣ ਵਾਲੇ ਕੈਨੇਡਾ ਵਸਦੇ ਸਮਰੱਥ ਕਹਾਣੀਕਾਰ

**ਹਰਪ੍ਰੀਤ ਸੇਖਾ**

ਦੀਆਂ ਸਮੁੱਚੀਆਂ ਕਹਾਣੀਆਂ ਦਾ ਇਕ ਜਿਲਦ ਵਿਚ ਪਰਾਗਾ – ਡੱਗੀ




ਕੈਨੇਡੀਅਨ ਸਮਾਜ ਵਿਚ ਪੰਜਾਬੀ ਪਰਵਾਸੀਆਂ ਦੇ ਅਨੁਭਵ ਅਤੇ ਵੱਖ ਵੱਖ ਭਾਈਚਾਰਿਆਂ ਸਮੇਤ ਆਪਣੇ ਹੀ ਭਾਈਚਾਰੇ ਦੇ ਲੋਕਾਂ ਨਾਲ ਉਹਨਾਂ ਦੇ ਚੰਗੇ ਮੰਦੇ ਵਿਹਾਰ ਨੂੰ ਪ੍ਰਮਾਣਿਕ ਕਲਾਤਮਕ ਪ੍ਰਗਟਾਅ ਦੇਣ ਵਾਲਾ ਕਹਾਣੀਕਾਰ ਹੈ ਹਰਪ੍ਰੀਤ ਸੇਖਾ। ਉਸ ਦੀਆਂ ਕਹਾਣੀਆਂ ਵਿਚ ਕੈਨੇਡੀਅਨ ਸਮਾਜ, ਮਾਹੌਲ ਅਤੇ ਪਾਤਰਾਂ ਦਾ ਦਖ਼ਲ ਸਹਿਜ ਸੁਭਾਵਕ ਹੈ, ਨਾਲ ਹੀ ਇਨ੍ਹਾਂ ਅੰਦਰ ਪੰਜਾਬ ਬੋਲਦਾ ਸੁਣਾਈ ਦਿੰਦਾ ਹੈ। ਹਰਪ੍ਰੀਤ ਸੇਖਾ ਦੇ ਕਥਾ ਜਗਤ ਵਿਚ ਪਰਵਾਸੀ ਹੋਏ ਪੰਜਾਬ ਤੇ ਪਿੱਛਾ ਕਰ ਰਹੇ ਪੰਜਾਬ ਦੇ ਰੰਗ ਬਹੁਤ ਗੂੜ੍ਹੇ ਹਨ।

ਪੰਨੇ 416 ਸੁੰਦਰ ਦਿੱਖ ਮੁੱਲ 595 ਰੁਪਏ

**ਗਰੇਸ਼ੀਅਸ ਬੁੱਕਸ,** ਅਰਬਨ ਐਸਟੇਟ, ਪਟਿਆਲਾ

**SIRJANA** Literary Punjabi Quarterly Chandigarh
No. 199 ISSN 2455-1058 January-March 2021
Registered with the Registrar of Newspapers for India vide R.N. 10215/65

ਢਾਹਾਂ ਸਾਹਿਤ ਇਨਾਮ THE DHAHAN PRIZE For Punjabi Literature ڈھاہاں ساہت انعام

ਕੈਨੇਡਾ-ਇੰਡੀਆ ਐਜੂਕੇਸ਼ਨ ਸੁਸਾਇਟੀ ਵੈਨਕੂਵਰ ਵੱਲੋਂ
ਸਾਲ 2013 ਵਿਚ ਸ਼ੁਰੂ ਕੀਤਾ ਗਿਆ
ਪੰਜਾਬੀ ਸਾਹਿਤ ਲਈ ਸਭ ਤੋਂ ਵੱਡਾ ਕੌਮਾਂਤਰੀ ਸਨਮਾਨ

# ਢਾਹਾਂ ਇਨਾਮ

ਹਰ ਸਾਲ ਗੁਰਮੁਖੀ ਜਾਂ ਸ਼ਾਹਮੁਖੀ ਵਿਚ ਛਪੀ ਉਤਮ ਗਲਪ ਰਚਨਾ ਨੂੰ

**25 ਹਜ਼ਾਰ ਕੈਨੇਡੀਅਨ ਡਾਲਰ ਦਾ**
**ਪਹਿਲਾ ਇਨਾਮ**
**ਅਤੇ ਦਸ ਦਸ ਹਜ਼ਾਰ ਦੇ ਦੂਜੇ ਸਥਾਨ ਦੇ ਦੋ ਹੋਰ ਇਨਾਮ**

**ਸਾਲ 2021 ਦੇ 'ਢਾਹਾਂ ਇਨਾਮ' ਲਈ ਨਾਮਜ਼ਦਗੀਆਂ**
**31 ਮਾਰਚ 2021 ਤਕ ਭਰੀਆਂ ਜਾ ਸਕਦੀਆਂ ਹਨ**

ਲੇਖਕ ਖੁਦ ਜਾਂ ਉਸ ਦੀ ਪ੍ਰਵਾਨਗੀ ਨਾਲ ਕੋਈ ਵੀ ਹੋਰ ਵਿਅਕਤੀ ਸਾਲ 2020
ਵਿਚ ਛਪੇ ਨਾਵਲ ਜਾਂ ਕਹਾਣੀ ਸੰਗ੍ਰਹਿ ਨੂੰ ਨਾਮਜ਼ਦ ਕਰ ਸਕਦਾ ਹੈ
ਨਾਮਜ਼ਦਗੀ ਭਰਨ ਲਈ ਪੁਸਤਕ ਦੀਆਂ ਤਿੰਨ ਕਾਪੀਆਂ

**The Dhahan Prize, # 1058-2560 Shell Road**
**Richmond, BC V6X 0B8 Canada**

ਉਪਰ ਭੇਜਣੀਆਂ ਜ਼ਰੂਰੀ ਹਨ। ਇਸ ਦੇ ਨਾਲ ਕਿਤਾਬ ਦਾ ਇਲੈਕਟ੍ਰਾਨਿਕ ਰੂਪ
**admin@dhahanprize.com** ਨੂੰ ਈਮੇਲ ਕਰਨਾ ਹੋਵੇਗਾ

ਹੋਰ ਜਾਣਕਾਰੀ ਇਸੇ ਪਤੇ ਉਤੇ ਈ-ਮੇਲ ਰਾਹੀਂ ਜਾਂ 1-604-322-5330
ਉਤੇ ਟੈਲੀਫੋਨ ਰਾਹੀਂ ਲਈ ਜਾ ਸਕਦੀ ਹੈ।